


**TANYA'S BEAUTY SALON**

Threading/Waxing, Facial(Men & Women)
Anti-Aging Facial, Bleach
Hair Cut, Color and Style

40-39 75 St. Jackson Heights, NY 11373
718-478-9009

137-40 Jamaica Avenue Jamaica, NY 11435
718-297-1019

85-03 Roosevelt Avenue Jackson Heights, NY 11373
718-205-7832



ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜ਼ਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 516-439-5420
(ਫੈਕਸ): 516-439-5418

ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

**Ad Space Available**
**Please Call**
**Ph:847-359-0746**



Fourteenth Year of Publication | ਨਿਊ ਯਾਰਕ ਐਡੀਸ਼ਨ | Price 50¢

Email:punjabtimes1@sbcglobal.net
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 14, Issue 25, June 22nd, 2013 | 20451 N Plum Grove Rd. Palatine, IL 60074 | Ph:847-359-0746, Fax:847-705-9388


# ਮੋਦੀ ਦੇ ਹਿੰਦੂਤਵੀ ਰੱਥ ਨੂੰ ਬਰੇਕਾਂ

## ਜਨਤਾ ਦਲ ਦੀ ਐਨ.ਡੀ.ਏ. ਨੂੰ ਅਲਵਿਦਾ

## ਕੱਟੜ ਆਗੂ ਮੋਦੀ ਦਾ ਤਿੱਖਾ ਵਿਰੋਧ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਅਗਲੇ ਵਰ੍ਹੇ ਹੋ ਰਹੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਹੀ ਮੁੱਖ ਵਿਰੋਧੀ ਧਿਰ ਕੌਮੀ ਜਮਹੂਰੀ ਗੱਠਜੋੜ (ਐਨ.ਡੀ.ਏ.) ਦੇ ਖੇਰੂੰ-ਖੇਰੂੰ ਹੋਣ ਨਾਲ ਭ੍ਰਿਸ਼ਟਾਚਾਰ ਦੇ ਦੋਸ਼ਾਂ ਅਤੇ ਆਰਥਿਕ ਨੀਤੀਆਂ ਦੇ ਇੱਛਾ ਨਾਲੋਂ ਉਲਟ ਸਿੱਟੇ ਆਉਣ ਕਰ ਕੇ ਚੁਫੇਰਿਉਂ ਆਲੋਚਨਾ ਦੀ ਸ਼ਿਕਾਰ ਹੋ ਰਹੀ ਯੂ.ਪੀ.ਏ. ਸਰਕਾਰ ਦੇ ਹੌਸਲੇ ਬੁਲੰਦ ਹੋ ਗਏ ਹਨ ਤੇ ਇਸ ਨੇ ਹੋਰ ਧਿਰਾਂ ਨੂੰ ਨਾਲ ਲੈ ਕੇ ਮੁੜ ਸੱਤਾ 'ਤੇ ਕਾਬਜ਼ ਹੋਣ ਦੀਆਂ ਤਿਆਰੀਆਂ ਵਿੱਢ ਦਿੱਤੀਆਂ ਹਨ।

ਪਿਛਲੇ ਸਾਲਾਂ ਦੌਰਾਨ ਭਾਵੇਂ ਐਨ.ਡੀ.ਏ. ਨੂੰ ਕਈ ਭਾਈਵਾਲ ਅਲਵਿਦਾ ਕਹਿ ਗਏ ਹਨ ਪਰ ਸਭ ਤੋਂ ਵੱਡਾ ਝਟਕਾ ਜਨਤਾ ਦਲ (ਯੂ.) ਨੇ ਦਿੱਤਾ ਹੈ ਜਿਸ ਕੋਲ ਇਸ ਵੇਲੇ 20 ਸੰਸਦ ਮੈਂਬਰ ਹਨ। ਵੱਡੀ ਗੱਲ ਇਹ ਹੈ ਕਿ ਜਨਤਾ ਦਲ ਨੇ ਭਾਜਪਾ ਨਾਲੋਂ ਤੋੜ-ਵਿਛੋੜਾ ਕੱਟੜਪੰਥੀ ਚਿਹਰੇ ਨਰੇਂਦਰ ਮੋਦੀ ਦਾ ਵਿਰੋਧ ਕਰਦਿਆਂ ਕੀਤਾ ਹੈ ਜਿਸ ਦੇ ਸਹਾਰੇ ਇਹ ਭਗਵੀ ਪਾਰਟੀ ਅਗਲੀਆਂ ਚੋਣਾਂ ਵਿਚ ਆਪਣੀ ਬੇੜੀ ਪਾਰ ਲਾਉਣਾ ਚਾਹੁੰਦੀ ਹੈ। ਮੋਦੀ ਦੇ ਕੌਮੀ ਸਿਆਸਤ ਵਿਚ ਉਭਾਰ ਨੂੰ ਲੈ ਕੇ ਪਾਰਟੀ ਦੇ ਅੰਦਰ ਵੀ ਕਾਫੀ ਰੱਫੜ ਪਿਆ ਹੋਇਆ ਹੈ। ਵਿਸ਼ਲੇਸ਼ਕਾਂ ਅਨੁਸਾਰ ਇਸੇ ਕਾਰਨ ਹੁਣ ਛੇਤੀ ਕੀਤੇ ਕੋਈ ਹੋਰ ਧਰਮ ਨਿਰਪੱਖ ਪਾਰਟੀ ਐਨ.ਡੀ.ਏ. ਦੇ ਨੇੜੇ ਨਹੀਂ ਲੱਗੇਗੀ।

ਜਨਤਾ ਦਲ (ਯੂ), ਐਨ.ਡੀ.ਏ. ਦਾ ਸਭ ਤੋਂ ਪੁਰਾਣਾ ਭਾਈਵਾਲ ਸੀ ਜਿਸ ਨੇ 1996 ਤੋਂ ਲੈ ਕੇ ਹੁਣ ਤੱਕ ਹਰ ਔਖੀ ਘੜੀ ਵਿਚ ਭਾਜਪਾ ਦਾ ਸਾਥ ਦਿੱਤਾ। ਐਨ.ਡੀ.ਏ. ਵਿਚ ਹੁਣ ਸਿਰਫ ਸ਼੍ਰੋਮਣੀ ਅਕਾਲੀ ਤੇ ਸ਼ਿਵ ਸੈਨਾ ਹੀ ਮੁੱਖ ਧਿਰਾਂ ਰਹਿ ਗਈਆਂ ਹਨ। ਜਦੋਂ ਐਨ.ਡੀ.ਏ. ਸੱਤਾ ਵਿਚ ਸੀ ਤਾਂ ਇਸ ਦੇ 23 ਭਾਈਵਾਲ ਸਨ। ਇਸ ਤੋਂ ਪਹਿਲਾਂ ਬੀਜੂ ਜਨਤਾ ਦਲ, ਝਾਰਖੰਡ ਮੁਕਤੀ



ਮੋਰਚਾ, ਜੰਮੂ-ਕਸ਼ਮੀਰ ਨੈਸ਼ਨਲ ਕਾਨਫਰੰਸ, ਲੋਕ ਜਨਸ਼ਕਤੀ ਪਾਰਟੀ, ਡੀ.ਐਮ.ਕੇ., ਅੰਨਾ ਡੀ.ਐਮ.ਕੇ., ਪੀ.ਐਮ.ਕੇ., ਤ੍ਰਿਣਮੂਲ ਕਾਂਗਰਸ, ਰਾਸ਼ਟਰੀ ਲੋਕ ਦਲ ਅਤੇ ਇੰਡੀਅਨ ਨੈਸ਼ਨਲ ਲੋਕ ਦਲ ਕੌਮੀ ਜਮਹੂਰੀ ਗੱਠਜੋੜ ਦੀ ਕਿਸ਼ਤੀ ਵਿਚੋਂ ਛਾਲ ਮਾਰ ਚੁੱਕੇ ਹਨ। ਤੇਲਗੂ ਦੇਸਮ ਪਾਰਟੀ ਵੀ ਇਸ ਗੱਠਜੋੜ ਨੂੰ ਬਾਹਰੋਂ ਹਮਾਇਤ ਦੇ ਰਹੀ ਹੈ।

ਐਨ.ਡੀ.ਏ. ਨੂੰ ਹੁਣ ਜਨਤਾ ਦਲ (ਯੂ) ਤੋਂ ਵੱਡੀ ਆਸ ਸੀ, ਪਰ 17 ਵਰ੍ਹਿਆਂ ਦੀ ਭਾਈਵਾਲੀ ਤੋੜਦਿਆਂ ਨਿਤੀਸ਼ ਕੁਮਾਰ ਨੇ ਆਪਣਾ ਅਲੱਗ ਰਾਹ ਚੁਣਨ ਦਾ ਫੈਸਲਾ ਕਰ ਲਿਆ। ਅਸਲ ਵਿਚ ਗੁਜਰਾਤ ਦੇ ਮੁੱਖ ਮੰਤਰੀ ਨਰੇਂਦਰ ਮੋਦੀ ਨੂੰ ਅਗਲੀਆਂ ਚੋਣਾਂ ਲਈ ਉਭਾਰਨ ਕਰ ਕੇ ਭਾਜਪਾ ਨੂੰ ਇਹ ਦੂਜਾ ਵੱਡਾ ਝਟਕਾ ਲੱਗਾ ਹੈ। ਇਸ ਤੋਂ ਪਹਿਲਾਂ ਸੀਨੀਅਰ ਆਗੂ ਲਾਲ ਕ੍ਰਿਸ਼ਨ ਅਡਵਾਨੀ ਨੇ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਅਸਤੀਫ਼ਾ ਦੇ ਕੇ ਭਾਜਪਾ ਦੀ ਹਾਲਤ ਪਾਣੀ ਨਾਲੋਂ ਵੀ ਪਤਲੀ ਕਰ ਦਿੱਤੀ ਸੀ ਪਰ ਸੰਘ ਦੇ ਦਖ਼ਲ ਨਾਲ ਸ੍ਰੀ ਅਡਵਾਨੀ ਨੂੰ ਮਨਾ ਲਿਆ ਗਿਆ।

ਜ਼ਿਕਰਯੋਗ ਹੈ ਕਿ ਐਨ.ਡੀ.ਏ. ਦੇ ਅਹਿਮ ਭਾਈਵਾਲ ਜਨਤਾ ਦਲ (ਯੂ.) ਵੱਲੋਂ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਵਜੋਂ ਉਭਾਰਨ ਦਾ ਲਗਾਤਾਰ ਵਿਰੋਧ ਕੀਤਾ ਜਾ ਰਿਹਾ ਸੀ। ਇਸ ਵਿਰੋਧ ਕਰ ਕੇ ਭਾਜਪਾ ਨੇ ਸ੍ਰੀ ਮੋਦੀ ਨੂੰ ਚੋਣ ਮੁਹਿੰਮ ਦਾ ਮੁਖੀ ਚੁਣ ਕੇ ਰਾਹ ਸਾਫ ਕਰਨ ਦੀ ਕੋਸ਼ਿਸ਼ ਕੀਤੀ ਪਰ ਜਨਤਾ ਦਲ (ਯੂ.) ਇਸ 'ਤੇ ਵੀ ਸ਼ਾਂਤ ਨਾ ਹੋਇਆ ਕਿਉਂਕਿ ਉਸ ਦਾ ਮੰਨਣਾ ਸੀ ਕਿ ਅੱਗੇ ਜਾ ਕੇ ਮੋਦੀ ਹੀ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਦਾਅਵੇਦਾਰ ਬਣੇਗਾ। ਇਸ ਝਟਕੇ ਨਾਲ ਭਾਜਪਾ ਦੀ ਅਗਵਾਈ ਵਾਲੇ ਕੌਮੀ ਜਮਹੂਰੀ ਗੱਠਜੋੜ ਦੀ ਹਾਲਤ ਪਤਲੀ

*(ਬਾਕੀ ਸਫਾ 6 'ਤੇ)*

# ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਟਲੀ



**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** 'ਮਾੜੀ ਸਰੀਰਕ ਅਤੇ ਮਾਨਸਿਕ ਸਿਹਤ' ਕਾਰਨ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਟਾਲ ਦਿੱਤੀ ਗਈ ਹੈ। ਦਿੱਲੀ ਦੇ ਲੈਫਟੀਨੈਂਟ ਗਵਰਨਰ ਨੇ ਇਸ ਬਾਰੇ ਫਾਈਲ ਤਿਹਾੜ ਜੇਲ੍ਹ ਦੇ ਡਾਇਰੈਕਟਰ ਜਨਰਲ ਨੂੰ ਭੇਜ ਦਿੱਤੀ ਹੈ। ਲੈਫਟੀਨੈਂਟ ਗਵਰਨਰ ਦਾ ਇਹ ਫੈਸਲਾ ਪ੍ਰੋ. ਭੁੱਲਰ ਦੀ ਸਿਹਤ ਬਾਰੇ ਦਿੱਲੀ ਸਰਕਾਰ ਵੱਲੋਂ ਤਿਆਰ ਕਰਵਾਈ ਜਾਂਚ ਰਿਪੋਰਟ ਦੇ ਆਧਾਰ ਉਤੇ ਕੀਤਾ ਗਿਆ ਹੈ।

**ਮਾੜੀ ਸਰੀਰਕ ਤੇ ਮਾਨਸਿਕ ਸਿਹਤ ਬਣੇ ਆਧਾਰ**

ਉਚ ਪੱਧਰੀ ਸੂਤਰਾਂ ਮੁਤਾਬਕ ਇਸ ਕੇਸ ਨੂੰ ਮਾਨਵੀ ਆਧਾਰ ਉਤੇ ਵਿਚਾਰਦਿਆਂ ਅਤੇ ਪ੍ਰੋ. ਭੁੱਲਰ ਦੀ ਸਿਹਤ ਵਿਚ ਲਗਾਤਾਰ ਆ ਰਹੇ ਨਿਘਾਰ ਕਰ ਕੇ ਇਹ ਫੈਸਲਾ ਕੀਤਾ ਗਿਆ ਹੈ। ਯਾਦ ਰਹੇ ਕਿ ਪ੍ਰੋ. ਭੁੱਲਰ ਦੀਆਂ ਸਭ ਅਪੀਲਾਂ ਖਾਰਜ ਹੋ ਗਈਆਂ ਸਨ, ਪਰ ਉਸ ਦੀ ਪਤਨੀ ਨਵਨੀਤ ਕੌਰ ਅਤੇ ਮਾਨਵੀ ਹੱਕਾਂ ਲਈ ਜੂਝ ਰਹੀਆਂ ਸੰਸਥਾਵਾਂ ਨੇ ਫਾਂਸੀ ਤੁੜਵਾਉਣ ਲਈ ਲਗਾਤਾਰ ਮੁਹਿੰਮ ਵਿੱਢੀ ਰੱਖੀ। ਇਸ ਮੁਹਿੰਮ ਤੋਂ ਬਾਅਦ ਹੀ ਉਸ ਦੀ ਸਿਹਤ ਬਾਰੇ ਜਾਂਚ ਲਈ ਮੈਡੀਕਲ ਬੋਰਡ ਬਣਾਇਆ ਗਿਆ ਸੀ। ਆਪਣੀ ਜਾਂਚ ਰਿਪੋਰਟ ਵਿਚ ਮੈਡੀਕਲ ਬੋਰਡ ਨੇ ਕਿਹਾ ਹੈ ਕਿ ਪ੍ਰੋ. ਭੁੱਲਰ ਡਿਪਰੈਸ਼ਨ ਤੋਂ ਪੀੜਤ ਹੈ। ਜੇਲ੍ਹ ਨਿਯਮਾਂ ਅਨੁਸਾਰ ਜੇ ਕੋਈ ਕੈਦੀ ਮਾਨਸਿਕ ਅਤੇ ਸਰੀਰਕ ਤੌਰ 'ਤੇ ਠੀਕ ਨਹੀਂ ਤਾਂ ਉਸ ਨੂੰ ਫਾਂਸੀ ਨਹੀਂ ਦਿੱਤੀ ਜਾ ਸਕਦੀ।

ਸੂਤਰਾਂ ਮੁਤਾਬਕ ਤਿਹਾੜ ਜੇਲ੍ਹ ਦਾ ਡਾਇਰੈਕਟਰ ਜਨਰਲ ਹੁਣ ਇਹ ਫਾਈਲ ਗ੍ਰਹਿ ਮੰਤਰਾਲੇ ਕੋਲ ਭੇਜੇਗਾ। ਇਸ ਤੋਂ ਬਾਅਦ ਇਹ ਫਾਈਲ ਦੁਬਾਰਾ ਦਿੱਲੀ ਸਰਕਾਰ ਕੋਲ ਪਹੁੰਚੇਗੀ। ਚੇਤੇ ਰਹੇ ਕਿ ਪ੍ਰੋ. ਭੁੱਲਰ ਨੂੰ 1993 ਵਿਚ ਦਿੱਲੀ ਬੰਬ ਕਾਂਡ ਵਾਲੇ ਕੇਸ ਵਿਚ 2001 ਵਿਚ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ। ਉਸ ਦੀ ਪਤਨੀ ਨਵਨੀਤ ਕੌਰ ਅਦਾਲਤਾਂ ਅਤੇ ਵੱਖ-ਵੱਖ ਮਾਨਵੀ ਸੰਸਥਾਵਾਂ ਅੱਗੇ ਇਹ ਪੱਖ ਰੱਖਦੀ ਰਹੀ ਹੈ ਕਿ ਪ੍ਰੋ. ਭੁੱਲਰ ਦੀ ਮਾਨਸਿਕ ਅਵਸਥਾ ਠੀਕ ਨਹੀਂ ਹੈ, ਇਸ ਲਈ ਉਸ ਦੀ ਫਾਂਸੀ ਦੀ ਸਜ਼ਾ ਤੋੜ ਦਿੱਤੀ ਜਾਵੇ। ਪ੍ਰੋ. ਭੁੱਲਰ ਦਾ 2010 ਤੋਂ ਦਿੱਲੀ ਦੀ ਇੰਸਟੀਚਿਊਟ ਫਾਰ ਹਿਊਮਨ ਬਿਹੇਵੀਅਰ ਐਂਡ ਅਲਾਈਡ ਸਾਇੰਸਜ਼ ਵਿਚ ਇਲਾਜ ਚੱਲ ਰਿਹਾ ਹੈ। ਦੋ ਮਹੀਨੇ ਪਹਿਲਾਂ ਉਸ ਦੀ ਅਪੀਲ ਰੱਦ ਕਰ ਦਿੱਤੀ ਸੀ।

## ਮੋਦੀ ਹੀ ਪੁਆੜੇ ਦੀ ਜੜ੍ਹ: ਅਡਵਾਨੀ



**ਨਵੀਂ ਦਿੱਲੀ:** ਭਾਜਪਾ ਦੇ ਸੀਨੀਅਰ ਆਗੂ ਲਾਲ ਕ੍ਰਿਸ਼ਨ ਅਡਵਾਨੀ ਨੇ ਪਾਰਟੀ ਪ੍ਰਧਾਨ ਰਾਜਨਾਥ ਸਿੰਘ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ ਤੇ ਦੋਸ਼ ਲਾਇਆ ਕਿ ਗੁਜਰਾਤ ਦੇ ਮੁੱਖ ਮੰਤਰੀ ਨਰੇਂਦਰ ਮੋਦੀ ਨੂੰ ਉਚਾ ਚੁੱਕਣ ਕਾਰਨ ਹੀ ਜਨਤਾ ਦਲ (ਯੂ) ਨਾਲ ਗੱਠਜੋੜ ਟੁੱਟਿਆ ਹੈ। ਮੀਡੀਆ ਰਿਪੋਰਟਾਂ ਅਨੁਸਾਰ ਸ੍ਰੀ ਅਡਵਾਨੀ ਨੇ *(ਬਾਕੀ ਸਫਾ 6 'ਤੇ)*

## ਭਾਜਪਾ ਦਾ ਸਾਥ ਨਹੀਂ ਛੱਡਾਂਗੇ: ਬਾਦਲ



**ਚੰਡਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਤੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਉਨ੍ਹਾਂ ਦੀ ਪਾਰਟੀ ਭਾਜਪਾ ਦਾ ਪਹਿਲਾਂ ਦੀ ਤਰ੍ਹਾਂ ਡਟ ਕੇ ਸਾਥ ਦਿੰਦੀ ਰਹੇਗੀ। ਉਨ੍ਹਾਂ ਆਸ ਪ੍ਰਗਟਾਈ ਕਿ ਲੋਕ ਸਭਾ ਚੋਣਾਂ ਬਾਅਦ ਸਮੀਕਰਨ ਮੁੜ ਬਦਲਣਗੇ ਤੇ ਭਾਜਪਾ ਦੇਸ਼ ਦੀ ਮੋਹਰੀ ਪਾਰਟੀ ਬਣ ਕੇ *(ਬਾਕੀ ਸਫਾ 6 'ਤੇ)*




ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ

www.011india.com

**$25** **2,500 Minutes**

ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ

ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।

✓ ਵਧੀਆ, ਸਾਫ਼ ਆਵਾਜ਼
✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ

Limited Time Offer. Restrictions & Additional Fees Apply.

800.914.1013 • 408.659.9400

# ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਿਚ ਗੁਰਮਤਿ ਸਿਖਲਾਈ ਕੈਂਪ ਪਹਿਲੀ ਤੋਂ

**ਨਿਊ ਯਾਰਕ (ਬਿਊਰੋ):** ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ ਵਿਖੇ ਬੱਚਿਆਂ ਦਾ ਗੁਰਮਤਿ ਸਿਖਲਾਈ ਕੈਂਪ ਆਉਂਦੀ ਪਹਿਲੀ ਜੁਲਾਈ ਨੂੰ ਲੱਗ ਰਿਹਾ ਹੈ ਜੋ ਚਾਰ ਹਫਤੇ ਤੱਕ ਚੱਲੇਗਾ ਅਤੇ ਕੈਂਪ 27 ਜੁਲਾਈ ਨੂੰ ਸਮਾਪਤ ਹੋਵੇਗਾ। ਇਸ ਕੈਂਪ ਦੌਰਾਨ ਬੱਚਿਆਂ ਨੂੰ ਪੰਜਾਬੀ ਪੜ੍ਹਨ-ਲਿਖਣ, ਗੁਰਬਾਣੀ ਕੀਰਤਨ, ਸਿੱਖ ਇਤਿਹਾਸ, ਸਿੱਖ ਮਰਿਆਦਾ, ਗੁਰਬਾਣੀ ਕੀਰਤਨ, ਤਬਲਾ-ਵਾਦਨ ਅਤੇ ਸਿੱਖ ਪਰੰਪਰਾਵਾਂ ਬਾਰੇ ਜਾਣਕਾਰੀ ਤੇ ਸਿਖਲਾਈ ਦਿੱਤੀ ਜਾਵੇਗੀ। ਕੈਂਪ ਦੌਰਾਨ ਬੱਚਿਆਂ ਨੂੰ ਰਹਿਣੀ-ਬਹਿਣੀ, ਮਾਤਾ-ਪਿਤਾ ਅਤੇ ਵੱਡਿਆਂ ਦਾ ਸਤਿਕਾਰ ਕਰਨ, ਗੁਰਦੁਆਰਾ ਸਾਹਿਬ ਵਿਚ ਸ਼ਬਦ ਕੀਰਤਨ ਸੁਣਨ, ਲੰਗਰ ਸੇਵਾ ਅਤੇ ਹੋਰ ਸੇਵਾ ਕਰਨ ਦੀ ਸਿਖਲਾਈ ਦਿੱਤੀ ਜਾਂਦੀ ਹੈ।



*ਪਿਛਲੇ ਸਾਲ ਦੇ ਗੁਰਮਤਿ ਕੈਂਪ ਵਿਚ ਸ਼ਾਮਲ ਹੋਏ ਬੱਚੇ ਅਰਦਾਸ ਕਰਦੇ ਹੋਏ*

ਜ਼ਿਕਰਯੋਗ ਹੈ ਕਿ ਗੁਰਦੁਆਰਾ ਬਿਲਡਿੰਗ ਦੀ ਚੌਥੀ ਮੰਜ਼ਿਲ ਉਤੇ ਸਕੂਲ ਵਾਸਤੇ ਦਸ ਕਮਰੇ ਤਿਆਰ ਹੋ ਚੁਕੇ ਹਨ ਅਤੇ ਫਰਨੀਚਰ ਵਗੈਰਾ ਆ ਚੁਕਾ ਹੈ। ਹੁਣ ਇਨ੍ਹਾਂ ਕਮਰਿਆਂ ਵਿਚ ਹੀ ਬੱਚੇ ਗੁਰਮਤਿ ਸਿਖਲਾਈ ਪ੍ਰਾਪਤ ਕਰਨਗੇ। ਬੱਚਿਆਂ ਵਾਸਤੇ ਬਰੇਕ ਫਾਸਟ ਅਤੇ ਦੁਪਹਿਰ ਦੇ ਭੋਜਨ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ ਜਿਸ ਵਿਚ ਬੱਚਿਆਂ ਦੇ ਮਨ ਭਾਉਂਦੇ ਭੋਜਨ ਪਦਾਰਥਾਂ ਦੀ ਸੇਵਾ ਕੀਤੀ ਜਾਵੇਗੀ। ਪ੍ਰਬੰਧਕ ਕਮੇਟੀ ਵਲੋਂ ਸੰਗਤਾਂ ਨੂੰ ਇਸ ਕਾਰਜ ਵਿਚ ਹਰ ਤਰ੍ਹਾਂ ਦੀ ਮਦਦ ਕਰਨ ਦੀ ਅਪੀਲ ਕੀਤੀ ਗਈ ਹੈ। ਕੈਂਪ ਲਈ ਰਜਿਸਟਰੇਸ਼ਨ ਸ਼ੁਰੂ ਹੋ ਚੁਕੀ ਹੈ ਤੇ ਫਾਰਮ ਭਰ ਕੇ ਬੱਚੇ ਦਾਖਲ ਕਰਵਾਏ ਜਾ ਸਕਦੇ ਹਨ। ਹੋਰ ਜਾਣਕਾਰੀ ਲਈ ਮੀਡੀਆ ਸਲਾਹਕਾਰ ਭੁਪਿੰਦਰ ਸਿੰਘ ਅਟਵਾਲ ਫੋਨ 347-837-5615 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਸੰਤ ਮੁਰਾਲੇਵਾਲਿਆਂ ਦੀ 63ਵੀਂ ਬਰਸੀ ਸਬੰਧੀ ਸਮਾਗਮ 7 ਨੂੰ

**ਨਿਊ ਯਾਰਕ (ਬਿਊਰੋ):** ਸੰਤ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ ਵਲੋਂ ਸੰਤ ਪ੍ਰੇਮ ਸਿੰਘ ਮੁਰਾਲੇਵਾਲਿਆਂ ਦੀ 63ਵੀਂ ਬਰਸੀ ਸਬੰਧੀ ਸਮਾਗਮ ਆਉਂਦੀ 7 ਜੁਲਾਈ ਨੂੰ ਜਮਾਇਕਾ ਸਿਟੀ (150-10 ਬੀਵਰ ਰੋਡ), ਨਿਊ ਯਾਰਕ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਸਮਾਗਮ ਵਿਚ ਪੰਥ ਪ੍ਰਸਿਧ ਕੀਰਤਨੀਏ ਅਤੇ ਕਥਾਵਾਚਕ ਗੁਰਬਾਣੀ ਕੀਰਤਨ ਅਤੇ ਕਥਾ ਵਿਆਖਿਆ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ ਅਤੇ ਸੰਤ ਮੁਰਾਲੇਵਾਲਿਆਂ ਦੇ ਜੀਵਨ ਤੇ ਉਨ੍ਹਾਂ ਵਲੋਂ ਕੀਤੇ ਗਏ ਕਾਰਜਾਂ ਬਾਰੇ ਚਾਨਣਾ ਪਾਉਣਗੇ।

ਸੁਸਾਇਟੀ ਨੇ ਸਮੂਹ ਸੰਗਤਾਂ ਨੂੰ ਇਸ ਸਮਾਗਮ ਵਿਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਹੈ। ਹੋਰ ਜਾਣਕਾਰੀ ਚੇਤਨ ਸਿੰਘ ਰਕਾਲਾ ਫੋਨ 347-453-3738 ਪਾਸੋਂ ਹਾਸਲ ਕੀਤੀ ਜਾ ਸਕਦੀ ਹੈ।


PPG PITTSBURGH PAINTS Best Deal in New York

Mercury Paint Corp.

Mercury Paint

Buy Direct From Manufacturers & Save
Visit Our Affiliated New Location

Hillside Paint Depot

255-13 Hillside Ave., Floral Park, New York 11004
Exit: Hillside Ave (28A), Cross Island Parkway-West 1 mile on left
(Across from Dunkin Donuts)

Ph: 718-347-4500



ਘਰਾਂ, ਬਿਜਨਸ ਅਤੇ ਸਨਅਤਾਂ ਲਈ ਪੇਂਟ ਅਤੇ ਪੇਂਟ ਸਪਲਾਈ ਬਹੁਤ ਹੀ ਵਾਜਬ ਰੇਟ 'ਤੇ ਖਰੀਦੋ

One time 10% discount with this ad.

We sell full line of Residential, Commercial, Industrial paints & paint supplies of Government specifications.

Qmar Khokhar, Nadeem Ilahi, Wagley John

Ph: 347-369-3337



NRI LEGAL SERVICES

Protecting your Property in India

India ਤੋਂ ਆਏ ਕਾਨੂੰਨੀ ਮਾਹਰਾਂ ਵੱਲੋਂ FREE ਸੈਮੀਨਾਰ

India ਦੀ ਜ਼ਮੀਨ ਜਾਇਦਾਦ ਦੇ ਮਸਲਿਆਂ ਤੇ ਜਾਣਕਾਰੀ / FREE ਸਲਾਹ

New York June 29

For booking call on 1888 414 1749 1888 874 7822

Courtyard by Marriott New York JFK International Airport Hotel 145-11 N Conduit Ave, Jamaica, NY

- ਜ਼ਮੀਨ ਦੀ ਖੋਜ ਅਤੇ ਦਸਤਾਵੇਜ਼ ਆਪਣੇ ਘਰ ਬੈਠੇ ਹੀ ਪਾਓ
- ਗੈਰ ਕਾਨੂੰਨੀ ਸੇਲ/ਟਰਾਂਸਫਰ ਤੇ ਕਬਜ਼ੇ ਨਾਲ ਸਬੰਧਤ ਮਾਮਲੇ
- ਰੀਅਲ ਐਸਟੇਟ (ਇੰਡੀਆ ਵਿਚ ਪ੍ਰਾਪਰਟੀ ਖਰੀਦਣ ਤੇ ਵੇਚਣ ਲਈ)
- ਸਕਸੈਸ਼ਨ ਸਰਟੀਫਿਕੇਟ/ਵਸੀਅਤ/ਪੀ ਓ ਏ
- ਇੰਤਕਾਲ ਸਬੰਧੀ ਸੇਵਾਵਾਂ
- ਜ਼ਮੀਨ/ਪ੍ਰਾਪਰਟੀ ਦੀ ਤਕਸੀਮ
- ਕਿਰਾਏਦਾਰਾਂ ਦਾ ਮਸਲਾ
- ਫੌਜਦਾਰੀ/ਭਗੌੜਾ ਕਰਾਰ ਦਿੱਤੇ ਲੋਕਾਂ ਦੇ ਮਾਮਲੇ

300 ਤੋਂ ਵੱਧ ਵਕੀਲਾਂ ਦੀ ਟੀਮ ਪੂਰੇ ਇੰਡੀਆ ਵਿਚ
ਕੇਸ ਦੀ ਪੈਰਵੀ ਲਈ ਇੰਡੀਆ ਜਾਣ ਦੀ ਕੋਈ ਲੋੜ ਨਹੀਂ

NEW YORK: 253-10 Hillside Ave Bellerose NY 11426 Tel. 7188786757
HEAD OFFICE #1393 Sector 33-C Chandigarh India 160020
Tel +91-172-4637120 Fax +91-172-4629120 | www.nrilegalservices.com

USA | UK | CANADA

# ਡਾ. ਮਨਮੋਹਨ ਸਿੰਘ ਵੱਲੋਂ ਵਜ਼ਾਰਤ ਵਿਚ ਫੇਰਬਦਲ

**ਨਵੀਂ ਦਿੱਲੀ:** ਕੇਂਦਰੀ ਵਜ਼ਾਰਤ ਵਿਚ ਕੀਤੇ ਗਏ ਸੰਭਵ ਤੌਰ 'ਤੇ ਆਖਰੀ ਫੇਰਬਦਲ ਤੇ ਵਾਧੇ ਦੌਰਾਨ ਮਲਿਕਾਰਜੁਨ ਖੜਗੇ ਨੂੰ ਰੇਲ ਮੰਤਰੀ ਬਣਾਇਆ ਗਿਆ ਤੇ ਅੱਠ ਹੋਰ ਵਜ਼ੀਰ ਸ਼ਾਮਲ ਕੀਤੇ ਗਏ ਜਿਨ੍ਹਾਂ ਵਿਚ ਬਜ਼ੁਰਗ ਸੀਸ ਰਾਮ ਓਲਾ ਤੇ ਆਸਕਰ ਫਰਨਾਂਡੇਜ਼ ਦੀ ਵਾਪਸੀ ਹੋਈ ਹੈ ਤੇ ਪੰਜਾਬ ਤੋਂ ਬੀਬੀ ਸੰਤੋਸ਼ ਚੌਧਰੀ ਨੂੰ ਰਾਜ ਮੰਤਰੀ ਲਿਆ ਗਿਆ ਹੈ।

ਵਜ਼ਾਰਤੀ ਫੇਰਬਦਲ ਦੌਰਾਨ ਚੋਣਾਂ ਦਾ ਸਾਹਮਣਾ ਕਰਨ ਜਾ ਰਹੇ ਸੂਬੇ ਰਾਜਸਥਾਨ ਤੋਂ ਬੀਬੀ ਗਿਰੀਜਾ ਵਿਆਸ ਤੇ ਸ੍ਰੀ ਓਲਾ ਨੂੰ ਕੈਬਨਿਟ ਮੰਤਰੀ ਬਣਾਇਆ ਗਿਆ ਹੈ ਤੇ ਆਂਧਰਾ ਪ੍ਰਦੇਸ਼ ਦੇ ਕੇ.ਐਸ. ਰਾਓ ਵੀ ਕੈਬਨਿਟ ਵਿਚ ਸ਼ਾਮਲ ਕੀਤੇ ਗਏ ਹਨ। ਵਜ਼ਾਰਤ ਵਿਚ ਲਏ ਗਏ ਤਿੰਨ ਨਵੇਂ ਚਿਹਰਿਆਂ ਵਿਚ ਰਾਜ ਮੰਤਰੀ ਸੰਤੋਸ਼ ਚੌਧਰੀ, ਜੇਡੀ ਸੀਲਮ ਤੇ ਈਐਨਐਸ ਨਚੀਅੱਪਨ ਸ਼ਾਮਲ ਹਨ ਤੇ ਮਹਾਰਾਸ਼ਟਰ ਦੇ ਬਜ਼ੁਰਗ ਆਗੂ ਮਾਨਿਕ ਰਾਓ ਗਾਵਿਤ ਵੀ ਰਾਜ ਮੰਤਰੀ ਬਣੇ ਹਨ। ਇਸ ਨਾਲ ਕੇਂਦਰੀ ਵਜ਼ਾਰਤ ਵਿਚ ਵਜ਼ੀਰਾਂ ਦੀ ਗਿਣਤੀ ਵਧ ਕੇ 77 ਹੋ ਗਈ ਹੈ।

ਇਸ ਦੇ ਨਾਲ ਹੀ ਮੰਤਰੀਆਂ ਨੂੰ ਕੀਤੀ ਗਈ ਮੰਤਰਾਲਿਆਂ ਦੀ ਵੰਡ ਦੌਰਾਨ 71 ਸਾਲਾ ਸ੍ਰੀ ਖੜਗੇ ਨੂੰ ਰੇਲ ਮੰਤਰੀ ਬਣਾਇਆ ਗਿਆ ਹੈ ਜੋ ਪਿਛਲੇ ਮਹੀਨੇ ਕਰਨਾਟਕ ਦੇ ਮੁੱਖ ਮੰਤਰੀ ਦੀ ਦੌੜ ਵਿਚ ਪਛੜ ਗਏ ਸਨ। ਇਸ ਤੋਂ ਪਹਿਲਾਂ ਉਹ ਕੇਂਦਰੀ ਕਿਰਤ ਤੇ ਰੁਜ਼ਗਾਰ ਮੰਤਰੀ ਸਨ। ਕਿਰਤ ਮੰਤਰਾਲਾ ਹੁਣ ਰਾਜਸਥਾਨ ਦੇ 86 ਸਾਲਾ ਜਾਟ ਆਗੂ ਸ੍ਰੀ ਓਲਾ ਨੂੰ ਦਿੱਤਾ ਗਿਆ ਹੈ ਜੋ ਯੂਪੀਏ-1 ਵਿਚ ਵੀ ਇਸੇ ਅਹੁਦੇ ਉਤੇ ਸਨ। ਸ੍ਰੀ ਆਸਕਰ ਫਰਨਾਂਡੇਜ਼ ਨੂੰ ਸੜਕ ਤੇ ਸ਼ਾਹਰਾਹ ਮੰਤਰੀ ਬਣਾਇਆ ਗਿਆ ਹੈ ਜੋ ਯੂਪੀਏ-1 ਵਿਚ ਕਿਰਤ ਤੇ ਖੇਡ ਮੰਤਰੀ ਸਨ। ਉਨ੍ਹਾਂ ਨੂੰ ਮੌਜੂਦਾ ਮੰਤਰਾਲਾ ਸ੍ਰੀ ਸੀ ਪੀ ਜੋਸ਼ੀ ਦੀ ਥਾਂ ਦਿੱਤਾ ਗਿਆ ਹੈ ਜੋ ਪਿਛਲੇ ਦਿਨੀਂ ਅਸਤੀਫਾ ਦੇ ਕੇ ਕਾਂਗਰਸ ਦੇ ਜਨਰਲ ਸਕੱਤਰ ਬਣੇ ਹਨ।



*ਨਵੇਂ ਕੇਂਦਰੀ ਮੰਤਰੀ ਰਾਸ਼ਟਰਪਤੀ ਪ੍ਰਣਬ ਮੁਖਰਜੀ, ਉਪ ਰਾਸ਼ਟਰਪਤੀ ਹਾਮਿਦ ਅਨਸਾਰੀ ਤੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨਾਲ।*

ਬੀਬੀ ਵਿਆਸ ਨੂੰ ਵੀ ਪਿਛਲੇ ਦਿਨੀਂ ਅਸਤੀਫਾ ਦੇ ਕੇ ਜਨਰਲ ਸਕੱਤਰ ਬਣੇ ਅਜੇ ਮਾਕਨ ਦੀ ਥਾਂ ਮਕਾਨ, ਸ਼ਹਿਰੀ ਵਿਕਾਸ ਤੇ ਗਰੀਬੀ ਹਟਾਓ ਮੰਤਰਾਲਾ ਦਿੱਤਾ ਗਿਆ ਹੈ। ਸਾਹਿਲੀ ਆਂਧਰਾ ਪ੍ਰਦੇਸ਼ ਨਾਲ ਸਬੰਧਤ ਤੇ ਪੰਜ ਵਾਰ ਦੇ ਐਮਪੀ 69 ਸਾਲਾ ਸ੍ਰੀ ਰਾਓ ਕੱਪੜਾ ਮੰਤਰੀ ਹੋਣਗੇ। ਪਿਛਲੇ ਵਜ਼ਾਰਤੀ ਵਾਧੇ ਦੌਰਾਨ ਨਜ਼ਰ-ਅੰਦਾਜ਼ ਕੀਤੇ ਜਾਣ ਤੋਂ ਨਾਰਾਜ਼ ਸ੍ਰੀ ਰਾਓ ਇਕ ਵਾਰ ਲੋਕ ਸਭਾ ਤੋਂ ਅਸਤੀਫਾ ਦੇ ਹੀ ਚੱਲੇ ਸਨ।

ਹੁਸ਼ਿਆਰਪੁਰ ਤੋਂ ਐਮਪੀ ਤੇ ਦਲਿਤ ਆਗੂ ਬੀਬੀ ਚੌਧਰੀ ਨੂੰ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲਾ ਤੇ ਆਂਧਰਾ ਪ੍ਰਦੇਸ਼ ਦੇ ਦਲਿਤ ਆਗੂ ਤੇ ਸਾਬਕਾ ਆਈਏਐਸ ਅਧਿਕਾਰੀ ਸ੍ਰੀ ਸੀਲਮ ਨੂੰ ਵਿੱਤ ਰਾਜ ਮੰਤਰੀ ਬਣਾਇਆ ਗਿਆ ਹੈ। ਮਹਾਰਾਸ਼ਟਰ ਦੇ ਕਬਾਇਲੀ ਆਗੂ ਤੇ ਨੌਂ ਵਾਰ ਦੇ ਐਮਪੀ 78 ਸਾਲਾ ਸ੍ਰੀ ਗਾਵਿਤ ਨੂੰ ਸਮਾਜਕ ਨਿਆਂ ਤੇ ਸ਼ਕਤੀਕਰਨ ਮੰਤਰਾਲਾ ਦਿੱਤਾ ਗਿਆ ਹੈ।

ਸ੍ਰੀ ਨਚੀਅੱਪਨ ਜੋ 2ਜੀ ਸਪੈਕਟਰਮ ਘਪਲੇ ਸਬੰਧੀ ਜੇਪੀਸੀ ਦੇ ਮੈਂਬਰ ਅਤੇ ਰਾਜ ਸਭਾ ਦੇ ਪ੍ਰਧਾਨਗੀ ਅਧਿਕਾਰੀਆਂ ਦੀ ਸੂਚੀ ਵਿਚ ਸ਼ਾਮਲ ਹਨ ਨੂੰ ਵਣਜ ਤੇ ਸਨਅਤ ਮੰਤਰਾਲਾ ਦਿੱਤਾ ਗਿਆ ਹੈ। ਇਸ ਵਜ਼ਾਰਤੀ ਫੇਰਬਦਲ ਦੀ ਪਿਛਲੇ ਸਮੇਂ ਡੀਐਮਕੇ ਦੇ ਛੇ ਮੰਤਰੀਆਂ ਦੇ ਲਾਂਭੇ ਹੋ ਜਾਣ ਅਤੇ ਸ੍ਰੀ ਪਵਨ ਕੁਮਾਰ ਬਾਂਸਲ ਤੇ ਸ੍ਰੀ ਅਸ਼ਵਨੀ ਕੁਮਾਰ ਦੇ ਅਸਤੀਫਿਆਂ ਕਾਰਨ ਉਡੀਕ ਸੀ।

## ਵਿਗਿਆਪਕਾਂ ਦੇ ਧਿਆਨਯੋਗ

**ਪੰਜਾਬੀ ਅਖਬਾਰਾਂ ਲਈ ਆਮਦਨ ਦਾ ਇਕੋ ਇਕ ਸ੍ਰੋਤ ਇਸ਼ਤਿਹਾਰ ਹਨ। ਇਸ ਲਈ ਜਿਹੜੇ ਵਿਗਿਆਪਕਾਂ ਨੇ 'ਪੰਜਾਬ ਟਾਈਮਜ਼' ਵਿਚ ਲਵਾਏ ਇਸ਼ਤਿਹਾਰਾਂ ਦੇ ਆਪਣੇ ਬਕਾਏ ਪਿਛਲੇ ਲੰਮੇ ਅਰਸੇ ਤੋਂ ਨਹੀਂ ਦਿਤੇ, ਉਨ੍ਹਾਂ ਨੂੰ ਬੇਨਤੀ ਹੈ ਕਿ ਇਹ ਬਕਾਏ ਤੁਰੰਤ ਚੁਕਤਾ ਕਰ ਦੇਣ। ਅਜਿਹਾ ਨਾ ਕੀਤੇ ਜਾਣ ਦੀ ਸੂਰਤ ਵਿਚ ਅਸੀਂ ਉਨ੍ਹਾਂ ਦੇ ਨਾਂ ਅਖਬਾਰ ਵਿਚ ਨਸ਼ਰ ਕਰਨ ਲਈ ਮਜਬੂਰ ਹੋਵਾਂਗੇ।**

**ਇਸੇ ਦੌਰਾਨ ਪੰਜਾਬ ਟਾਈਮਜ਼ ਵਿਚ 'ਧੜੇਬੰਦਕ ਸਿਆਸਤ ਅਤੇ ਪੰਜਾਬੀ ਅਖਬਾਰ' ਸਿਰਲੇਖ ਹੇਠ ਛਪੇ ਲੇਖ ਉਪਰੰਤ ਗੁਰਦੁਆਰਾ ਟਾਇਰਾ ਬਿਊਨਾ, ਯੂਬਾ ਸਿਟੀ ਦੇ ਪ੍ਰਬੰਧਕਾਂ ਨੇ ਪੰਜਾਬ ਟਾਈਮਜ਼ ਦਾ ਬਕਾਇਆ ਅਦਾ ਕਰ ਦਿਤਾ ਹੈ, ਅਸੀਂ ਉਨ੍ਹਾਂ ਦੇ ਧੰਨਵਾਦੀ ਹਾਂ।**

**ਗੁਰਦੁਆਰਾ ਐਲ ਸੋਬਰਾਂਟੇ ਦੇ ਪ੍ਰਬੰਧਕਾਂ ਨੇ ਸਪਸ਼ਟ ਕੀਤਾ ਹੈ ਕਿ ਉਨ੍ਹਾਂ ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਦਾ ਬਿਲ ਅਦਾ ਕਰਨ ਲਈ ਜੂਨ 2012 ਵਿਚ ਚੈਕ ਲਿਖ ਕੇ ਮੇਲ ਕਰ ਦਿੱਤਾ ਸੀ ਪਰ ਇਹ ਚੈਕ ਗਲਤੀ ਨਾਲ ਕਿਸੇ ਹੋਰ ਪੰਜਾਬੀ ਅਖਬਾਰ ਨੂੰ ਭੇਜ ਹੋ ਗਿਆ ਜਿਸ ਨੇ ਇਹ ਚੈਕ ਕੈਸ਼ ਵੀ ਕਰਵਾ ਲਿਆ। ਇਸ ਸਬੰਧੀ ਪੜਤਾਲ ਕੀਤੀ ਜਾ ਰਹੀ ਹੈ। ਇਸੇ ਦੌਰਾਨ ਪ੍ਰਬੰਧਕਾਂ ਨੇ ਪੰਜਾਬ ਟਾਈਮਜ਼ ਦਾ ਬਕਾਇਆ ਅਦਾ ਕਰ ਦਿਤਾ ਹੈ। ਅਸੀਂ ਉਨ੍ਹਾਂ ਦੇ ਵੀ ਧੰਨਵਾਦੀ ਹਾਂ।**

**-ਅਦਾਰਾ ਪੰਜਾਬ ਟਾਈਮਜ਼**

## ਟੋਰਾਂਟੋ ਵਿਚ ਪੰਜਾਬੀ ਪੁਲਿਸ ਮੁਲਾਜ਼ਮ ਨੂੰ ਕੈਦ

**ਟੋਰਾਂਟੋ (ਬਿਊਰੋ):** ਅਦਾਲਤ ਨੇ ਜਿਸਮਾਨੀ ਛੇੜਛਾੜ ਦੇ ਦੋਸ਼ ਵਿਚ ਟੋਰਾਂਟੋ ਪੁਲਿਸ ਦੇ ਪੰਜਾਬੀ ਕਾਂਸਟੇਬਲ ਨੂੰ 15 ਮਹੀਨਿਆਂ ਦੀ ਕੈਦ ਦੀ ਸਜ਼ਾ ਸੁਣਾਈ ਹੈ। ਇਹ ਮਾਮਲਾ ਜੂਨ 2010 ਦਾ ਹੈ ਜਦ ਇਹ 44 ਸਾਲਾ ਕਾਂਸਟੇਬਲ ਮਨਦੀਪ ਸੰਧੂ ਇਥੋਂ ਦੀ ਇਕ ਸਪਾਅ (ਮਸਾਜ ਸੈਂਟਰ) ਦੀ ਜਾਂਚ ਪੜਤਾਲ ਕਰਨ ਗਿਆ ਪਰ ਉਥੇ ਇਕ ਮਹਿਲਾ ਕਰਮਚਾਰੀ ਨਾਲ ਕਾਮੁਕ ਹਰਕਤ ਕਰ ਬੈਠਾ।

ਸੂਬਾਈ ਅਦਾਲਤ ਵਿਚ ਜੱਜ ਜੌਹਨ ਮੂਰ ਨੇ ਕਿਹਾ ਕਿ ਜਦ ਕਾਨੂੰਨ ਦਾ ਰਾਖਾ ਹੀ ਇਸ ਦੀਆਂ ਧੱਜੀਆਂ ਉਡਾ ਦੇਵੇ, ਇਸ ਤੋਂ ਵੱਡਾ ਜੁਰਮ ਹੋਰ ਕੀ ਹੋ ਸਕਦਾ ਹੈ।

# ਪ੍ਰਧਾਨ ਮੰਤਰੀ ਦਾ ਦਫਤਰ ਵੀ ਕੋਲਾ ਘੁਟਾਲੇ ਦੀ ਲਪੇਟ ਵਿਚ

**ਨਵੀਂ ਦਿੱਲੀ:** ਕੋਲਾ ਬਲਾਕਾਂ ਦੀ ਵੰਡ ਸਬੰਧੀ ਘਪਲੇ ਦੀ ਜਾਂਚ ਕਰ ਰਹੀ ਸੀ.ਬੀ.ਆਈ. ਨੇ ਪ੍ਰਧਾਨ ਮੰਤਰੀ ਦਫਤਰ (ਪੀ.ਐਮ.ਓ.) ਤੱਕ ਪਹੁੰਚ ਕਰ ਲਈ ਹੈ। ਇਸ ਨੇ ਦਫਤਰ ਵਿਚ 2006 ਤੋਂ 2009 ਦੌਰਾਨ ਤਾਇਨਾਤ ਰਹੇ ਦੋ ਸੀਨੀਅਰ ਅਧਿਕਾਰੀਆਂ ਤੋਂ ਪੁੱਛਗਿੱਛ ਕੀਤੀ ਹੈ। ਇਹੀ ਨਹੀਂ, ਪ੍ਰਧਾਨ ਮੰਤਰੀ ਦੇ ਸਲਾਹਕਾਰ ਟੀ.ਕੇ.ਏ. ਨਾਇਰ ਤੋਂ ਵੀ ਬਿਆਨ ਦਰਜ ਕਰਵਾਏ ਜਾ ਰਹੇ ਹਨ। ਏਜੰਸੀ ਨੇ ਸਾਬਕਾ ਕੋਲਾ ਸਕੱਤਰ ਐਚ.ਸੀ. ਗੁਪਤਾ ਨੂੰ ਵੀ ਮੁਲਜ਼ਮ ਵਜੋਂ ਤਲਬ ਕੀਤਾ। ਜਿਨ੍ਹਾਂ ਅਧਿਕਾਰੀਆਂ ਤੋਂ ਪੁੱਛਗਿੱਛ ਕੀਤੀ ਗਈ ਹੈ, ਉਨ੍ਹਾਂ ਵਿਚ ਪੰਜਾਬ ਕੇਡਰ ਦੀ ਆਈ.ਪੀ.ਐਸ. ਅਫਸਰ ਵਿਨੀ ਮਹਾਜਨ ਅਤੇ ਯੂ.ਪੀ. ਕੇਡਰ ਦੇ ਆਸ਼ੀਸ਼ ਗੁਪਤਾ ਸ਼ਾਮਲ ਹਨ। ਵਿਨੀ ਮਹਾਜਨ ਉਦੋਂ ਪ੍ਰਧਾਨ ਮੰਤਰੀ ਦਫਤਰ ਵਿਚ ਡਾਇਰੈਕਟਰ ਅਤੇ ਆਸ਼ੀਸ਼ ਗੁਪਤਾ ਵਿਜੀਲੈਂਸ ਅਫਸਰ ਸਨ।

ਕੋਲਾ ਬਲਾਕਾਂ ਦੀ 2006 ਤੋਂ 2009 ਦੌਰਾਨ ਹੋਈ ਵੰਡ ਦੌਰਾਨ ਹੋਈਆਂ ਬੇਨਿਯਮੀਆਂ ਦੀ ਜਾਂਚ ਜ਼ੋਰ-ਸ਼ੋਰ ਨਾਲ ਚੱਲ ਰਹੀ ਹੈ। ਗੌਰਤਲਬ ਹੈ ਕਿ ਗੜਬੜ ਵਾਲੇ ਇਸ ਸਮੇਂ ਦੌਰਾਨ ਕੋਲਾ ਮੰਤਰਾਲੇ ਦਾ ਚਾਰਜ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਕੋਲ ਸੀ। ਇਸੇ ਤਰ੍ਹਾਂ ਜਾਂਚ ਏਜੰਸੀ ਨੇ ਭਾਰਤੀ ਕੰਪੀਟੀਸ਼ਨ ਕਮਿਸ਼ਨ ਦੇ ਮੈਂਬਰ ਵਜੋਂ ਅਸਤੀਫਾ ਦੇਣ ਵਾਲੇ ਸਾਬਕਾ ਕੋਲਾ ਸਕੱਤਰ ਐਚ.ਸੀ. ਗੁਪਤਾ ਤੋਂ ਵੀ ਕੀਤੀ ਹੈ। ਉਹ 2006-09 ਦੌਰਾਨ ਸਕਰੀਨਿੰਗ ਕਮੇਟੀ ਦੇ ਚੇਅਰਮੈਨ ਸਨ।

ਜਾਂਚ ਏਜੰਸੀ ਨੇ ਕਾਂਗਰਸ ਦੇ ਐਮ.ਪੀ. ਨਵੀਨ ਜਿੰਦਲ ਖਿਲਾਫ਼ ਇਸ ਮਾਮਲੇ ਵਿਚ ਦਰਜ ਐਫ.ਆਈ.ਆਰ. ਵਿਚ ਸਕਰੀਨਿੰਗ ਕਮੇਟੀ ਦੇ ਅਫਸਰਾਂ ਨੂੰ ਮੁਲਜ਼ਮਾਂ ਵਜੋਂ ਨਾਮਜ਼ਦ ਕੀਤਾ ਹੈ ਜਿਸ ਤੋਂ ਬਾਅਦ ਸਕਰੀਨਿੰਗ ਕਮੇਟੀ ਦਾ ਕੰਮ-ਕਾਜ ਸੀ.ਬੀ.ਆਈ. ਦੀ ਘੋਖ ਹੇਠ ਆ ਗਿਆ ਹੈ। ਏਜੰਸੀ ਨੇ 8 ਮਾਰਚ ਨੂੰ ਸੁਪਰੀਮ ਕੋਰਟ ਅੱਗੇ ਪੇਸ਼ ਆਪਣੀ ਰਿਪੋਰਟ ਵਿਚ ਕਿਹਾ ਸੀ ਕਿ 2006-09 ਦੌਰਾਨ ਬਲਾਕਾਂ ਦੀ ਵੰਡ ਕੰਪਨੀਆਂ ਦੀ ਵਾਜਬ ਘੋਖ ਤੋਂ ਬਿਨਾਂ ਕੀਤੀ ਗਈ ਸੀ। ਸੀ.ਬੀ.ਆਈ. ਇਸ ਮਾਮਲੇ ਵਿਚ ਹੁਣ ਤੱਕ 12 ਐਫ.ਆਈ.ਆਰਜ਼ ਦਰਜ ਕਰ ਚੁੱਕੀ ਹੈ।

# ਡਾ. ਅੰਬੇਦਕਰ ਸਬੰਧੀ ਕਾਨਫਰੰਸ 29 ਨੂੰ

**ਨਿਊ ਯਾਰਕ (ਬਿਊਰੋ):** ਡਾ. ਭੀਮਾ ਰਾਓ ਅੰਬੇਦਕਰ ਦੇ ਅਮਰੀਕਾ ਪਹੁੰਚਣ ਦੀ ਸੌ ਸਾਲਾ ਵਰ੍ਹੇਗੰਢ ਮੌਕੇ 'ਡਾ. ਅੰਬੇਦਕਰ ਦੀ ਅਮਰੀਕਾ ਵਿਚ ਸ਼ਤਾਬਦੀ ਕਾਨਫਰੰਸ' ਆਉਂਦੀ 29 ਜੂਨ ਨੂੰ ਕੋਲੰਬੀਆ ਯੂਨੀਵਰਸਿਟੀ, ਨਿਊ ਯਾਰਕ ਦੇ ਲਰਨਰ ਹਾਲ ਵਿਚ ਦੁਪਹਿਰ 12 ਵਜੇ ਤੋਂ ਸ਼ਾਮ 6 ਵਜੇ ਤੱਕ ਹੋਵੇਗੀ।

ਜ਼ਿਕਰਯੋਗ ਹੈ ਕਿ ਡਾ. ਅੰਬੇਦਕਰ ਨੇ ਕੋਲੰਬੀਆ ਯੂਨੀਵਰਸਿਟੀ ਵਿਚ 1913 ਵਿਚ ਪੜ੍ਹਾਈ ਲਈ ਦਾਖਲਾ ਲਿਆ ਸੀ। ਕੋਲੰਬੀਆ ਯੂਨੀਵਰਸਿਟੀ ਵਿਚ ਡਾ. ਭੀਮ ਰਾਓ ਅੰਬੇਦਕਰ ਦੀ ਪੜ੍ਹਾਈ ਨੇ ਉਨ੍ਹਾਂ ਦਾ ਸਾਰਾ ਜੀਵਨ ਬਦਲ ਦਿਤਾ। ਉਸ ਸਮੇਂ ਅਮਰੀਕਾ ਵਿਚ ਕਾਲੇ ਮੂਲ ਦੇ ਲੋਕਾਂ ਦਾ ਬੌਧਿਕ ਪੱਧਰ 'ਤੇ ਸੰਘਰਸ਼ ਚੱਲ ਰਿਹਾ ਸੀ। ਡਾ. ਅੰਬੇਦਕਰ ਨੇ ਵੀ ਭਾਰਤੀ 'ਅਛੂਤ' ਜਾਤੀਆਂ ਦੀ ਆਜ਼ਾਦੀ ਲਈ ਆਪਣੀ ਕਲਮ ਚੁੱਕਣ ਦਾ ਤਹੱਈਆ ਕਰ ਲਿਆ। ਉਸੇ ਸਾਲ ਹੀ ਭਾਰਤੀਆਂ, ਜਿਨ੍ਹਾਂ ਵਿਚ 80 ਪ੍ਰਤੀਸ਼ਤ ਸਿੱਖ ਸਨ, ਨੇ ਗਦਰ ਪਾਰਟੀ ਦਾ ਗਠਨ ਕੀਤਾ ਸੀ। ਡਾ. ਅੰਬੇਦਕਰ ਦੇ ਪੜ੍ਹਾਈ ਦੇ ਇਹ ਮੁਢਲੇ ਸਾਲ ਸਨ ਤੇ ਉਹ ਵਜ਼ੀਫੇ ਦੀਆਂ ਸ਼ਰਤਾਂ ਪੂਰੀਆਂ ਕਰਨ ਲਈ ਵੀ ਵਚਨਬੱਧ ਸਨ। ਡਾ. ਅੰਬੇਦਕਰ ਵੀ ਭਾਰਤ ਨੂੰ ਅਮਰੀਕਾ ਦੀ ਤਰ੍ਹਾਂ ਇੱਕ ਸੰਯੁਕਤ ਰਾਸ਼ਟਰ ਬਣਾਉਣਾ ਚਾਹੁੰਦੇ ਸਨ ਤੇ ਇਹੋ ਸੁਪਨਾ ਗਦਰ ਪਾਰਟੀ ਦੇ ਯੋਧਿਆਂ ਦਾ ਸੀ। ਇਹ ਕਾਨਫਰੰਸ ਭੀਮ ਰਾਓ ਅੰਬੇਦਕਰ ਸਿੱਖ ਫਾਊਂਡੇਸ਼ਨ ਦੇ ਉਦਮ ਨਾਲ ਹੋ ਰਹੀ ਹੈ।

ਕਾਨਫਰੰਸ ਵਿਚ ਯੂ ਸੀ ਬਰਕਲੇ ਦੀ ਪ੍ਰੋਫੈਸਰ ਡਾ. ਅੰਗਨਾ ਚੈਟਰਜੀ, ਬਾਮਸੈਫ ਦੀ ਆਗੂ ਡਾ. ਮਨੀਸ਼ਾ ਬੰਗੜ, ਆਂਧਰਾ ਪ੍ਰਦੇਸ਼ ਯੂਨੀਵਰਸਿਟੀ ਦੇ ਪ੍ਰੋਫੈਸਰ ਡਾ. ਸਤਿਯਾਪਾਲ, ਸਿੱਖ ਇਨਫਰਮੇਸ਼ਨ ਸੈਂਟਰ ਦੇ ਪੀਟਰ ਸਿੰਘ, ਬਾਮਸੈਫ ਆਗੂ ਮੋਹਨ ਰਾਮ ਪਾਲ ਤੇ ਡਾ. ਅਮਰੀਕ ਸਿੰਘ ਆਪਣੇ ਪੇਪਰ ਪੜ੍ਹਨਗੇ।

## ਬਾਬਾ ਜੀਵਨ ਸਿੰਘ ਦੀ ਯਾਦਗਾਰ ਲਈ ਕਮੇਟੀ ਬਣਾਈ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਅਨੰਦਪੁਰ ਸਾਹਿਬ ਵਿਖੇ ਬਾਬਾ ਜੀਵਨ ਸਿੰਘ (ਭਾਈ ਜੈਤਾ ਜੀ) ਦੀ ਯਾਦ ਵਿਚ ਮੈਮੋਰੀਅਲ ਦੀ ਸਥਾਪਨਾ ਸਬੰਧੀ ਇਤਿਹਾਸਕਾਰਾਂ ਦੀ ਕਮੇਟੀ ਬਣਾ ਦਿੱਤੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਦੱਸਿਆ ਕਿ ਛੇ ਮੈਂਬਰੀ ਕੰਸੈਪਟ ਕਮੇਟੀ ਦਾ ਚੇਅਰਮੈਨ ਪੰਜਾਬੀ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਜਸਪਾਲ ਸਿੰਘ ਅਤੇ ਕੋਆਰਡੀਨੇਟਰ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਕ੍ਰਿਪਾਲ ਸਿੰਘ ਬਡੂੰਗਰ ਨੂੰ ਲਾਇਆ ਗਿਆ। ਕਮੇਟੀ ਵਿਚ ਚਾਰ ਇਤਿਹਾਸਕਾਰਾਂ ਨੂੰ ਸ਼ਾਮਲ ਕੀਤਾ ਗਿਆ ਜਿਨ੍ਹਾਂ ਵਿਚ ਪ੍ਰੋ. ਕਿਰਪਾਲ ਸਿੰਘ, ਡਾ. ਜੇ.ਐਸ. ਗਰੇਵਾਲ, ਪ੍ਰੋ. ਇੰਦੂ ਬਾਂਗਾ ਤੇ ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ ਸ਼ਾਮਲ ਹਨ। ਇਹ ਕਮੇਟੀ ਇਕ ਮਹੀਨੇ ਅੰਦਰ ਬਾਬਾ ਜੀਵਨ ਸਿੰਘ ਦਾ ਪਿਛੋਕੜ, ਕੁਰਬਾਨੀਆਂ, ਪ੍ਰਾਪਤੀਆਂ ਅਤੇ ਸ਼ਹੀਦੀ ਪ੍ਰਾਪਤ ਕਰਨ ਸਬੰਧੀ ਜਾਣਕਾਰੀ ਇਕੱਠੀ ਕਰ ਕੇ ਕੰਸੈਪਟ ਪੇਪਰ ਤਿਆਰ ਕਰੇਗੀ ਜਿਸ ਦੇ ਆਧਾਰ 'ਤੇ ਉਨ੍ਹਾਂ ਦੀ ਯਾਦਗਾਰ ਸਥਾਪਤ ਕੀਤੀ ਜਾਵੇਗੀ।




ਗੈਸ ਸਟੇਸ਼ਨ ਵਿਕਾਊ ਹੈ

ਚੋਕੋਰੁਆ, ਨਿਊ ਹੈਂਪਸ਼ਾਇਰ ਵਿਚ ਗਲਫ ਗੈਸ ਸਟੇਸ਼ਨ ਅੱਧਾ ਏਕੜ ਜ਼ਮੀਨ ਸਮੇਤ ਵਿਕਾਊ ਹੈ। ਗੈਸ ਸਟੇਸ਼ਨ ਰੂਟ 16 ਅਤੇ 113 ਦੇ ਇੰਟਰਸੈਕਸ਼ਨ ਉਤੇ ਬਹੁਤ ਬਿਜ਼ੀ ਲੋਕੇਸ਼ਨ 'ਤੇ ਹੈ।
ਸਾਲਾਨਾ ਸੇਲ: ਇਨਸਾਈਡ 5 ਲੱਖ ਡਾਲਰ ਅਤੇ ਗੈਸ ਇਕ ਮਿਲੀਅਨ

Gulf Gas Station For Sale With Property (Lot size .5 acre) on rout 16 and 113 intersection in Chocorua, New Hampshire-03817
In side store sale: 500k and Gas 1 mil.
Call: Kushal, Ph: 603-323-7314
Or Gagan, Ph: 347-234-5124

# ਭੁੱਲਰ ਦੀ ਫਾਂਸੀ ਖਿਲਾਫ ਨਿੱਤਰਿਆ ਜਗਮੀਤ ਬਰਾੜ



**ਨਵੀਂ ਦਿੱਲੀ:** ਸਾਬਕਾ ਐਮ.ਪੀ. ਜਗਮੀਤ ਸਿੰਘ ਬਰਾੜ ਨੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਮੁਆਫ ਕਰਨ ਬਾਰੇ ਕੇਂਦਰੀ ਮੰਤਰੀ ਕਪਿਲ ਸਿੱਬਲ ਨਾਲ ਮੁਲਾਕਾਤ ਕਰਕੇ ਪ੍ਰੋ. ਭੁੱਲਰ ਦੀ ਮਾਨਸਿਕ ਹਾਲਤ ਬਾਰੇ ਚਰਚਾ ਕੀਤੀ। ਦਿੱਲੀ ਦੇ ਗੁਰਦੁਆਰਾ ਰਕਾਬਗੰਜ ਸਾਹਿਬ ਵਿਚ ਮੱਥਾ ਟੇਕਣ ਗਏ ਸ. ਬਰਾੜ ਜਦੋਂ ਕੀਰਤਨ ਸਰਵਣ ਕਰ ਰਹੇ ਸਨ ਤਾਂ ਪ੍ਰੋ. ਭੁੱਲਰ ਦੀ ਪਤਨੀ ਬੀਬੀ ਨਵਨੀਤ ਕੌਰ ਭੁੱਲਰ ਵੀ ਉਥੇ ਮੱਥਾ ਟੇਕਣ ਪਹੁੰਚੇ। ਉਨ੍ਹਾਂ ਨੇ ਸ. ਬਰਾੜ ਨਾਲ ਆਪਣਾ ਦੁੱਖ ਸਾਂਝਾ ਕੀਤਾ।

ਸ. ਬਰਾੜ ਨੇ ਬੀਬੀ ਨਵਨੀਤ ਕੌਰ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨਾਲ ਤਕਰੀਬਨ ਦੋ ਘੰਟੇ ਵਿਚਾਰ-ਵਟਾਂਦਰਾ ਕੀਤਾ। ਸਾਰੇ ਕੇਸ ਬਾਰੇ ਜਾਣਕਾਰੀ ਪ੍ਰਾਪਤ ਕਰਕੇ ਸ. ਬਰਾੜ ਨੇ ਕੈਬਨਿਟ ਮੰਤਰੀ ਕਪਿਲ ਸਿੱਬਲ ਨਾਲ ਮੁਲਾਕਾਤ ਕਰਕੇ ਕਿਹਾ ਕਿ ਜੇਕਰ ਕਿਸੇ ਬਿਮਾਰ ਮਨੁੱਖ ਨੂੰ ਫਾਂਸੀ ਦੇ ਦਿੱਤੀ ਜਾਂਦੀ ਹੈ ਤਾਂ ਵਿਸ਼ਵ ਭਰ ਵਿਚ ਭਾਰਤ ਦੀ ਨਿੰਦਾ ਹੋਵੇਗੀ ਕਿਉਂਕਿ ਕੌਮਾਂਤਰੀ ਮੀਡੀਆ ਇਸ ਕੇਸ ਬਾਰੇ ਬੜੀ ਤਿੱਖੀ ਨਜ਼ਰ ਰੱਖ ਰਿਹਾ ਹੈ। ਸਰਕਾਰ ਨੇ ਤਿੰਨ ਵੱਡੇ ਹਸਪਤਾਲਾਂ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼, ਮੌਲਾਨਾ ਆਜ਼ਾਦ ਹਸਪਤਾਲ ਤੇ ਜੀ.ਬੀ ਪੰਤ ਹਸਪਤਾਲ ਦੇ ਮਾਹਰ ਡਾਕਟਰਾਂ ਦੀ ਟੀਮ ਤਿਆਰ ਕੀਤੀ ਸੀ ਜਿਸ ਵਿਚ ਇਹ ਸਿੱਟਾ ਨਿਕਲਿਆ ਕਿ ਪ੍ਰੋ. ਭੁੱਲਰ ਦੀ ਦਿਮਾਗੀ ਤੇ ਸਰੀਰਕ ਹਾਲਤ ਨੂੰ ਦੇਖਦਿਆਂ ਫਾਂਸੀ ਨਹੀਂ ਲੱਗ ਸਕਦੀ।

ਇਸ ਮੌਕੇ ਪ੍ਰੋ. ਭੁੱਲਰ ਬਿਨਾਂ ਸਹਾਰੇ ਚੱਲਣ ਦੇ ਵੀ ਅਸਮਰੱਥ ਹੈ। ਸ. ਬਰਾੜ ਨੇ ਕਿਹਾ ਕਿ ਬੀਬੀ ਨਵਨੀਤ ਕੌਰ ਦੀ ਕੁਰਬਾਨੀ ਵੀ ਕੋਈ ਘੱਟ ਨਹੀਂ ਹੈ। ਉਹ ਆਪਣੇ ਪਤੀ ਦੀ ਰਿਹਾਈ ਲਈ 1993 ਤੋਂ ਹੀ ਉਪਰਾਲਾ ਕਰ ਰਹੀ ਹੈ। ਮਨੁੱਖੀ ਕਦਰਾਂ-ਕੀਮਤਾਂ ਦਾ ਸਤਿਕਾਰ ਕਰਦੇ ਹੋਏ ਪ੍ਰੋ. ਭੁੱਲਰ ਦੇ ਕੇਸ 'ਚ ਇਕਮੁੱਠ ਹੋਣਾ ਚਾਹੀਦਾ ਹੈ।

# ਗਾਇਕ ਨਛੱਤਰ ਗਿੱਲ ਜਬਰ ਜਨਾਹ ਦੇ ਕੇਸ 'ਚ ਫਸਿਆ



**ਲੁਧਿਆਣਾ:** ਸਥਾਨਕ ਪੁਲਿਸ ਨੇ ਉਘੇ ਗਾਇਕ ਨਛੱਤਰ ਗਿੱਲ ਸਣੇ ਤਿੰਨ ਹੋਰਾਂ ਖਿਲਾਫ ਜਬਰ ਜਨਾਹ ਦਾ ਕੇਸ ਦਰਜ ਕੀਤਾ ਹੈ। ਪੁਲਿਸ ਵੱਲੋਂ ਇਹ ਕਾਰਵਾਈ ਹੰਬੜਾਂ ਸੜਕ ਦੀ ਰਹਿਣ ਵਾਲੀ ਇਕ ਲੜਕੀ ਦੀ ਸ਼ਿਕਾਇਤ 'ਤੇ ਅਮਲ ਵਿਚ ਲਿਆਂਦੀ ਗਈ ਹੈ। ਪੁਲਿਸ ਕੋਲ ਲਿਖਵਾਈ ਮੁਢਲੀ ਰਿਪੋਰਟ ਵਿਚ ਸ਼ਿਕਾਇਤਕਰਤਾ ਨੇ ਦੱਸਿਆ ਹੈ ਕਿ ਉਹ ਕੁਝ ਸਮਾਂ ਪਹਿਲਾਂ ਨਛੱਤਰ ਗਿੱਲ ਨੂੰ ਜਲੰਧਰ ਸਥਿਤ ਇਕ ਸੁੰਦਰਤਾ ਮੁਕਾਬਲੇ ਵਿਚ ਮਿਲੀ ਸੀ। ਇਸ ਮੁਕਾਬਲੇ ਵਿਚ ਉਹ ਉਪ ਜੇਤੂ ਰਹੀ ਸੀ। ਮੁਕਾਬਲੇ ਤੋਂ ਬਾਅਦ ਨਛੱਤਰ ਗਿੱਲ ਉਸ ਕੋਲ ਆਇਆ ਤੇ ਉਸ ਦੀ ਸੁੰਦਰਤਾ ਦੀ ਤਾਰੀਫ ਕਰਨ ਲੱਗ ਪਿਆ, ਉਥੇ ਹੀ ਗਿੱਲ ਨੇ ਉਸ ਨੂੰ ਆਪਣਾ ਨਿੱਜੀ ਨੰਬਰ ਦਿੱਤਾ ਤੇ ਬਾਅਦ ਵਿਚ ਮਿਲਣ ਲਈ ਕਿਹਾ। ਉਸ ਨੂੰ ਫਿਲਮ ਵਿਚ ਰੋਲ ਦਿਵਾਉਣ ਤੇ ਮਾਡਲਿੰਗ ਵਿਚ ਉੱਚੇ ਮੁਕਾਮ 'ਤੇ ਪਹੁੰਚਾਉਣ ਦਾ ਝਾਂਸਾ ਦਿੱਤਾ ਤੇ ਚੰਡੀਗੜ੍ਹ ਤੇ ਵਿਦੇਸ਼ ਲਿਜਾ ਕੇ ਵੱਖ-ਵੱਖ ਹੋਟਲਾਂ ਵਿਚ ਉਸ ਨਾਲ ਜਬਰ ਜਨਾਹ ਕਰਦਾ ਰਿਹਾ। ਪੀੜਤ ਲੜਕੀ ਨੇ ਗਿੱਲ ਦੇ ਤਿੰਨ ਸਾਥੀਆਂ ਖਿਲਾਫ ਵੀ ਗੰਭੀਰ ਦੋਸ਼ ਲਾਏ ਹਨ ਤੇ ਪੁਲਿਸ ਵੱਲੋਂ ਦਰਜ ਕੀਤੀ ਮੁੱਢਲੀ ਰਿਪੋਰਟ ਵਿਚ ਉਨ੍ਹਾਂ ਨੂੰ ਵੀ ਨਾਮਜ਼ਦ ਕੀਤਾ ਗਿਆ ਹੈ। ਪੀੜਤ ਲੜਕੀ ਨੇ ਇਸ ਬਾਰੇ ਇਸ ਸਾਲ ਫਰਵਰੀ ਮਹੀਨੇ ਪੁਲਿਸ ਕੋਲ ਸ਼ਿਕਾਇਤ ਕੀਤੀ ਸੀ। ਪੁਲਿਸ ਵੱਲੋਂ ਇਸ ਮਾਮਲੇ ਵਿਚ ਤਕਰੀਬਨ ਚਾਰ ਮਹੀਨੇ ਲੰਮਾ ਸਮਾਂ ਜਾਂਚ ਕੀਤੀ ਗਈ। ਪੁਲਿਸ ਵੱਲੋਂ ਇਸ ਮਾਮਲੇ ਦੀ ਅੱਗੇ ਜਾਂਚ ਕਰਨ ਲਈ ਦੋ ਏ.ਡੀ.ਸੀ.ਪੀ ਦੇ ਅਧਿਕਾਰੀਆਂ ਦੀ ਅਗਵਾਈ ਹੇਠ ਤਿੰਨ ਮੈਂਬਰੀ ਜਾਂਚ ਟੀਮ ਦਾ ਗਠਨ ਕੀਤਾ ਗਿਆ ਹੈ।

# ਹੋਂਦ ਚਿੱਲੜ ਕਮੇਟੀ ਦੇ ਦਫਤਰ ਦੀ ਭੰਨ-ਤੋੜ

## ਦੋ ਨੌਜਵਾਨ ਰਿਕਾਰਡ ਚੁੱਕ ਕੇ ਫਰਾਰ

**ਲੁਧਿਆਣਾ:** ਅਣਪਛਾਤੇ ਵਿਅਕਤੀਆਂ ਵੱਲੋਂ ਹੋਂਦ ਚਿਲੜ ਤਾਲਮੇਲ ਕਮੇਟੀ ਦੇ ਪ੍ਰਧਾਨ ਮਨਵਿੰਦਰ ਸਿੰਘ ਗਿਆਸਪੁਰਾ ਦੇ ਮੋਤੀ ਨਗਰ ਸਥਿਤ ਦਫਤਰ ਦੀ ਭੰਨ-ਤੋੜ ਕੀਤੀ ਗਈ ਜਿਸ ਵਿਚ ਕੀਮਤੀ ਸਾਮਾਨ ਤੋਂ ਇਲਾਵਾ ਇਹ ਵਿਅਕਤੀ ਹੋਂਦ ਚਿੱਲੜ ਕੇਸ ਨਾਲ ਸਬੰਧਤ ਰਿਕਾਰਡ ਵੀ ਚੁੱਕ ਕੇ ਲੈ ਗਏ ਹਨ। ਇਸ ਘਟਨਾ ਦੀ ਜਾਣਕਾਰੀ ਉਪਰੋਕਤ ਦਫਤਰ ਦੇ ਨੇੜਲੇ ਇਕ ਦੁਕਾਨਦਾਰ ਨੇ ਗਿਆਸਪੁਰਾ ਤੇ ਪੁਲਿਸ ਨੂੰ ਦਿੱਤੀ।

ਪੁਲਿਸ ਨੂੰ ਦਿੱਤੇ ਬਿਆਨ ਵਿਚ ਉਕਤ ਦੁਕਾਨਦਾਰ ਨੇ ਦੱਸਿਆ ਕਿ ਜਦੋਂ ਉਹ ਸਵੇਰੇ 10 ਕੁ ਵਜੇ ਦੁਕਾਨ 'ਤੇ ਆਇਆ ਤਾਂ ਉਸ ਨੇ ਹਰਿਆਣਾ ਨੰਬਰ ਦੀ ਇੰਡੀਕਾ ਗੱਡੀ ਵੇਖੀ ਜਿਸ ਵਿਚ ਦੋ ਨੌਜਵਾਨ ਸਵਾਰ ਸਨ।

ਉਨ੍ਹਾਂ ਦੇ ਹੱਥਾਂ ਵਿਚ ਰਾਈਫਲਾਂ ਸਨ। ਇਹ ਗਿਆਸਪੁਰਾ ਦੇ ਦਫਤਰ ਵੱਲੋਂ ਹੀ ਆ ਰਹੇ ਸਨ। ਬਾਅਦ ਵਿਚ ਉਸ ਨੇ ਦਫਤਰ ਵੱਲ ਜਾ ਕੇ ਦੇਖਿਆ ਤਾਂ ਦਫਤਰ ਦੇ ਜਿੰਦਰੇ ਟੁੱਟੇ ਹੋਏ ਸਨ।ਇਸ ਬਾਰੇ ਹੋਂਦ ਚਿੱਲੜ ਕਮੇਟੀ ਦੇ ਪ੍ਰਧਾਨ ਮਨਵਿੰਦਰ ਸਿੰਘ ਗਿਆਸਪੁਰਾ ਨੇ ਕਿਹਾ ਕਿ ਦੋ ਸਾਲ ਪਹਿਲਾਂ ਉਸ ਦੇ ਘਰ 'ਤੇ ਹਮਲਾ ਕਰਕੇ ਹਮਲਾਵਰਾਂ ਨੇ ਉਸ ਦਾ ਲੱਖਾਂ ਦਾ ਸਾਮਾਨ ਲੁੱਟ ਲਿਆ ਸੀ ਪਰ ਪੁਲਿਸ ਨੇ ਉਸ ਵੇਲੇ ਵਾਰ-ਵਾਰ ਕਹਿਣ 'ਤੇ ਵੀ ਕੋਈ ਕਾਰਵਾਈ ਨਹੀਂ ਸੀ ਕੀਤੀ।

ਉਸ ਤੋਂ ਬਾਅਦ ਉਸ ਨੂੰ ਬੰਬ ਨਾਲ ਉਡਾਉਣ ਦੀਆਂ ਧਮਕੀਆਂ ਮਿਲੀਆਂ ਜਿਸ ਦੀ ਲਿਖਤੀ ਸ਼ਿਕਾਇਤ ਲੁਧਿਆਣਾ ਪੁਲਿਸ ਕਮਿਸ਼ਨਰ ਨੂੰ ਦਿੱਤੀ ਗਈ ਸੀ ਪਰ ਕੋਈ ਕਾਰਵਾਈ ਨਹੀਂ ਹੋਈ। ਹਫਤਾ ਪਹਿਲਾਂ ਸ਼ਰਾਰਤੀ ਅਨਸਰਾਂ ਨੇ ਉਸ ਦੀ ਗੱਡੀ ਦੀ ਭੰਨ-ਤੋੜ ਕੀਤੀ ਸੀ ਜਿਸ ਦੀ ਸ਼ੇਰਪੁਰ ਪੁਲਿਸ ਚੌਕੀ ਵਿਚ ਰਿਪੋਰਟ ਲਿਖਾਈ ਗਈ ਪਰ ਪੁਲਿਸ ਨੇ ਕੋਈ ਕਾਰਵਾਈ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਤਾਜ਼ਾ ਘਟਨਾ ਵੀ ਪੁਲਿਸ ਦੇ ਢਿੱਲੇ ਰਵੱਈਏ ਕਾਰਨ ਵਾਪਰੀ ਹੈ। ਹੋਂਦ ਚਿੱਲੜ ਦੇ ਮਾਮਲੇ ਵਿਚ ਉਹ ਮਨੁੱਖਤਾ ਦੀ ਲੜਾਈ ਲੜ ਰਹੇ ਹਨ ਤੇ ਅਜਿਹੀਆਂ ਗੱਲਾਂ ਤੋਂ ਡਰ ਕੇ ਪਿੱਛੇ ਨਹੀਂ ਹਟਣਗੇ।

# ਬਾਦਲ ਨੇ ਸਿੱਖਿਆ ਮੰਤਰੀ ਨੂੰ ਬਚਾਉਣ ਦਾ ਪੂਰਾ ਜ਼ੋਰ ਲਾਇਆ: ਕਾਂਗਰਸ

**ਚੰਡੀਗੜ੍ਹ:** ਕਾਂਗਰਸੀ ਵਿਧਾਇਕਾਂ ਨੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਕਿਤਾਬ ਘੁਟਾਲੇ ਦੀ ਜਾਂਚ ਕੇਂਦਰੀ ਟੀਮ ਤੋਂ ਕਰਵਾਉਣ ਦੇ ਵਿਰੋਧ ਦੀ ਨਿੰਦਾ ਕੀਤੀ ਹੈ। ਕਾਂਗਰਸੀ ਵਿਧਾਇਕਾਂ ਕੇਵਲ ਸਿੰਘ ਢਿੱਲੋਂ, ਰਾਣਾ ਗੁਰਮੀਤ ਸਿੰਘ ਸੋਢੀ, ਰਾਣਾ ਕੇ.ਪੀ ਸਿੰਘ, ਮੁਹੰਮਦ ਸਦੀਕ, ਹਰਚੰਦ ਕੌਰ, ਰਣਦੀਪ ਸਿੰਘ ਨਾਭਾ, ਕੁਲਜੀਤ ਸਿੰਘ ਨਾਗਰਾ, ਗੁਰਕੀਰਤ ਸਿੰਘ ਕੋਟਲੀ ਤੇ ਅਜੀਤ ਇੰਦਰ ਸਿੰਘ ਮੋਫਰ ਨੇ ਦੋਸ਼ ਲਾਇਆ ਕਿ ਸਰਕਾਰ ਆਪਣੇ ਦਾਗੀ ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਨੂੰ ਬਚਾਉਣ ਲਈ ਹਰ ਕੋਸ਼ਿਸ਼ ਕਰ ਰਹੀ ਹੈ। ਸਾਰੇ ਨੈਤਿਕ ਆਧਾਰਾਂ 'ਤੇ ਮੰਤਰੀ ਨੂੰ ਬਚਾਉਣ ਦੀ ਕੋਸ਼ਿਸ਼ ਕਰਕੇ ਅਕਾਲੀ-ਭਾਜਪਾ ਸਰਕਾਰ ਆਪਣਾ ਅਸਲੀ ਚਿਹਰਾ ਦਿਖਾ ਰਹੀ ਹੈ।

ਕਾਂਗਰਸੀ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਵਿਦਿਆਰਥੀਆਂ ਦੇ ਭਲੇ ਲਈ ਭੇਜੇ ਫੰਡਾਂ 'ਚ ਘੁਟਾਲੇ ਦੀ ਜਾਂਚ ਕਰਨ ਦਾ ਪੂਰਾ ਅਧਿਕਾਰ ਹੈ ਪਰ ਅਕਾਲੀ ਦਲ ਇਸ ਜਾਂਚ ਨੂੰ ਸੰਘੀ ਢਾਂਚੇ ਦੀ ਆਤਮਾ ਦੇ ਖਿਲਾਫ ਦੱਸ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਕ ਪਾਸੇ ਅਕਾਲੀ-ਭਾਜਪਾ ਸਰਕਾਰ ਕਿਤਾਬ ਘੁਟਾਲੇ ਦੀ ਸਹੀ ਜਾਂਚ ਕਰਵਾਉਣ ਨੂੰ ਤਿਆਰ ਨਹੀਂ ਹੈ ਤੇ ਦੂਜੇ ਪਾਸੇ ਇਹ ਕੇਂਦਰੀ ਟੀਮ ਦੇ ਕੰਮ ਵਿਚ ਅੜਿੱਕਾ ਬਣ ਰਹੀ ਹੈ।

ਕੇਂਦਰੀ ਟੀਮ ਨੇ ਲਾਇਬ੍ਰੇਰੀ ਕਿਤਾਬਾਂ, ਸਾਇੰਸ ਕਿੱਟਾਂ, ਪ੍ਰੈਕਟੀਕਲ ਕਾਪੀਆਂ ਤੇ ਮੈਪ ਮਾਸਟਰਾਂ ਦੇ ਟੈਂਡਰਾਂ ਨੂੰ ਜਾਰੀ ਕਰਨ ਵਿਚ ਬੇਨਿਯਮੀਆਂ ਪਾਈਆਂ ਹਨ। ਸ. ਮਲੂਕਾ ਹੁਣ ਹੇਠਲੇ ਸਟਾਫ ਨੂੰ ਬਲੀ ਦਾ ਬੱਕਰਾ ਬਣਾਉਣਾ ਚਾਹੁੰਦੇ ਹਨ ਜਦਕਿ ਮੰਤਰੀ ਦੀ ਨੂੰਹ ਕੋਲ ਡਾਇਰੈਕਟਰ ਜਨਰਲ ਆਫ ਸਕੂਲ ਐਜੂਕੇਸ਼ਨ ਦੇ ਦਫਤਰ ਦਾ ਪ੍ਰਸ਼ਾਸਨਿਕ ਤੇ ਵਿੱਤੀ ਕੰਟਰੋਲ ਸਨ। ਉਨ੍ਹਾਂ ਕਿਹਾ ਕਿ ਜਦੋਂ ਵਿਭਾਗ ਵਿਚ ਇਕ ਕਾਬਲ ਅਫਸਰ ਜ਼ਿੰਮੇਵਾਰੀ ਨਿਭਾ ਰਿਹਾ ਸੀ ਤਾਂ ਫਿਰ ਸਿੱਖਿਆ ਮੰਤਰੀ ਨੂੰ ਆਪਣੀ ਨੂੰਹ ਨੂੰ ਪੇਂਡੂ ਵਿਕਾਸ ਵਿਭਾਗ ਤੋਂ ਇਥੇ ਲਿਆਉਣ ਦੀ ਕੀ ਲੋੜ ਸੀ। ਕਾਂਗਰਸ ਆਗੂਆਂ ਨੇ ਕਿਹਾ ਕਿ ਪਹਿਲਾਂ ਸਰਕਾਰ ਨੇ ਸਰਹੱਦੀ ਵਿਕਾਸ ਫੰਡ ਘੁਟਾਲੇ ਵਿਚ ਸ਼ਾਮਲ ਪਸ਼ੂ ਪਾਲਣ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਨੂੰ ਵੀ ਕਲੀਨ ਚਿੱਟ ਦੇ ਦਿੱਤੀ ਸੀ।

# ਰਾਣੂੰ ਵੱਲੋਂ ਆਪਣੇ 'ਤੇ ਹੋਇਆ ਹਮਲਾ ਸਾਜ਼ਿਸ਼ ਕਰਾਰ

**ਲੁਧਿਆਣਾ:** ਸਹਿਜਧਾਰੀ ਸਿੱਖ ਪਾਰਟੀ ਦੇ ਪ੍ਰਧਾਨ ਡਾ. ਪਰਮਜੀਤ ਸਿੰਘ ਰਾਣੂੰ ਨੇ ਦੋਸ਼ ਲਾਇਆ ਹੈ ਕਿ ਉਨ੍ਹਾਂ ਉਪਰ ਚੰਡੀਗੜ੍ਹ ਪ੍ਰੈਸ ਕਲੱਬ ਵਿਚ ਹਮਲਾ ਰਾਜਨੀਤਕ ਲੋਕਾਂ ਦੀ ਸ਼ਹਿ 'ਤੇ ਇਕ ਸਾਜ਼ਿਸ਼ ਅਧੀਨ ਹੋਇਆ ਸੀ ਤੇ ਦੋ ਹਫਤਿਆਂ ਬਾਅਦ ਵੀ ਦੋਸ਼ੀਆਂ ਵਿਰੁੱਧ ਪੁਲਿਸ ਨੇ ਐਫਆਈਆਰ ਨਹੀਂ ਲਿਖੀ।

ਜ਼ਿਕਰਯੋਗ ਹੈ ਕਿ ਡਾ. ਰਾਣੂੰ ਦੀ ਉਸ ਵੇਲੇ ਮਾਰਕੁੱਟ ਕੀਤੀ ਗਈ ਸੀ ਜਦੋਂ ਉਹ ਸਹੁਰੇ ਪਰਿਵਾਰ ਵੱਲੋਂ ਸਤਾਈ ਲੜਕੀ ਦੀ ਮਦਦ ਲਈ ਪ੍ਰੈਸ ਕਲੱਬ ਚੰਡੀਗੜ੍ਹ ਪਹੁੰਚੇ ਸਨ। ਪੀੜਤ ਲੜਕੀ ਦੀ ਸਹੁਰੇ ਪਰਿਵਾਰ ਵੱਲੋਂ ਕੁੱਟਮਾਰ ਕੀਤੀ ਗਈ ਸੀ। ਡਾ. ਰਾਣੂੰ ਨੇ ਦੱਸਿਆ ਕਿ ਉਸ ਦੀ ਬਾਂਹ ਦੀ ਸਰਜਰੀ ਹੋਈ ਹੈ। ਉਨ੍ਹਾਂ ਨੂੰ ਪੀੜਤ ਲੜਕੀ ਦੇ ਸਹੁਰੇ ਪਰਿਵਾਰ ਨੇ ਮੀਡੀਏ ਸਾਹਮਣੇ ਆਪਣਾ ਪੱਖ ਰੱਖਣ ਲਈ ਫੋਨ ਕਰਕੇ ਬੁਲਾਇਆ ਸੀ ਜਿਸ ਦੀ ਉਨ੍ਹਾਂ ਕੋਲ ਡੀਟੇਲ ਵੀ ਮੌਜੂਦ ਹੈ।

ਉਥੇ ਜਦੋਂ ਪੀੜਤ ਲੜਕੀ ਨੇ ਆਪਣੇ ਸਹੁਰੇ ਪਰਿਵਾਰ 'ਤੇ ਦੋਸ਼ ਲਾਉਣੇ ਸ਼ੁਰੂ ਕੀਤੇ ਤਾਂ ਉਹ ਮੀਡੀਏ ਸਾਹਮਣੇ ਬੁਖਲਾ ਗਏ ਤੇ ਉਨ੍ਹਾਂ ਨੂੰ ਘੜੀ ਗਈ ਸਾਜ਼ਿਸ਼ ਤਹਿਤ ਨਿਸ਼ਾਨਾ ਬਣਾਇਆ ਗਿਆ। ਡਾ. ਰਾਣੂੰ ਨੇ ਕਿਹਾ ਕਿ ਪੁਲਿਸ ਉਨ੍ਹਾਂ ਦੀ ਸ਼ਿਕਾਇਤ ਉਪਰ ਹਰਕਤ ਵਿਚ ਨਹੀਂ ਆਈ। ਹਸਪਤਾਲ ਦੇ ਬੋਰਡ ਆਫ਼ ਡਾਇਰੈਕਟਰ ਨੇ ਵੀ ਉਨ੍ਹਾਂ ਦੀ ਜਾਂਚ ਨਹੀਂ ਕੀਤੀ। ਪੀੜਤ ਲੜਕੀ ਨੇ ਵੀ ਐਸਐਸਪੀ ਦਫਤਰ ਵਿਚ ਇਸ ਮਾਮਲੇ ਦੀ ਸ਼ਿਕਾਇਤ ਦਰਜ ਕਰਵਾਈ ਹੈ ਪਰ ਪੁਲਿਸ ਨੇ ਕੋਈ ਕਾਰਵਾਈ ਨਹੀਂ ਕੀਤੀ।

# ਕਾਮਰੇਡ ਸਤਪਾਲ ਡਾਂਗ ਦਾ ਦੇਹਾਂਤ



**ਅੰਮ੍ਰਿਤਸਰ:** ਲੋਕ ਸੇਵਾ ਲਈ ਪਦਮਭੂਸ਼ਣ ਨਾਲ ਸਨਮਾਨਤ ਸੀ.ਪੀ.ਆਈ ਦੇ ਬਜ਼ੁਰਗ ਆਗੂ ਕਾਮਰੇਡ ਸਤਪਾਲ ਡਾਂਗ (92) ਦਾ ਲੰਬੀ ਬਿਮਾਰੀ ਪਿੱਛੋਂ ਦੇਹਾਂਤ ਹੋ ਗਿਆ ਹੈ। ਉਮਰ ਦੇ ਇਸ ਸਿਖਰਲੇ ਪੜਾਅ ਵਿਚ ਸ੍ਰੀ ਡਾਂਗ ਦੀ ਯਾਦ ਸ਼ਕਤੀ ਕਮਜ਼ੋਰ ਹੋ ਚੁੱਕੀ ਸੀ ਤੇ ਹੁਣ ਉਹ ਆਪਣੇ ਨੇੜਲੇ ਸਾਥੀਆਂ ਨੂੰ ਵੀ ਮੁਸ਼ਕਲ ਨਾਲ ਪਛਾਣਦੇ ਸਨ। ਕਾਮਰੇਡ ਸਤਪਾਲ ਡਾਂਗ ਦਾ ਜਨਮ ਚਾਰ ਅਕਤੂਬਰ 1920 ਨੂੰ ਗੁੱਜਰਾਂਵਾਲਾ (ਪਾਕਿਸਤਾਨ) ਵਿਚ ਹੋਇਆ ਸੀ। ਉਨ੍ਹਾਂ ਆਪਣੀ ਗਰੇਜੂਏਸ਼ਨ ਦੀ ਪੜ੍ਹਾਈ ਲਾਹੌਰ ਦੇ ਸਰਕਾਰੀ ਕਾਲਜ ਤੋਂ ਮੁਕੰਮਲ ਕੀਤੀ।

ਵਿਦਿਆਰਥੀ ਜੀਵਨ ਵੇਲੇ ਹੀ ਉਨ੍ਹਾਂ ਆਜ਼ਾਦੀ ਦੀ ਲਹਿਰ ਵਿਚ ਹਿੱਸਾ ਲੈਣਾ ਅਰੰਭ ਕਰ ਦਿੱਤਾ ਜਿਸ ਦੇ ਸਿੱਟੇ ਵਜੋਂ ਉਹ ਕੁਲ ਹਿੰਦ ਵਿਦਿਆਰਥੀ ਜਥੇਬੰਦੀ ਦੇ ਜਨਰਲ ਸਕੱਤਰ ਬਣੇ। ਮਗਰੋਂ ਉਹ ਵਰਲਡ ਯੂਥ ਫੈਡਰੇਸ਼ਨ ਦੇ ਮੀਤ ਪ੍ਰਧਾਨ ਵੀ ਬਣੇ। 1943 ਵਿਚ ਬੰਗਾਲ ਵਿਚ ਪਏ ਅਕਾਲ ਸਮੇਂ ਉਨ੍ਹਾਂ ਰਾਹਤ ਸਮੱਗਰੀ ਇਕੱਠੀ ਕਰਕੇ ਇਸ ਨੂੰ ਉਥੇ ਜਾ ਕੇ ਵੰਡਿਆ। 1952 ਵਿਚ ਇਨ੍ਹਾਂ ਨੇ ਸ੍ਰੀਮਤੀ ਵਿਮਲਾ ਡਾਂਗ ਨਾਲ ਮੁੰਬਈ ਵਿਚ ਵਿਆਹ ਕਰ ਲਿਆ ਤੇ ਅੰਮ੍ਰਿਤਸਰ ਸਥਿਤ ਛੇਹਰਟਾ ਵਿਚ ਆ ਕੇ ਪੱਕਾ ਬਸੇਰਾ ਕਰ ਲਿਆ। ਇਥੇ ਉਨ੍ਹਾਂ ਗਰੀਬ ਮਜ਼ਦੂਰਾਂ ਨੂੰ ਜਥੇਬੰਦ ਕੀਤਾ ਤੇ ਉਨ੍ਹਾਂ ਨੂੰ ਹੱਕ ਦਿਵਾਉਣ ਲਈ ਸੰਘਰਸ਼ ਸ਼ੁਰੂ ਕਰ ਦਿੱਤਾ।

ਉਹ 1953 ਵਿਚ ਪਹਿਲੀ ਵਾਰ ਛੇਹਰਟਾ ਦੀ ਮਿਉਂਸਪਲ ਕਮੇਟੀ ਦੇ ਪਹਿਲੇ ਪ੍ਰਧਾਨ ਬਣੇ ਤੇ 1967 ਤੱਕ ਲਗਾਤਾਰ ਇਸ ਕਮੇਟੀ ਦੇ ਪ੍ਰਧਾਨ ਰਹੇ। ਇਹ ਮਿਉਂਸਪਲ ਕਮੇਟੀ ਉਸ ਵੇਲੇ ਸੂਬੇ ਵਿਚ ਇਕ ਮਾਡਲ ਕਮੇਟੀ ਵਜੋਂ ਜਾਣੀ ਜਾਂਦੀ ਸੀ। ਉਨ੍ਹਾਂ ਛੇਹਰਟਾ ਦੇ ਵਿਕਾਸ ਲਈ ਸਾਰੀਆਂ ਸਿਆਸੀ ਪਾਰਟੀਆਂ ਦਾ ਸਹਿਯੋਗ ਲਿਆ। 1967 ਤੋਂ 1980 ਤੱਕ ਸ੍ਰੀ ਡਾਂਗ ਲਗਾਤਾਰ 13 ਸਾਲ ਇਸੇ ਹਲਕੇ ਤੋਂ ਵਿਧਾਇਕ ਰਹੇ ਤੇ ਜਸਟਿਸ ਗੁਰਨਾਮ ਸਿੰਘ ਦੀ ਸਰਕਾਰ ਵੇਲੇ ਉਨ੍ਹਾਂ ਨੂੰ ਸੂਬੇ ਦਾ ਖੁਰਾਕ ਮੰਤਰੀ ਵੀ ਬਣਾਇਆ ਗਿਆ।

ਉਹ ਭਾਰਤੀ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਦੇ ਐਗਜ਼ੈਕਟਿਵ ਮੈਂਬਰ ਵੀ ਰਹੇ। ਉਨ੍ਹਾਂ ਨੇ 1997 ਵਿਚ ਸਰਗਰਮ ਸਿਆਸਤ ਤੋਂ ਸੰਨਿਆਸ ਲੈ ਲਿਆ ਪਰ ਲੋਕ ਸੇਵਾ ਦੇ ਕਾਰਜ ਜਾਰੀ ਰੱਖੇ। ਇਸ ਦੌਰਾਨ ਉਨ੍ਹਾਂ ਦੀ ਪਤਨੀ ਸ੍ਰੀਮਤੀ ਵਿਮਲਾ ਡਾਂਗ 10 ਮਈ, 2009 ਨੂੰ ਸਦੀਵੀ ਵਿਛੋੜਾ ਦੇ ਗਏ। ਇਸ ਵਿਛੋੜੇ ਤੋਂ ਬਾਅਦ ਸ੍ਰੀ ਡਾਂਗ ਵਧੇਰੇ ਇਕੱਲਤਾ ਮਹਿਸੂਸ ਕਰਨ ਲੱਗ ਪਏ ਸਨ ਜਿਸ ਦਾ ਅਸਰ ਉਨ੍ਹਾਂ ਦੀ ਸਿਹਤ ਤੇ ਹੋਇਆ ਤੇ ਸਿੱਟੇ ਵਜੋਂ ਯਾਦ ਸ਼ਕਤੀ ਕਮਜ਼ੋਰ ਹੋ ਗਈ।

ਆਪਣਾ ਜੀਵਨ ਲੋਕ ਸੇਵਾ ਦੇ ਲੇਖੇ ਲਾਉਣ ਵਾਲੇ ਇਸ ਜੋੜੇ ਨੇ ਲੋਕ ਸੇਵਾ ਨੂੰ ਮੁੱਖ ਰੱਖਦਿਆਂ ਗ੍ਰਹਿਸਥ ਜੀਵਨ ਵਿਚ ਡਾਂਗ ਪਰਿਵਾਰ ਦਾ ਕੋਈ ਵਾਰਸ ਵੀ ਪੈਦਾ ਨਹੀਂ ਕੀਤਾ ਤੇ ਸਾਰਾ ਜੀਵਨ ਆਪਣਾ ਖ਼ੁਦ ਦਾ ਕੋਈ ਘਰ ਵੀ ਨਹੀਂ ਬਣਾਇਆ। ਹੁਣ ਜ਼ਿੰਦਗੀ ਦੇ ਆਖਰੀ ਪੜਾਅ ਵਿਚ ਉਹ ਕਿਸੇ ਦੇ ਘਰ ਰਹਿ ਰਹੇ ਸਨ। ਪੰਜਾਬ ਵਿਚ ਆਏ ਅਤਿਵਾਦ ਦੌਰਾਨ ਉਨ੍ਹਾਂ ਇਸ ਦਾ ਡਟ ਕੇ ਵਿਰੋਧ ਕੀਤਾ ਤੇ ਇਸੇ ਬਾਰੇ ਤਿੰਨ ਕਿਤਾਬਾਂ ਵੀ ਲਿਖੀਆਂ। ਸਾਫ ਸ਼ਫਾਕ ਦਾਮਨ ਵਾਲੇ ਸ੍ਰੀ ਡਾਂਗ ਹਰ ਵਰਗ ਵਿਚ ਸਤਿਕਾਰ ਯੋਗ ਰਹੇ ਸਨ। ਉਨ੍ਹਾਂ ਵਲੋਂ ਲੋਕ ਸੇਵਾ ਦੇ ਖੇਤਰ ਵਿਚ ਹੁਣ ਤੱਕ ਬਿਤਾਇਆ ਇਹ ਜੀਵਨ ਇਕ ਮਿਸਾਲ ਹੈ।

ਕਾਮਰੇਡ ਸੱਤਪਾਲ ਡਾਂਗ ਨੇ ਆਉਣ ਵਾਲੇ ਸਮੇਂ ਨੂੰ ਧਿਆਨ ਵਿਚ ਰੱਖਦਿਆਂ ਪਹਿਲਾਂ ਹੀ ਆਪਣੀ ਵਸੀਅਤ ਤਿਆਰ ਕਰ ਲਈ ਸੀ। ਆਪਣੀ ਇਸ ਵਸੀਅਤ ਰਾਹੀਂ ਉਨ੍ਹਾਂ ਕਿਹਾ ਕਿ ਉਹ ਚਾਹੁੰਦੇ ਹਨ ਕਿ ਮਰਨ ਮਗਰੋਂ ਜਦੋਂ ਉਨ੍ਹਾਂ ਦੀ ਦੇਹ ਨੂੰ ਚਿਖਾ ਵਿਚ ਰੱਖਿਆ ਜਾਵੇ ਤਾਂ ਉਸ ਵੇਲੇ ਕੋਈ ਧਾਰਮਿਕ ਰੀਤੀ ਰਿਵਾਜ਼ ਨਾ ਕੀਤੇ ਜਾਣ। ਉਨ੍ਹਾਂ ਦੀਆਂ ਅੱਖਾਂ ਦਾਨ ਕਰ ਦਿੱਤੀਆਂ ਜਾਣ ਤੇ ਸਸਕਾਰ ਤੋਂ ਬਾਅਦ ਅਸਥੀਆਂ ਨੂੰ ਕਿਸੇ ਨੇੜਲੇ ਦਰਿਆ ਵਿਚ ਪ੍ਰਵਾਹ ਕਰ ਦਿੱਤਾ ਜਾਵੇ।

# ਸਬੂਤਾਂ ਦੀ ਘਾਟ ਕਾਰਨ ਅਦਾਲਤ ਵੱਲੋਂ ਭਨਿਆਰਾ ਵਾਲਾ ਬਰੀ

**ਅੰਬਾਲਾ:** ਅਦਾਲਤ ਨੇ ਸਬੂਤਾਂ ਦੀ ਘਾਟ ਤੇ ਕੁਝ ਸਰਕਾਰੀ ਤੇ ਗੈਰ-ਸਰਕਾਰੀ ਗਵਾਹਾਂ ਦੇ ਫਿਰ ਜਾਣ ਕਾਰਨ ਵਿਵਾਦਮਈ ਤੇ ਇਤਰਾਜ਼ਯੋਗ ਕਿਤਾਬ ਬਾਰੇ ਦਰਜ ਇਕ ਕੇਸ ਵਿਚ ਸਾਧ ਪਿਆਰਾ ਸਿੰਘ ਭਨਿਆਰੇ ਵਾਲਾ ਨੂੰ ਬਰੀ ਕਰ ਦਿੱਤਾ ਹੈ। ਉਕਤ ਮਾਮਲਿਆਂ ਦੀ ਸਿੱਖ ਪੰਥ ਵੱਲੋਂ ਪੈਰਵੀ ਕਰ ਰਹੀ ਜਥੇਬੰਦੀ ਵਰਲਡ ਸਿੱਖ ਮਿਸ਼ਨ ਨੇ ਇਸ ਦਾ ਸਖ਼ਤ ਨੋਟਿਸ ਲੈਂਦਿਆਂ ਫੈਸਲੇ ਨੂੰ ਉੱਚ ਅਦਾਲਤ ਵਿਚ ਚੁਣੌਤੀ ਦੇਣ ਦਾ ਐਲਾਨ ਕੀਤਾ ਹੈ। ਸਰਕਾਰੀ ਵਕੀਲ ਨੇ ਇਸ ਮਾਮਲੇ ਵਿਚ ਦਸ ਜੂਨ ਨੂੰ ਆਖਰੀ ਬਹਿਸ ਦਰਜ ਕਰਵਾਉਂਦਿਆਂ ਅਦਾਲਤ ਨੂੰ ਦੱਸਿਆ ਸੀ ਕਿ ਉਕਤ ਕਿਤਾਬ ਵਿਚਲੀਆਂ ਇਤਰਾਜ਼ਯੋਗ ਟਿੱਪਣੀਆਂ ਕਾਰਨ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਵਲੂੰਧਰੀਆਂ ਗਈਆਂ ਹਨ। ਇਸ ਲਈ ਉਕਤ ਸਾਧ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ। ਵਕੀਲਾਂ ਮੁਤਾਬਕ ਜਸਟਿਸ ਏ.ਕੇ ਜੈਨ ਨੇ ਉਕਤ ਸਾਧ ਨੂੰ 14 ਜੂਨ ਨੂੰ ਅਦਾਲਤ ਵਿਚ ਸੱਦਿਆ ਸੀ ਜਿਥੇ ਉਸ ਨੂੰ ਇਸ ਮਾਮਲੇ ਵਿਚੋਂ ਬਰੀ ਕਰ ਦਿੱਤਾ। ਅਦਾਲਤ ਵਿਚ ਮੌਜੂਦ ਵਰਲਡ ਸਿੱਖ ਮਿਸ਼ਨ ਦੇ ਪ੍ਰਧਾਨ ਨਰਿੰਦਰ ਸਿੰਘ ਹਰਨੌਲੀ ਨੇ ਉਕਤ ਫੈਸਲੇ ਨੂੰ ਮੰਦਭਾਗਾ ਕਰਾਰ ਦਿੰਦਿਆਂ ਕਿਹਾ ਕਿ ਉਹ ਫੈਸਲੇ ਨੂੰ ਉੱਚ ਅਦਾਲਤ ਵਿਚ ਚੁਣੌਤੀ ਦੇਣਗੇ।

# ਸਾਕਾ ਨੀਲਾ ਤਾਰਾ ਯਾਦਗਾਰ ਬਾਰੇ ਫੈਸਲਾ ਰਾਖਵਾਂ ਰੱਖਿਆ

## ਸਰਨਾ ਨੂੰ ਅਗਲੀ ਮੀਟਿੰਗ ਵਿਚ ਪੁੱਜਣ ਦੀ ਹਦਾਇਤ



**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਸਾਕਾ ਨੀਲਾ ਤਾਰਾ ਯਾਦਗਾਰ ਵਿਵਾਦ ਨੂੰ ਵਿਚਾਰਨ ਮਗਰੋਂ ਇਸ ਬਾਰੇ ਫੈਸਲਾ ਰਾਖਵਾਂ ਰੱਖ ਲਿਆ ਗਿਆ ਜਦੋਂਕਿ ਦਿੱਲੀ ਵਿਖੇ ਸਿੱਖ ਕਤਲੇਆਮ ਦੀ ਯਾਦਗਾਰ ਦੇ ਮਾਮਲੇ ਵਿਚ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਵੱਲੋਂ ਹਾਜ਼ਰ ਹੋ ਕੇ ਆਪਣਾ ਪੱਖ ਸਪੱਸ਼ਟ ਕਰਨ ਤੋਂ ਪ੍ਰਗਟਾਈ ਅਸਮਰਥਾ ਦੇ ਆਧਾਰ 'ਤੇ ਇਸ ਮਾਮਲੇ ਦੀ ਸੁਣਵਾਈ ਅਗਲੀ ਮੀਟਿੰਗ ਤਕ ਮੁਲਤਵੀ ਕਰ ਦਿੱਤੀ ਗਈ ਹੈ। ਇਸ ਦੌਰਾਨ ਪੰਜ ਸਿੰਘ ਸਾਹਿਬਾਨ ਨੇ ਲੋਕਾਂ ਵੱਲੋਂ ਆਪਣੇ ਸਰੀਰਕ ਅੰਗਾਂ 'ਤੇ ਸਿੱਖ ਧਾਰਮਿਕ ਚਿੰਨ੍ਹ ਤੇ ਗੁਰਬਾਣੀ ਦੀਆਂ ਤੁੱਕਾਂ ਉਕਰਵਾਉਣ ਵਾਲਿਆਂ ਨੂੰ ਸੁਚੇਤ ਕਰਦਿਆਂ ਆਖਿਆ ਕਿ ਭਵਿੱਖ ਵਿੱਚ ਅਜਿਹਾ ਕਰਨ ਵਾਲੇ ਖਾਸ ਕਰਕੇ ਸਿੱਖ ਵਿਅਕਤੀਆਂ ਖਿਲਾਫ ਧਾਰਾ 295-ਏ ਤਹਿਤ ਕਾਨੂੰਨੀ ਕਾਰਵਾਈ ਹੋਵੇਗੀ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਮੀਟਿੰਗ ਵਿਚ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਤਰਲੋਚਨ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਮੀਤ ਜਥੇਦਾਰ ਗਿਆਨੀ ਜੋਤ ਇੰਦਰ ਸਿੰਘ ਸ਼ਾਮਲ ਹੋਏ।

ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ ਦਿੱਲੀ ਸਥਿਤ ਗੁਰਦੁਆਰਾ ਰਕਾਬਗੰਜ ਨੇੜੇ ਬਣਾਈ ਜਾ ਰਹੀ ਸਿੱਖ ਕਤਲੇਆਮ ਦੀ ਯਾਦਗਾਰ ਦੇ ਵਿਰੋਧ ਬਾਰੇ ਸਪੱਸ਼ਟੀਕਰਨ ਦੇਣ ਲਈ ਸ. ਪਰਮਜੀਤ ਸਿੰਘ ਸਰਨਾ ਨੂੰ ਸੱਦਿਆ ਗਿਆ ਸੀ ਜਿਨ੍ਹਾਂ ਨੇ ਪੱਤਰ ਭੇਜ ਕੇ ਅਸਮਰਥਾ ਪ੍ਰਗਟਾਈ ਹੈ ਕਿ ਉਹ ਆਪਣੇ ਪਰਿਵਾਰਕ ਤੇ ਵਪਾਰਕ ਰੁਝੇਵਿਆਂ ਕਾਰਨ ਹਾਜ਼ਰ ਨਹੀਂ ਹੋ ਸਕਣਗੇ। ਉਨ੍ਹਾਂ ਸਪੱਸ਼ਟੀਕਰਨ ਦੇਣ ਲਈ ਸਮੇਂ ਦੀ ਮੰਗ ਕੀਤੀ ਹੈ। ਸ. ਸਰਨਾ ਨੇ ਦੱਸਿਆ ਕਿ ਇਨ੍ਹਾਂ ਸੱਤ ਦਿਨਾਂ ਵਿਚ ਦਿੱਲੀ ਤੋਂ ਬਾਹਰ ਹਨ ਤੇ ਇਸ ਲਈ ਇਕ ਜੁਲਾਈ ਤੋਂ 15 ਜੁਲਾਈ ਤਕ ਕਿਸੇ ਵੀ ਸਮੇਂ ਉਹ ਸਪੱਸ਼ਟੀਕਰਨ ਦੇਣ ਲਈ ਹਾਜ਼ਰ ਹੋ ਸਕਦੇ ਹਨ।

ਸ. ਸਰਨਾ ਦੀ ਇਸ ਅਪੀਲ ਨੂੰ ਸਵੀਕਾਰ ਕਰਦਿਆਂ ਇਹ ਮਾਮਲਾ ਪੰਜ ਸਿੰਘ ਸਾਹਿਬਾਨ ਦੀ ਅਗਲੀ ਇਕੱਤਰਤਾ ਵਿਚ ਵਿਚਾਰਨ ਦਾ ਫੈਸਲਾ ਕੀਤਾ ਗਿਆ ਹੈ। ਅਗਲੀ ਮੀਟਿੰਗ ਲਈ ਅਜੇ ਤਾਰੀਕ ਤੈਅ ਨਹੀਂ ਕੀਤੀ ਗਈ। ਇਸ ਬਾਰੇ ਫੈਸਲਾ ਬਾਅਦ ਵਿਚ ਕੀਤਾ ਜਾਵੇਗਾ। ਸਾਕਾ ਨੀਲਾ ਤਾਰਾ ਸ਼ਹੀਦੀ ਯਾਦਗਾਰ ਵਿਵਾਦ ਮਾਮਲੇ ਬਾਰੇ ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਬਾਰੇ ਫੈਸਲਾ ਫਿਲਹਾਲ ਰਾਖਵਾਂ ਰੱਖਿਆ ਗਿਆ ਹੈ। ਇਸ ਤਰ੍ਹਾਂ ਇਸ ਮਾਮਲੇ ਨੂੰ ਹੁਣ ਲਟਕਾਉਣ ਦਾ ਯਤਨ ਕੀਤਾ ਜਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਯਾਦਗਾਰ ਦੀ ਉਸਾਰੀ ਕਰਾਉਣ ਵਾਲੀ ਜਥੇਬੰਦੀ ਦਮਦਮੀ ਟਕਸਾਲ ਨੇ ਯਾਦਗਾਰ ਦਾ ਨਾਂ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਨਾਂ 'ਤੇ ਰੱਖਿਆ ਸੀ ਤੇ ਇਸ ਸਬੰਧੀ ਇਤਿਹਾਸ ਬੋਰਡ ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਵਿਚ ਲਾਏ ਸਨ ਜਿਸ ਦਾ ਸ਼੍ਰੋਮਣੀ ਕਮੇਟੀ ਨੇ ਸਖ਼ਤ ਵਿਰੋਧ ਕੀਤਾ ਸੀ। ਇਸ ਮਾਮਲੇ ਨੂੰ ਲੈ ਕੇ ਦੋਵੇਂ ਸਿੱਖ ਜਥੇਬੰਦੀਆਂ ਆਹਮੋ ਸਾਹਮਣੇ ਹਨ।

ਇਕੱਤਰਤਾ ਵਿਚ ਪੰਜਾਬੀ ਫਿਲਮਾਂ ਦੀ ਅਭਿਨੇਤਰੀ ਨੀਰੂ ਬਾਜਵਾ ਵੱਲੋਂ ਭੇਜੇ ਮੁਆਫੀਨਾਮੇ 'ਤੇ ਵਿਚਾਰ ਕਰਦਿਆਂ ਇਸ ਨੂੰ ਸਵੀਕਾਰ ਕੀਤਾ ਗਿਆ ਹੈ। ਇਕੱਤਰਤਾ ਵਿਚ ਨਿਰਣਾ ਕੀਤਾ ਗਿਆ ਹੈ ਕਿ ਭਵਿੱਖ ਵਿਚ ਗੁਰਬਾਣੀ ਦੀ ਬੇਅਦਬੀ ਕਰਨ ਤੇ ਆਪਣੇ ਸਰੀਰ 'ਤੇ ਗੁਰਬਾਣੀ ਜਾਂ ਧਾਰਮਿਕ ਚਿੰਨ੍ਹ ਟੈਟੂਆਂ ਦੇ ਰੂਪ ਵਿਚ ਉਕਰਵਾਉਣ ਵਾਲਿਆਂ ਨੂੰ ਸਿਰਫ ਮੁਆਫੀਨਾਮੇ ਨਾਲ ਛੁਟਕਾਰਾ ਨਹੀਂ ਮਿਲੇਗਾ। ਉਨ੍ਹਾਂ ਖਿਲਾਫ ਧਾਰਾ 295 ਏ ਤਹਿਤ ਕੇਸ ਦਰਜ ਕਰਾਇਆ ਜਾਵੇਗਾ।

# ਦੇਵਨਾਗਰੀ ਲਿਪੀ 'ਚ ਪੰਜਾਬੀ ਲਿਖਣ ਦੇ ਸੁਝਾਅ ਦਾ ਤਿੱਖਾ ਵਿਰੋਧ

**ਚੰਡੀਗੜ੍ਹ:** ਸਾਹਿਤਕਾਰਾਂ ਦੇ ਵਿਰੋਧ ਕਾਰਨ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਵੱਲੋਂ ਪ੍ਰਕਾਸ਼ਤ ਕੀਤੇ ਜਾਂਦੇ 'ਸ਼ਬਦ ਬੂੰਦ' ਮੈਗਜ਼ੀਨ ਵਿਚ ਪੰਜਾਬੀ ਦੀਆਂ ਲਿਖਤਾਂ ਨੂੰ ਦੇਵਨਾਗਰੀ ਲਿੱਪੀ ਵਿਚ ਪ੍ਰਕਾਸ਼ਤ ਕਰਨ ਦਾ ਸੁਝਾਅ ਫਿਰ ਵਾਪਸ ਲੈਣਾ ਪਿਆ। ਹਰਿਆਣਾ ਪੰਜਾਬੀ ਸਾਹਿਤ ਅਕੈਡਮੀ ਦੇ ਡਾਇਰੈਕਟਰ ਸੁਖਚੈਨ ਭੰਡਾਰੀ ਨੇ ਜਿਉਂ ਹੀ ਦੇਵਨਾਗਰੀ ਵਿਚ ਰਚਨਾਵਾਂ ਛਾਪਣ ਦਾ ਸੁਝਾਅ ਪੇਸ਼ ਕੀਤਾ ਤਾਂ ਲੇਖਕਾਂ ਨੇ ਇਸ ਦਾ ਵਿਰੋਧ ਕੀਤਾ।

ਅਕਾਦਮੀ ਦੇ ਪੁਰਸਕਾਰਾਂ ਦੀ ਵੰਡ ਲਈ ਕਰਵਾਏ ਸਮਾਗਮ ਦੇ ਸ਼ੁਰੂ ਵਿਚ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦੇ ਡਾਇਰੈਕਟਰ ਸੁਖਚੈਨ ਭੰਡਾਰੀ ਨੇ ਸਾਹਿਤਕਾਰਾਂ ਤੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਉਨ੍ਹਾਂ ਨੇ 'ਸ਼ਬਦ ਬੂੰਦ' ਮੈਗਜ਼ੀਨ ਵਿਚ ਪੰਜਾਬੀ ਦੀਆਂ ਕੁਝ ਲਿਖਤਾਂ ਨੂੰ ਦੇਵਨਾਗਰੀ ਲਿਪੀ ਵਿਚ ਛਾਪਣ ਦਾ ਯਤਨ ਕੀਤਾ ਸੀ ਪਰ ਸਾਹਿਤਕਾਰਾਂ ਵੱਲੋਂ ਸਖਤ ਵਿਰੋਧ ਕੀਤੇ ਜਾਣ ਕਾਰਨ ਇਕ ਵਾਰ ਹੀ ਲਿਖਤਾਂ ਦੇਵਨਾਗਰੀ ਛਾਪਣ ਤੋਂ ਬਾਅਦ ਯੋਜਨਾ ਬੰਦ ਦਿੱਤੀ ਸੀ ਤੇ ਜੇ ਲੇਖਕ ਆਗਿਆ ਦੇਣ ਤਾਂ ਇਸ ਨੂੰ ਮੁੜ ਸ਼ੁਰੂ ਕੀਤਾ ਜਾ ਸਕਦਾ ਤੇ ਕੁਝ ਲਿਖਤਾਂ ਦੇਵਨਾਗਰੀ ਵਿਚ ਛਾਪੀਆਂ ਜਾ ਸਕਦੀਆਂ ਹਨ।

ਮੁੱਖ ਮੰਤਰੀ ਦੇ ਐਡੀਸ਼ਨਲ ਪ੍ਰਮੁੱਖ ਸਕੱਤਰ ਕੇ.ਕੇ.ਖੰਡੇਲਵਾਲ ਨੇ ਅਕਾਦਮੀ ਦੇ ਡਾਇਰੈਕਟਰ ਦੇ ਸੁਝਾਅ ਦੀ ਹਮਾਇਤ ਕਰਦਿਆਂ ਕਿਹਾ ਕਿ ਜੇ ਪੰਜਾਬੀ ਦੇ ਨਾਲ ਲਿਖਤਾਂ ਨੂੰ ਦੇਵਨਾਗਰੀ ਵਿਚ ਛਾਪਿਆ ਜਾਵੇ ਤਾਂ ਇਹ ਲਿਖਤਾਂ ਉਨ੍ਹਾਂ ਲੋਕਾਂ ਕੋਲ ਵੀ ਪਹੁੰਚ ਜਾਣਗੀਆਂ ਜਿਹੜੇ ਪੰਜਾਬੀ ਦੀਆਂ ਲਿਖਤਾਂ ਨੂੰ ਹਿੰਦੀ ਵਿਚ ਪੜ੍ਹਨਾ ਚਾਹੁੰਦੇ ਹਨ। ਸ਼ਬਦ ਬੂੰਦ ਦੇ ਇਕ ਸਫ਼ੇ ਦੇ ਇਕ ਪਾਸੇ ਪੰਜਾਬੀ ਤੇ ਦੂਜੇ ਪਾਸੇ ਦੇਵਨਾਗਰੀ ਵਿਚ ਲਿਖਤਾਂ ਛਾਪੀਆਂ ਜਾਣ।

ਇਸੇ ਦੌਰਾਨ ਉਘੇ ਸਾਹਿਤਕਾਰ ਸਵਰਨ ਸਿੰਘ ਵਿਰਕ ਖੜ੍ਹੇ ਹੋ ਗਏ ਤੇ ਉਨ੍ਹਾਂ ਨੇ ਇਸ ਸੁਝਾਅ ਦਾ ਸਖਤ ਵਿਰੋਧ ਕਰਦਿਆਂ ਕਿਹਾ ਕਿ ਇਹ ਪੰਜਾਬੀ ਨੂੰ ਮਾਰਨ ਦੀ ਸਾਜਿਸ਼ ਹੈ ਤੇ ਉਹ ਇਸ ਸੁਝਾਅ ਦਾ ਸਖਤ ਵਿਰੋਧ ਕਰਦੇ ਹਨ। ਇਸ ਦੌਰਾਨ ਹੋਰ ਸਾਹਿਤਕਾਰ ਵੀ ਉਨ੍ਹਾਂ ਦੀ ਹਮਾਇਤ ਵਿਚ ਆ ਗਏ ਤੇ ਉਨ੍ਹਾਂ ਕਿਹਾ ਕਿ ਜੇ ਅਕਾਦਮੀ ਨੇ ਇਸ ਸੁਝਾਅ ਨੂੰ ਪਾਸ ਕਰਵਾਉਣਾ ਹੈ ਤਾਂ ਉਹ ਸਮਾਗਮ ਦਾ ਬਾਈਕਾਟ ਕਰਕੇ ਚਲੇ ਜਾਣਗੇ। ਇਸ ਤੋਂ ਪਹਿਲਾਂ ਮੁੱਖ ਮੰਤਰੀ ਦੇ ਐਡੀਸ਼ਨਲ ਪ੍ਰਮੁੱਖ ਸਕੱਤਰ ਖੰਡੇਲਵਾਲ ਮਾਈਕ 'ਤੇ ਆ ਗਏ ਤੇ ਉਨ੍ਹਾਂ ਨੇ ਸੁਝਾਅ ਵਾਪਸ ਲੈ ਲਿਆ।

ਇਸ ਮੌਕੇ ਉੱਘੀ ਗਾਇਕਾ ਡੌਲੀ ਗੁਲੇਰੀਆ ਨੂੰ ਲੋਕ ਗੀਤ ਇਕੱਠੇ ਕਰਨ ਦੀ ਮੁਹਿੰਮ ਦੀ ਸਰਪ੍ਰਸਤ ਥਾਪਿਆ ਹੈ।

# ਹੇਮਕੁੰਟ ਦੀ ਯਾਤਰਾ 'ਤੇ ਗਏ ਹਜ਼ਾਰਾਂ ਸ਼ਰਧਾਲੂ ਫਸੇ



**ਚੰਡੀਗੜ੍ਹ:** ਉਤਰਾਖੰਡ ਵਿਚ ਬਾਰਸ਼ ਨਾਲ ਅਲਕਨੰਦਾ ਨਦੀ ਵਿਚ ਆਏ ਹੜ੍ਹ ਕਰਕੇ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ 'ਤੇ ਗਏ ਹਜ਼ਾਰਾਂ ਸ਼ਰਧਾਲੂ ਵੱਖ-ਵੱਖ ਥਾਵਾਂ 'ਤੇ ਫਸ ਗਏ। ਨਦੀ ਵਿਚ ਆਏ ਹੜ੍ਹ ਨਾਲ ਸ੍ਰੀ ਹੇਮਕੁੰਟ ਸਾਹਿਬ ਦੇ ਮੁੱਖ ਪੜਾਓ ਗੁਰਦੁਆਰਾ ਸ੍ਰੀ ਗੋਬਿੰਦਘਾਟ ਦੀ ਇਮਾਰਤ ਵਿਚ ਪਾਣੀ ਭਰ ਗਿਆ ਤੇ ਇਕ ਹੈਲੀਕਾਪਟਰ ਤੇ ਦੋ ਦਰਜਨ ਦੇ ਕਰੀਬ ਵਾਹਨ ਪਾਣੀ ਵਿਚ ਵਹਿ ਗਏ। ਸੰਗਤਾਂ ਨੂੰ ਵੱਖ-ਵੱਖ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣ ਲਈ ਫੌਜ ਦੀ ਮਦਦ ਲਈ ਗਈ।

ਇਤਿਹਾਸਕ ਅਸਥਾਨ ਬਦਰੀਨਾਥ ਵਿਖੇ ਬੱਦਲ ਫਟਣ ਨਾਲ ਗੁਰਦੁਆਰਾ ਸ੍ਰੀ ਗੋਬਿੰਦਘਾਟ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਰ ਪਾਵਨ ਸਰੂਪ ਜਲ ਪ੍ਰਵਾਹ ਹੋ ਗਏ। ਸ਼ਰਧਾਲੂਆਂ ਦੇ ਦੋ ਦਰਜਨ ਤੋਂ ਵੱਧ ਵਾਹਨ ਵੀ ਨਦੀ ਵਿਚ ਰੁੜ ਗਏ ਹਨ। ਬਾਰਸ਼ ਨਾਲ ਪਹਾੜੀ ਇਲਾਕੇ ਵਿਚ ਢਿੱਗਾਂ ਡਿੱਗਣ ਤੇ ਨਦੀਆਂ ਵਿਚ ਪਾਣੀ ਦੇ ਤੇਜ਼ ਵਹਾਅ ਕਾਰਨ ਆ ਰਹੀਆਂ ਔਕੜਾਂ ਨੂੰ ਵੇਖਦਿਆਂ ਸ੍ਰੀ ਹੇਮਕੁੰਟ ਸਾਹਿਬ ਪ੍ਰਬੰਧਕ ਕਮੇਟੀ ਨੇ ਅਗਲੇ ਕੁਝ ਦਿਨਾਂ ਲਈ ਯਾਤਰਾ ਮੁਲਤਵੀ ਕਰਨ ਦਾ ਐਲਾਨ ਕੀਤਾ ਹੈ। ਪ੍ਰਬੰਧਕ ਕਮੇਟੀ ਦੇ ਚੇਅਰਮੈਨ ਮਦਨ ਸਿੰਘ ਨੇ ਨੇ ਦੱਸਿਆ ਕਿ ਰਿਸ਼ੀਕੇਸ਼ ਤੋਂ ਗੋਬਿੰਦ ਘਾਟ ਤੱਕ ਕਈ ਥਾਵਾਂ 'ਤੇ ਢਿੱਗਾਂ ਡਿੱਗਣ ਤੋਂ ਇਲਾਵਾ ਗੋਬਿੰਦ ਘਾਟ ਤੇ ਗੋਬਿੰਦ ਧਾਮ ਦੇ ਵਿਚਾਲੇ ਪੈਦਲ ਰਸਤੇ 'ਤੇ ਬਣੇ ਦੋ ਪੁਲ ਵੀ ਮੀਂਹਾਂ ਦੇ ਪਾਣੀ ਦੇ ਤੇਜ਼ ਵਹਾਅ ਕਾਰਨ ਰੁੜ੍ਹ ਗਏ ਹਨ। ਇਨ੍ਹਾਂ ਸਾਰੀਆਂ ਮੁਸ਼ਕਲਾਂ ਨੂੰ ਵੇਖਦਿਆਂ ਫਿਲਹਾਲ ਕੁਝ ਦਿਨ ਲਈ ਇਹ ਯਾਤਰਾ ਮੁਲਤਵੀ ਰਹੇਗੀ ਤੇ ਹਾਲਾਤ ਠੀਕ ਹੋਣ 'ਤੇ ਸੰਗਤਾਂ ਨੂੰ ਸੂਚਿਤ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਉੱਤਰਾਖੰਡ ਦੇ ਮੁੱਖ ਮੰਤਰੀ ਵਿਜੈ ਬਾਹੂਗੁਨਾ ਨੂੰ ਕਿਹਾ ਹੈ ਕਿ ਸ਼ਰਧਾਲੂਆਂ ਦੀ ਹਰੇਕ ਪ੍ਰਕਾਰ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ। ਜਥੇਦਾਰ ਅਵਤਾਰ ਸਿੰਘ ਨੇ ਉਤਰਾਖੰਡ ਦੇ ਮੁੱਖ ਮੰਤਰੀ ਨਾਲ ਫੋਨ 'ਤੇ ਗੱਲਬਾਤ ਕੀਤੀ ਤੇ ਰਸਤੇ ਵਿਚ ਫਸੇ ਸ਼ਰਧਾਲੂਆਂ ਦੀ ਮਦਦ ਲਈ ਕਿਹਾ। ਮੁੱਖ ਮੰਤਰੀ ਨੇ ਭਰੋਸਾ ਦਿੱਤਾ ਕਿ ਸ਼ਰਧਾਲੂਆਂ ਨੂੰ ਸੁਰੱਖਿਅਤ ਕੱਢਣ ਲਈ ਉਤਰਾਖੰਡ ਸਰਕਾਰ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ।

# ਗੁਰਦੁਆਰਾ ਗੋਬਿੰਦ ਘਾਟ ਸੁਰੱਖਿਅਤ

**ਚੰਡੀਗੜ੍ਹ:** ਉੱਤਰਾਖੰਡ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਕਿਹਾ ਹੈ ਕਿ ਮੀਹਾਂ ਅਤੇ ਹੜ੍ਹਾਂ ਦੇ ਬਾਵਜੂਦ ਉੱਤਰਾਖੰਡ ਵਿਚ ਗੁਰਦੁਆਰਾ ਹੇਮਕੁੰਟ ਸਾਹਿਬ ਦੀ ਪੈਦਲ ਯਾਤਰਾ ਦਾ ਪਹਿਲਾ ਸਥਾਨ ਗੁਰਦੁਆਰਾ ਗੋਬਿੰਦ ਘਾਟ ਸੁਰੱਖਿਅਤ ਹੈ ਅਤੇ ਗੁਰੂ ਗ੍ਰੰਥ ਸਾਹਿਬ ਦੀਆਂ ਪਵਿੱਤਰ ਬੀੜਾਂ ਨੂੰ ਵੀ ਕੋਈ ਨੁਕਸਾਨ ਨਹੀਂ ਪੁੱਜਿਆ। ਸ੍ਰੀ ਬਿੰਦਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰਸਟ ਦੇ ਵਾਈਸ ਚੇਅਰਮੈਨ ਵੀ ਹਨ। ਉਨ੍ਹਾਂ ਦੱਸਿਆ ਕਿ ਬਹੁਤ ਸਾਰੇ ਵਾਹਨ ਜ਼ਰੂਰ ਹੜ੍ਹੇ ਹਨ ਪਰ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਨੂੰ ਕੋਈ ਨੁਕਸਾਨ ਨਹੀਂ ਪੁੱਜਾ ਤੇ ਉਨ੍ਹਾਂ ਨੂੰ ਉੱਚੀ ਥਾਂ ਪਹੁੰਚਾ ਦਿੱਤਾ ਗਿਆ ਹੈ। ਉਂਜ, ਉਨ੍ਹਾਂ ਗੁਰਦੁਆਰਾ ਕੰਪਲੈਕਸ ਦੇ ਕੁਝ ਕਮਰੇ ਹੜ੍ਹਨ ਦੀ ਗੱਲ ਵੀ ਸਵੀਕਾਰੀ। ਉਨ੍ਹਾਂ ਕਿਹਾ ਕਿ ਗੋਬਿੰਦ ਘਾਟ ਵਿਖੇ 9000 ਦੇ ਕਰੀਬ ਸ਼ਰਧਾਲੂਆਂ ਲਈ ਰਸਦ ਤੇ ਦਵਾਈਆਂ ਦਾ ਪੂਰਾ ਪ੍ਰਬੰਧ ਹੈ। ਗੋਬਿੰਦ ਘਾਟ ਨੂੰ ਜੋਸ਼ੀ ਮੱਠ ਨਾਲ ਜੋੜਨ ਵਾਲਾ ਪੁਲ ਹੜ੍ਹ ਚੁੱਕਾ ਹੈ ਪਰ ਫੌਜ ਆਰਜ਼ੀ ਪੁਲ ਬਣਾ ਰਹੀ ਹੈ। ਫੌਜ ਨੇ ਰਾਹਤ ਕਾਰਜਾਂ ਲਈ 10 ਹੈਲੀਕਾਪਟਰ ਲਾਏ ਹੋਏ ਹਨ। ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਟਰੱਸਟ ਦੇ ਚੇਅਰਮੈਨ ਮਦਨ ਸਿੰਘ ਨੇ ਵੀ ਸਪੱਸ਼ਟ ਕੀਤਾ ਹੈ ਕਿ ਗੁਰਦੁਆਰਾ ਗੋਬਿੰਦਘਾਟ ਵਿਖੇ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਾਰ ਸਰੂਪ ਸੁਰੱਖਿਅਤ ਹਨ।

ਇਸੇ ਦੌਰਾਨ ਸ਼ਰਧਾਲੂਆਂ ਅਤੇ ਹੋਰ ਲੋਕਾਂ ਦੀ ਮੱਦਦ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ, ਗੁਰਦੁਆਰਾ ਪਾਤਸ਼ਾਹੀ ਨੌਵੀਂ ਜੀਂਦ, ਧਮਤਾਨ ਅਤੇ ਗੁਰਦੁਆਰਾ ਕੁਰੂਕਸ਼ੇਤਰ ਤੋਂ ਲੰਗਰ ਰਾਸ਼ਨ ਵਾਲੇ ਟਰੱਕ ਅਤੇ ਸ੍ਰੀ ਗੁਰੂ ਰਾਮਦਾਸ ਮੈਡੀਕਲ ਕਾਲਜ ਵੱਲਾ ਤੋਂ ਡਾਕਟਰੀ ਸਹਾਇਤਾ ਤੁਰੰਤ ਰਵਾਨਾ ਕੀਤੀ ਗਈ।

# ਸ਼੍ਰੋਮਣੀ ਕਮੇਟੀ ਵੇਚਣ ਲੱਗੀ ਗੁਰਦੁਆਰਿਆਂ ਦੀ ਜ਼ਮੀਨ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੁਣ ਇਤਿਹਾਸਕ ਗੁਰਦੁਆਰਿਆਂ ਦੀ ਜ਼ਮੀਨ ਵੇਚਣ ਲੱਗੀ ਹੈ। ਪਤਾ ਲੱਗਾ ਹੈ ਕਿ ਕਮੇਟੀ ਵੱਲੋਂ ਚੁੱਪ-ਚੁਪੀਤੇ ਮੁਹਾਲੀ ਦੇ ਇਤਿਹਾਸਕ ਗੁਰਦੁਆਰਾ ਦੀ ਕਰੀਬ 23 ਏਕੜ ਜ਼ਮੀਨ ਵੇਚ ਦਿੱਤੀ ਹੈ। ਇਹ ਜ਼ਮੀਨ ਕਿਸੇ ਸ਼ਰਧਾਲੂ ਨੇ ਗੁਰਦੁਆਰੇ ਨੂੰ ਦਾਨ ਕੀਤੀ ਸੀ। ਉਧਰ ਗਮਾਡਾ ਨੇ ਅੰਦਰਖਾਤੇ ਮੁਹਾਲੀ ਨੇੜਲੇ ਪਿੰਡ ਪ੍ਰੇਮਗੜ੍ਹ ਵਿਚਲੀ ਗੁਰਦੁਆਰਾ ਅੰਬ ਸਾਹਿਬ ਦੀ 55 ਵਿੱਘੇ ਜ਼ਮੀਨ ਐਕੁਆਇਰ ਕਰ ਲਈ ਹੈ। ਇਹੀ ਨਹੀਂ ਸ਼੍ਰੋਮਣੀ ਕਮੇਟੀ ਨੇ 19 ਕਰੋੜ ਰੁਪਏ ਐਕੁਆਇਰ ਕੀਤੀ ਜ਼ਮੀਨ ਦੇ ਮੁਆਵਜ਼ੇ ਵਜੋਂ ਹਾਸਲ ਕਰਨ ਲਈ ਸ਼੍ਰੋਮਣੀ ਕਮੇਟੀ ਦੀ ਅੰਤ੍ਰਿਗ ਕਮੇਟੀ ਵਿਚ ਬਕਾਇਦਾ ਮਤਾ ਵੀ ਪਾਸ ਕੀਤਾ ਹੈ।



ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਪਿੰਡ ਭਾਗੋਮਾਜਰਾ ਵਿਚਲੀ ਜ਼ਮੀਨ ਨੂੰ ਵੇਚਣ ਦੀ ਤਾਕ ਵਿਚ ਹੈ ਜਦੋਂਕਿ ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਮੀਡੀਆ ਕੋਲ ਇਹ ਗੱਲ ਸਪੱਸ਼ਟ ਕਰ ਚੁੱਕੇ ਹਨ ਕਿ ਗੁਰਦੁਆਰਾ ਅੰਬ ਸਾਹਿਬ ਦੀ ਇਕ ਇੰਚ ਜ਼ਮੀਨ ਵੀ ਨਹੀਂ ਵੇਚੀ ਜਾਵੇਗੀ। ਇਸੇ ਦੌਰਾਨ ਸਿੱਖ ਸੰਸਥਾਵਾਂ ਦੇ ਨੁਮਾਇੰਦਿਆਂ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੈਂਬਰ ਤੇ ਪੰਥਕ ਆਗੂ ਭਾਈ ਹਰਦੀਪ ਸਿੰਘ ਦੀ ਅਗਵਾਈ ਹੇਠ ਗਮਾਡਾ ਦੇ ਮੁੱਖ ਪ੍ਰਸ਼ਾਸਕ ਨਾਲ ਮੁਲਾਕਾਤ ਕੀਤੀ। ਉਨ੍ਹਾਂ ਕਿਹਾ ਕਿ ਪ੍ਰੇਮਗੜ੍ਹ ਵਿਚਲੀ ਜ਼ਮੀਨ ਦੀ ਮਾਰਕੀਟ ਕੀਮਤ ਘੱਟੋ-ਘੱਟ 300 ਕਰੋੜ ਹੈ ਪਰ ਇਹ ਜ਼ਮੀਨ ਗੁਰਦੁਆਰੇ ਨੂੰ ਭੇਟ ਕੀਤੀ ਗਈ ਸੀ।

ਲਿਹਾਜ਼ਾ, ਇਸ ਨੂੰ ਕਿਸੇ ਵੀ ਕੀਮਤ 'ਤੇ ਵੇਚਿਆ ਨਹੀਂ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਗਮਾਡਾ ਇਸ ਜ਼ਮੀਨ ਦੀ ਥਾਂ 'ਤੇ 24 ਏਕੜ ਜ਼ਮੀਨ ਦਾ ਇਕ ਇਕੱਠਾ ਟੁਕੜਾ ਦੇਵੇ ਤੇ ਉੱਥੇ ਸ਼੍ਰੋਮਣੀ ਕਮੇਟੀ ਸੁਪਰਸ਼ਪੈਸਲਿਟੀ ਹਸਪਤਾਲ ਜਾਂ ਕੋਈ ਸਿੱਖਿਆ ਇੰਸਟੀਚਿਊਟ ਬਣਾਵੇ ਜਿਸ ਦਾ ਇਲਾਕੇ ਦੇ ਲੋਕਾਂ ਨੂੰ ਲਾਭ ਮਿਲ ਸਕੇ। ਇਸ ਮੌਕੇ ਭਾਈ ਹਰਦੀਪ ਸਿੰਘ ਨੇ ਮੰਗ ਕੀਤੀ ਕਿ ਗੁਰਦੁਆਰਾ ਅੰਬ ਸਾਹਿਬ ਦੀ ਪਿੰਡ ਪ੍ਰੇਮਗੜ੍ਹ (ਸੈਣੀ ਮਾਜਰਾ) ਵਿਚਲੀ 23 ਏਕੜ ਜ਼ਮੀਨ ਐਕੁਆਇਰ ਕਰਨ ਦੀ ਕਾਰਵਾਈ ਫੌਰੀ ਰੱਦ ਕੀਤੀ ਜਾਵੇ।

ਉਧਰ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕਿਹਾ ਕਿ ਇਹ ਸਾਰੀ ਕਾਰਵਾਈ ਸੰਗਤ ਦੀ ਭਾਵਨਾ ਨਾਲ ਹੀ ਕੀਤੀ ਗਈ ਹੈ ਪਰ ਕੁਝ ਵਿਅਕਤੀਆਂ ਨੂੰ ਬਿਨਾਂ ਵਜ੍ਹਾ ਰੌਲਾ ਪਾਉਣ ਦੀ ਆਦਤ ਹੁੰਦੀ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਾ ਅੰਬ ਸਾਹਿਬ ਦੀ ਗਮਾਡਾ ਵੱਲੋਂ ਐਕੁਆਇਰ ਕੀਤੀ ਜ਼ਮੀਨ ਦੇ ਮੁਆਵਜ਼ੇ ਦੇ ਰੂਪ ਵਿਚ ਮਿਲਣ ਵਾਲੇ ਪੈਸਿਆਂ ਨੂੰ ਕਿਸੇ ਹੋਰ ਮੰਤਵ ਲਈ ਨਹੀਂ ਵਰਤਿਆ ਜਾਵੇਗਾ ਸਗੋਂ ਇਨ੍ਹਾਂ ਪੈਸਿਆਂ ਨਾਲ ਕਿਸੇ ਹੋਰ ਢੁਕਵੀਂ ਥਾਂ 'ਤੇ ਜ਼ਮੀਨ ਖਰੀਦੀ ਜਾਵੇਗੀ।

# ਪਾਕਿਸਤਾਨ 'ਚ ਗੁਰਦੁਆਰੇ ਦੀ ਇਮਾਰਤ ਵਿਕੀ

**ਚੰਡੀਗੜ੍ਹ:** ਪਾਕਿਸਤਾਨੀ ਭੂ-ਮਾਫ਼ੀਆ ਨੇ ਕਾਨੂੰਨੀ ਨਿਯਮਾਂ ਤੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਛਿੱਕੇ 'ਤੇ ਟੰਗਦਿਆਂ ਇਕ ਹੋਰ ਸਿੱਖ ਯਾਦਗਾਰ ਨੂੰ ਜ਼ਮੀਨਦੋਜ਼ ਕਰਕੇ ਉਥੇ ਪਲਾਜ਼ਾ ਬਣਾਉਣ ਦਾ ਫੈਸਲਾ ਕਰ ਲਿਆ ਹੈ ਤੇ ਇਸ ਹਫ਼ਤੇ ਦੇ ਕਿਸੇ ਵੀ ਦਿਨ ਸਾਹੀਵਾਲ ਦੇ ਕਮਰਸ਼ੀਅਲ ਇਲਾਕੇ ਸੋਰੀ ਗਲੀ ਬਾਜ਼ਾਰ ਵਿਚਲੇ ਢਾਈ ਮੰਜ਼ਲਾ ਸਿੰਘ ਸਭਾ ਗੁਰਦੁਆਰਾ ਦੀ ਆਲੀਸ਼ਾਨ ਇਮਾਰਤ ਗਿਰਾਈ ਜਾ ਸਕਦੀ ਹੈ।

ਸੂਤਰਾਂ ਅਨੁਸਾਰ ਲਾਹੌਰ ਤੋਂ ਕੋਈ 250 ਕਿਲੋਮੀਟਰ ਦੂਰ ਸਾਹੀਵਾਲ ਸ਼ਹਿਰ (ਪੁਰਾਣਾ ਨਾਂ ਮਿੰਟਗੁਮਰੀ) ਵਿਚ ਮੌਜੂਦ ਗੁਰਦੁਆਰਾ ਸਿੰਘ ਸਭਾ ਨੂੰ 5 ਕਰੋੜ ਰੁਪਏ 'ਚ ਵੇਚਣ ਦਾ ਸੌਦਾ ਮੌਜੂਦਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਦੇ ਜਵਾਈ ਕੈਪਟਨ (ਸੇਵਾ ਮੁਕਤ) ਮੁਹੰਮਦ ਸਫ਼ਦਰ ਦੀ ਮਾਰਫ਼ਤ ਪੀ.ਐਮ.ਐਲ.-ਐਨ. ਪਾਰਟੀ ਦੀ ਸਰਗਰਮ ਮੈਂਬਰ ਸਾਬਕਾ ਕਾਸਲਰ ਰੋਮਾਨਾ ਸਫ਼ਦਰ ਗੁਜ਼ਰੀ ਤੇ ਭੂ-ਮਾਫ਼ੀਆ ਦੇ ਵਿਚ ਹੋਇਆ ਹੈ। ਇਸ ਵਾਰ ਨਵਾਜ਼ ਸ਼ਰੀਫ਼ ਦੇ ਸੱਤਾ ਵਿਚ ਆ ਜਾਣ ਕਰਕੇ ਸਾਹੀਵਾਲ ਦੇ ਸਥਾਨਕ ਸਿੱਖ, ਪੱਤਰਕਾਰ ਤੇ ਪੁਲਿਸ ਵੀ ਭੂ-ਮਾਫ਼ੀਆ ਦਾ ਪੂਰੀ ਤਰ੍ਹਾਂ ਨਾਲ ਸਾਥ ਦੇ ਰਹੀ ਹੈ।

**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕੈਪਟਨ ਤੋਂ ਬਿਨਾਂ ਕਾਂਗਰਸ ਦਾ ਸਰਿਆ ਨਹੀਂ !

## ਵਰਕਿੰਗ ਕਮੇਟੀ ਦਾ ਸਥਾਈ ਮੈਂਬਰ ਥਾਪਿਆ

**ਚੰਡੀਗੜ੍ਹ:** ਕਾਂਗਰਸ ਹਾਈ ਕਮਾਂਡ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਮੁੜ ਉਭਾਰਦਿਆਂ ਕਾਂਗਰਸ ਵਰਕਿੰਗ ਕਮੇਟੀ ਦਾ ਸਥਾਈ ਮੈਂਬਰ ਨਿਯੁਕਤ ਕਰ ਦਿੱਤਾ ਹੈ। ਪਾਰਟੀ ਦੇ ਕੌਮੀ ਸੰਗਠਨ ਵਿਚ ਅਹਿਮ ਤਾਇਨਾਤੀ ਹੋਣ ਨਾਲ ਕੈਪਟਨ ਦਾ ਪੰਜਾਬ ਦੀ ਸਿਆਸਤ ਵਿਚ ਵੀ ਮਾਣ-ਸਨਮਾਣ ਬਹਾਲ ਹੋਇਆ ਹੈ। ਯਾਦ ਰਹੇ ਕਿ ਉਨ੍ਹਾਂ ਨੂੰ ਚੁੱਪ-ਚੁਪੀਤੇ ਹਟਾ ਕੇ ਸ. ਪ੍ਰਤਾਪ ਸਿੰਘ ਬਾਜਵਾ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾਉਣ 'ਤੇ ਕੈਪਟਨ ਕਾਫੀ ਨਾਰਾਜ਼ ਹੋਏ ਸਨ ਤੇ ਮੀਡੀਆ ਵੱਲੋਂ ਇਸ ਗੱਲ ਨੂੰ ਜ਼ੋਰ-ਸ਼ੋਰ ਨਾਲ ਉਭਾਰਨ ਕਰ ਕੇ ਉਨ੍ਹਾਂ ਦੇ ਮਾਣ-ਸਨਮਾਨ ਨੂੰ ਵੀ ਸੱਟ ਲੱਗੀ ਸੀ। ਅਕਾਲੀ ਆਗੂ ਪ੍ਰਕਾਸ਼ ਸਿੰਘ ਬਾਦਲ ਨੇ ਤਾਂ ਉਨ੍ਹਾਂ ਬਾਰੇ ਵਿਅੰਗਮਈ ਟਿੱਪਣੀਆਂ ਵੀ ਕੀਤੀਆਂ ਸਨ।

ਅਗਲੇ ਵਰ੍ਹੇ ਹੋ ਰਹੀਆਂ ਲੋਕ ਸਭਾ ਚੋਣਾਂ ਨੂੰ ਧਿਆਨ ਵਿਚ ਰੱਖਦਿਆਂ ਕਾਂਗਰਸ ਨੇ ਪੰਜਾਬ ਨੂੰ ਖਾਸ ਤਰਜੀਹ ਦਿੱਤੀ ਹੈ। ਤਾਜ਼ਾ ਨਿਯੁਕਤੀਆਂ ਵਿਚ ਕਾਂਗਰਸ ਨੇ ਪੰਜਾਬ ਵਿਚੋਂ ਜੱਟ, ਬ੍ਰਾਹਮਣ ਤੇ ਦਲਿਤ ਭਾਈਚਾਰੇ ਨੂੰ ਨੁਮਾਇੰਦਗੀ ਦੇਣ ਦੇ ਨਾਲ-ਨਾਲ ਮਾਲਵਾ, ਦੁਆਬਾ ਤੇ ਮਾਝਾ ਖਿੱਤਿਆਂ ਦਾ ਵੀ ਖ਼ਿਆਲ ਰੱਖਿਆ ਹੈ। ਪੰਜਾਬ ਤੋਂ ਰਾਜ



ਸਭਾ ਮੈਂਬਰ ਅੰਬਿਕਾ ਸੋਨੀ ਸ਼ਕਤੀਸ਼ਾਲੀ ਆਗੂ ਵਜੋਂ ਉਭਰੀ ਹੈ। ਉਸ ਨੂੰ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ ਹੈ ਤੇ ਇਸ ਦੇ ਨਾਲ ਹੀ ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼ ਤੇ ਉਤਰਾਖੰਡ ਦੀ ਇੰਚਾਰਜ ਵੀ ਲਾਇਆ ਹੈ। ਇਸ ਦੇ ਨਾਲ-ਨਾਲ ਉਹ ਕਾਂਗਰਸ ਪ੍ਰਧਾਨ ਦੇ ਦਫ਼ਤਰ ਇੰਚਾਰਜ ਵੀ ਹੋਣਗੇ।

ਫਤਹਿਗੜ੍ਹ ਸਾਹਿਬ ਤੋਂ ਕਾਂਗਰਸੀ ਆਗੂ ਕੁਲਜੀਤ ਸਿੰਘ ਨਾਗਰਾ ਜੋ ਰਾਹੁਲ ਗਾਂਧੀ ਦੇ ਵਫ਼ਾਦਾਰ ਮੰਨੇ ਜਾਂਦੇ ਹਨ, ਅਤੇ ਬਟਾਲਾ ਤੋਂ ਤੀਜੀ ਵਾਰ ਵਿਧਾਇਕ ਬਣੇ ਸ੍ਰੀ ਅਸ਼ਵਨੀ ਸੇਖੜੀ ਨੂੰ ਆਲ ਇੰਡੀਆ ਕਾਂਗਰਸ ਕਮੇਟੀ ਦੇ ਸਕੱਤਰ ਨਾਮਜ਼ਦ ਕੀਤਾ ਗਿਆ ਹੈ। ਇਸ ਦੇ ਨਾਲ ਹੀ ਜਲੰਧਰ ਤੋਂ ਲੋਕ ਸਭਾ ਮੈਂਬਰ ਮਹਿੰਦਰ ਸਿੰਘ ਕੇਪੀ ਨੂੰ ਕਾਂਗਰਸ ਵਰਕਿੰਗ ਕਮੇਟੀ ਦਾ ਵਿਸ਼ੇਸ਼ ਇਨਵਾਇਟੀ ਮੈਂਬਰ ਨਾਮਜ਼ਦ ਕੀਤਾ ਹੈ। ਇਸ ਦੌਰਾਨ ਸਾਬਕਾ ਲੋਕ ਸਭਾ ਮੈਂਬਰ ਜਗਮੀਤ ਸਿੰਘ ਬਰਾੜ ਹੁਣ ਕਾਂਗਰਸ ਵਰਕਿੰਗ ਕਮੇਟੀ ਦੇ ਮੈਂਬਰ ਨਹੀਂ ਰਹੇ। ਕਾਂਗਰਸ ਹਾਈ ਕਮਾਂਡ ਨੇ ਹੁਸ਼ਿਆਰਪੁਰ ਲੋਕ ਸਭਾ ਹਲਕੇ ਦੀ ਸੰਸਦ ਮੈਂਬਰ ਸੰਤੋਸ਼ ਚੌਧਰੀ ਨੂੰ ਕੇਂਦਰੀ ਰਾਜ ਮੰਤਰੀ ਬਣਾਇਆ ਹੈ।

ਕਾਂਗਰਸ ਹਾਈਕਮਾਂਡ ਨੇ ਨੌਜਵਾਨ ਆਗੂਆਂ ਵਿਚ ਭਰੋਸਾ ਪ੍ਰਗਟਾਇਆ ਹੈ। ਜਗਮੀਤ ਬਰਾੜ ਦੀ ਕਾਂਗਰਸ ਵਰਕਿੰਗ ਕਮੇਟੀ ਮੈਂਬਰ ਵਜੋਂ ਛੁੱਟੀ ਨੂੰ ਪੰਜਾਬ ਦੇ ਸਿਆਸੀ ਹਲਕੇ ਇਸ ਤਰ੍ਹਾਂ ਸਮਝ ਰਹੇ ਹਨ ਕਿ ਪਾਰਟੀ ਹਾਈ ਕਮਾਂਡ ਪੰਜਾਬ ਵਿਚ ਇਸ ਅਹਿਮ ਮੌਕੇ ਪ੍ਰਤਾਪ ਸਿੰਘ ਬਾਜਵਾ ਨੂੰ ਪ੍ਰਦੇਸ਼ ਕਾਂਗਰਸ ਪ੍ਰਧਾਨ ਵਜੋਂ ਮਜ਼ਬੂਤ ਕਰਨਾ ਚਾਹੁੰਦੀ ਹੈ। ਇਸ ਤੋਂ ਇਲਾਵਾ ਕਾਂਗਰਸ ਹਾਈਕਮਾਂਡ ਨੇ ਸੀਨੀਅਰ ਕਾਂਗਰਸੀ ਆਗੂ ਰਜਿੰਦਰ ਕੌਰ ਭੱਠਲ ਦੀ ਵੀ ਅਣਦੇਖੀ ਕੀਤੀ ਹੈ। ਪਾਰਟੀ ਅੰਦਰਲੇ ਸੂਤਰਾਂ ਦਾ ਮੰਨਣਾ ਹੈ ਕਿ ਇਸ ਫੇਰਬਦਲ ਨੂੰ ਆਲ ਇੰਡੀਆ ਕਾਂਗਰਸ ਕਮੇਟੀ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਦੀ ਵੀ ਮਨਜ਼ੂਰੀ ਹੈ।

## ਭਾਜਪਾ ਦਾ ਸਾਥ ਨਹੀਂ ਛੱਡਾਂਗੇ: ਬਾਦਲ

*(ਸਫਾ ਇਕ ਦੀ ਬਾਕੀ)*

ਉਭਰੇਗੀ। ਉਨ੍ਹਾਂ ਇਹ ਆਸ ਵੀ ਪ੍ਰਗਟਾਈ ਕਿ ਉਸ ਸਮੇਂ ਹਰ ਕੋਈ ਐਨ.ਡੀ.ਏ. ਵਿਚ ਆਉਣਾ ਚਾਹੇਗਾ ਅਤੇ ਲੋਕ ਕਾਂਗਰਸ ਨੂੰ ਰੱਦ ਕਰ ਦੇਣਗੇ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਵੀ ਸਪਸ਼ਟ ਕੀਤਾ ਹੈ ਕਿ ਉਹ ਭਾਜਪਾ ਦੇ ਪੱਕੇ ਸਾਥੀ ਬਣੇ ਰਹਿਣਗੇ ਕਿਉਂਕਿ ਭਾਜਪਾ-ਸ਼੍ਰੋਮਣੀ ਅਕਾਲੀ ਦਲ ਦਾ ਗੱਠਜੋੜ ਬਹੁਤ ਪੁਰਾਣਾ ਹੈ। ਭਾਜਪਾ ਆਪਣੀ ਅਗਵਾਈ ਕਿਸ ਆਗੂ ਦੇ ਹੱਥ ਦਿੰਦੀ ਹੈ, ਇਹ ਉਨ੍ਹਾਂ ਦਾ ਅੰਦਰੂਨੀ ਮਾਮਲਾ ਹੈ। ਸ਼੍ਰੋਮਣੀ ਅਕਾਲੀ ਦਲ ਦਖ਼ਲ ਨਹੀਂ ਦੇਵੇਗਾ।

ਇਸੇ ਦੌਰਾਨ ਸ. ਬਾਦਲ ਨੇ ਐਨ.ਡੀ.ਏ. ਦਾ ਕਨਵੀਨਰ ਬਣਨ ਤੋਂ ਨਾਂਹ ਕਰ ਦਿੱਤੀ ਹੈ। ਜਨਤਾ ਦਲ (ਯੂ.) ਦੇ ਮੁਖੀ ਸ਼ਰਦ ਯਾਦਵ ਵੱਲੋਂ ਇਸ ਅਹੁਦੇ ਤੋਂ ਅਸਤੀਫਾ ਦੇਣ ਤੋਂ ਬਾਅਦ ਸ੍ਰੀ ਬਾਦਲ ਦੇ ਨਾਮ ਦੀ ਸਿਆਸੀ ਹਲਕਿਆਂ ਵਿਚ ਚਰਚਾ ਚੱਲ ਰਹੀ ਸੀ ਅਤੇ ਭਾਜਪਾ ਆਗੂ ਵੀ ਇਹੀ ਚਾਹੁੰਦੇ ਹਨ। ਮੁੱਖ ਮੰਤਰੀ ਬਾਦਲ ਅਤੇ ਅਕਾਲੀ ਦਲ ਦੇ ਸਕੱਤਰ ਜਨਰਲ ਸੁਖਦੇਵ ਸਿੰਘ ਢੀਂਡਸਾ ਦਰਮਿਆਨ ਹੋਈ ਮੀਟਿੰਗ ਦੌਰਾਨ ਕੌਮੀ ਪੱਧਰ 'ਤੇ ਹੋਈ ਸਿਆਸੀ ਹਲਚਲ ਬਾਰੇ ਗੱਲਾਂ ਹੋਈਆਂ। ਇਨ੍ਹਾਂ ਵਿਚ ਸ. ਬਾਦਲ ਨੂੰ ਐਨ.ਡੀ.ਏ. ਦਾ ਕਨਵੀਨਰ ਬਣਾਉਣ ਬਾਰੇ ਹੋ ਰਹੀ ਚਰਚਾ ਬਾਰੇ ਵੀ ਚਰਚਾ ਹੋਈ।

## ਵਲੈਤੀ ਫੌਜੀਆਂ ਦੀ ਛੁੱਟੀ

**ਲੰਡਨ:** ਬਰਤਾਨੀਆ ਨੇ 2010 ਦੇ ਰੱਖਿਆ ਜਾਇਜ਼ੇ ਤੋਂ ਬਾਅਦ ਹੁਣ ਤਕ ਦੀ ਤੀਜੀ ਅਤੇ ਸਭ ਤੋਂ ਵੱਡੀ ਛਾਂਟੀ ਦੌਰਾਨ 4500 ਫੌਜੀਆਂ ਨੂੰ ਨੌਕਰੀ ਤੋਂ ਜਵਾਬ ਦੇ ਦਿੱਤਾ ਹੈ। ਕੈਮਰੌਨ ਸਰਕਾਰ ਦੇ ਇਸ ਤਾਜ਼ਾ ਫੈਸਲੇ ਤਹਿਤ ਕੁੱਲ 4480 ਫੌਜੀਆਂ ਨੂੰ ਘਰੀਂ ਜਾਣ ਦਾ ਹੁਕਮ ਦਿੱਤਾ ਗਿਆ ਹੈ। ਰੱਖਿਆ ਮੰਤਰਾਲੇ ਨੇ ਕਿਹਾ ਹੈ ਕਿ ਸਵੈ-ਇੱਛਕ ਤੌਰ 'ਤੇ ਨੌਕਰੀ ਛੱਡਣ ਵਾਲਿਆਂ ਨੂੰ ਛੇ ਮਹੀਨੇ ਵਿਚ ਅਤੇ ਲਾਜ਼ਮੀ ਛੱਡਣ ਵਾਲਿਆਂ ਨੂੰ ਇਕ ਸਾਲ ਵਿਚ ਫਾਰਗ ਕੀਤਾ ਜਾਵੇਗਾ।

## ਦਿੱਲੀ ਵਿਚ ਉਜਬੇਕ ਕੁੜੀਆਂ ਨਾਲ ਜਬਰ ਜਨਾਹ

**ਨਵੀਂ ਦਿੱਲੀ:** ਦਿੱਲੀ ਵਿਚ ਉਜਬੇਕਿਸਤਾਨ ਦੀਆਂ ਦੋ ਲੜਕੀਆਂ ਨਾਲ ਸਮੂਹਿਕ ਜਬਰ ਜਨਾਹ ਦਾ ਮਾਮਲਾ ਸਾਹਮਣੇ ਆਇਆ ਹੈ। ਦੋਵੇਂ ਸੈਲਾਨੀ ਵੀਜ਼ੇ 'ਤੇ ਭਾਰਤ ਆਈਆਂ ਸਨ ਅਤੇ ਪਹਾੜ ਗੰਜ ਦੇ ਇਕ ਹੋਟਲ ਵਿਚ ਠਹਿਰੀਆਂ ਹੋਇਆਂ ਸਨ। ਇਥੇ ਉਨ੍ਹਾਂ ਦੀ ਉਜਬੇਕਿਸਤਾਨ ਦੀ ਇਕ ਹੋਰ ਮਹਿਲਾ ਨਾਲ ਦੋਸਤੀ ਹੋ ਗਈ। ਮਹਿਲਾ ਬਸੰਤ ਕੁੰਜ ਦੇ ਡੀ. ਬਲਾਕ ਦੇ ਇਕ ਫਲੈਟ 'ਚ ਰਹਿੰਦੀ ਸੀ। ਲੜਕੀਆਂ ਨੂੰ ਉਸ 'ਤੇ ਵਿਸ਼ਵਾਸ ਹੋ ਗਿਆ। ਜਨਵਰੀ ਦੇ ਅਖਿਰ 'ਚ ਮਹਿਲਾ ਦੋਵੇਂ ਲੜਕੀਆਂ ਨੂੰ ਆਪਣੇ ਫਲੈਟ 'ਚ ਪੱਕੇ ਤੌਰ 'ਤੇ ਲੈ ਗਈ ਪਰ ਜਦ ਲੜਕੀਆਂ ਨੂੰ ਪਤਾ ਲੱਗਾ ਕਿ ਮਹਿਲਾ ਰੈਕੇਟ ਚਲਾਉਂਦੀ ਹੈ ਤਾਂ ਉਨ੍ਹਾਂ ਨੇ ਉਥੋਂ ਭੱਜਣ ਦੀ ਕੋਸ਼ਿਸ਼ ਕੀਤੀ ਪਰ ਕਾਮਯਾਬ ਨਹੀਂ ਹੋਈਆਂ। ਮਹਿਲਾਂ ਨੇ ਦੋਵਾਂ ਨੂੰ ਬੰਧਕ ਬਣਾ ਕੇ ਉਨ੍ਹਾਂ ਨੂੰ ਜਿਸਮਫਰੋਸ਼ੀ ਲਈ ਦਬਾਅ ਪਾਇਆ। ਇਨਕਾਰ ਕਰਨ 'ਤੇ ਉਨ੍ਹਾਂ ਦੀ ਕੁੱਟ-ਮਾਰ ਕੀਤੀ ਗਈ। ਇਸ ਦੌਰਾਨ ਇਕ ਲੜਕੀ ਗਰਭਵਤੀ ਵੀ ਹੋ ਗਈ। ਐਤਵਾਰ ਦੀ ਰਾਤ ਨੂੰ ਮੌਕਾ ਦੇਖ ਕੇ ਦੋਵਾਂ ਲੜਕੀਆਂ ਮਹਿਲਾ ਦੇ ਚੁੰਗਲ ਤੋਂ ਭੱਜ ਗਈਆਂ ਅਤੇ ਲਾਜਪਤ ਨਗਰ ਦੇ ਪੁਲਿਸ ਸਟੇਸ਼ਨ ਪਹੁੰਚੀਆਂ। ਪੁਲਿਸ ਨੇ ਕੇਸ ਦਰਜ ਕਰ ਕੇ ਪੜਤਾਲ ਸ਼ੁਰੂ ਕਰ ਦਿੱਤੀ ਹੈ।

# ਸੰਤੋਸ਼ ਚੌਧਰੀ ਦੇ ਮੰਤਰੀ ਬਣਨ 'ਤੇ ਕਾਂਗਰਸੀ ਵੀ ਹੈਰਾਨ

**ਚੰਡੀਗੜ੍ਹ:** ਕਾਂਗਰਸ ਹਾਈ ਕਮਾਂਡ ਵੱਲੋਂ ਹੁਸ਼ਿਆਰਪੁਰ ਲੋਕ ਸਭਾ ਹਲਕੇ ਦੀ ਸੰਸਦ ਮੈਂਬਰ ਸ੍ਰੀਮਤੀ ਸੰਤੋਸ਼ ਚੌਧਰੀ ਨੂੰ ਕੇਂਦਰੀ ਰਾਜ ਮੰਤਰੀ ਬਣਾਉਣ ਕਾਰਨ ਪੰਜਾਬ ਕਾਂਗਰਸ ਦੇ ਖੇਮਿਆਂ ਵਿਚ ਹੈਰਾਨੀ ਹੈ। ਆਮ ਚਰਚਾ ਸੀ ਕਿ ਪੰਜਾਬ ਦੇ ਕਿਸੇ ਦਲਿਤ ਸੰਸਦ ਮੈਂਬਰ ਨੂੰ ਮੰਤਰੀ ਮੰਡਲ ਵਿਚ ਸ਼ਾਮਲ ਕਰਨ ਦੀ ਸੂਰਤ ਵਿਚ ਜਲੰਧਰ ਲੋਕ ਸਭਾ ਹਲਕੇ ਤੋਂ ਸੰਸਦ ਮੈਂਬਰ ਮਹਿੰਦਰ ਸਿੰਘ ਕੇਪੀ ਦੇ ਨਾਂ ਉਪਰ ਮੋਹਰ ਲੱਗ ਸਕਦੀ ਹੈ।

ਸੂਤਰਾਂ ਅਨੁਸਾਰ ਜਦੋਂ ਕਾਂਗਰਸ ਹਾਈ ਕਮਾਂਡ ਨੇ ਪੰਜਾਬ ਦੇ ਇਨ੍ਹਾਂ ਦੋ ਕਾਂਗਰਸੀ ਆਗੂਆਂ ਨੂੰ ਮੰਤਰੀ ਮੰਡਲ ਵਿਚ ਲੈਣ ਦੀ ਚਰਚਾ ਕੀਤੀ ਤਾਂ ਪਹਿਲੇ ਦੌਰ ਵਿਚ ਕੇਪੀ ਦਾ ਨਾਂ ਆਇਆ, ਪਰ ਬਾਅਦ ਵਿਚ ਤੀਜੀ ਵਾਰ ਲੋਕ ਸਭਾ ਦੀ ਸੀਟ ਜਿੱਤਣ ਵਾਲੀ ਬੀਬੀ ਸੰਤੋਸ਼ ਚੌਧਰੀ 'ਤੇ ਹੀ ਸਹਿਮਤੀ ਬਣੀ। ਸਾਲ 2012 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ, ਕੇਪੀ ਦੇ ਲੋਕ ਸਭਾ ਹਲਕਾ ਜਲੰਧਰ ਅਧੀਨ ਆਉਂਦੀਆਂ ਕੁੱਲ ਨੌਂ ਸੀਟਾਂ ਹਾਰ ਗਈ ਸੀ ਤੇ ਇਹ ਅੰਕੜਾ ਹੀ ਕੇਪੀ ਨੂੰ ਮਹਿੰਗਾ ਪਿਆ ਜਾਪਦਾ ਹੈ।

ਪੰਡਿਤ ਜਵਾਹਰ ਲਾਲ ਨਹਿਰੂ ਨੂੰ ਆਪਣਾ ਆਦਰਸ਼ ਮੰਨਣ ਵਾਲੀ ਤੇ ਗੁੜ੍ਹਤੀ ਵਿਚੋਂ ਮਿਲੀ ਸਿਆਸਤ ਦੇ ਸਦਕੇ ਸੰਤੋਸ਼ ਚੌਧਰੀ ਨੇ ਹੌਲੀ-ਹੌਲੀ ਪੁਲਾਂਘਾਂ ਪੁੱਟਦਿਆਂ ਅੱਜ ਦੇਸ਼ ਦੀ ਸਿਆਸਤ ਵਿਚ ਆਪਣੇ ਪੈਰ ਮਜ਼ਬੂਤ ਕਰ ਲਏ ਹਨ। ਸੰਤੋਸ਼ ਚੌਧਰੀ ਨੂੰ ਸਿਹਤ ਤੇ ਪਰਿਵਾਰ ਭਲਾਈ ਰਾਜ ਮੰਤਰੀ ਵਜੋਂ ਕੇਂਦਰੀ ਮੰਤਰੀ ਮੰਡਲ ਵਿਚ ਸ਼ਾਮਲ ਕੀਤਾ ਗਿਆ ਹੈ। ਪੰਜਾਬ ਦੇ ਇਕਲੌਤੇ ਪੱਟੀਦਰਜ ਜ਼ਿਲ੍ਹੇ ਹੁਸ਼ਿਆਰਪੁਰ ਨਾਲ ਸੰਬੰਧ ਰੱਖਦੀ ਸ੍ਰੀਮਤੀ ਸੰਤੋਸ਼ ਚੌਧਰੀ ਆਪਣੇ 40 ਸਾਲ ਦੇ ਸਿਆਸੀ ਜੀਵਨ ਵਿਚ ਬਿਨਾਂ ਕਿਸੇ ਅਹੁਦੇ ਦੇ ਲਾਲਚ ਤੋਂ ਆਪਣੇ ਕੰਮ ਵਿਚ ਰੁੱਝੇ ਰਹੇ।



ਉਨ੍ਹਾਂ 20 ਵਰ੍ਹਿਆਂ ਦੀ ਉਮਰ ਵਿਚ ਹਿਮਾਚਲ ਪ੍ਰਦੇਸ਼ ਤੋਂ ਕਾਂਗਰਸ ਪਾਰਟੀ ਦੇ ਮੈਂਬਰ ਵਜੋਂ ਆਪਣੇ ਸਿਆਸੀ ਜੀਵਨ ਦੀ ਸ਼ੁਰੂਆਤ ਕੀਤੀ। 1975 ਵਿਚ ਸ੍ਰੀਮਤੀ ਇੰਦਰਾ ਗਾਂਧੀ ਵੱਲੋਂ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੀ ਚੇਅਰਪਰਸਨ ਨਿਯੁਕਤ ਕੀਤਾ ਗਿਆ। ਉਨ੍ਹਾਂ ਨੇ 11 ਸਾਲ ਤੱਕ ਕਮਿਸ਼ਨ ਵਿਚ ਔਰਤਾਂ ਨੂੰ ਅੱਗੇ ਲਿਆਉਣ ਦੀ ਕੋਸ਼ਿਸ਼ ਜਾਰੀ ਰੱਖੀ।

ਪੰਜਾਬ ਵਿਧਾਨ ਸਭਾ ਦੇ ਸਾਬਕਾ ਵਿਧਾਇਕ ਚੌਧਰੀ ਸੁੰਦਰ ਸਿੰਘ ਜਿਨ੍ਹਾਂ ਨੂੰ 'ਪੰਜਾਬ ਦਾ ਗਾਂਧੀ' ਕਹਿ ਕੇ ਬੁਲਾਇਆ ਜਾਂਦਾ ਸੀ, ਦੀ ਨੂੰਹ ਸ੍ਰੀਮਤੀ ਸੰਤੋਸ਼ ਚੌਧਰੀ ਨੇ ਗਰੀਬਾਂ ਲਈ ਸ਼ੁਰੂ ਕੀਤੀ ਵਿਸ਼ੇਸ਼ ਸਕੀਮ ਮਹਾਤਮਾ ਗਾਂਧੀ ਰਾਸ਼ਟਰੀ ਰੁਜ਼ਗਾਰ ਯੋਜਨਾ (ਮਨਰੇਗਾ) ਨੂੰ ਅਸਲ ਹੱਕਦਾਰਾਂ ਤੱਕ ਪਹੁੰਚਾਉਣ ਲਈ ਵਿਸ਼ੇਸ਼ ਯਤਨ ਕੀਤੇ। ਸਾਲ 2004 'ਚ ਸਫ਼ਾਈ ਕਰਮਚਾਰੀਆਂ ਦੇ ਕੌਮੀ ਕਮਿਸ਼ਨ ਦੀ ਚੇਅਰਪਰਸਨ ਬਣਨ 'ਤੇ ਇਨ੍ਹਾਂ ਨੇ ਮੈਲਾ ਢੋਣ ਵਾਲੇ ਮਜ਼ਦੂਰਾਂ ਦੇ ਵਿਕਾਸ ਲਈ ਕਈ ਕਦਮ ਚੁੱਕੇ।

## ਮੋਦੀ ਹੀ ਪੁਆੜੇ ਦੀ ਜੜ੍ਹ: ਅਡਵਾਨੀ

*(ਸਫਾ ਇਕ ਦੀ ਬਾਕੀ)*

ਕਿਹਾ ਕਿ ਜਨਤਾ ਦਲ ਦੇ ਭਾਜਪਾ ਨਾਲੋਂ ਵੱਖ ਹੋਣ ਦਾ ਕਾਰਨ ਸ੍ਰੀ ਮੋਦੀ ਦੀ ਭਾਜਪਾ ਦੇ ਚੋਣ ਪ੍ਰਚਾਰ ਕਮੇਟੀ ਦੇ ਮੁਖੀ ਵਜੋਂ ਨਿਯੁਕਤੀ ਲਈ ਕਾਹਲੀ ਵਿਚ ਕੀਤਾ ਗਿਆ ਫ਼ੈਸਲਾ ਜ਼ਿੰਮੇਵਾਰ ਹੈ। ਸ੍ਰੀ ਮੋਦੀ ਨੂੰ 2014 ਦੀਆਂ ਲੋਕ ਸਭਾ ਚੋਣਾਂ ਲਈ ਪਾਰਟੀ ਦੀ ਚੋਣ ਪ੍ਰਚਾਰ ਕਮੇਟੀ ਦੀ ਮੁਖੀ ਬਣਾਉਣ ਪਿੱਛੋਂ ਸ੍ਰੀ ਅਡਵਾਨੀ ਨੇ ਭਾਜਪਾ ਦੇ ਸਾਰੇ ਮੁੱਖ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ ਸੀ ਤੇ ਉਹ ਆਰ.ਐਸ.ਐਸ. ਦੇ ਮੁਖੀ ਮੋਹਨ ਭਾਗਵਤ ਦੇ ਦਖਲ ਪਿੱਛੋਂ ਹੀ ਅਸਤੀਫਾ ਵਾਪਸ ਲੈਣ ਲਈ ਰਾਜ਼ੀ ਹੋਏ ਸਨ।

# ਮੋਦੀ ਦੇ ਹਿੰਦੂਤਵੀ ਰੱਥ ਨੂੰ ਬਰੇਕਾਂ

*(ਸਫਾ ਇਕ ਦੀ ਬਾਕੀ)*

ਪੈ ਗਈ ਹੈ। ਇਸ ਵੇਲੇ ਐਨ.ਡੀ.ਏ. ਵਿਚ ਭਾਜਪਾ, ਸ਼ਿਵ ਸੈਨਾ ਤੇ ਸ਼੍ਰੋਮਣੀ ਅਕਾਲੀ ਦਲ (ਬ) ਹੀ ਰਹਿ ਗਏ ਹਨ। ਇਨ੍ਹਾਂ ਵਿਚੋਂ ਸ਼ਿਵ ਸੈਨਾ ਦਾ ਮਹਾਰਾਸ਼ਟਰ ਤੇ ਸ਼੍ਰੋਮਣੀ ਅਕਾਲੀ ਦਲ ਦਾ ਪੰਜਾਬ ਵਿਚ ਹੀ ਪ੍ਰਭਾਵ ਹੈ। ਪੰਜਾਬ ਵਿਚ ਸੱਤਾ ਵਿਰੋਧੀ ਹਵਾ ਦੇ ਚੱਲਦਿਆਂ ਅਕਾਲੀ ਦਲ ਦੇ ਹੱਥ ਕੁਝ ਸੀਟਾਂ ਹੀ ਲੱਗਣ ਦੇ ਆਸਾਰ ਹਨ ਤੇ ਉਧਰ ਬਾਲ ਠਾਕਰੇ ਦੀ ਮੌਤ ਅਤੇ ਆਪਸੀ ਖਿੱਚੋਤਾਣ ਕਾਰਨ ਸ਼ਿਵ ਸੈਨਾ ਦੀ ਹਾਲਤ ਵੀ ਤਸੱਲੀਬਖਸ਼ ਨਹੀਂ। ਇਸ ਸੂਰਤ ਵਿਚ ਕਾਂਗਰਸ ਦੀ ਅਗਵਾਈ ਵਾਲੇ ਸਾਂਝੇ ਪ੍ਰਗਤੀਸ਼ੀਲ ਗੱਠਜੋੜ (ਯੂ.ਪੀ.ਏ.) ਦੇ ਖੇਮਿਆਂ ਵਿਚ ਖੁਸ਼ੀ ਹੈ।

ਉਧਰ, ਭਾਜਪਾ ਨੇ ਜਨਤਾ ਦਲ (ਯੂ.) ਦੇ ਫੈਸਲੇ ਨੂੰ ਮੰਦਭਾਗਾ ਕਿਹਾ ਹੈ ਪਰ ਨਾਲ ਹੀ ਦਾਅਵਾ ਕੀਤਾ ਹੈ ਕਿ ਛੇਤੀ ਹੀ ਦੋ ਹੋਰ ਪਾਰਟੀਆਂ ਐਨ.ਡੀ.ਏ. ਦੀ ਭਾਈਵਾਲ ਬਣ ਜਾਣਗੀਆਂ। ਇਸ ਦੇ ਜਵਾਬ ਵਿਚ ਨਿਤੀਸ਼ ਕੁਮਾਰ ਦਾ ਕਹਿਣਾ ਹੈ ਕਿ ਉਹ ਆਪਣੇ ਬੁਨਿਆਦੀ ਸਿਧਾਂਤਾਂ ਨਾਲ ਸਮਝੌਤਾ ਨਹੀਂ ਕਰ ਸਕਦੇ। ਇਸ ਫੈਸਲੇ ਦੇ ਸਿੱਟਿਆਂ ਦੀ ਵੀ ਉਨ੍ਹਾਂ ਨੂੰ ਕੋਈ ਪ੍ਰਵਾਹ ਨਹੀਂ ਹੈ। ਬਿਹਾਰ ਵਿਚ ਉਨ੍ਹਾਂ ਦੀ ਸਰਕਾਰ ਨੂੰ ਕੋਈ ਖਤਰਾ ਨਹੀਂ ਪਰ ਕੇਂਦਰ ਵਿਚ ਅਜੇ ਉਨ੍ਹਾਂ ਕੋਲ ਕੋਈ ਬਦਲ ਨਹੀਂ। ਇਹ ਫੈਸਲਾ ਕਰਨ ਲਈ ਉਨ੍ਹਾਂ ਨੂੰ ਮਜਬੂਰ ਕੀਤਾ ਗਿਆ ਹੈ ਤੇ ਉਹ ਇਸ ਲਈ ਜ਼ਿੰਮੇਵਾਰ ਨਹੀਂ ਹਨ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ

ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ

ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

## ਭਾਰਤ 2028 ਤੱਕ ਬਣੇਗਾ ਸਭ ਤੋਂ ਵੱਧ ਆਬਾਦੀ ਵਾਲਾ ਮੁਲਕ

**ਸੰਯੁਕਤ ਰਾਸ਼ਟਰ:** ਭਾਰਤ ਸਾਲ 2028 ਤੱਕ ਚੀਨ ਨੂੰ ਪਛਾੜ ਕੇ ਦੁਨੀਆਂ ਦਾ ਸਭ ਤੋਂ ਵੱਧ ਆਬਾਦੀ ਵਾਲਾ ਮੁਲਕ ਬਣ ਜਾਵੇਗਾ। ਉਦੋਂ ਇਨ੍ਹਾਂ ਦੋਵਾਂ ਮੁਲਕਾਂ ਦੀ ਆਪਣੀ-ਆਪਣੀ ਆਬਾਦੀ 1.45 ਅਰਬ ਨੂੰ ਪਾਰ ਕਰ ਜਾਵੇਗੀ।

ਸੰਯੁਕਤ ਰਾਸ਼ਟਰ ਦੀ ਰਿਪੋਰਟ 'ਵਰਲਡ ਪਾਪੂਲੇਸ਼ਨ ਪ੍ਰਾਸਪੈਕਟਸ: ਦਿ 2012 ਵਿਜ਼ਨ' ਮੁਤਾਬਕ ਦੁਨੀਆਂ ਦੀ ਆਬਾਦੀ ਅਗਲੇ ਮਹੀਨੇ 7.2 ਅਰਬ ਹੋ ਜਾਵੇਗੀ ਤੇ ਸਾਲ 2100 ਤੱਕ ਇਹ 10.9 ਅਰਬ ਤੱਕ ਪਹੁੰਚ ਜਾਵੇਗੀ। ਆਬਾਦੀ ਵਿਚ ਹੋਣ ਵਾਲਾ ਇਹ ਵਾਧਾ ਮੁੱਖ ਤੌਰ 'ਤੇ ਵਿਕਾਸਸ਼ੀਲ ਦੇਸ਼ਾਂ ਵਿਚ ਹੀ ਹੋਵੇਗਾ। ਇਸ ਵਾਧੇ ਵਿਚ ਅੱਧੇ ਤੋਂ ਵੱਧ ਯੋਗਦਾਨ ਅਫਰੀਕਾ ਦਾ ਹੋਵੇਗਾ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਸਾਲ 2028 ਤੱਕ ਭਾਰਤ, ਚੀਨ ਨੂੰ ਪਿੱਛੇ ਛੱਡ ਕੇ ਸਭ ਤੋਂ ਵੱਧ ਆਬਾਦੀ ਵਾਲਾ ਮੁਲਕ ਬਣ ਜਾਵੇਗਾ। ਉਦੋਂ ਦੋਵਾਂ ਮੁਲਕਾਂ ਦੀ ਆਪਣੀ-ਆਪਣੀ ਆਬਾਦੀ 1.45 ਅਰਬ ਨੂੰ ਪਾਰ ਕਰ ਜਾਵੇਗੀ। ਇਸ ਮਗਰੋਂ ਵੀ ਭਾਰਤ ਦੀ ਆਬਾਦੀ ਵਧਦੀ ਰਹੇਗੀ, ਜਦਕਿ ਚੀਨ ਦੀ ਆਬਾਦੀ ਵਿਚ ਗਿਰਾਵਟ ਸ਼ੁਰੂ ਹੋ ਜਾਵੇਗੀ। ਰਿਪੋਰਟ ਮੁਤਾਬਕ ਵਿਕਸਤ ਦੇਸ਼ਾਂ ਦੀ ਆਬਾਦੀ ਹੁਣ ਤਕਰੀਬਨ 1.3 ਅਰਬ ਹੈ, ਜੋ 2050 ਤੱਕ ਇਸੇ ਦੇ ਨੇੜੇ-ਤੇੜੇ ਰਹੇਗੀ।

## ਅਟਾਰਨੀ ਪੰਨੂ ਨੇ ਮਾਨ ਦਲ ਦੇ ਮੈਂਬਰ ਨੂੰ ਸਿਆਸੀ ਸ਼ਰਨ ਦਿਵਾਈ

**ਨਿਊ ਯਾਰਕ (ਬਿਊਰੋ):** ਇਮੀਗ੍ਰੇਸ਼ਨ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਦੀ ਪੈਰਵੀ ਨਾਲ ਅਕਾਲੀ ਦਲ (ਅੰਮ੍ਰਿਤਸਰ) ਦੇ ਮੈਂਬਰ ਗੁਰਸੇਵਕ ਸਿੰਘ ਨੂੰ ਨਿਊ ਯਾਰਕ ਦੇ ਇਮੀਗ੍ਰੇਸ਼ਨ ਜੱਜ ਨੇ ਸਿਆਸੀ ਸ਼ਰਨ ਦੇ ਦਿੱਤੀ ਹੈ। ਗੁਰਸੇਵਕ ਸਿੰਘ ਨੇ ਸਿਆਸੀ ਸ਼ਰਣ ਦੀ ਆਪਣੀ ਅਰਜੀ ਵਿਚ ਕਿਹਾ ਸੀ ਕਿ ਮਾਨ ਦਲ ਵਿਚ ਸਰਗਰਮੀਆਂ ਕਰਕੇ ਪੁਲਿਸ ਉਸ ਦੇ ਮਗਰ ਪਈ ਹੋਈ ਸੀ ਜਿਸ ਤੋਂ ਜਾਨ ਬਚਾਉਣ ਲਈ ਉਹ ਭਾਰਤ ਛੱਡ ਆਇਆ ਸੀ।

ਅਮਰੀਕਾ ਵਿਚ ਦਾਖਲ ਹੋਣ 'ਤੇ ਸਰਹੱਦ ਉਤੇ ਉਸ ਨੂੰ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਗ੍ਰਿਫਤਾਰ ਕਰ ਲਿਆ ਸੀ। ਅਟਾਰਨੀ ਪੰਨੂ ਅਨੁਸਾਰ ਮਾਨ ਧੜੇ ਦੇ ਜਿਨ੍ਹਾਂ ਮੈਂਬਰਾਂ ਨੂੰ ਹਾਲ ਵਿਚ ਹੀ ਅਮਰੀਕੀ ਇਮੀਗ੍ਰੇਸ਼ਨ ਨੇ ਰਿਹਾ ਕੀਤਾ ਹੈ, ਉਨ੍ਹਾਂ ਨੂੰ ਅਮਰੀਕਾ ਵਿਚ ਦਾਖਲ ਹੋਣ ਦੇ ਇਕ ਸਾਲ ਦੇ ਅੰਦਰ ਅੰਦਰ ਸਿਆਸੀ ਸ਼ਰਨ ਲਈ ਆਪਣੀ ਅਰਜ਼ੀ ਦਾਇਰ ਕਰ ਦੇਣੀ ਚਾਹੀਦੀ ਹੈ। ਅਰਜ਼ੀ ਦਾਇਰ ਕਰਨ ਤੋਂ 150 ਦਿਨਾਂ ਬਾਅਦ ਉਹ ਵਰਕ ਪਰਮਿਟ ਲੈਣ ਦੇ ਯੋਗ ਹੋ ਜਾਣਗੇ।

## ਹਸਨ ਰੂਹਾਨੀ ਬਣੇ ਇਰਾਨ ਦੇ ਰਾਸ਼ਟਰਪਤੀ

**ਤਹਿਰਾਨ:** ਮੌਲਵੀ ਹਸਨ ਰੂਹਾਨੀ ਨੂੰ ਇਰਾਨ ਦਾ ਨਵਾਂ ਰਾਸ਼ਟਰਪਤੀ ਐਲਾਨਿਆ ਗਿਆ। ਇਸ ਨਾਲ ਇਰਾਨ ਵਿਚ ਅੱਠ ਸਾਲਾਂ ਤੋਂ ਕੱਟੜਵਾਦੀਆਂ ਦਾ ਕਬਜ਼ਾ ਮੁੱਕ ਗਿਆ।

ਸਾਬਕਾ ਪਰਮਾਣੂ ਵਾਰਤਾਕਾਰ ਰੂਹਾਨੀ ਨੇ 1.86 ਕਰੋੜ ਵੋਟਾਂ ਹਾਸਲ ਕੀਤੀਆਂ ਜੋ ਕੁੱਲ ਜਾਇਜ਼ ਵੋਟਾਂ ਦਾ 50.68 ਫੀਸਦੀ ਹਨ। ਉਨ੍ਹਾਂ ਦੀ ਜਿੱਤ ਦਾ ਐਲਾਨ ਕਰਦਿਆਂ ਇਰਾਨ ਦੇ ਗ੍ਰਹਿ ਮੰਤਰੀ ਮੁਹੰਮਦ ਮੁਸਤਫਾ ਨਜ਼ਰ ਨੇ ਕਿਹਾ ਕਿ 5.05 ਕਰੋੜ ਵੋਟਰਾਂ ਵਿਚੋਂ ਕੁੱਲ 72.7 ਫੀਸਦੀ (3.67) ਕਰੋੜ ਲੋਕਾਂ ਨੇ ਆਪਣੀ ਵੋਟ ਦੇ ਹੱਕ ਦੀ ਵਰਤੋਂ ਕੀਤੀ।ਇਨ੍ਹਾਂ ਵਿਚੋਂ ਰੂਹਾਨੀ ਨੂੰ 1.86 ਕਰੋੜ ਵੋਟਾਂ ਮਿਲੀਆਂ ਜੋ 50.68 ਫੀਸਦੀ ਹਨ। ਤਹਿਰਾਨ ਦੇ ਮੇਅਰ ਮੁਹੰਮਦ ਬਾਕਰ ਕਲੀਬਾਫ ਨੂੰ 60.7 ਲੱਖ ਵੋਟਾਂ ਮਿਲੀਆਂ। ਇਸ ਤਰ੍ਹਾਂ ਇਹ ਗੱਲ ਸਾਫ ਹੋ ਗਈ ਕਿ ਰੂਹਾਨੀ ਨੂੰ ਬਾਕਰ ਖ਼ਿਲਾਫ਼ ਫੈਸਲਾਕੁਨ ਚੋਣ (ਰਨ ਆਫ) ਨਹੀਂ ਲੜਨੀ ਪਵੇਗੀ।

ਮੌਜੂਦਾ ਰਾਸ਼ਟਰਪਤੀ ਅਹਿਮਦੀਨੇਜਾਦ ਨੇ ਆਪ ਚੋਣ ਨਹੀਂ ਲੜੀ ਕਿਉਂਕਿ ਉਹ ਦੋ ਵਾਰ ਰਾਸ਼ਟਰਪਤੀ ਬਣ ਚੁੱਕੇ ਹਨ ਪਰ ਉਨ੍ਹਾਂ ਦੇ ਉਮੀਦਵਾਰ ਤੇ ਮੌਜੂਦਾ ਪਰਮਾਣੂ ਵਾਰਤਾਕਾਰ ਸਈਦ ਜਲੀਲੀ ਨੂੰ ਸਿਰਫ 31.7 ਲੱਖ ਵੋਟਾਂ ਮਿਲੀਆਂ ਤੇ ਉਹ ਤੀਸਰੇ ਨੰਬਰ 'ਤੇ ਰਹੇ।

# ਡੇਢ ਸਦੀ ਪੁਰਾਣੀ ਟੈਲੀਗ੍ਰਾਫ ਸੇਵਾ ਬੰਦ ਕਰਨ ਦਾ ਫੈਸਲਾ

**ਚੰਡੀਗੜ੍ਹ:** ਬੀਐਸਐਨਐਲ ਵੱਲੋਂ 160 ਸਾਲ ਪੁਰਾਣੀ ਟੈਲੀਗ੍ਰਾਫ ਸੇਵਾ ਨੂੰ 15 ਜੁਲਾਈ ਤੋਂ ਬੰਦ ਕਰਨ ਦਾ ਫੈਸਲਾ ਲੈ ਲਿਆ ਗਿਆ ਹੈ। ਕਿਸੇ ਸਮੇਂ ਤੇਜ਼ ਰਫ਼ਤਾਰ ਤੇ ਜ਼ਰੂਰੀ ਸੰਚਾਰ ਦਾ ਸਾਧਨ ਰਹੀ ਇਸ ਸੇਵਾ ਨੇ ਲੰਮਾ ਸਮਾਂ ਦੇਸ਼ ਭਰ ਵਿਚ ਕਈਆਂ ਨੂੰ ਹਸਾਉਣ ਵਾਲੇ ਤੇ ਕਈਆਂ ਨੂੰ ਦਿਲ ਦਹਿਲਾ ਦੇਣ ਵਾਲੇ ਸੁਨੇਹੇ ਪਹੁੰਚਾਏ ਸਨ। ਨਵੀਂ ਤਕਨਾਲੋਜੀ ਤੇ ਸੰਚਾਰ ਦੇ ਨਵੇਂ ਸਾਧਨਾਂ ਦੀ ਆਮਦ ਨੇ ਇਸ ਨੂੰ ਪਿਛਾਂਹ ਧੱਕ ਦਿੱਤਾ।

ਭਾਰਤ ਸੰਚਾਰ ਸੇਵਾ ਦੇ ਟੈਲੀਗ੍ਰਾਫ ਸੇਵਾਵਾਂ ਦੇ ਸੀਨੀਅਰ ਜਨਰਲ ਮੈਨੇਜਰ ਸ਼ਮੀਮ ਅਖ਼ਤਰ ਵੱਲੋਂ ਕਾਰਪੋਰੇਟ ਦਫਤਰ ਨਵੀਂ ਦਿੱਲੀ ਤੋਂ ਜਾਰੀ ਸਰਕੂਲਰ ਵਿਚ ਦੱਸਿਆ ਗਿਆ ਹੈ ਕਿ ਇਹ ਸੇਵਾ 15 ਜੁਲਾਈ, 2013 ਤੋਂ ਬੰਦ ਕਰ ਦਿੱਤੀ ਜਾਏਗੀ। ਵੱਖ-ਵੱਖ ਟੈਲੀਕਾਮ ਜ਼ਿਲ੍ਹਿਆਂ ਤੇ ਸਰਕਲ ਦਫਤਰਾਂ ਨੂੰ ਭੇਜੇ ਸਰਕੂਲਰ ਵਿਚ ਸਬੰਧਤ ਅਥਾਰਟੀ ਨੇ ਦੱਸਿਆ ਹੈ ਕਿ ਇਸ ਦੇ



ਸਿੱਟੇ ਵਜੋਂ ਬੀਐਸਐਨਐਲ ਦੇ ਪ੍ਰਬੰਧਨ ਹੇਠ ਆ ਗਏ ਸਾਰੇ ਟੈਲੀਗ੍ਰਾਫ ਦਫਤਰ ਹੁਣ 15 ਜੁਲਾਈ ਤੋਂ ਟੈਲੀਗ੍ਰਾਮਾਂ ਦੀ ਬੁਕਿੰਗ ਬੰਦ ਕਰ ਦੇਣਗੇ।

ਸਰਕੂਲਰ ਵਿਚ ਇਹ ਨਿਰਦੇਸ਼ ਵੀ ਦਿੱਤੇ ਗਏ ਹਨ ਕਿ ਟੈਲੀਕਾਮ ਦਫਤਰ ਲਾਗ ਬੁੱਕਾਂ, ਸੇਵਾ ਸੁਨੇਹੇ, ਡਿਲਿਵਰੀ ਸਲਿੱਪਾਂ ਕੇਵਲ ਬੁਕਿੰਗ ਦੇ ਛੇ ਮਹੀਨੇ ਤੱਕ ਰਿਕਾਰਡ ਵਿਚ ਰੱਖਣ ਪਰ ਸ਼ਿਕਾਇਤਾਂ, ਪ੍ਰੈਸ ਰਿਪੋਰਟਾਂ ਤੇ ਵੱਖ-ਵੱਖ ਖਪਤਕਾਰ ਫੋਰਮਾਂ ਦੇ ਹੋਰ ਸੁਨੇਹੇ ਇਕ ਸਾਲ ਤੱਕ ਸੰਭਾਲੇ ਜਾਣ। ਦਿੱਲੀ ਵਿਚ ਬੀਐਸਐਨਐਲ ਦੇ ਸੂਤਰਾਂ ਨੇ ਦੱਸਿਆ ਕਿ ਉਨ੍ਹਾਂ ਨੇ ਸਰਕਾਰ ਨੂੰ ਇਸ ਕੰਮ ਵਿਚ ਸਹਿਯੋਗ ਦੇਣ ਲਈ ਕਿਹਾ ਸੀ ਕਿਉਂਕਿ ਕਮਰਸ਼ਲੀ ਇਹ ਕੰਮ ਚੱਲ ਨਹੀਂ ਰਿਹਾ ਸੀ ਪਰ ਸਰਕਾਰ ਨੇ ਬੀਐਸਐਨਐਲ ਬੋਰਡ ਨੂੰ ਫੈਸਲਾ ਕਰਨ ਲਈ ਕਹਿ ਦਿੱਤਾ। ਘੱਟ ਰਹੀ ਆਮਦਨ ਦੇ ਮੱਦੇਨਜ਼ਰ ਮਈ 2011 ਵਿਚ ਸਰਕਾਰ ਨੇ ਟੈਲੀਗ੍ਰਾਮ ਫੀਸ ਵਿਚ 60 ਸਾਲ ਦੇ ਵਕਫੇ ਮਗਰੋਂ ਵਾਧਾ ਕੀਤਾ ਸੀ। ਇਹ ਸੇਵਾਵਾਂ 3/50, 4/50 ਤੋਂ 27/50 ਰੁਪਏ ਦੀਆਂ ਕਰ ਦਿੱਤੀਆਂ ਗਈਆਂ ਸਨ। ਦੋ ਮਹੀਨੇ ਪਹਿਲਾਂ ਬੀਐਸਐਨਐਲ ਨੇ ਓਵਰਸੀਜ਼ ਸੇਵਾ ਬੰਦ ਕਰ ਦਿੱਤੀ ਸੀ।

## ਯੂ.ਐਨ.ਓ. 'ਚ ਹੋਵੇਗੀ ਸਜ਼ਾ-ਏ-ਮੌਤ ਖਤਮ ਕਰਨ ਬਾਰੇ ਵਿਚਾਰ

**ਸੰਯੁਕਤ ਰਾਸ਼ਟਰ:** ਸਜ਼ਾ-ਏ-ਮੌਤ ਖ਼ਿਲਾਫ਼ ਵਧ ਰਹੇ ਵਿਰੋਧ ਦਾ ਸਵਾਗਤ ਕਰਦਿਆਂ ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਬਾਨ ਕੀ ਮੂਨ ਨੇ ਫਿਕਰ ਜ਼ਾਹਿਰ ਕੀਤਾ ਹੈ ਕਿ ਕੁਝ ਦੇਸ਼ਾਂ ਵਿਚ ਅਕਸਰ ਕੌਮਾਂਤਰੀ ਮਾਪਦੰਡਾਂ ਦੀ ਉਲੰਘਣਾ ਕਰਕੇ ਫਾਂਸੀ ਦੀ ਸਜ਼ਾ ਦਿੱਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਇਸ ਮਹੀਨੇ ਦੇ ਅਖੀਰ ਵਿਚ ਸੰਯੁਕਤ ਰਾਸ਼ਟਰ ਵੱਲੋਂ ਇਸ ਮੁੱਦੇ ਉੱਪਰ ਵਿਚਾਰ ਕੀਤੀ ਜਾਵੇਗੀ।

ਸ੍ਰੀ ਬਾਨ ਨੇ ਮੈਡਰਿਡ ਵਿਚ ਪੰਜਵੀਂ ਵਿਸ਼ਵ ਕਾਂਗਰਸ ਲਈ ਸਜ਼ਾ-ਏ-ਮੌਤ ਖ਼ਿਲਾਫ਼ ਆਪਣੇ ਸੰਦੇਸ਼ ਵਿਚ ਕਿਹਾ ਕਿ ਮੌਤ ਦੀ ਸਜ਼ਾ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਬਾਰੇ ਹਰ ਖੇਤਰ, ਹਰ ਕਾਨੂੰਨੀ ਪ੍ਰਣਾਲੀ, ਪਰੰਪਰਾ, ਰਿਵਾਜ਼ ਤੇ ਹਰੇਕ ਧਾਰਮਿਕ ਪਿਛੋਕੜ ਦਾ ਸਮਰਥਨ ਹਾਸਲ ਹੈ। 150 ਤੋਂ ਵੱਧ ਮੁਲਕਾਂ ਨੇ ਜਾਂ ਤਾਂ ਸਜ਼ਾ-ਏ-ਮੌਤ ਖ਼ਤਮ ਕਰ ਦਿੱਤੀ ਹੈ ਜਾਂ ਉਹ ਕਿਸੇ ਅਪਰਾਧੀ ਨੂੰ ਇਹ ਸਜ਼ਾ ਨਹੀਂ ਦਿੰਦੇ। ਪਿਛਲੇ ਸਾਲ ਸੰਯੁਕਤ ਰਾਸ਼ਟਰ ਦੇ 174 ਮੈਂਬਰ ਦੇਸ਼ਾਂ ਨੇ ਫਾਂਸੀ ਦੀ ਸਜ਼ਾ ਨਹੀਂ ਦਿੱਤੀ।

ਸ੍ਰੀ ਮੂਨ ਨੇ ਕਿਹਾ ਕਿ ਇਸ ਸਕਾਰਾਤਮਕ ਸੰਕੇਤਾਂ ਦੇ ਬਾਵਜੂਦ ਮੈਨੂੰ ਇਸ ਗੱਲ ਦੀ ਬਹੁਤ ਚਿੰਤਾ ਹੈ ਕਿ ਕੁਝ ਦੇਸ਼ ਹਾਲੇ ਵੀ ਸਜ਼ਾ-ਏ-ਮੌਤ ਦੇ ਰਹੇ ਹਨ ਤੇ ਹਰ ਸਾਲ ਅਕਸਰ ਕੌਮਾਂਤਰੀ ਮਾਪਦੰਡਾਂ ਦੀ ਉਲੰਘਣਾ ਕਰਕੇ ਹਜ਼ਾਰਾਂ ਲੋਕਾਂ ਨੂੰ ਫਾਂਸੀ ਦਿੱਤੀ ਜਾਂਦੀ ਹੈ। ਕੁਝ ਮੁਲਕਾਂ ਨੇ ਲੰਮੇ ਸਮੇਂ ਤੱਕ ਸਜ਼ਾ-ਏ-ਮੌਤ ਨਾ ਦੇਣ ਮਗਰੋਂ ਮੁੜ ਇਹ ਸਜ਼ਾ ਦੇਣੀ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸਜ਼ਾ-ਏ-ਮੌਤ ਖ਼ਤਮ ਕਰਨ ਦੇ ਮੁੱਦੇ ਉੱਪਰ ਇਸ ਮਹੀਨੇ ਦੇ ਅਖ਼ੀਰ ਵਿਚ ਨਿਊਯਾਰਕ ਵਿਚ ਸੰਯੁਕਤ ਰਾਸ਼ਟਰ ਪੈਨਲ ਵਿਚ ਚਰਚਾ ਕੀਤੀ ਜਾਵੇਗੀ।

**Matrimonials**

***ਕੰਨਿਆ ਦੀ ਲੋੜ ਹੈ***

ਜੱਟ ਸਿੱਖ ਇਲੈਕਟਰੀਕਲ ਇੰਜੀਨੀਅਰ, ਉਮਰ 26 ਸਾਲ, ਕੱਦ 5'-7" ਅਮਰੀਕੀ ਸਿਟੀਜ਼ਨ ਲੜਕੇ ਲਈ ਅਮਰੀਕਾ ਰਹਿੰਦੀ ਪ੍ਰੋਫੈਸ਼ਨਲ ਜੱਟ ਸਿੱਖ ਲੜਕੀ ਦੀ ਲੋੜ ਹੈ। ਸਟੱਡੀ ਵੀਜ਼ੇ 'ਤੇ ਆਈ ਲੜਕੀ 'ਤੇ ਵੀ ਵਿਚਾਰ ਹੋ ਸਕਦੀ ਹੈ। ਸੰਪਰਕ ਕਰੋ: 209-675-5441

*(22-4)*

***punjabtimesusa.com***

**HJ Logistics Corp.**

*Hanover Park, IL*

**ਓਨਰ ਅਪਰੇਟਰ ਚਾਹੀਦੇ ਹਨ**

**24/7 ਡਿਸਪੈਚ, ਡਾਇਰੈਕਸ਼ਨਾਂ ਲਈ ਮਦਦ**

**Need Owner Operators**



**50% Fuel Advance**
**24/7 Dispatch and help with Directions**

**Contact: 630-504-8584**

**Quick Stop 40, Oklahoma**

***Help Wanted***

**ਟਰੱਕ ਸਟਾਪ ਲਈ ਕੈਸ਼ੀਅਰ, ਡੀਜ਼ਲ ਤੇ ਕਾਰ ਮਕੈਨਿਕ ਦੀ ਲੋੜ ਹੈ**

**ਕਾਲ ਕਰੋ:832-512-7172**

**ਦੁਨੀਆਂ ਭਰ ਵਿਚ ਸੁਣਿਆ ਜਾ ਰਿਹਾ**

RADIO CHARDI KALA

**ਰੇਡੀਓ ਚੜ੍ਹਦੀ ਕਲਾ**

**ਡਾਇਲ ਕਰੋ ਤੇ ਸੁਣੋ**

832-551-5038 ਰੇਡੀਓ ਚੜ੍ਹਦੀ ਕਲਾ 24/7
www.radiock.com
702-489-0222 ਖਾਲਸਾ ਰੇਡੀਓ 24/7 (ਗੁਰਬਾਣੀ)
www.khalsaradio.org
702-489-0228 ਆਪਣਾ ਪੰਜਾਬ 24/7 (ਭੰਗੜਾ ਮਿਊਜ਼ਿਕ)
www.apnapunjabradio.com
702-489-0229 ਦੇਸੀ ਬਾਈਟ ਰੇਡੀਓ 24/7 (ਬਾਲੀਵੁਡ ਮਿਊਜ਼ਿਕ)
www.desibiteradio.com

**ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ**

Wifi Radio ਖਰੀਦਣ ਅਤੇ ਹੋਰ ਜਾਣਕਾਰੀ ਲਈ

**ਫੋਨ: 510-900-3600**

***Radio CK, PO Box 296, Fremont, CA 94537***

**OKKJI Transfer LLC.**

**15238 Radiance Dr., Noblesville, IN, 46060**

**ਓਨਰ ਅਪਰੇਟਰ ਚਾਹੀਦੇ ਹਨ**

*ਲੋਕਲ ਤੇ ਲੌਂਗ ਰੂਟ
*ਡਰਾਈ ਅਤੇ ਰੀਫਰ ਲੋਡ
ਕਾਗਜ਼ ਦਿਓ ਤੇ ਪੈਸੇ ਲਓ



**ਟਰੱਕ ਪਾਰਕਿੰਗ ਮਾਸਿਕ ਰੈਂਟ 'ਤੇ ਉਪਲਬਧ ਹੈ**

**ਸੰਪਰਕ ਕਰੋ:**

**Toll Free: 1-855-966-5554**

**Manny Sandhu: 317-603-1000, Sam Bhullar: 732-486-9045**
**Fax: 317-774-9665**

# ਪੰਚਾਇਤੀ ਚੋਣਾਂ: ਪਿੰਡਾਂ ਦੀ ਸਿਆਸਤ ਵਿਚ ਆਇਆ ਉਬਾਲ

## ਤਿੰਨ ਜੁਲਾਈ ਨੂੰ ਪੈਣਗੀਆਂ ਵੋਟਾਂ

**ਚੰਡੀਗੜ੍ਹ:** ਪੰਜਾਬ ਵਿਚ ਪੰਚਾਇਤਾਂ ਚੋਣਾਂ ਲਈ ਤਿੰਨ ਜੁਲਾਈ ਨੂੰ ਪੈ ਰਹੀਆਂ ਵੋਟਾਂ ਲਈ ਪਿੰਡਾਂ ਦੀ ਸਿਆਸਤ ਵਿਚ ਉਬਾਲ ਆ ਗਿਆ ਹੈ। ਹਾਈ ਕੋਰਟ ਵੱਲੋਂ ਪੰਚਾਇਤਾਂ ਦੀ ਵਾਰਡਬੰਦੀ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਖਾਰਜ ਕਰਨ ਤੋਂ ਤੁਰੰਤ ਬਾਅਦ ਸੂਬਾਈ ਚੋਣ ਕਮਿਸ਼ਨ ਸਰਗਰਮ ਹੋ ਗਿਆ ਤੇ ਤਿੰਨ ਜੁਲਾਈ ਨੂੰ ਚੋਣਾਂ ਕਰਾਉਣ ਦਾ ਐਲਾਨ ਕਰ ਦਿੱਤਾ।

ਪੰਚਾਇਤਾਂ ਚੋਣਾਂ ਲਈ ਜਾਰੀ ਨੋਟੀਫਿਕੇਸ਼ਨ ਅਨੁਸਾਰ 19, 20, 21 ਤੇ 22 ਜੂਨ ਨੂੰ ਸਰਪੰਚੀ ਤੇ ਪੰਚੀ ਲਈ ਨਾਮਜ਼ਦਗੀ ਕਾਗਜ਼ ਦਾਖਲ ਕੀਤੇ ਜਾਣਗੇ। ਇਸੇ ਤਰ੍ਹਾਂ 24 ਜੂਨ ਨੂੰ ਕਾਗਜ਼ਾਂ ਦੀ ਪੜਤਾਲ ਹੋਵੇਗੀ ਤੇ 25 ਜੂਨ ਨੂੰ ਕਾਗਜ਼ ਵਾਪਸ ਲਏ ਜਾ ਸਕਦੇ ਹਨ। ਵੋਟਾਂ ਤਿੰਨ ਜੁਲਾਈ ਨੂੰ ਪੈਣਗੀਆਂ ਤੇ ਉਸੇ ਦਿਨ ਵੋਟਾਂ ਦੀ ਗਿਣਤੀ ਕੀਤੀ ਜਾਵੇਗੀ ਤੇ ਦੇਰ ਸ਼ਾਮ ਤੱਕ ਨਤੀਜੇ ਐਲਾਨ ਦਿੱਤੇ ਜਾਣਗੇ। ਇਹ ਵੋਟਾਂ ਬੈਲਟ ਪੇਪਰ ਰਾਹੀਂ ਪਾਈਆਂ ਜਾਣਗੀਆਂ।

ਪੰਜਾਬ ਵਿਚ ਕੁੱਲ ਪੰਚਾਇਤਾਂ ਦੀ ਗਿਣਤੀ 13 ਹਜ਼ਾਰ 80 ਹੈ। ਸੂਬੇ ਵਿਚ ਪਹਿਲੀ ਵਾਰੀ ਪਿੰਡਾਂ ਵਿਚ ਪੰਚਾਂ ਦੀ ਚੋਣ ਲਈ ਵਾਰਡ ਬਣਾਏ ਗਏ ਹਨ। ਸਰਪੰਚ ਦੀ ਚੋਣ ਤਾਂ ਸਿੱਧੀ ਹੋਵੇਗੀ



ਜਦੋਂਕਿ ਪੰਚਾਇਤ ਮੈਂਬਰਾਂ ਦੀ ਚੋਣ ਵਾਰਡਾਂ ਵਿਚੋਂ ਕੀਤੀ ਜਾਣੀ ਹੈ। ਪਿੰਡਾਂ ਵਿਚ ਬਣਾਏ ਗਏ ਕੁੱਲ ਵਾਰਡਾਂ ਦੀ ਗਿਣਤੀ 81,442 ਹੈ। ਪੰਜਾਬ ਵਿਚ ਕੁੱਲ 19 ਹਜ਼ਾਰ ਤੋਂ ਵੱਧ ਪੋਲਿੰਗ ਬੂਥ ਬਣਾਏ ਗਏ ਹਨ ਤੇ ਕੁੱਲ ਵੋਟਰਾਂ ਦੀ ਗਿਣਤੀ ਸਵਾ ਕਰੋੜ ਦੇ ਕਰੀਬ ਹੈ। ਅਨੁਸੂਚਿਤ ਜਾਤੀਆਂ ਲਈ 17,657 ਵਾਰਡ ਰਾਖਵੇਂ ਹਨ। ਦਲਿਤ ਮਹਿਲਾਵਾਂ ਲਈ 19,155, ਮਹਿਲਾਵਾਂ ਲਈ 19,188 ਤੇ ਪਛੜੀਆਂ ਸ਼੍ਰੇਣੀਆਂ ਲਈ 16,421 ਵਾਰਡ ਰਾਖਵੇਂ ਹਨ। ਇਨ੍ਹਾਂ ਚੋਣਾਂ ਦੌਰਾਨ ਡੇਢ ਲੱਖ ਦੇ ਕਰੀਬ ਉਮੀਦਵਾਰਾਂ ਵੱਲੋਂ ਹਿੱਸਾ ਲਏ ਜਾਣ ਦੀ ਸੰਭਾਵਨਾ ਹੈ।

ਪੰਚਾਇਤੀ ਸੰਸਥਾਵਾਂ ਦੀਆਂ ਚੋਣਾਂ ਜਿੱਤ ਕੇ ਸੱਤਾਧਾਰੀ ਅਕਾਲੀ ਦਲ ਦੇ ਹੌਸਲੇ ਬੁਲੰਦ ਹਨ ਅਤੇ ਹੁਣ ਇਸ ਦੀ ਅੱਖ ਪੰਚਾਇਤੀ ਚੋਣਾਂ 'ਤੇ ਹੈ। ਜ਼ਿਕਰਯੋਗ ਹੈ ਕਿ ਚੋਣ ਕਮਿਸ਼ਨ ਨੇ ਪੰਚਾਇਤੀ ਚੋਣਾਂ ਪਹਿਲਾਂ ਮਈ ਮਹੀਨੇ ਦੇ ਅੰਤ ਵਿੱਚ ਕਰਾਉਣ ਦਾ ਫੈਸਲਾ ਕੀਤੀ ਸੀ ਪਰ ਕਾਂਗਰਸ ਪਾਰਟੀ ਦੀ ਮੰਗ 'ਤੇ ਕਮਿਸ਼ਨ ਨੇ ਪਹਿਲਾਂ ਜ਼ਿਲ੍ਹਾ ਪ੍ਰੀਸ਼ਦ, ਪੰਚਾਇਤ ਸਮਿਤੀ ਦੇ ਫਿਰ ਪੰਚਾਇਤਾਂ ਦੀਆਂ ਚੋਣਾਂ ਇਕ ਹਫ਼ਤੇ ਲਈ ਅੱਗੇ ਪਾ ਦਿੱਤੀਆਂ ਸਨ। ਇਸੇ ਦੌਰਾਨ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਪੰਚਾਇਤ ਵਿਭਾਗ ਵੱਲੋਂ ਕੀਤੀ ਵਾਰਡਬੰਦੀ ਨੂੰ ਹਾਈ ਕੋਰਟ ਵਿਚ ਚੁਣੌਤੀ ਦੇ ਦਿੱਤੀ ਸੀ। ਅਦਾਲਤ ਵੱਲੋਂ ਚੋਣ ਨੋਟੀਫਿਕੇਸ਼ਨ 'ਤੇ ਰੋਕ ਲਾਈ ਹੋਈ ਸੀ।

## ਵਾਰਡਬੰਦੀ ਬਾਰੇ ਕਾਂਗਰਸ ਦੇ ਇਤਰਾਜ਼ ਰੱਦ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਦੇ ਪਿੰਡਾਂ ਦੀ ਵਾਰਡਬੰਦੀ ਵਿਰੁੱਧ ਪੰਜਾਬ ਕਾਂਗਰਸ ਵੱਲੋਂ ਪਾਈ ਪਟੀਸ਼ਨ ਨੂੰ ਰੱਦ ਕਰਦਿਆਂ ਪੰਜਾਬ ਸਰਕਾਰ ਨੂੰ ਹੁਕਮ ਦਿੱਤਾ ਹੈ ਕਿ ਸੂਬੇ ਦੇ ਸਾਰੇ ਪਿੰਡਾਂ ਵਿਚ ਘਰਾਂ ਨੂੰ ਨੰਬਰ ਅਲਾਟ ਕੀਤੇ ਜਾਣ। ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਪਿਛਲੇ ਮਹੀਨੇ ਪਟੀਸ਼ਨ ਦਾਇਰ ਕਰਕੇ ਪਿੰਡਾਂ ਦੀ ਵਾਰਡਬੰਦੀ 'ਤੇ ਇਤਰਾਜ਼ ਪ੍ਰਗਟਾਇਆ ਸੀ। ਇਸ ਪਟੀਸ਼ਨ 'ਤੇ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਜ਼ੁਬਾਨੀ ਤੌਰ 'ਤੇ ਪੰਚਾਇਤੀ ਚੋਣਾਂ ਲਈ ਨੋਟੀਫਿਕੇਸ਼ਨ ਜਾਰੀ ਨਾ ਕਰਨ ਦਾ ਹੁਕਮ ਦਿੱਤਾ ਸੀ। ਇਸ ਪਟੀਸ਼ਨ ਦਾ ਨਿਬੇੜਾ ਕਰਦਿਆਂ ਹਾਈ ਕੋਰਟ ਨੇ ਕਾਂਗਰਸ ਦੀ ਮੰਗ ਰੱਦ ਕਰਦਿਆਂ ਪੰਜਾਬ ਦੇ ਪੰਚਾਇਤ ਸਕੱਤਰ ਨੂੰ ਹਾਊਸ ਨੰਬਰਾਂ ਦਾ ਰਿਕਾਰਡ ਪੂਰਾ ਕਰਨ ਤੇ ਲੋੜ ਮੁਤਾਬਕ ਇਸ ਵਿਚਲੀ ਜਾਣਕਾਰੀ ਨੂੰ ਮੁਕੰਮਲ ਕਰਨ ਦਾ ਹੁਕਮ ਦਿੱਤਾ ਹੈ।

## ਭਾਈ ਹਵਾਰਾ ਦਾ ਸਾਥੀ ਬਲਜੀਤ ਭਾਊ ਪੈਰੋਲ ਉਤੇ ਰਿਹਾ

**ਚੰਡੀਗੜ੍ਹ:** ਮਰਹੂਮ ਬੇਅੰਤ ਸਿੰਘ ਕਤਲ ਕੇਸ ਤਹਿਤ ਉਮਰ ਕੈਦ ਅਧੀਨ ਤਿਹਾੜ ਜੇਲ੍ਹ ਵਿਚ ਬੰਦ ਜਗਤਾਰ ਸਿੰਘ ਹਵਾਰਾ ਦੇ ਕਰੀਬੀ ਸਾਥੀ ਬਲਜੀਤ ਸਿੰਘ ਭਾਊ ਨੂੰ ਦਿੱਲੀ ਦੀ ਅਦਾਲਤ ਵੱਲੋਂ ਉਸ ਖਿਲਾਫ ਦਰਜ ਦੇਸ਼ ਧਰੋਹੀ ਦੇ ਕੇਸ ਵਿਚ ਜੇਲ੍ਹ ਵਿਚੋਂ ਤਿੰਨ ਮਹੀਨਿਆਂ ਲਈ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਹੈ। ਇਸ ਕੇਸ ਵਿਚ ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਵੱਲੋਂ ਉਸ ਨੂੰ 2008 ਵਿਚ ਪਟਿਆਲਾ ਤੋਂ ਗ੍ਰਿਫਤਾਰ ਕੀਤਾ ਗਿਆ ਸੀ ਤੇ ਉਹ ਪੰਜ ਸਾਲਾਂ ਤੋਂ ਤਿਹਾੜ ਵਿਚ ਜੇਲ੍ਹ ਵਿਚ ਸੀ। ਉਧਰ ਜੇਲ੍ਹੋਂ ਭੱਜੇ ਭਾਈ ਹਵਾਰਾ ਨੂੰ ਪਨਾਹ ਦੇਣ ਸਮੇਤ ਉਸ ਦਾ ਵਿਆਹ ਕਰਵਾਉਣ ਵਿਚ ਅਹਿਮ ਭੂਮਿਕਾ ਨਿਭਾਉਣ 'ਤੇ ਪਟਿਆਲਾ ਵਿਚ ਦਰਜ ਮੁੱਖ ਕੇਸ ਸਮੇਤ ਇਸ ਦੌਰਾਨ ਦਰਜ ਕੀਤੇ ਗਏ ਬਾਕੀ ਸੱਤ ਕੇਸਾਂ ਵਿਚੋਂ ਉਹ ਬਰੀ ਹੋ ਚੁੱਕਾ ਹੈ।

1998 ਵਿਚ ਪੰਜਾਬੀ ਯੂਨੀਵਰਸਿਟੀ ਤੋਂ ਐਮਏ ਹਿਸਟਰੀ ਕਰਨ ਵਾਲੇ ਬਲਜੀਤ ਸਿੰਘ ਭਾਊ ਦਾ ਪਿੰਡ ਲਾਲੜੂ ਇਲਾਕੇ ਵਿਚ ਹੈ। ਉਂਜ ਉਹ ਪਟਿਆਲਾ ਵਿਚ ਹੀ ਰਹਿੰਦਾ ਰਿਹਾ ਹੈ। ਕਿਸੇ ਮਾਮਲੇ ਨੂੰ ਲੈ ਕੇ ਸਾਲ ਭਰ ਬੁੜੈਲ ਜੇਲ੍ਹ ਵਿਚ ਰਹਿਣ ਮੌਕੇ ਉਸ ਦੀ ਭਾਈ ਹਵਾਰਾ ਨਾਲ ਨੇੜਤਾ ਹੋ ਗਈ ਸੀ ਤੇ ਜੇਲ੍ਹੋਂ ਭੱਜਣ ਤੋਂ ਕੁਝ ਮਹੀਨਿਆਂ ਬਾਅਦ ਭਾਈ ਹਵਾਰਾ ਉਸ ਕੋਲ ਆ ਗਿਆ ਸੀ ਜਿਸ ਨੇ ਇਥੇ ਥਾਪਰ ਕਾਲਜ ਕੋਲ ਸਥਿਤ ਕਿਰਾਏ ਦੇ ਇਕ ਮਕਾਨ ਵਿਚ ਰੱਖਿਆ ਤੇ ਆਪਣਾ ਅਮਰੀਕਾ ਤੋਂ ਆਇਆ ਭਰਾ ਦੱਸ ਕੇ ਉਸ ਦਾ ਵਿਆਹ ਵੀ ਕਰਵਾਇਆ ਪਰ ਭਾਈ ਹਵਾਰਾ ਨੂੰ ਯੂਨੀਵਰਸਿਟੀ ਦੇ ਗੇਟ ਤੋਂ ਦਿੱਲੀ ਪੁਲਿਸ ਵੱਲੋਂ ਫੜ ਲਿਆ ਗਿਆ।

ਉਦੋਂ ਉਸ ਨੂੰ ਬੱਬਰ ਖਾਲਸਾ ਦਾ ਏਰੀਆ ਕਮਾਂਡਰ ਬਣਾਇਆ ਹੋਇਆ ਸੀ ਜਿਸ ਉਪਰੰਤ ਪਟਿਆਲਾ ਪੁਲਿਸ ਨੇ ਭਾਊ ਨੂੰ ਵੀ ਚੁੱਕ ਲਿਆ ਤੇ ਉਸ ਸਮੇਤ ਫੱਗਣਮਾਜਰਾ ਦੇ ਜਸਬੀਰ ਸਿੰਘ ਜੱਸਾ ਦੇ ਖਿਲਾਫ ਥਾਣਾ ਸਦਰ ਪਟਿਆਲਾ ਵਿਚ ਧਾਰਾ 121, 121-ਏ,124, 153-ਏ ਤੇ ਆਰਮਜ਼ ਐਕਟ ਅਧੀਨ ਕੇਸ ਦਰਜ ਕੀਤਾ ਗਿਆ। ਇਸ ਵਿਚੋਂ ਉਹ 2009 ਨੂੰ ਬਰੀ ਹੋ ਗਏ ਸਨ ਪਰ ਇਸ ਤੋਂ ਪਹਿਲਾਂ ਜ਼ਮਾਨਤ ਮਿਲਣ ਤੋਂ ਕੁਝ ਦੇਰ ਬਾਅਦ ਭਾਊ ਨੂੰ ਜਨਵਰੀ 2008 ਵਿਚ ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਵੱਲੋਂ ਫੁਹਾਰਾ ਚੌਕ ਪਟਿਆਲਾ ਤੋਂ ਚੁੱਕ ਲਿਆ ਸੀ।

## ਪੰਜਾਬ ਸਰਕਾਰ ਤੋਂ ਖੁਸ਼ ਨਾ ਹੋਏ ਵਿਦੇਸ਼ੀ ਸੈਲਾਨੀ



**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਸੈਰ ਸਪਾਟੇ ਵਜੋਂ ਵਿਕਸਿਤ ਕਰਨ ਲਈ ਵੱਡੇ-ਵੱਡੇ ਦਾਅਵੇ ਕੀਤੇ ਜਾ ਰਹੇ ਹਨ ਪਰ ਪੰਜਾਬ ਵਿਦੇਸ਼ੀ ਸੈਲਾਨੀਆਂ ਦੇ ਮਾਮਲੇ ਵਿਚ ਹੋਰ ਸੂਬਿਆਂ ਨਾਲੋਂ ਅਜੇ ਵੀ ਕਾਫੀ ਪਿੱਛੇ ਹੈ। ਪੰਜਾਬ ਸਰਕਾਰ ਨੇ ਪਿਛਲੇ ਸਮੇਂ ਦੌਰਾਨ ਸੈਰ ਸਪਾਟੇ ਨੂੰ ਉਤਸ਼ਾਹਤ ਕਰਨ ਦੇ ਕਈ ਯਤਨ ਕੀਤੇ ਹਨ ਪਰ ਪ੍ਰਚਾਰ ਦੀ ਘਾਟ ਕਾਰਨ ਇਨ੍ਹਾਂ ਕੋਸ਼ਿਸ਼ਾਂ ਦਾ ਮੁੱਲ ਨਹੀਂ ਪਿਆ। ਵਿਦੇਸ਼ੀ ਸੈਲਾਨੀਆਂ ਬਾਰੇ ਰਿਪੋਰਟ ਅਨੁਸਾਰ ਸੂਬਾ ਪੰਜਾਬ, ਆਂਧਰਾ ਪ੍ਰਦੇਸ਼, ਉੱਤਰਾਖੰਡ, ਹਿਮਾਚਲ ਪ੍ਰਦੇਸ਼, ਕੇਰਲਾ ਤੇ ਗੋਆ ਤੋਂ ਕਾਫ਼ੀ ਪਿੱਛੇ ਹੈ।

ਉੱਤਰਾਖੰਡ ਵਿਚ ਸਾਲ 2008 ਦੌਰਾਨ 99,910, ਸਾਲ 2009 ਦੌਰਾਨ 1,06,470, ਸਾਲ 2010 ਦੌਰਾਨ 1,27,258 ਤੇ ਸਾਲ 2011-12 ਦੌਰਾਨ ਤਕਰੀਬਨ ਤਿੰਨ ਲੱਖ ਵਿਦੇਸ਼ੀ ਸੈਲਾਨੀ ਆਏ। ਇਸੇ ਤਰ੍ਹਾਂ ਕੇਰਲਾ ਵਿਚ ਹਰ ਸਾਲ ਸੱਤ ਤੋਂ ਅੱਠ ਲੱਖ ਵਿਦੇਸ਼ੀ ਸੈਲਾਨੀਆਂ ਦੇ ਆਉਣ ਬਾਰੇ ਜਾਣਕਾਰੀ ਪ੍ਰਾਪਤ ਹੋਈ ਹੈ। ਗੋਆ ਵੀ ਵਿਦੇਸ਼ੀ ਸੈਲਾਨੀਆਂ ਦੇ ਮਾਮਲੇ ਵਿਚ ਕਈ ਰਾਜਾਂ ਨਾਲੋਂ ਅੱਗੇ ਚੱਲ ਰਿਹਾ ਹੈ ਜਿੱਥੇ ਹਰ ਸਾਲ ਪੰਜ ਲੱਖ ਵਿਦੇਸ਼ੀ ਸੈਲਾਨੀਆਂ ਦੇ ਆਉਣ ਦਾ ਅੰਦਾਜ਼ਾ ਹੈ। ਹਿਮਾਚਲ ਪ੍ਰਦੇਸ਼ ਵੀ ਵਿਦੇਸ਼ੀ ਤੇ ਹੋਰ ਸੈਲਾਨੀਆਂ ਦੇ ਮਾਮਲੇ ਵਿਚ ਹੋਰ ਸੂਬਿਆਂ ਨਾਲੋਂ ਕਿਤੇ ਅੱਗੇ ਹੈ।

ਪੰਜਾਬ ਤੋਂ ਇਲਾਵਾ ਹੋਰ ਸੂਬਿਆਂ ਦੀਆਂ ਸਰਕਾਰਾਂ ਵੱਲੋਂ ਆਪਣੇ-ਆਪਣੇ ਸੂਬੇ ਵਿਚ ਵਿਦੇਸ਼ੀ ਸੈਲਾਨੀਆਂ ਨੂੰ ਖਿੱਚਣ ਲਈ ਕੌਮੀ ਪੱਧਰ ਦੀਆਂ ਸਕੀਮਾਂ ਤਿਆਰ ਕੀਤੀਆਂ ਜਾਂਦੀਆਂ ਹਨ। ਪੰਜਾਬ ਸਰਕਾਰ ਵੱਲੋਂ ਸੈਰ ਸਪਾਟੇ ਨੂੰ ਉਤਸ਼ਾਹਤ ਕਰਨ ਲਈ ਕੀਤੇ ਜਾ ਰਹੇ ਉਪਰਾਲੇ 'ਘਰੇਲੂ' ਸੈਲਾਨੀਆਂ ਤੱਕ ਤਾਂ ਠੀਕ ਹਨ ਪਰ ਇਹ ਵਿਦੇਸ਼ੀ ਸੈਲਾਨੀਆਂ ਨੂੰ ਖਿੱਚਣ ਵਿਚ ਨਾਕਾਮ ਰਹੇ ਹਨ। ਹੋਰ ਰਾਜਾਂ ਵੱਲੋਂ ਵਿਦੇਸ਼ਾਂ ਵਿਚ ਬੈਠੇ ਸੈਲਾਨੀਆਂ ਨਾਲ ਸੰਪਰਕ ਸਾਧ ਕੇ ਉਨ੍ਹਾਂ ਨੂੰ ਆਪਣੇ ਸੂਬੇ ਵਿਚ ਆਉਣ ਦਾ ਸੱਦਾ ਦੇਣ ਤੋਂ ਇਲਾਵਾ ਉਨ੍ਹਾਂ ਨੂੰ ਸੂਬੇ ਵਿਚ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਬਾਰੇ ਵੀ ਜਾਣਕਾਰੀ ਦਿੱਤੀ ਜਾਂਦੀ ਹੈ।

ਇਸ ਕੰਮ ਲਈ ਸਰਕਾਰਾਂ ਵੱਲੋਂ ਟੈਲੀਫੋਨ ਤੋਂ ਇਲਾਵਾ ਈਮੇਲ, ਐਸ.ਐਸ.ਐਮ. ਤੇ ਸੰਚਾਰ ਦੇ ਹੋਰ ਸਾਧਨਾਂ ਦਾ ਸਹਾਰਾ ਲਿਆ ਜਾ ਰਿਹਾ ਹੈ। ਹੋਰ ਸੂਬਿਆਂ ਦੇ ਮੁਕਾਬਲੇ ਪੰਜਾਬ ਵਿਚ ਸਿਰਫ਼ 1,37,122 ਵਿਦੇਸ਼ੀ ਸੈਲਾਨੀਆਂ ਦੇ ਆਉਣ ਦਾ ਰਿਕਾਰਡ ਹੈ। ਪੰਜਾਬ ਸੈਰ ਸਪਾਟਾ ਬੋਰਡ ਦਾ ਗਠਨ 2001 ਦੌਰਾਨ ਹੋਇਆ। ਇਸ ਦੌਰਾਨ ਪੰਜਾਬ ਵਿਚ ਸਿਰਫ਼ 1,000 ਵਿਦੇਸ਼ੀ ਸੈਲਾਨੀਆਂ ਦੇ ਆਉਣ ਦੀ ਖ਼ਬਰ ਹੈ। ਸਰਕਾਰਾਂ ਦੇ ਯਤਨ ਮਗਰੋਂ ਪੰਜਾਬ ਵਿਚ ਆਉਣ ਵਾਲੇ ਵਿਦੇਸ਼ੀ ਸੈਲਾਨੀਆਂ ਦੀ ਗਿਣਤੀ ਸਾਲ 2008 ਵਿਚ ਵਧ ਕੇ 67,408 ਹੋ ਗਈ। ਭਾਵੇਂ ਵਿਦੇਸ਼ੀ ਸੈਲਾਨੀਆਂ ਦੀ ਗਿਣਤੀ ਵਧਣਾ ਪੰਜਾਬ ਲਈ ਖੁਸ਼ ਖ਼ਬਰ ਹੈ ਪਰ ਹੋਰ ਰਾਜਾਂ ਨਾਲੋਂ ਸੂਬਾ ਅਜੇ ਵੀ ਕਾਫ਼ੀ ਪਿੱਛੇ ਹੈ। ਇਸ ਬਾਰੇ ਸੂਬੇ ਦੇ ਸੈਰ ਸਪਾਟਾ ਮੰਤਰੀ ਸਵਰਨ ਸਿੰਘ ਫਿਲੌਰ ਨੇ ਕਿਹਾ ਕਿ 1984 ਦੌਰਾਨ ਪੰਜਾਬ ਵਿਚ ਵਾਪਰੇ ਕਹਿਰ ਦਾ ਕਾਲਾ ਸਾਇਆ ਸੂਬੇ ਦੇ ਸੈਰ ਸਪਾਟੇ ਨੂੰ ਕਾਫ਼ੀ ਜ਼ਿਆਦਾ ਪ੍ਰਭਾਵਿਤ ਕਰ ਗਿਆ। ਕੇਂਦਰ ਵਿਚ ਬੈਠੇ ਕਾਂਗਰਸੀ ਮੰਤਰੀਆਂ ਵੱਲੋਂ ਪੰਜਾਬ ਵਿਚ ਅਤਿਵਾਦ ਦੀਆਂ ਅਫਵਾਹਾਂ ਵੀ ਸੂਬੇ ਦੇ ਸੈਰ ਸਪਾਟੇ ਨੂੰ ਪ੍ਰਭਾਵਿਤ ਕਰ ਰਹੇ ਹਨ।

## ਅਕਾਲੀਆਂ ਨੇ ਵੀ ਨਹੀਂ ਫੜੀ ਕਤਲੇਆਮ ਪੀੜਤਾਂ ਦੀ ਬਾਂਹ

### ਕੇਂਦਰ ਵੱਲੋਂ ਭੇਜੇ 440 ਕਰੋੜ ਨਾ ਵੰਡੇ

**ਚੰਡੀਗੜ੍ਹ:** ਨਵੰਬਰ 1984 ਨੂੰ ਦੇਸ਼ ਦੇ ਵੱਖ-ਵੱਖ ਸ਼ਹਿਰਾਂ ਵਿਚ ਵਾਪਰੇ ਸਿੱਖ ਕਤਲੇਆਮ ਨੂੰ ਭਾਵੇਂ 28 ਸਾਲ ਬੀਤ ਗਏ ਹਨ ਪਰ ਇਸ ਦੌਰਾਨ ਪਰਿਵਾਰਾਂ ਦਾ ਜਾਨੀ ਨੁਕਸਾਨ ਕਰਵਾ ਕੇ ਘਰੋਂ-ਬੇਘਰ ਹੋ ਕੇ ਪੰਜਾਬ ਪੁੱਜੇ 22 ਹਜ਼ਾਰ ਦੇ ਕਰੀਬ ਸਿੱਖ ਪੀੜਤ ਪਰਿਵਾਰਾਂ ਵਿਚੋਂ ਬਹੁਤਿਆਂ ਦੀ ਹਾਲਤ ਅਜੇ ਵੀ ਤਰਸਯੋਗ ਹੈ। ਸਰਕਾਰਾਂ ਦੀ ਬੇਰੁਖੀ ਕਾਰਨ ਇਹ ਲੋਕ ਅਜੇ ਵੀ ਨੀਲੇ ਅੰਬਰ ਹੇਠ ਛੱਤ ਨੂੰ ਤਰਸ ਰਹੇ ਹਨ।

ਕਤਲੇਆਮ ਦੇ ਪੀੜਤ ਪਰਿਵਾਰਾਂ ਨੂੰ ਗਿਲਾ ਇਸ ਗੱਲ ਦਾ ਹੈ ਕਿ ਅਕਾਲੀਆਂ ਨੇ ਵੋਟਾਂ ਵੇਲੇ ਹਰ ਸਮੇਂ ਸਿੱਖ ਕਤਲੇਆਮ ਨੂੰ ਹਥਿਆਰ ਵਜੋਂ ਵਰਤਣ ਵਿਚ ਕਦੇ ਵੀ ਕੋਈ ਕਸਰ ਨਹੀਂ ਛੱਡੀ। ਦੰਗਾ ਪੀੜਤ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਸੁਰਜੀਤ ਸਿੰਘ ਤੇ ਇਸਤਰੀ ਵਿੰਗ ਦੀ ਪ੍ਰਧਾਨ ਬੀਬੀ ਗੁਰਦੀਪ ਕੌਰ ਦਾ ਕਹਿਣਾ ਹੈ ਕਿ ਤਿੰਨ ਵਾਰ ਅਕਾਲੀ ਦਲ ਪੰਜਾਬ ਅੰਦਰ ਸੱਤਾ ਵਿਚ ਆਇਆ ਪਰ ਉਨ੍ਹਾਂ ਵੱਲੋਂ ਵਾਰ-ਵਾਰ ਵਾਅਦੇ ਕਰਨ ਦੇ ਬਾਵਜੂਦ ਹਰ ਪੀੜਤ ਪਰਿਵਾਰ ਨੂੰ ਮਕਾਨ ਦੇਣ ਦੀ ਗੱਲ ਵੀ ਪੂਰੀ ਨਹੀਂ ਕੀਤੀ ਗਈ।

ਸਿਰਫ ਏਨਾ ਹੀ ਨਹੀਂ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਵੱਲੋਂ ਹਰ ਪੀੜਤ ਪਰਿਵਾਰ ਨੂੰ ਦੋ-ਦੋ ਲੱਖ ਰੁਪਏ ਦੇਣ ਦੇ ਫੈਸਲੇ ਤਹਿਤ 440 ਕਰੋੜ ਰੁਪਏ ਦਾ ਭੇਜਿਆ ਪੈਕੇਜ ਵੰਡਣ ਵਿਚ ਵੀ



ਅਕਾਲੀ-ਭਾਜਪਾ ਸਰਕਾਰ ਨਾਕਾਮ ਰਹੀ ਤੇ ਇਸ ਪੈਕੇਜ ਦੇ 165 ਕਰੋੜ ਰੁਪਏ ਵਾਪਸ ਚਲੇ ਗਏ ਹਨ। ਉਨ੍ਹਾਂ ਦੱਸਿਆ ਕਿ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਵੱਲੋਂ ਵਿਤਕਰੇ ਭਰੇ ਢੰਗ ਨਾਲ ਉਥੇ ਸਾਰੇ 85 ਫਲੈਟਾਂ ਦੀ ਪਹਿਲਾਂ ਤਾਂ ਲੰਬਾ ਸਮਾਂ ਅਲਾਟਮੈਂਟ ਹੀ ਨਹੀਂ ਕੀਤੀ ਤੇ ਜਦ ਇਹ ਨਕਾਰਾ ਹੋਣ ਲੱਗੇ ਤਾਂ 85 ਵਿਚੋਂ 23 ਫਲੈਟਾਂ ਵਿਚ ਪਹਿਲਾਂ ਤੋਂ ਰਹਿ ਰਹੇ ਪੀੜਤਾਂ ਨੂੰ ਉਜਾੜਨ ਦਾ ਫੈਸਲਾ ਸੁਣਾ ਦਿੱਤਾ ਤੇ ਇਹ ਫਲੈਟ ਕਿਸੇ ਹੋਰ ਨੂੰ ਅਲਾਟ ਕਰ ਦਿੱਤੇ।ਅਫਸਰਸ਼ਾਹੀ ਦੀ ਇਸ ਧੱਕੇਸ਼ਾਹੀ ਵਿਰੁੱਧ ਉਹ ਹਾਈ ਕੋਰਟ ਵਿਚ ਗਏ।

ਉਨ੍ਹਾਂ ਦੇ ਹੱਕ ਵਿਚ ਹਾਈ ਕੋਰਟ ਨੇ ਵੀ ਇਹੀ ਫੈਸਲਾ ਸੁਣਾਇਆ ਪਰ ਲੁਧਿਆਣਾ ਪ੍ਰਸ਼ਾਸਨ ਨੇ ਇਨ੍ਹਾਂ ਫੈਸਲਿਆਂ ਦੀ ਕੋਈ ਪ੍ਰਵਾਹ ਨਹੀਂ ਕੀਤੀ। ਉਲਟਾ ਸਗੋਂ ਸੁਰਜੀਤ ਸਿੰਘ, ਬੀਬੀ ਗੁਰਦੀਪ ਕੌਰ ਤੇ ਸਤਨਾਮ ਸਿੰਘ ਖਿਲਾਫ ਮੁਕੱਦਮੇ ਦਰਜ ਕਰ ਦਿੱਤੇ। ਕੁਝ ਅਕਾਲੀ ਨੇਤਾਵਾਂ ਦੇ ਦਖ਼ਲ 'ਤੇ ਪੁਲਿਸ ਇਹ ਕੇਸ ਰੱਦ ਕਰਨ ਲਈ ਮੰਨ ਗਈ ਪਰ ਹੁਣ ਪ੍ਰਸ਼ਾਸਨ ਨੇ ਤਿੰਨ ਦੀ ਥਾਂ 23 ਵਿਅਕਤੀਆਂ ਖਿਲਾਫ ਇਹ ਕੇਸ ਮੁੜ ਖੋਲ੍ਹ ਕੇ ਚਲਾਨ ਅਦਾਲਤ ਵਿਚ ਪੇਸ਼ ਕਰ ਦਿੱਤਾ ਹੈ।

ਅਕਾਲੀ-ਭਾਜਪਾ ਸਰਕਾਰ ਅਧੀਨ ਪ੍ਰਸ਼ਾਸਨ ਨੇ ਪੜਤਾਲ ਦੇ ਨਾਂ ਉੱਪਰ ਪੀੜਤਾਂ ਦੇ ਲਾਲ ਕਾਰਡ ਰੱਦ ਕਰਨੇ ਸ਼ੁਰੂ ਕਰ ਦਿੱਤੇ ਹਨ। ਅਜਿਹੇ ਲੋਕਾਂ ਨੂੰ ਪ੍ਰਸ਼ਾਸਨ ਨੋਟਿਸ ਜਾਰ ਕਰ ਰਿਹਾ ਹੈ ਕਿ ਉਨ੍ਹਾਂ ਨੂੰ ਕੇਂਦਰ ਸਰਕਾਰ ਵੱਲੋਂ ਦਿੱਤੇ ਦੋ ਲੱਖ ਰੁਪਏ ਵਾਪਸ ਕੀਤੇ ਜਾਣ। ਉਨ੍ਹਾਂ ਕਿਹਾ ਕਿ ਲੁਧਿਆਣਾ ਦੇ ਡੀ.ਸੀ. ਵੱਲੋਂ ਪੀੜਤਾਂ ਦੀ ਪੜਤਾਲ ਲਈ ਤਹਿਸੀਲਦਾਰ ਤੇ ਹੋਰ ਕਰਮਚਾਰੀ ਦਿੱਲੀ ਤੇ ਹੋਰ ਥਾਈਂ ਭੇਜ ਕੇ ਲਾਲ ਕਾਰਡ ਰੱਦ ਕਰਨ ਦੀ ਕਾਰਵਾਈ ਕੀਤੀ ਜਾ ਰਹੀ ਹੈ। ਸ. ਸੁਰਜੀਤ ਸਿੰਘ ਅਤੇ ਬੀਬੀ ਗੁਰਦੀਪ ਕੌਰ ਨੇ ਦੱਸਿਆ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਵੀ ਮਿਲੇ ਸਨ ਤੇ ਉਨ੍ਹਾਂ ਮੁੱਖ ਮੰਤਰੀ ਦੇ ਨਾਂ ਚਿੱਠੀ ਵੀ ਲਿਖੀ ਸੀ ਪਰ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਤਾਂ ਸਾਨੂੰ ਮਿਲਣ ਲਈ ਸਮਾਂ ਵੀ ਨਹੀਂ ਦੇ ਰਹੇ।

# ਐਗਲੋ ਸਿੱਖ ਜੰਗਾਂ ਦੀਆਂ ਤਸਵੀਰਾਂ ਲੱਭੀਆਂ



**ਚੰਡੀਗੜ੍ਹ:** ਪੰਜਾਬ ਡਿਜੀਟਲ ਲਾਇਬ੍ਰੇਰੀ ਚੰਡੀਗੜ੍ਹ ਦੇ ਹੱਥ 168 ਵਰ੍ਹੇ ਪਹਿਲਾਂ ਸਿੱਖਾਂ ਤੇ ਗੋਰਿਆਂ ਵਿਚਾਲੇ ਪੰਜਾਬ ਵਿਚ ਹੋਏ 'ਐਗਲੋ ਸਿੱਖ ਯੁੱਧਾਂ' ਦੀਆਂ ਦੁਰਲਭ ਤਸਵੀਰਾਂ (ਲੀਥੋਗ੍ਰਾਫ਼ੀ ਪਿਕਚਰਜ਼) ਲੱਗੀਆਂ ਹਨ। ਇਹ ਉਹ ਤਸਵੀਰਾਂ ਹਨ ਜੋ 1845-46 ਦੌਰਾਨ ਸਿੱਖਾਂ ਤੇ ਗੋਰਿਆਂ ਵਿਚਾਲੇ ਯੁੱਧ ਦੌਰਾਨ ਹੀ ਰਣ-ਭੂਮੀ ਦੇ ਨਜ਼ਦੀਕ ਬੈਠ ਕੇ ਬ੍ਰਿਟਿਸ਼ ਚਿੱਤਰਕਾਰਾਂ ਨੇ ਤਿਆਰ ਕੀਤੀਆਂ ਸਨ। ਇਥੇ ਇਹ ਦੱਸਣਾ ਜ਼ਰੂਰੀ ਹੈ ਕਿ ਬ੍ਰਿਟਿਸ਼ ਸਰਕਾਰ ਜੇ ਹੁਣ ਵੀ ਕਿਧਰੇ ਆਪਣੀ ਫੌਜ ਭੇਜਦੀ ਹੈ ਤਾਂ ਫੌਜ ਨਾਲ ਚਿੱਤਰਕਾਰ ਜ਼ਰੂਰ ਭੇਜੇ ਜਾਂਦੇ ਹਨ ਜੋ ਲੜਾਈ ਦੇ ਹੂ-ਬਹੂ ਚਿੱਤਰ ਤਿਆਰ ਕਰਨ ਦੀ ਮੁਹਾਰਤ ਰੱਖਦੇ ਹਨ। ਪੰਜਾਬ ਡਿਜ਼ੀਟਲ ਲਾਇਬ੍ਰੇਰੀ ਦੇ ਸੰਸਥਾਪਕ ਦਵਿੰਦਰਪਾਲ ਸਿੰਘ ਦਾ ਕਹਿਣਾ ਹੈ ਕਿ ਅੱਜ ਤੋਂ ਕੋਈ 160 ਸਾਲ ਪਹਿਲਾਂ 1853 ਵਿਚ ਬਰਲਿਨ (ਜਰਮਨੀ) ਦੇ ਲੇਖਕ ਵੌਲਡਮਰ ਨੇ 'ਐਗਲੋ ਸਿੱਖ ਯੁੱਧ' ਬਾਰੇ ਜਰਮਨ ਭਾਸ਼ਾ ਵਿਚ ਪੁਸਤਕ ਲਿਖੀ ਸੀ ਜਿਸ ਵਿਚ ਸਭਰਾਉਂ, ਮੁਦਕੀ, ਬੱਦੋਵਾਲ ਤੇ ਬਹਾਵਲਪੁਰ ਵਿਖੇ ਸਿੱਖਾਂ ਤੇ ਗੋਰਿਆਂ ਵਿਚਾਲੇ ਹੋਏ ਯੁੱਧਾਂ ਦੀਆਂ ਕੁਝ ਦੁਰਲੱਭ ਤਸਵੀਰਾਂ ਵੀ ਛਪੀਆਂ ਸਨ।



ਇਨ੍ਹਾਂ ਤਸਵੀਰਾਂ ਵਿਚ ਸਿੱਖ ਫੌਜ ਨਾਲ ਯੁੱਧ ਕਰਨ ਲਈ ਚਾਨਣੀ ਰਾਤ ਵਿਚ ਬਹਾਵਲਪੁਰ ਵੱਲ ਵਧਦੀ ਬ੍ਰਿਟਿਸ਼ ਫੌਜ ਦੀ ਖ਼ੂਬਸੂਰਤ ਤਸਵੀਰ, ਲੜਾਈ ਦੌਰਾਨ ਸਿੱਖ ਫੌਜ ਵੱਲੋਂ ਮਾਰੇ ਗਏ ਆਪਣੇ ਫੌਜੀ ਸਾਥੀਆਂ ਨੂੰ ਸਾਂਭਦੇ ਗੋਰੇ, ਖਾਲਸਾ ਫੌਜ ਦੇ ਕੈਂਪ ਨਜ਼ਦੀਕ ਕਿਸੇ ਨੁਕਤੇ 'ਤੇ ਗੱਲਬਾਤ ਕਰਦੇ ਸਿੱਖ ਜਨਰੈਲ, ਸਿੱਖ ਫੌਜ ਦੇ ਕੈਂਪ ਤੋਂ ਦੂਰ ਹਾਥੀ 'ਤੇ ਸਵਾਰ ਹੋ ਕੇ ਕਿਧਰੇ ਜਾ ਰਹੇ ਗੁਲਾਬ ਸਿੰਘ ਡੋਗਰੇ ਦੀ ਤਸਵੀਰ, ਫਿਰੋਜ਼ਪੁਰ ਨੇੜੇ ਬ੍ਰਿਟਿਸ਼ ਫੌਜ ਦੇ ਆਰਾਮ ਕੈਂਪ ਦੀ ਤਸਵੀਰ ਤੇ ਬ੍ਰਿਟਿਸ਼ ਫੌਜ ਵੱਲੋਂ ਸਿੱਖ ਫੌਜ ਨੂੰ ਹਰਾਉਣ ਲਈ ਵਿਉਂਤੇ ਨਕਸ਼ਿਆਂ ਤੇ ਸ. ਲਾਲ ਸਿੰਘ ਵੱਲੋਂ ਸਿੱਖ ਫੌਜ ਦੀ ਅਗਵਾਈ ਸਮੇਤ ਕਈ ਤਸਵੀਰਾਂ ਸ਼ਾਮਲ ਹਨ।

ਇਸ ਵੇਲੇ 10 ਲੱਖ ਰੁਪਏ ਕੀਮਤ ਵਾਲੀ ਇਹ ਪੁਸਤਕ ਕੁਝ ਘੰਟਿਆਂ ਲਈ ਕਿਸੇ ਤਰ੍ਹਾਂ ਉਨ੍ਹਾਂ ਦੇ ਹੱਥ ਲੱਗੀ ਤੇ ਉਨ੍ਹਾਂ ਉਸ ਸਾਰੀ ਦੁਰਲੱਭ ਕਿਤਾਬ ਦਾ ਕੰਪਿਊਟਰੀਕਰਨ ਕਰਕੇ ਉਹ ਕਿਤਾਬ ਲਾਇਬ੍ਰੇਰੀ ਵਿਚ ਰੱਖ ਦਿੱਤੀ ਤਾਂ ਕਿ ਮੌਜੂਦਾ ਤੇ ਆਉਂਦੀਆਂ ਪੀੜ੍ਹੀਆਂ ਇਹ ਤਸਵੀਰਾਂ ਤੇ ਪੁਸਤਕ ਵੇਖ ਸਕਣ।

# ਸਰਕਾਰੀ ਖ਼ੁਸ਼ਾਮਦ ਨੇ ਨਵੇਂ ਗੁਲ ਖਿਲਾਏ!




**ਚੰਡੀਗੜ੍ਹ:** ਸਰਕਾਰੀ ਰਸਾਲਿਆਂ ਵਿਚ ਸੱਤਾਧਾਰੀਆਂ ਦੀ ਖੁਸ਼ਾਮਦ ਕਾਰਨ, ਖੁਸ਼ਾਮਦ ਕਰਨ ਵਾਲੇ ਖੁਦ ਹੀ ਫਸ ਗਏ ਹਨ। ਇਨ੍ਹਾਂ ਰਸਾਲਿਆਂ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਨੂੰਹ ਤੇ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਪਤਨੀ ਹਰਸਿਮਰਤ ਕੌਰ ਬਾਦਲ ਦੀ ਖ਼ੂਬਸੂਰਤੀ ਨੂੰ ਬੜੇ ਜ਼ੋਰ-ਸ਼ੋਰ ਨਾਲ ਉਭਾਰਿਆ ਹੈ। ਇਸ ਗੱਲ ਨੂੰ ਲੈ ਕੇ ਬਾਦਲ ਪਰਿਵਾਰ ਤੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਕਾਫੀ ਖ਼ਫ਼ਾ ਹਨ। ਸੂਤਰਾਂ ਮੁਤਾਬਕ ਸੂਚਨਾ ਤੇ ਲੋਕ ਸੰਪਰਕ ਵਿਭਾਗ ਵੱਲੋਂ ਪ੍ਰਕਾਸ਼ਿਤ ਕੀਤੇ ਜਾਂਦੇ ਤ੍ਰੈ ਭਾਸ਼ੀ ਮੈਗਜ਼ੀਨ 'ਐਡਵਾਂਸ' ਤੇ 'ਜਾਗ੍ਰਤੀ' ਵਿਚ ਬੀਬੀ ਹਰਸਿਮਰਤ ਬਾਦਲ ਦੀਆਂ 'ਮਾਡਲਾਂ' ਵਰਗੀਆਂ ਤਸਵੀਰਾਂ ਛਾਪੀਆਂ ਗਈਆਂ ਹਨ। ਇਹ ਸਾਰੀ ਕਾਰਵਾਈ ਮੁੱਖ ਮੰਤਰੀ ਦੇ ਬਹੁਤ 'ਸਿਆਣੇ' ਸਮਝੇ ਜਾਂਦੇ ਮੀਡੀਆ ਸਲਾਹਕਾਰ ਹਰਚਰਨ ਬੈਂਸ ਦੀ ਅਗਵਾਈ ਹੇਠ ਹੋਈ ਹੈ ਅਤੇ ਇਸ ਖੁਸ਼ਾਮਦ ਦੇ 'ਇਨਾਮ' ਵਜੋਂ ਉਨ੍ਹਾਂ ਤੋਂ ਇਨ੍ਹਾਂ ਰਸਾਲਿਆਂ ਦਾ ਚਾਰਜ ਖੋਹ ਲਿਆ ਗਿਆ ਹੈ।

**ਬਾਦਲ ਦੇ ਮੀਡੀਆ ਸਲਾਹਕਾਰ ਨੇ ਹਰਸਿਮਰਤ ਨੂੰ ਬਣਾ ਦਿੱਤਾ ਮਾਡਲ**

ਵਿਭਾਗ ਵੱਲੋਂ ਅਪਰੈਲ ਮਹੀਨੇ ਦੇ ਅੰਕ ਦੇ ਟਾਈਟਲ ਪੰਨੇ 'ਤੇ ਹਰਸਿਮਰਤ ਬਾਦਲ ਦੀ ਤਸਵੀਰ ਛਾਪ ਕੇ ਨਾਲ ਹੀ ਭਾਈ ਵੀਰ ਸਿੰਘ ਦੀ ਕਵਿਤਾ ਦੀ ਤੁਕ "ਅਸਾਂ ਹੱਟ ਮਹਿਕ ਦੀ ਲਾਈ" ਵੀ ਲਿਖੀ ਹੋਈ ਸੀ। ਵਿਭਾਗ ਵੱਲੋਂ ਇਹ ਮੈਗਜ਼ੀਨ ਜਿਵੇਂ ਹੀ ਲੋਕਾਂ ਦੇ ਹੱਥਾਂ ਵਿਚ ਪਹੁੰਚਾਇਆ ਗਿਆ ਤਾਂ ਸ਼੍ਰੋਮਣੀ ਅਕਾਲੀ ਦਲ ਦੀ ਸੰਸਦ ਮੈਂਬਰ ਦੀਆਂ ਫੋਟੋਆਂ ਦੇਖ ਕੇ ਵਿਭਾਗ ਦੀਆਂ ਤਾਰੀਫਾਂ ਘੱਟ ਤੇ ਆਲੋਚਨਾ ਜ਼ਿਆਦਾ ਹੋਈ। ਬਾਦਲ ਪਰਿਵਾਰ ਵਿਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਹਰਸਿਮਰਤ ਕੌਰ ਬਾਦਲ ਨੇ ਖ਼ੁਦ ਵੀ ਮੈਗਜ਼ੀਨ 'ਤੇ ਕੀਤੀ ਪੇਸ਼ਕਾਰੀ ਦਾ ਬੁਰਾ ਮਨਾਇਆ।

ਇਹ ਮੈਗਜ਼ੀਨ ਵਿਭਾਗ ਵੱਲੋਂ ਵਿਸ਼ੇਸ਼ ਤੌਰ 'ਤੇ ਸਮੂਹ ਅਧਿਕਾਰੀਆਂ, ਪੱਤਰਕਾਰਾਂ ਤੇ ਰਾਜਸੀ ਵਿਅਕਤੀਆਂ ਦੇ ਘਰਾਂ ਵਿਚ ਪਹੁੰਚਾਇਆ ਗਿਆ। ਸੂਤਰਾਂ ਮੁਤਾਬਕ ਮੈਗਜ਼ੀਨ ਜਦੋਂ ਬਾਦਲ ਪਰਿਵਾਰ ਤੇ ਬਿਕਰਮ ਮਜੀਠੀਆ ਤੱਕ ਪਹੁੰਚਿਆ ਤਾਂ ਉਨ੍ਹਾਂ ਨੂੰ ਵਿਭਾਗ ਦੀ ਇਹ ਹਰਕਤ ਪਸੰਦ ਨਾ ਆਈ। ਉਹ ਇਹ ਸਭ ਵੇਖ ਕੇ ਹੈਰਾਨ ਹੋਏ ਤੇ ਵਿਭਾਗ ਦੀ ਜਵਾਬਤਲਬੀ ਵੀ ਕੀਤੀ।

# ਸ਼ਹਿਜ਼ਾਦਾ ਵਿਲੀਅਮ ਦਾ ਸਬੰਧ ਭਾਰਤ ਨਾਲ ਜੁੜਿਆ

**ਲੰਡਨ:** ਬਰਤਾਨਵੀ ਸ਼ਹਿਜ਼ਾਦਾ ਵਿਲੀਅਮ ਜੋ ਆਪਣੇ ਪਿਤਾ ਸ਼ਹਿਜ਼ਾਦਾ ਚਾਰਲਸ ਤੋਂ ਬਾਅਦ ਬਰਤਾਨਵੀ ਤਖ਼ਤ ਦਾ ਵਾਰਸ ਹੈ, ਮੁਲਕ ਦਾ ਅਜਿਹਾ ਪਹਿਲਾ ਬਾਦਸ਼ਾਹ ਹੋਵੇਗਾ ਜਿਸ ਦੇ ਭਾਰਤ ਨਾਲ ਵਿਰਾਸਤੀ ਸਬੰਧ ਹਨ। ਇਹ ਗੱਲ ਸ਼ਹਿਜ਼ਾਦਾ ਵਿਲੀਅਮ ਦੇ ਡੀਐਨਏ ਵਿਸ਼ਲੇਸ਼ਣ ਤੋਂ ਸਾਬਤ ਹੋਈ ਹੈ। ਸ਼ਹਿਜ਼ਾਦਾ ਵਿਲੀਅਮ ਦੇ ਰਿਸ਼ਤੇਦਾਰਾਂ ਦੇ ਥੁੱਕ ਦੇ ਨਮੂਨਿਆਂ ਦੇ ਡੀਐਨਏ ਵਿਸ਼ਲੇਸ਼ਣ ਤੋਂ ਇਸ 30 ਸਾਲਾ ਸ਼ਹਿਜ਼ਾਦੇ ਤੇ ਉਸ ਦੀ ਮਰਹੂਮ ਮਾਂ ਸ਼ਹਿਜ਼ਾਦੀ ਡਾਇਨਾ ਦੇ ਪੁਰਖਿਆਂ ਕੋਲ ਕੰਮ ਕਰਨ ਵਾਲੀ ਭਾਰਤੀ ਔਰਤ ਦਰਮਿਆਨ ਸਬੰਧਾਂ ਦੀ ਕੜੀ ਜੁੜਦੀ ਹੈ।



ਇਸ ਨਵੇਂ ਇੰਕਸ਼ਾਫ ਤੋਂ ਸਾਫ ਹੈ ਕਿ ਸ਼ਹਿਜ਼ਾਦਾ ਵਿਲੀਅਮ ਜਦੋਂ ਬਰਤਾਨਵੀ ਬਾਦਸ਼ਾਹ ਵਜੋਂ ਰਾਸ਼ਟਰਮੰਡਲ ਦਾ ਮੁਖੀ ਹੋਵੇਗਾ ਤਾਂ ਉਸ ਦੇ ਰਾਸ਼ਟਰਮੰਡਲ ਵਿਚਲੇ ਸਭ ਤੋਂ ਵੱਧ ਆਬਾਦੀ ਵਾਲੇ ਮੁਲਕ ਭਾਰਤ ਨਾਲ ਰਿਸ਼ਤੇ ਹੋਣਗੇ। ਇਸ ਤੋਂ ਇਹ ਉਮੀਦ ਜ਼ਾਹਰ ਕੀਤੀ ਜਾ ਰਹੀ ਹੈ ਕਿ ਸ਼ਹਿਜ਼ਾਦਾ ਵਿਲੀਅਮ ਜਿਸ ਨੂੰ 'ਡਿਊਕ ਆਫ ਕੈਂਬਰਿਜ' ਦਾ ਖਿਤਾਬ ਹਾਸਲ ਹੈ, ਸ਼ਾਇਦ ਅਗਲੇ ਮਹੀਨੇ ਆਪਣੇ ਬੱਚੇ ਦੇ ਜਨਮ ਤੋਂ ਬਾਅਦ ਭਾਰਤ ਦੌਰੇ ਉਤੇ ਆਉਣ ਲਈ ਪ੍ਰੇਰਿਤ ਹੋਣ।

ਖੋਜਕਾਰਾਂ ਨੇ ਸ਼ਹਿਜ਼ਾਦਾ ਵਿਲੀਅਮ ਦੇ ਆਪਣੇ ਭਾਰਤੀ ਪੁਰਖਿਆਂ ਨਾਲ ਸਬੰਧਾਂ ਦੀ ਜਾਣਕਾਰੀ ਲੱਭ ਲਈ ਹੈ। ਵੇਰਵਿਆਂ ਮੁਤਾਬਕ ਸ਼ਹਿਜ਼ਾਦਾ ਵਿਲੀਅਮ ਦੇ ਨਾਨਕੇ ਪੱਖ ਵਿਚ ਪੰਜ ਪੀੜ੍ਹੀਆਂ ਪਹਿਲਾਂ ਉਨ੍ਹਾਂ ਦੇ ਨਕੜਨਾਨਾ ਥਿਓਡਰ ਫੋਰਬਜ਼ (1788-1820) ਗੁਜਰਾਤ ਦੇ ਬੰਦਰਗਾਹ ਸ਼ਹਿਰ ਸੂਰਤ ਵਿਚ ਈਸਟ ਇੰਡੀਆ ਕੰਪਨੀ ਲਈ ਕੰਮ ਕਰਦੇ ਸਨ ਜੋ ਸਕਾਟਲੈਂਡ ਦੇ ਕਾਰੋਬਾਰੀ ਸਨ। ਉਨ੍ਹਾਂ ਕੋਲ ਐਲਿਜਾ ਕੇਵਾਰਕ ਨਾਮੀ ਭਾਰਤੀ ਔਰਤ ਕੰਮ ਕਰਦੀ ਸੀ।

ਬੀਬੀ ਐਲਿਜਾ ਕੇਵਾਰਕ ਤੇ ਸ੍ਰੀ ਫੋਰਬਜ਼ ਦੇ ਇਕ ਧੀ ਕੈਥਰੀਨ ਪੈਦਾ ਹੋਈ ਤੇ ਉਸ ਦੀ ਪੰਜਵੀਂ ਪੀੜ੍ਹੀ ਵਿਚ ਸ਼ਹਿਜ਼ਾਦੀ ਡਾਇਨਾ ਸੀ। ਐਲਿਜ਼ਾ ਦਾ ਐਮਟੀਡੀਐਨਏ ਆਪਣੀਆਂ ਧੀਆਂ, ਦੋਹਤੀਆਂ, ਪੜਦੋਹਤੀਆਂ ਤੋਂ ਹੁੰਦਾ ਹੋਇਆ ਸ਼ਹਿਜ਼ਾਦੀ ਡਾਇਨਾ ਤੇ ਉਸ ਦੇ ਪੁੱਤਰਾਂ ਸ਼ਹਿਜ਼ਾਦਾ ਵਿਲੀਅਮ ਤੇ ਸ਼ਹਿਜ਼ਾਦਾ ਹੈਰੀ ਤੱਕ ਪੁੱਜਿਆ। 'ਬ੍ਰਿਟਿਸ਼ ਡੀ.ਐਨ.ਏ' ਨੇ ਇਕ ਬਿਆਨ ਵਿਚ ਕਿਹਾ ਹੈ ਕਿ ਉਨ੍ਹਾਂ ਨੂੰ ਭਰੋਸਾ ਹੈ ਕਿ ਉਨ੍ਹਾਂ ਵੱਲੋਂ ਇਕੱਠੇ ਸਾਰੇ ਸਬੂਤਾਂ ਤੋਂ ਪਤਾ ਚੱਲਦਾ ਹੈ ਕਿ ਮਾਂ ਪੱਖ ਤੋਂ ਸ਼ਹਿਜ਼ਾਦਾ ਵਿਲੀਅਮ ਦੇ ਭਾਰਤੀ ਪੁਰਖਿਆਂ ਨਾਲ ਸਬੰਧ ਹਨ।

ਉਂਜ ਬੀਬੀ ਐਲਿਜ਼ਾ ਦੇ ਆਰਮੀਨੀਆਈ ਹੋਣ ਦਾ ਦਾਅਵਾ ਵੀ ਕੀਤਾ ਗਿਆ ਹੈ ਜੋ ਸੰਭਵ ਤੌਰ 'ਤੇ ਉਸ ਦੇ ਉਪ ਨਾਂ ਕੇਵਾਰਕ ਕਾਰਨ ਹੈ ਜੋ ਆਰਮੀਨੀਆਈ ਉਪ ਨਾਂ ਕੇਵੋਰਕ ਨਾਲ ਮਿਲਦਾ ਹੈ। ਉਨ੍ਹਾਂ ਵੱਲੋਂ ਸ੍ਰੀ ਫੋਰਬਜ਼ ਨੂੰ ਲਿਖੀਆਂ ਚਿੱਠੀਆਂ ਵੀ ਆਰਮੀਨੀਆਈ ਲਿੱਪੀ ਵਿਚ ਹਨ। ਸਮਝਿਆ ਜਾਂਦਾ ਹੈ ਕਿ ਉਨ੍ਹਾਂ ਦੇ ਪਿਤਾ ਆਰਮੀਨੀਆਈ ਮੂਲ ਦੇ ਹੋ ਸਕਦੇ ਹਨ।

ਬਿਆਨ ਮੁਤਾਬਕ ਸ਼ਹਿਜ਼ਾਦਾ ਵਿਲੀਅਮ ਤੇ ਹੈਰੀ ਵਿਚ ਬੀਬੀ ਕੇਵਾਰਕ ਦੇ ਵਿਰਾਸਤੀ ਗੁਣ ਐਮਟੀਡੀਐਨਏ ਰਾਹੀਂ ਆਏ ਹਨ ਪਰ ਉਹ ਇਨ੍ਹਾਂ ਨੂੰ ਅੱਗੋਂ ਆਪਣੇ ਬੱਚਿਆਂ ਤੱਕ ਨਹੀਂ ਪਹੁੰਚਾ ਸਕਣਗੇ ਕਿਉਂਕਿ ਐਮਟੀਡੀਐਨਏ ਸਿਰਫ ਮਾਂ ਤੋਂ ਹੀ ਅੱਗੇ ਜਾਂਦਾ ਹੈ, ਪਿਤਾ ਤੋਂ ਨਹੀਂ। ਦੱਸਿਆ ਜਾਂਦਾ ਹੈ ਕਿ ਬੀਬੀ ਐਲਿਜ਼ਾ ਦੇ ਬੱਚਿਆਂ ਦੇ ਸਕਾਟਿਸ਼ ਪਿਤਾ ਸ੍ਰੀ ਫੋਰਬਜ਼ ਨੇ ਉਸ ਨੂੰ ਅਚਾਨਕ ਛੱਡ ਦਿੱਤਾ ਸੀ ਤੇ ਧੀ ਕੈਥਰੀਨ ਨੂੰ ਛੇ ਸਾਲਾਂ ਦੀ ਉਮਰ ਵਿਚ ਬਰਤਾਨੀਆ ਭੇਜ ਦਿੱਤਾ ਸੀ। ਸ੍ਰੀ ਫੋਰਬਜ਼ ਦੀ 1820 ਵਿਚ ਬਰਤਾਨੀਆ ਪਰਤਦਿਆਂ ਸਮੁੰਦਰੀ ਜਹਾਜ਼ ਵਿਚ ਮੌਤ ਹੋ ਗਈ ਸੀ।


## ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

## National Truck Driving School

### ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

**ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ**
**ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ**

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

**1816 Main Ave., Secramento CA, 95838**

# ਨਾਨਕਸ਼ਾਹੀ ਕੈਲੰਡਰ ਬਾਰੇ ਵਿਵਾਦ ਬਰਕਰਾਰ

## ਸਿੱਖ ਸੰਗਤਾਂ ਭੰਬਲਭੂਸੇ ਦਾ ਸ਼ਿਕਾਰ



**ਚੰਡੀਗੜ੍ਹ:** ਨਾਨਕਸ਼ਾਹੀ ਕੈਲੰਡਰ ਬਾਰੇ ਵਿਵਾਦ ਬਰਕਰਾਰ ਹੈ ਜਿਸ ਕਰਕੇ ਸਿੱਖ ਸੰਗਤ ਭੰਬਲਭੂਸੇ ਦਾ ਸ਼ਿਕਾਰ ਹੋ ਰਹੀ ਹੈ। ਇਸ ਵਿਵਾਦ ਕਾਰਨ ਸ੍ਰੀ ਗੁਰੂ ਅਰਜਨ ਦੇਵ ਦਾ ਸ਼ਹੀਦੀ ਦਿਹਾੜਾ ਵੀ ਦੋ ਵਾਰ 12 ਜੂਨ ਤੇ 16 ਜੂਨ ਨੂੰ ਮਨਾਇਆ ਗਿਆ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਹ ਦਿਹਾੜਾ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ 16 ਜੂਨ ਨੂੰ ਮਨਾਉਣ ਕਰਕੇ ਇਸ ਵਾਰ ਵੀ ਸ਼੍ਰੋਮਣੀ ਕਮੇਟੀ ਨੂੰ ਤੈਅ ਪ੍ਰੋਗਰਾਮ ਮੁਤਾਬਕ ਪਾਕਿ ਸਥਿਤ ਗੁਰਧਾਮਾਂ ਦੀ ਯਾਤਰਾ ਲਈ ਵੀਜ਼ੇ ਨਹੀਂ ਮਿਲੇ ਤੇ ਜਥਾ ਪਛੜ ਕੇ ਪਾਕਿ ਗਿਆ।

ਸੋਧਿਆ ਹੋਇਆ ਨਾਨਕਸ਼ਾਹੀ ਕੈਲੰਡਰ 2010 ਵਿਚ ਲਾਗੂ ਕੀਤਾ ਗਿਆ ਸੀ ਪਰ ਇਸ ਨੂੰ ਲਾਗੂ ਕੀਤੇ ਜਾਣ ਮਗਰੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਅਮਰੀਕਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੋਰ ਕਈ ਜਥੇਬੰਦੀਆਂ ਵੱਲੋਂ ਪ੍ਰਵਾਨ ਨਹੀਂ ਸੀ ਕੀਤਾ ਗਿਆ ਜਿਸ ਕਾਰਨ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਬਾਰੇ ਸਮੁੱਚੇ ਸਿੱਖ ਜਗਤ ਵਿਚ ਸਹਿਮਤੀ ਨਹੀਂ ਬਣ ਸਕੀ।

ਇਸੇ ਤਰ੍ਹਾਂ ਜਦੋਂ 2003 ਵਿਚ ਨਾਨਕਸ਼ਾਹੀ ਕੈਲੰਡਰ ਲਾਗੂ ਕੀਤਾ ਗਿਆ ਸੀ ਤਾਂ ਉਸ ਵੇਲੇ ਦੋ ਤਖ਼ਤਾਂ (ਤਖ਼ਤ ਸ੍ਰੀ ਪਟਨਾ ਸਾਹਿਬ ਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ) ਤੇ ਸੰਤ ਸਮਾਜ ਵਲੋਂ ਪ੍ਰਵਾਨ ਨਹੀਂ ਕੀਤਾ ਗਿਆ ਸੀ। ਇਸ ਕਾਰਨ ਉਸ ਵੇਲੇ ਵੀ ਸਮੁੱਚੇ ਸਿੱਖ ਜਗਤ ਵਿਚ ਇਸ ਬਾਰੇ ਸਹਿਮਤੀ ਨਹੀਂ ਬਣ ਸਕੀ ਸੀ। ਇਸ ਤੋਂ ਪਹਿਲਾਂ ਤਾਂ ਇਸੇ ਕੈਲੰਡਰ ਨੂੰ ਲੈ ਕੇ ਉਸ ਵੇਲੇ ਦੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਪੂਰਨ ਸਿੰਘ ਤੇ ਉਸ ਵੇਲੇ ਦੀ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਵਿਚਾਲੇ ਜੰਗ ਸ਼ੁਰੂ ਹੋ ਗਈ ਸੀ।

ਮੂਲ ਨਾਨਕਸ਼ਾਹੀ ਕੈਲੰਡਰ 2003 ਵਿਚ ਲਾਗੂ ਕੀਤਾ ਗਿਆ ਸੀ। ਪਰਵਾਸੀ ਭਾਰਤੀ ਪਾਲ ਸਿੰਘ ਪੁਰੇਵਾਲ ਵੱਲੋਂ ਬਣਾਇਆ ਇਹ ਕੈਲੰਡਰ ਸੂਰਜੀ ਚਾਲ 'ਤੇ ਆਧਾਰਤ ਸੀ। ਇਸ ਕੈਲੰਡਰ ਦਾ ਨਾਂ ਸ੍ਰੀ ਗੁਰੂ ਨਾਨਕ ਦੇਵ ਨਾਲ ਜੁੜਿਆ ਹੋਣ ਕਾਰਨ ਇਸ ਦੀ ਸ਼ੁਰੂਆਤ ਦਾ ਆਧਾਰ ਉਨ੍ਹਾਂ ਦੇ ਪ੍ਰਕਾਸ਼ ਵਰ੍ਹੇ 1469 ਨੂੰ ਮੰਨਿਆ ਗਿਆ ਸੀ ਤੇ 1469 ਤੋਂ ਹੀ ਨਾਨਕਸ਼ਾਹੀ ਸੰਮਤ ਇਕ ਸ਼ੁਰੂ ਕੀਤਾ ਗਿਆ ਸੀ। ਇਸ ਕੈਲੰਡਰ ਦੀ ਇਕ ਸਾਲ ਦੀ ਲੰਬਾਈ 365 ਦਿਨ ਪੰਜ ਘੰਟੇ 48 ਮਿੰਟ ਸੀ। ਇਸ ਨਾਨਕਸ਼ਾਹੀ ਕੈਲੰਡਰ ਮੁਤਾਬਕ ਸਮੁੱਚੇ ਗੁਰਪੁਰਬ ਤੇ ਸ਼ਹੀਦੀ ਦਿਹਾੜਿਆਂ ਦੀਆਂ ਦਿਨ ਤਾਰੀਖਾਂ ਸਥਾਈ ਤੌਰ 'ਤੇ ਤੈਅ ਕਰ ਦਿੱਤੀਆਂ ਸਨ ਪਰ ਹੋਲਾ ਮਹੱਲਾ, ਦੀਵਾਲੀ ਤੇ ਸ੍ਰੀ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਦੇ ਦਿਨ ਤੇ ਤਾਰੀਖ ਤੈਅ ਨਹੀਂ ਕੀਤੇ ਗਏ ਸਨ। ਇਨ੍ਹਾਂ ਦੀਆਂ ਤਾਰੀਖਾਂ ਨੂੰ ਪਹਿਲਾਂ ਵਾਲੇ ਬਿਕਰਮੀ ਕੈਲੰਡਰ ਮੁਤਾਬਕ ਹੀ ਰੱਖਿਆ ਗਿਆ ਸੀ।

ਉਸ ਵੇਲੇ ਜਿਨ੍ਹਾਂ ਗੁਰਪੁਰਬਾਂ ਦੀਆਂ ਦਿਨ ਤੇ ਤਾਰੀਖਾਂ ਤੈਅ ਕੀਤੀਆਂ ਗਈਆਂ ਸਨ, ਉਨ੍ਹਾਂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਦਿਹਾੜਾ ਹਰ ਵਰ੍ਹੇ 23 ਪੋਹ, ਪੰਜ ਜਨਵਰੀ ਨੂੰ, ਵਿਸਾਖੀ ਇਕ ਵਿਸਾਖ 14 ਅਪਰੈਲ ਨੂੰ, ਸ੍ਰੀ ਗੁਰੂ ਤੇਗ ਬਹਾਦਰ ਦਾ ਪ੍ਰਕਾਸ਼ ਪੁਰਬ ਪੰਜ ਵਿਸਾਖ 18 ਅਪਰੈਲ ਨੂੰ, ਸ੍ਰੀ ਗੁਰੂ ਅਰਜਨ ਦੇਵ ਦਾ ਸ਼ਹੀਦੀ ਦਿਹਾੜਾ ਦੋ ਹਾੜ 16 ਜੂਨ ਨੂੰ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਗੁਰਗੱਦੀ ਦਿਵਸ 17 ਭਾਦੋਂ ਇਕ ਸਤੰਬਰ ਨੂੰ, ਸ੍ਰੀ ਗੁਰੂ ਤੇਗ ਬਹਾਦਰ ਦਾ ਸ਼ਹੀਦੀ ਦਿਹਾੜਾ 11 ਮੱਘਰ 24 ਨਵੰਬਰ ਨੂੰ, ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ 28 ਅੱਸੂ, ਨੌਂ ਅਕਤੂਬਰ ਨੂੰ ਤੈਅ ਕੀਤਾ ਗਿਆ ਸੀ ਪਰ ਕੁਝ ਵਰ੍ਹਿਆਂ ਬਾਅਦ ਹੀ ਕੈਲੰਡਰ ਨੂੰ ਲੈ ਕੇ ਵਧਦੇ ਵਿਵਾਦ ਤਹਿਤ ਇਸ ਵਿਚ ਸੋਧ ਆਰੰਭ ਦਿੱਤੀ ਗਈ ਤੇ 2010 ਵਿਚ ਸੋਧਿਆ ਹੋਇਆ ਨਾਨਕਸ਼ਾਹੀ ਕੈਲੰਡਰ ਲਾਗੂ ਕਰ ਦਿੱਤਾ ਗਿਆ। ਸੋਧਿਆ ਹੋਇਆ ਕੈਲੰਡਰ ਮੁੜ ਬਿਕਰਮੀ ਕੈਲੰਡਰ ਬਣ ਗਿਆ ਤੇ ਇਸ ਦਾ ਨਾਨਕਸ਼ਾਹੀ ਕੈਲੰਡਰ ਵਾਲਾ ਰੂਪ ਖ਼ਤਮ ਹੋ ਗਿਆ। ਇਸ ਸੋਧੇ ਹੋਏ ਕੈਲੰਡਰ ਨੂੰ ਮੁੜ ਚੰਦਰ ਚਾਲ 'ਤੇ ਆਧਾਰਤ ਕਰ ਦਿੱਤਾ ਗਿਆ ਸੀ ਜਿਸ ਦੇ ਸਾਲ ਵਿਚ 12 ਮਹੀਨਿਆਂ ਦੇ ਦਿਨ ਕਦੇ ਵੀ ਸਥਾਈ ਨਹੀਂ ਹੁੰਦੇ ਜਿਸ ਕਾਰਨ ਗੁਰਪੁਰਬਾਂ ਤੇ ਸ਼ਹੀਦੀ ਦਿਹਾੜਿਆਂ ਦੀਆਂ ਦਿਨ ਤਰੀਕਾਂ ਵੀ ਮੁੜ ਅਸਥਾਈ ਹੋ ਗਈਆਂ। ਸੋਧੇ ਹੋਏ ਨਾਨਕਸ਼ਾਹੀ ਕੈਲੰਡਰ 2012 ਵਿਚ ਅੱਸੂ ਮਹੀਨੇ ਦੇ ਦਿਨ 30 ਸਨ ਜਦੋਂ ਕਿ 2013 ਵਿਚ 31 ਦਿਨ ਹਨ। 2012 ਵਿਚ ਮੱਘਰ ਮਹੀਨੇ ਦੇ 30 ਦਿਨ ਹਨ ਤੇ 2013 ਵਿਚ 29 ਦਿਨ ਹਨ। 2012 ਵਿਚ ਪੋਹ ਮਹੀਨੇ ਦੇ 29 ਦਿਨ ਸਨ ਤੇ 2013 ਵਿਚ 30 ਦਿਨ ਹਨ। ਇਸੇ ਤਰ੍ਹਾਂ ਮਾਘ ਮਹੀਨੇ ਦੇ 2012 ਵਿਚ 30 ਦਿਨ ਸਨ ਤੇ 2013 ਵਿਚ 29 ਦਿਨ ਹਨ।

ਮਹੀਨਿਆਂ ਦੇ ਦਿਨ ਘਟਣ ਵਧਣ ਕਾਰਨ ਗੁਰਪੁਰਬਾਂ ਤੇ ਸ਼ਹੀਦੀ ਦਿਹਾੜੇ ਦੀਆਂ ਤਰੀਕਾਂ ਵੀ ਅਗਾਂਹ ਪਿਛਾਂਹ ਹੋ ਗਈਆਂ ਹਨ। ਸਿੱਟੇ ਵਜੋਂ 2013 ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ 18 ਜਨਵਰੀ ਨੂੰ ਸੀ ਜਦੋਂ ਕਿ 2014 ਵਿਚ ਇਹ ਸੱਤ ਜਨਵਰੀ ਨੂੰ ਆਵੇਗਾ। ਇਸੇ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਦਾ ਸ਼ਹੀਦੀ ਦਿਹਾੜਾ 2012 ਵਿਚ 25 ਮਈ ਨੂੰ ਸੀ ਜਦੋਂਕਿ 2013 ਵਿਚ 12 ਜੂਨ ਨੂੰ ਹੈ।

### ਮੁੜ ਸੋਧ ਦੀ ਕੋਈ ਤਜਵੀਜ਼ ਨਹੀਂ: ਜਥੇਦਾਰ ਅਵਤਾਰ ਸਿੰਘ

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਦਾ ਕਹਿਣਾ ਹੈ ਕਿ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਨਤਾ ਪ੍ਰਾਪਤ ਹੈ ਤੇ ਫਿਲਹਾਲ ਇਸ ਵਿਚ ਕੋਈ ਨਵੀਂ ਸੋਧ ਦੀ ਕੋਈ ਤਜਵੀਜ਼ ਨਹੀਂ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਅਵੱਗਿਆ ਕਰਨਾ ਪਾਕਿ ਕਮੇਟੀ ਦੇ ਪ੍ਰਧਾਨ ਸ. ਸ਼ਾਮ ਸਿੰਘ ਲਈ ਘਾਤਕ ਹੋਵੇਗਾ। ਉਨ੍ਹਾਂ ਨੇ ਪਾਕਿਸਤਾਨ ਔਕਾਫ਼ ਬੋਰਡ ਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਦੋਸ਼ ਲਾਇਆ ਹੈ ਕਿ ਦੋਵਾਂ ਨੇ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਮੁਤਾਬਕ 12 ਜੂਨ ਨੂੰ ਸ਼ਹੀਦੀ ਦਿਹਾੜਾ ਮਨਾਉਣ ਵਿਚ ਸਹਿਯੋਗ ਨਹੀਂ ਦਿੱਤਾ।

*ਨਾਨਕਸ਼ਾਹੀ ਕੈਲੰਡਰ*

## ਸਾਰੀਆਂ ਸਿੱਖ ਜਥੇਬੰਦੀਆਂ ਨਾਲ ਸਲਾਹ-ਮਸ਼ਵਰੇ ਦੀ ਸਲਾਹ

**ਅੰਮ੍ਰਿਤਸਰ:** ਲਾਹੌਰ ਸਥਿਤ ਗੁਰਦੁਆਰਾ ਡੇਹਰਾ ਸਾਹਿਬ ਵਿਖੇ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਗੁਰੂ ਅਰਜਨ ਦੇਵ ਦਾ ਸ਼ਹੀਦੀ ਦਿਹਾੜਾ ਦੂਜੀ ਵਾਰ ਮਨਾਇਆ ਗਿਆ। ਇਸ ਦੌਰਾਨ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਖਿਆ ਕਿ ਨਾਨਕਸ਼ਾਹੀ ਕੈਲੰਡਰ ਵਿਵਾਦ ਨੂੰ ਹੱਲ ਕਰਨ ਲਈ ਵਿਸ਼ਵ ਭਰ ਦੀਆਂ ਸਿੱਖ ਜਥੇਬੰਦੀਆਂ ਦੀ ਮੀਟਿੰਗ ਸੱਦ ਕੇ ਇਸ ਬਾਰੇ ਫੈਸਲਾ ਕੀਤਾ ਜਾਵੇ ਤੇ ਉਸ ਫੈਸਲੇ ਨੂੰ ਅਕਾਲ ਤਖ਼ਤ ਵੱਲੋਂ ਮਾਨਤਾ ਦਿੱਤੀ ਜਾਵੇ।

ਬੁਲਾਰਿਆਂ ਨੇ ਅਕਾਲ ਤਖ਼ਤ ਨੂੰ ਅਪੀਲ ਕੀਤੀ ਹੈ ਕਿ ਨਾਨਕਸ਼ਾਹੀ ਕੈਲੰਡਰ ਕਾਰਨ ਪੰਥ ਵਿਚ ਪਏ ਵਖਰੇਵੇਂ ਖ਼ਤਮ ਕਰਨ ਲਈ ਆਮ ਸਹਿਮਤੀ ਬਣਾਉਣ ਵਾਸਤੇ ਅਕਾਲ ਤਖ਼ਤ ਦੀ ਅਗਵਾਈ ਹੇਠ ਵਿਸ਼ਵ ਭਰ ਦੀਆਂ ਸਿੱਖ ਜਥੇਬੰਦੀਆਂ ਨਾਲ ਵਿਚਾਰ ਵਟਾਂਦਰਾ ਕੀਤਾ ਜਾਵੇ। ਲਾਹੌਰ ਤੋਂ ਅਮਰੀਕੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਸ਼ਹੀਦੀ ਪੁਰਬਸ਼ਰਧਾ ਨਾਲ ਮਨਾਇਆ ਗਿਆ। ਉਨ੍ਹਾਂ ਆਖਿਆ ਕਿ ਨਾਨਕਸ਼ਾਹੀ ਕੈਲੰਡਰ ਕਾਰਨ ਸਮੁੱਚੇ ਪੰਥ ਵਿਚ ਦਰਾੜ ਪੈਦਾ ਹੋ ਗਈ ਹੈ। ਕੈਲੰਡਰ ਵਿਵਾਦ ਨੂੰ ਖ਼ਤਮ ਕਰਨ ਲਈ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਪਹਿਲਕਦਮੀ ਕਰਨ। ਉਨ੍ਹਾਂ ਆਖਿਆ ਕਿ ਕੈਲੰਡਰ ਦੇ ਸੰਸਥਾਪਕ ਪਾਲ ਸਿੰਘ ਪੁਰੇਵਾਲ ਖੁਦ ਵੀ ਕੈਲੰਡਰ ਵਿਚ ਕੀਤੀਆਂ ਗਈਆਂ ਸੋਧਾਂ ਨਾਲ ਸਹਿਮਤ ਨਹੀਂ ਹਨ। ਇਸ ਲਈ ਆਮ ਸਹਿਮਤੀ ਬਣਾਉਣ ਲਈ ਮੁੜ ਵਿਚਾਰ ਕਰਨ ਦੀ ਲੋੜ ਹੈ।

ਇਸ ਦੌਰਾਨ ਪਾਕਿਸਤਾਨ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸ਼ਾਮ ਸਿੰਘ ਨੇ ਆਖਿਆ ਕਿ ਕੈਲੰਡਰ ਵਿਵਾਦ ਬਾਰੇ ਆਮ ਸਹਿਮਤੀ ਬਣਾਈ ਜਾਣੀ ਚਾਹੀਦੀ ਹੈ। ਇਸ ਨੂੰ ਜਬਰੀ ਲਾਗੂ ਕਰਨ ਦਾ ਯਤਨ ਨਹੀਂ ਕੀਤਾ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਭਾਰਤ ਸਮੇਤ ਪਾਕਿਸਤਾਨ, ਅਮਰੀਕਾ, ਯੂਰਪ, ਆਸਟਰੇਲੀਆ, ਕੈਨੇਡਾ, ਨਿਊਜ਼ੀਲੈਂਡ ਦੇ ਨੁਮਾਇੰਦਿਆਂ ਨੂੰ ਸੱਦ ਕੇ ਅਕਾਲ ਤਖ਼ਤ ਦੀ ਅਗਵਾਈ ਹੇਠ ਵਿਚਾਰ ਚਰਚਾ ਕੀਤੀ ਜਾਵੇ।

## ਮਸਲਾ ਪਾਕਿ ਕਮੇਟੀ ਨਾਲ ਵਿਚਾਰਿਆ ਜਾਵੇਗਾ: ਸਿੰਘ ਸਾਹਿਬ

**ਚੰਡੀਗੜ੍ਹ (ਬਿਊਰੋ):** ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦਾ ਕਹਿਣਾ ਹੈ ਕਿ ਇਸ ਦੁਬਿਧਾ ਬਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਵੱਲੋਂ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਨਾਲ ਗੱਲਬਾਤ ਕਰਕੇ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਨੂੰ ਪ੍ਰਵਾਨ ਕਰਾਉਣ ਬਾਰੇ ਯਤਨ ਕੀਤੇ ਜਾਣਗੇ।

ਉਨ੍ਹਾਂ ਦੱਸਿਆ ਕਿ ਉਹ ਆਪਣੇ ਪੱਧਰ 'ਤੇ ਵੀ ਪੀ.ਜੀ.ਪੀ.ਸੀ ਦੇ ਆਗੂਆਂ ਨਾਲ ਇਸ ਬਾਰੇ ਗੱਲਬਾਤ ਕਰਕੇ ਸਹਿਮਤੀ ਬਣਾਉਣ ਦਾ ਯਤਨ ਕਰਨਗੇ। ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ ਜੋ ਕਿ ਨਾਨਕਸ਼ਾਹੀ ਕੈਲੰਡਰ ਦੀ ਸਥਾਪਨਾ ਵੇਲੇ ਬਣਾਈ ਗਈ 11 ਮੈਂਬਰੀ ਕਮੇਟੀ ਵਿਚ ਸ਼ਾਮਲ ਸਨ, ਨੇ ਆਖਿਆ ਕਿ ਸੋਧਿਆ ਹੋਇਆ ਨਾਨਕਸ਼ਾਹੀ ਕੈਲੰਡਰ ਨਾ ਤਾਂ ਬਿਕਰਮੀ ਕੈਲੰਡਰ ਰਿਹਾ ਹੈ ਤੇ ਨਾ ਹੀ ਨਾਨਕਸ਼ਾਹੀ ਕੈਲੰਡਰ ਬਣ ਸਕਿਆ ਹੈ। ਇਹ ਕੈਲੰਡਰ ਹੁਣ ਮਿਲਗੋਭਾ ਕੈਲੰਡਰ ਬਣ ਗਿਆ ਹੈ ਜਿਸ ਨੇ ਮੁੜ ਸਿੱਖ ਸੰਗਤ ਨੂੰ ਭੰਬਲਭੂਸੇ ਵਿਚ ਪਾ ਦਿੱਤਾ ਹੈ। ਜੇਕਰ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਲਾਗੂ ਨਹੀਂ ਕੀਤਾ ਜਾਣਾ ਤਾਂ ਫਿਰ ਮੁੜ ਪੁਰਾਣਾ ਬਿਕਰਮੀ ਕੈਲੰਡਰ ਲਾਗੂ ਕਰ ਦੇਣਾ ਚਾਹੀਦਾ ਹੈ।

## ਸਾਕਾ ਨੀਲਾ ਤਾਰਾ ਦੇ ਜ਼ਖ਼ਮਾਂ ਦਾ ਗਵਾਹ ਤੇਜਾ ਸਿੰਘ ਸਮੁੰਦਰੀ ਹਾਲ

**ਅੰਮ੍ਰਿਤਸਰ:** ਤੇਜਾ ਸਿੰਘ ਸਮੁੰਦਰੀ ਹਾਲ ਦੀ ਇਮਾਰਤ ਦੀ ਪਛਾਣ ਮਹਿਜ਼ ਸ਼੍ਰੋਮਣੀ ਕਮੇਟੀ ਦਫ਼ਤਰ ਵਜੋਂ ਹੀ ਨਹੀਂ ਬਲਕਿ ਉਸ ਵਿਰਾਸਤੀ ਮੁਜੱਸਮੇ ਵਜੋਂ ਵੀ ਕੀਤੀ ਜਾਂਦੀ ਹੈ ਜਿਸ ਨੇ ਸਾਕਾ ਨੀਲਾ ਤਾਰਾ ਦੇ ਜ਼ਖ਼ਮਾਂ ਨੂੰ ਅੱਜ ਵੀ ਉਸੇ ਹਾਲਤ ਵਿਚ ਸਾਂਭਿਆ ਹੋਇਆ ਹੈ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਿੱਖ ਗੁਰਧਾਮਾਂ 'ਤੇ ਹੋਏ ਸਰਕਾਰੀ ਕਹਿਰ ਤੋਂ ਜਾਣੂ ਕਰਵਾਇਆ ਜਾ ਸਕੇ।

ਗੋਲੀਆਂ ਦੇ ਨਿਸ਼ਾਨ ਕੰਧਾਂ 'ਤੇ ਲਈ ਇਸ ਇਮਾਰਤ ਨੂੰ ਸਾਕਾ ਨੀਲਾ ਤਾਰਾ ਮਗਰੋਂ ਹੁਣ ਤੱਕ ਸਫੈਦੀ ਨਹੀਂ ਕਰਵਾਈ ਗਈ ਪਰ ਅਜੇ ਵੀ ਇਸ ਦੀਆਂ ਦੀਵਾਰਾਂ ਤੋਂ ਫਿੱਕਾ ਪਿਆ ਚਿੱਟਾ ਰੰਗ ਤੇ ਥਾਂ-ਥਾਂ ਹੋਏ ਗੋਲੀਆਂ ਦੇ ਮਘੋਰੇ ਪੀੜਾ ਬਿਆਨ ਕਰਦੇ ਹਨ। ਗੁਰਦੁਆਰਾ ਸੁਧਾਰ ਲਹਿਰ ਵਿਚ ਭਰਵਾਂ ਯੋਗਦਾਨ ਪਾਉਂਦਿਆਂ ਸ਼ਹਾਦਤ ਪਾਉਣ ਵਾਲੇ ਸ਼੍ਰੋਮਣੀ ਕਮੇਟੀ ਦੇ ਮੁੱਢਲੇ ਮੈਂਬਰ ਤੇ ਉਪ ਪ੍ਰਧਾਨ ਰਹੇ ਸ. ਤੇਜਾ ਸਿੰਘ ਸਮੁੰਦਰੀ ਦੀ ਯਾਦ ਵਿਚ ਬਣਾਇਆ ਗਿਆ ਤੇਜਾ ਸਿੰਘ ਸਮੁੰਦਰੀ ਹਾਲ ਸਿੱਖਾਂ ਦੀ ਮਿੰਨੀ ਸੰਸਦ ਤੇ ਸਿੱਖ ਸਿਆਸਤ ਦੀ ਕੇਂਦਰ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕੀ ਦਫ਼ਤਰ ਵਜੋਂ ਜਾਣਿਆ ਜਾਂਦਾ ਹੈ ਜਿਥੇ ਸਿੱਖਾਂ ਦੇ ਮਾਣਮੱਤੇ ਇਤਿਹਾਸ ਤੇ ਗੁਰਦੁਆਰਾ ਸੁਧਾਰ ਨਾਲ ਸਬੰਧਤ ਕਈ ਅਹਿਮ ਫੈਸਲੇ ਲਏ ਗਏ।

ਹਾਸਲ ਜਾਣਕਾਰੀ ਮੁਤਾਬਕ ਸਾਕੇ ਵੇਲੇ ਦੇ ਸ਼੍ਰੋਮਣੀ ਕਮੇਟੀ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਤੇ ਸੰਤ ਹਰਚੰਦ ਸਿੰਘ ਲਾਗੋਵਾਲ ਇਸੇ ਦਫ਼ਤਰ ਹਾਲ ਵਿਚ ਮੌਜੂਦ ਸਨ ਜਿਨ੍ਹਾਂ ਨੂੰ ਬਾਅਦ ਵਿਚ ਮਜ਼ਬੂਰਨ ਇਹ ਸਥਾਨ ਛੱਡਣਾ ਪਿਆ। ਤੇਜਾ ਸਿੰਘ ਸਮੁੰਦਰੀ ਹਾਲ ਦੀ ਇਮਾਰਤ ਪੂਰੀ ਤਰ੍ਹਾਂ ਉਸੇ ਰੂਪ ਵਿਚ ਹੈ ਜਿਸ ਤਰ੍ਹਾਂ ਖ਼ੂਨੀ ਸਾਕੇ ਤੋਂ ਬਾਅਦ ਬਚੀ ਸੀ। ਸ਼੍ਰੋਮਣੀ ਕਮੇਟੀ ਵੱਲੋਂ ਇਸ ਇਮਾਰਤ ਨੂੰ ਇਸੇ ਤਰ੍ਹਾਂ ਹਮੇਸ਼ਾ ਲਈ ਵਿਰਾਸਤੀ ਰੂਪ ਵਿਚ ਰੱਖਣ ਦਾ ਪ੍ਰਣ ਲਿਆ ਹੈ।

ਜਥੇਦਾਰ ਅਵਤਾਰ ਸਿੰਘ ਮੁਤਾਬਕ ਆਪਣੇ ਨਾਲ ਵਾਪਰੀ ਅਜਿਹੀ ਧੱਕੇਸ਼ਾਹੀ ਦੇ ਸਬੂਤ ਨੂੰ ਅਗਲੀਆਂ ਪੀੜੀਆਂ ਲਈ ਹਰ ਹੀਲੇ ਬਰਕਰਾਰ ਰੱਖਿਆ ਜਾਵੇਗਾ। ਸ਼੍ਰੋਮਣੀ ਕਮੇਟੀ ਵੱਲੋਂ ਕੇਂਦਰ ਸਰਕਾਰ 'ਤੇ ਸਾਕਾ ਨੀਲਾ ਤਾਰਾ ਦੌਰਾਨ ਹੋਏ ਇਮਾਰਤੀ ਨੁਕਸਾਨ ਦੇ ਹਰਜ਼ਾਨੇ ਬਾਰੇ ਪਾਏ ਇਕ ਹਜ਼ਾਰ ਕਰੋੜ ਦੇ ਅਦਾਲਤੀ ਕੇਸ ਬਾਰੇ ਵੀ ਇਸ ਇਮਾਰਤ ਨੂੰ ਮੌਕੇ ਦੇ ਹਾਲਾਤ ਵਿਖਾਉਣ ਵਾਸਤੇ ਅਦਾਲਤੀ ਸਬੂਤ ਵਜੋਂ ਰੱਖਿਆ ਗਿਆ ਹੈ ਪਰ ਸ਼੍ਰੋਮਣੀ ਕਮੇਟੀ ਮਾਮਲੇ ਦੇ ਫੈਸਲੇ ਉਪਰੰਤ ਵੀ ਇਸੇ ਦਿੱਖ ਨੂੰ ਬਰਕਰਾਰ ਰੱਖਣ ਦੀ ਚਾਹਵਾਨ ਹੈ। ਇਸ ਵੇਲੇ ਜਦੋਂ ਸਾਕਾ ਨੀਲਾ ਤਾਰਾ ਬਾਰੇ ਨਵੀਂਆਂ ਯਾਦਗਾਰਾਂ ਬਣਾਈਆਂ ਜਾ ਰਹੀਆਂ ਹਨ ਤਾਂ ਸਾਕੇ ਦੀ ਅਸਲ ਗਵਾਹ ਇਸ ਇਮਾਰਤ ਨੂੰ ਵੀ ਇਸ ਦੇ ਇਸੇ ਰੂਪ ਵਿਚ ਸਾਂਭਣ ਦੀ ਲੋੜ ਹੈ।

## ਪੰਜਾ ਸਾਹਿਬ ਨੂੰ ਮਿਲੇਗਾ ਪਵਿੱਤਰ ਸ਼ਹਿਰ ਦਾ ਦਰਜਾ



**ਚੰਡੀਗੜ੍ਹ:** ਪਾਕਿਸਤਾਨ ਸਰਕਾਰ ਨੇ ਪੰਜਾ ਸਾਹਿਬ ਨੂੰ ਪਵਿੱਤਰ ਸ਼ਹਿਰ ਐਲਾਨਣ ਦਾ ਫੈਸਲਾ ਕੀਤਾ ਹੈ। ਇਹ ਖੁਲਾਸਾ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਚੰਡੀਗੜ੍ਹ ਵਿਚ ਮੁਲਾਕਾਤ ਕਰਨ ਆਏ ਪਾਕਿਸਤਾਨ ਗ੍ਰਹਿ ਮੰਤਰਾਲੇ ਦੇ ਕਾਨੂੰਨੀ ਕੌਂਸਲੇਟ ਤੇ ਭਾਰਤ-ਪਾਕਿ ਮਿੱਤਰਤਾ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਆਰਿਫ਼ ਚੌਧਰੀ ਨੇ ਕੀਤਾ ਹੈ।

ਸ੍ਰੀ ਆਰਿਫ਼ ਨੇ ਦੱਸਿਆ ਕਿ ਭਾਰਤ-ਪਾਕਿਸਤਾਨ ਮਿੱਤਰਤਾ ਐਸੋਸੀਏਸ਼ਨ ਦਾ 2003 ਵਿਚ ਗਠਨ ਕੀਤਾ ਗਿਆ ਸੀ ਤਾਂ ਜੋ ਦੋਵਾਂ ਦੇਸ਼ਾਂ ਦੇ ਲੋਕਾਂ ਵਿਚਕਾਰ ਆਪਸੀ ਭਾਈਚਾਰੇ ਤੇ ਮਿੱਤਰਤਾ ਨੂੰ ਮਜ਼ਬੂਤ ਕੀਤਾ ਜਾ ਸਕੇ। ਐਸੋਸੀਏਸ਼ਨ ਨੇ ਭਾਰਤੀ ਵਕੀਲਾਂ ਦੇ ਇਕ ਵਫ਼ਦ ਦਾ ਪਾਕਿਸਤਾਨ ਦੀ ਜੇਲ੍ਹ ਵਿਚ ਸਵਰਗੀ ਸਰਬਜੀਤ ਸਿੰਘ ਨੂੰ ਮਿਲਣ ਲਈ ਦੌਰੇ ਦਾ ਪ੍ਰਬੰਧ ਕੀਤਾ ਸੀ।

ਉਨ੍ਹਾਂ ਕਿਹਾ ਕਿ ਇਹ ਐਸੋਸੀਏਸ਼ਨ ਪੰਜਾ ਸਾਹਿਬ ਦੇ ਯੋਜਨਾਬੱਧ ਵਿਕਾਸ ਤੋਂ ਇਲਾਵਾ ਪੰਜਾ ਸਾਹਿਬ ਵਿਚ ਰਹਿੰਦੇ ਸਿੱਖਾਂ ਦੀ ਭਲਾਈ ਨਾਲ ਸਬੰਧਤ ਸਾਰਿਆਂ ਮੁੱਦਿਆਂ ਦੇ ਹੱਲ ਨੂੰ ਵੀ ਯਕੀਨੀ ਬਣਾਏਗੀ। ਸ੍ਰੀ ਆਰਿਫ਼ ਨੇ ਮੁੱਖ ਮੰਤਰੀ ਨੂੰ ਪਾਕਿਸਤਾਨ ਆਉਣ ਦਾ ਵੀ ਸੱਦਾ ਦਿੱਤਾ ਜੋ ਉਨ੍ਹਾਂ ਪ੍ਰਵਾਨ ਕਰ ਲਿਆ। ਪਾਕਿਸਤਾਨ ਸਰਕਾਰ ਤੇ ਐਸੋਸੀਏਸ਼ਨ ਦੀਆਂ ਠੋਸ ਕੋਸ਼ਿਸ਼ਾਂ ਦੀ ਸਰਾਹਨਾ ਕਰਦੇ ਹੋਏ ਸ. ਬਾਦਲ ਨੇ ਕਿਹਾ ਕਿ ਇਸ ਨਾਲ ਭਾਰਤ ਤੇ ਪਾਕਿਸਤਾਨ ਨਾਲ ਦੁਵੱਲੇ ਸਬੰਧ ਮਜ਼ਬੂਤ ਹੋਣਗੇ ਤੇ ਹੁਸੈਨੀਵਾਲ ਅਤੇ ਫਾਜ਼ਿਲਕਾ ਸਰਹੱਦਾਂ ਨੂੰ ਖੋਲ੍ਹਣ ਨਾਲ ਇਨ੍ਹਾਂ ਸਬੰਧਾਂ ਨੂੰ ਹੋਰ ਵੀ ਬਲ ਮਿਲੇਗਾ। ਮੁੱਖ ਮੰਤਰੀ ਨੇ ਉਮੀਦ ਪ੍ਰਗਟ ਕੀਤੀ ਕਿ ਪਾਕਿਸਤਾਨ ਵਿਚ ਨਵੀਂ ਸਰਕਾਰ ਬਣਨ ਨਾਲ ਦੁਵੱਲੇ ਸਬੰਧਾਂ ਵਿਚ ਹੋਰ ਸੁਧਾਰ ਆਵੇਗਾ ਤੇ ਲੋਕਾਂ ਦੇ ਆਪਸੀ ਸੰਪਰਕਾਂ ਨਾਲ ਵਪਾਰ ਤੇ ਸਭਿਆਚਾਰ ਦੇ ਆਦਾਨ-ਪ੍ਰਦਾਨ ਨੂੰ ਵੀ ਹੁਲਾਰਾ ਮਿਲੇਗਾ।

# ਇਕ ਹਾਸਾ ਤੇ ਇਕ ਹਾਦਸਾ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

ਸਦਾ ਨਾ ਬਾਗੀਂ ਬੁਲਬੁਲ ਬੋਲੇ,
ਸਦਾ ਨਾ ਮੌਜ ਬਹਾਰਾਂ।

ਜੁਗੜਿਆਂ ਤੋਂ ਚਲੀਆਂ ਆਉਂਦੀਆਂ ਕਹਾਵਤਾਂ ਵਰਗਾ ਕਿਸੇ ਗੀਤ ਦਾ ਇਹ ਮੁਖੜਾ ਮੇਰੇ ਬੁੱਲ੍ਹਾਂ 'ਚੋਂ ਆਪ ਮੁਹਾਰੇ ਉਸ ਸਮੇਂ ਨਿਕਲ ਗਿਆ ਜਦੋਂ ਮੈਂ ਆਪਣੇ ਪਿੰਡੋਂ ਆਈਆਂ ਫੋਟੋਆਂ ਵਿਚ ਸ਼ਾਮਲ ਸੋਢੀਆਂ ਦੇ ਖੂਹ ਦੀ ਦੁਰਦਸ਼ਾ ਵਾਲੀ ਫ਼ੋਟੋ ਦੇਖ ਰਿਹਾ ਸਾਂ। ਅੱਜ ਜਿਹੜਾ ਖੂਹ ਖੰਡਰ ਬਣਿਆ ਨਜ਼ਰ ਆ ਰਿਹਾ ਸੀ ਅਤੇ ਜਿਸ ਦਾ ਆਲਾ-ਦੁਆਲਾ ਦੇਖ ਕੇ ਇੰਜ ਜਾਪਦਾ ਹੈ ਕਿ ਇਹ ਸਾਰਾ ਕੁਝ ਕਿਸੇ ਭੁਚਾਲ ਕਾਰਨ ਤਹਿਸ-ਨਹਿਸ ਹੋ ਗਿਆ ਹੋਵੇਗਾ; ਇਹੀ ਖੂਹ ਕਿਸੇ ਸਮੇਂ ਸਾਡੇ ਪਿੰਡ ਦੀ ਸਾਰੀ ਖਲਕਤ ਨੇ ਸੋਢੀ ਖਾਨਦਾਨ ਦੀ ਬਜ਼ੁਰਗ ਮਾਤਾ ਭਗਵਾਨ ਕੌਰ ਦੀਆਂ ਮਿੰਨਤਾਂ ਕਰ ਕੇ ਖੁਦਵਾਇਆ ਸੀ। ਦਇਆਲੂ ਕ੍ਰਿਪਾਲੂ ਸੁਭਾਅ ਦੀ ਉਸ ਮਾਤਾ ਨੇ ਵੀ ਪੂਰੀ ਰੀਝ ਨਾਲ ਲੋਕਾਈ ਦੀ ਮੰਗ ਪੂਰੀ ਕੀਤੀ।

ਖੂਹ ਦੀ ਫੁੱਟ ਕੁ ਉਚੀ ਮੌਣ ਅਤੇ ਆਲੇ-ਦੁਆਲੇ ਸੀਮਿੰਟ ਨਾਲ ਲਿੱਪਿਆ ਗੋਲ ਦਾਇਰਾ ਬਣਵਾਇਆ। ਗੋਲ ਦਾਇਰੇ ਵਿਚ ਗੋਲਾਕਾਰ ਤਿੰਨ-ਚਾਰ ਚਲ੍ਹੇ ਬਣਵਾਏ। ਮੌਣ ਉਪਰ ਤਿੰਨ ਥਮਲੇ ਬਣਾ ਕੇ ਉਪਰ ਛੇ-ਭੁਜੀ ਆਕਾਰ ਦੀ ਲੈਂਟਰ ਵਾਲੀ ਛੱਤ ਪੁਆਈ। ਬੀਬੀਆਂ ਦੇ ਨਹਾਉਣ ਵਾਸਤੇ ਇਕ ਪਾਸੇ ਦਰਵਾਜ਼ੇ ਵਾਲਾ ਖੁਰਾ ਬਣਵਾਇਆ। ਆਂਢ-ਗੁਆਂਢ ਦੇ ਪਿੰਡਾਂ ਵਾਲੇ ਲੋਕ ਇਸ ਖੂਹ ਨੂੰ ਦੇਖਣ ਆਏ ਅਸ਼ ਅਸ਼ ਕਰ ਉਠਦੇ! ਕੰਨਾਂ ਵਿਚ ਰਸ ਘੋਲਦਾ ਲਾਲ ਚੰਦ ਯਮਲੇ ਦਾ ਮਿੱਠਾ ਜਿਹਾ ਗਾਉਣ ਤਾਂ ਅਸੀਂ ਨਿੱਕੇ ਹੁੰਦੇ ਵੀ ਸੁਣਦੇ ਹੁੰਦੇ ਸਾਂ,

ਜੰਗਲ ਦੇ ਵਿਚ ਖੂਹਾ ਲਵਾ ਦੇ
ਉਤੇ ਲਵਾ ਦੇ ਡੋਲ,
ਸਖੀਆ ਨਾਮ ਸਾਈਂ ਦਾ ਬੋਲ।

ਪਰ ਮਾਤਾ ਭਗਵਾਨ ਕੌਰ ਨੇ ਪੁੰਨ ਦਾ ਇਹ ਕੰਮ ਇਸ ਗੀਤ ਦੇ ਜਨਮ ਤੋਂ ਕਿਤੇ ਪਹਿਲਾਂ ਦਾ ਹੀ ਕੀਤਾ ਹੋਇਆ ਸੁਣਿਆਂ ਹੈ। ਪਿੰਡ ਵਿਚੋਂ ਆਰ-ਪਾਰ ਜਾਂਦੇ ਮੁੱਖ ਰਾਹ 'ਤੇ ਇਹ ਖੂਹ ਸਥਿਤ ਹੋਣ ਕਰ ਕੇ ਹਾਲੀ-ਪਾਲੀ ਆਪਣੇ ਬਲਦਾਂ ਨੂੰ ਇਥੇ ਚਲ੍ਹਿਆਂ ਵਿਚ ਹੀ ਪਾਣੀ ਪਿਆਉਂਦੇ ਹੁੰਦੇ ਸਨ। ਦਰਿਆ ਵੱਲ ਨੂੰ ਚੁਗਣ ਵਾਸਤੇ ਛੱਡਿਆ ਜਾਂਦਾ ਸਾਡੇ ਪਿੰਡ ਦਾ ਸਾਰਾ ਵੱਗ ਵੀ ਇੱਥੇ ਪਾਣੀ ਪੀਂਦਾ ਹੁੰਦਾ ਸੀ। ਸ਼ਾਮ ਸਵੇਰੇ ਲੱਜਾਂ ਡੋਲ ਖੜਕਦੇ, ਕੁੜੀਆਂ-ਕੱਤਰੀਆਂ ਦੇ ਹਾਸੇ ਗੂੰਜਦੇ। ਘੁੰਮਦੀਆਂ ਘਿਰਲੀਆਂ ਦੀ 'ਘੀਂ ਘੀਂ-ਚੀਂ ਚੀਂ' ਦਾ ਸੰਗੀਤ, ਉਥੇ ਕੁੜੀਆਂ-ਚਿੜੀਆਂ ਦੀ ਹਾਜਰੀ ਦਾ ਸੰਕੇਤ ਦਿੰਦਾ ਰਹਿੰਦਾ। ਸਕੂਲੋਂ ਆਉਂਦੇ-ਜਾਂਦੇ ਅਸੀਂ ਚਲ੍ਹਿਆਂ ਦੇ ਗੰਦੇ-ਮੰਦੇ ਪਾਣੀ ਵਿਚ ਫੱਟੀਆਂ ਧੋ ਕੇ ਗਾਚਨੀ ਨਾਲ ਪੋਚਦੇ। ਕਦੇ ਕਦੇ ਇੱਲਤਾਂ ਕਰਦਿਆਂ ਮੌਣ 'ਤੇ ਖਲੋ ਕੇ ਖੂਹ ਵਿਚ ਝਾਕ ਕੇ 'ਹੂਅ-ਹੂਅ' ਵੀ ਕਰਦੇ। ਮੈਨੂੰ ਯਾਦ ਹੈ ਕਿ ਮੌਣ ਤੋਂ ਪੰਜ-ਛੇ ਕੁ ਫੁੱਟ ਹੇਠਾਂ ਬਣੇ ਹੋਏ ਆਲੇ ਜਿਹੇ ਵਿਚ ਪੱਥਰ ਦੀ ਸਲੇਟ ਲੱਗੀ ਹੁੰਦੀ ਸੀ ਜਿਸ ਦੇ ਉਪਰ ਗੁਰਮੁਖੀ ਦੇ ਜੁੜਵੇਂ ਅੱਖਰਾਂ ਵਿਚ ਤਿੰਨ-ਚਾਰ ਕੁ ਸਤਰਾਂ ਲਿਖੀਆਂ ਹੁੰਦੀਆਂ ਸਨ। ਅਸੀਂ ਇਕ-ਦੂਜੇ ਨਾਲ ਜ਼ਿਦ-ਜ਼ਿਦ ਕੇ ਤੇ ਔਖੇ ਹੋ-ਹੋ ਕੇ ਕਾਲੇ ਅੱਖਰਾਂ ਵਿਚ ਲਿਖੀ ਹੋਈ ਉਹ ਇਬਾਰਤ ਪੜ੍ਹਨ ਦੀ ਕੋਸ਼ਿਸ਼ ਕਰਦੇ। ਕੁੱਝ ਖੂਹ ਵਿਚ ਹਨ੍ਹੇਰਾ ਹੋਣ ਕਾਰਨ, ਤੇ ਕੁੱਝ 'ਲੜੀਵਾਰ' ਲਿਖਣ ਦੀ ਪੁਰਾਤਨ ਸ਼ੈਲੀ ਉਦੋਂ ਪੜ੍ਹਨ ਦੀ ਸੋਝੀ ਨਾ ਹੋਣ ਕਰ ਕੇ, ਅਸੀਂ ਸਾਰਾ ਜ਼ੋਰ ਲਾ ਕੇ ਵੀ ਸਿਰਫ ਮਾਤਾ ਜੀ ਦਾ ਅੱਧ-ਪਚੱਧਾ ਨਾਂ ਹੀ ਉਠਾਲ ਸਕਦੇ। ਇਸ ਤੋਂ ਅੱਗੇ ਸਾਡੇ ਕੁੱਝ ਪੱਲੇ ਨਾ ਪੈਂਦਾ।

ਤਬਦੀਲੀ ਆਖੋ ਜਾਂ ਵਿਕਾਸ, ਖੂਹਾਂ ਦਾ ਵਿਨਾਸ਼ ਹੋ ਗਿਆ ਤੇ ਨਲਕੇ ਆ ਗਏ। ਸਾਡੇ ਦੇਖਦਿਆਂ-ਦੇਖਦਿਆਂ ਇਕ ਲੱਤ ਭਾਰ ਖੜ੍ਹੇ ਵਿਚਾਰੇ ਨਲਕੇ ਵੀ ਖੁੱਡੇ ਲਾਈਨ ਲੱਗਣ ਨੂੰ ਫਿਰਦੇ ਹਨ। ਖੇਤੀ ਦੀ ਸਿੰਜਾਈ ਵਾਸਤੇ ਬੰਬੀਆਂ-ਮੋਟਰਾਂ ਲੱਗ ਗਈਆਂ, ਪਰ ਖੂਹ ਸਾਡੇ ਸੱਭਿਆਚਾਰ ਵਿਚ ਇੰਜ ਖੂਹ ਵਾਂਗ ਹੀ ਡੂੰਘਾ ਧਸਿਆ ਹੋਇਆ ਹੈ



*ਮਾਤਾ ਭਗਵਾਨ ਕੌਰ ਵਲੋਂ ਖੁਦਵਾਇਆ ਗਿਆ ਖੂਹ*

ਕਿ ਖੇਤਾਂ ਵਿਚਲੇ ਖੂਹ ਭਾਵੇਂ ਪੂਰੇ ਜਾ ਚੁੱਕੇ ਹਨ, ਪਰ ਪਿੰਡਾਂ ਵਿਚ ਹਾਲੇ ਵੀ 'ਖੂਹ 'ਤੇ ਜਾਣਾ' ਹੀ ਆਖਿਆ ਜਾਂਦਾ ਹੈ। ਬੰਬੀਆਂ-ਸਬਮਰਸੀਬਲ ਟਿਊਬਵੈਲ ਸਾਰਾ ਜੋਰ ਲਾ ਕੇ ਵੀ, ਖੂਹ ਦੇ ਨਾਮ ਨੂੰ ਹੜੱਪ ਨਹੀਂ ਕਰ ਸਕੇ!

ਗੱਲ ਕਰ ਰਹੇ ਸਾਂ ਸੋਢੀਆਂ ਦੇ ਖੂਹ ਦੀ। 'ਜਿਤ ਆਸਣ ਹਮ ਬੈਠੇ ਕੇਤੇ ਬੈਸ ਗਏ' ਵਾਲੇ ਬਾਬੇ ਫਰੀਦ ਦੇ ਬੋਲਾਂ ਮੁਤਾਬਕ ਇਸ ਖੂਹ 'ਤੇ ਪਤਾ ਨਹੀਂ ਕਿੰਨੀ ਕੁ ਦੁਨੀਆਂ ਆਪੋ-ਆਪਣੀ ਪਿਆਸ ਬੁਝਾ ਗਈ ਹੋਵੇਗੀ। ਖੂਹ ਦੀ ਮੌਣ ਉਪਰ ਪਤਾ ਨਹੀਂ ਕਿੰਨੀਆਂ ਕੁ ਧੀਆਂ-ਧਿਆਣੀਆਂ, ਸੱਜ ਵਿਆਹੀਆਂ ਜਾਂ ਬੁੱਢੀਆਂ ਮਾਈਆਂ ਨੇ ਆਪਣੇ ਪੱਬ ਧਰ ਧਰ ਕੇ ਪਾਣੀ ਦੇ ਘੜੇ ਘਰੋਟੀਆਂ ਭਰੇ ਹੋਣਗੇ। ਕਿਸ ਕਿਸ ਬੰਦੇ ਨੇ ਖੂਹ ਵਿਚ ਡੋਲ ਫਰਾਹੇ ਹੋਣਗੇ? ਇਹ ਰੱਬ ਜਾਣੇ ਜਾਂ ਉਹ ਖੂਹ; ਪਰ ਇਸ ਖੂਹ ਨਾਲ ਜੁੜੀਆਂ ਦੋ ਘਟਨਾਵਾਂ ਦਾ ਜ਼ਿਕਰ, ਸਾਡੇ ਪਿੰਡ ਜੁੜਦੀ ਹਰ ਖੁੰਢ ਚਰਚਾ ਵਿਚ ਕਦੇ ਕਦਾਈਂ ਹੁੰਦਾ ਰਹਿੰਦਾ ਹੈ।

ਪਹਿਲੀ, ਮੇਰੇ ਸੁਰਤਿ ਸੰਭਾਲਣ ਤੋਂ ਵੀ ਕਿਤੇ ਪਹਿਲੇ ਵੇਲਿਆਂ ਦੀ ਸੁਣੀਂਦੀ ਹੈ। ਕਹਿੰਦੇ ਨੇ, ਇਕ ਸ਼ਾਮ ਸੂਰਜ ਛਿਪਦੇ ਹੀ ਪਾਣੀ ਭਰਨ ਆਈਆਂ ਕੁੜੀਆਂ-ਬੁੜ੍ਹੀਆਂ ਦਾ ਖੂਹ ਦੁਆਲੇ ਝੁਰਮਟ ਪੈ ਗਿਆ। ਇਕ ਮਾਈ ਨੇ (ਮੈਨੂੰ ਉਸ ਦਾ ਨਾਮ ਵਿਸਰ ਗਿਆ ਹੈ, ਉਸ ਨੂੰ ਅਸੀਂ 'ਬੋਬੋ' ਭਾਵ ਦਾਦੀ ਕਹਿ ਕੇ ਬੁਲਾਉਂਦੇ ਹੁੰਦੇ ਸਾਂ) ਜਿਉਂ ਹੀ ਮੌਣ 'ਤੇ ਗੱਡੇ ਹੋਏ ਘਿਰਲੀ ਵਾਲੇ ਸਤਾਂਗੜ ਉਤੇ ਪੱਬ ਦਾ ਭਾਰ ਪਾ ਕੇ ਭਰੀ ਹੋਈ ਬਾਲਟੀ ਉਪਰ ਵੱਲ ਖਿੱਚੀ, ਸਣੇ ਸਤਾਂਗੜ, ਲੱਜ-ਬਾਲਟੀ ਬੁੜ੍ਹੀ ਖੂਹ 'ਚ ਧੜੰਮ ਜਾ ਡਿੱਗੀ। ਕਿਉਂਕਿ ਸਤਾਂਗੜ ਦੀ ਲੱਕੜੀ ਨੂੰ ਘੁਣ ਲੱਗਾ ਹੋਇਆ ਸੀ। ਉਹ ਜੜ੍ਹੋਂ ਹੀ ਉਖੜ ਗਿਆ। ਸਾਰੇ ਪਿੰਡ ਵਿਚ ਰੌਲਾ ਪੈ ਗਿਆ। ਫਲਾਣਿਆਂ ਦੀ ਬੁੜ੍ਹੀ ਖੂਹ ਵਿਚ ਡਿੱਗ ਪਈ। ਪਿੰਡ ਦਾ ਜੀਆ-ਜੰਤ ਰੱਸੇ, ਲੱਜਾਂ, ਟੋਕਰੇ ਲੈ ਕੇ ਖੂਹ ਵੱਲ ਭੱਜਾ ਆਇਆ। ਮਾਈ ਦੀਆਂ ਦਰਾਣੀਆਂ-ਜੇਠਾਣੀਆਂ ਅਤੇ ਧੀਆਂ-ਪੁੱਤਾਂ ਨੇ ਰੋਣਾ-ਧੋਣਾ ਸ਼ੁਰੂ ਕਰ ਦਿੱਤਾ।

'ਹਟੋ ਪਿੱਛੇ, ਹਟੋ ਪਿੱਛੇ' ਕਰਦਾ ਹੋਇਆ ਸਾਡੇ ਪਿੰਡ ਦਾ ਇਕ ਗਾਲੜੀ ਜਿਹੇ ਸੁਭਾਅ ਦਾ ਬੰਦਾ ਅੱਗੇ ਵਧਿਆ। ਉਸ ਨੇ ਪੇਸ਼ਕਸ਼ ਕੀਤੀ ਕਿ ਉਹਨੂੰ ਟੋਕਰੇ ਵਿਚ ਬਿਠਾ ਕੇ ਖੂਹ ਵਿਚ ਫਰਾਹੋ, ਉਹ ਮਾਈ ਨੂੰ ਕੱਢ ਲਿਆਏਗਾ। ਮੋਟੇ ਰੱਸਿਆਂ ਨਾਲ ਟੋਕਰਾ ਬੰਨ੍ਹ ਕੇ ਉਸ ਨੂੰ ਖੂਹ ਵਿਚ ਉਤਾਰਿਆ ਗਿਆ। ਸਾਰਾ ਨਗਰ ਬਾਹਰ ਖੜ੍ਹਾ ਮਾਈ ਦੀ ਸਲਾਮਤੀ ਦੀਆਂ ਅਰਦਾਸਾਂ ਕਰਨ ਲੱਗਾ। ਖੂਹ ਵਿਚ ਉਤਾਰੇ ਗਏ ਬੰਦੇ ਨੇ ਪਾਣੀ ਦੇ ਤਲ 'ਤੇ ਜਾ ਕੇ ਗੋਤਾ ਮਾਰਿਆ। ਖੂਹ ਦੇ ਥੱਲੜੇ ਗੰਡ ਤੱਕ ਉਸ ਨੇ ਫੋਲਾ-ਫਾਲੀ ਕੀਤੀ। ਲੰਮੀ ਚੁੱਭੀ ਤੋਂ ਬਾਅਦ ਟੋਕਰੇ ਨੂੰ ਹੱਥ ਪਾਉਂਦਿਆਂ ਉਸ ਨੇ ਉਤੇ ਖੜ੍ਹਿਆਂ ਨੂੰ ਉਚੀ ਆਵਾਜ਼ 'ਚ ਦੱਸਿਆ ਕਿ ਫਲਾਣੀ ਕੌਰ ਤਾਂ ਖੂਹ ਵਿਚ ਹੈ ਈ ਨਹੀਂ।

ਪਿੰਡ ਦੇ ਬਜ਼ੁਰਗ ਚਟਖਾਰੇ ਲਾ-ਲਾ ਇਹ ਕਿੱਸਾ ਸੁਣਾਉਂਦਿਆਂ ਦੱਸਦੇ ਹੁੰਦੇ ਐ ਕਿ ਉਸ ਦੀ ਇਹ ਗੱਲ ਸੁਣ ਕੇ ਸਾਡੇ ਪਿੰਡ ਦਾ ਬਹੁਤ ਹੀ ਹਿੰਮਤੀ, ਪਰ ਗਾਲ-ਖੰਡਾ (ਗੱਲ ਗੱਲ 'ਤੇ ਗਾਲਾਂ ਕੱਢਣ ਵਾਲਾ ਕੁਰਖਤ ਸੁਭਾਅ ਵਾਲਾ) ਬੁੜ੍ਹਾ ਫੇਰੂ, ਇਕ ਦਮ ਆਪਣੇ ਗਲੋਂ ਕੱਪੜੇ ਲਾਹੁੰਦਾ ਹੋਇਆ ਤੀਵੀਆਂ ਦੇ ਝੁਰਮਟ ਵੱਲ ਇਸ਼ਾਰਾ ਕਰਦਿਆਂ ਗੱਜਿਆ, "ਮਾਂ ਦਿਓ ਖਸਮੋ, ਆਹ ਸਾਰਾ 'ਤਮੌੜ' ਕਹਿੰਦਾ ਕਿ ਉਹ ਸਾਡੇ ਸਾਹਮਣੇ ਖੂਹ ਵਿਚ ਡਿੱਗੀ ਐ...ਇਹ...ਸਿੰਹੁ ਕਹਿੰਦੈ ਖੂਹ ਵਿਚ ਹੈ ਈ ਨ੍ਹੀਂ...ਉਹਨੂੰ ਫ਼ਿਰ ਭੈਣ ਦੇਣਾ ਖੁਆਜਾ ਨਿਗਲ ਗਿਐ?" ਫਟਾ-ਫਟ ਪਹਿਲੇ ਨੂੰ ਬਾਹਰ ਕੱਢ ਕੇ ਪੀੜ੍ਹੀ 'ਤੇ ਬਹਾ ਕੇ ਫੇਰੂ ਨੂੰ ਉਤਾਰਿਆ ਗਿਆ। ਜਾਂਦਿਆਂ ਹੀ ਉਸ ਨੇ ਡੂੰਘੇ ਪਾਣੀ ਵਿਚ ਟੁੱਭੀ ਮਾਰੀ। ਕੁਝ ਪਲਾਂ ਬਾਅਦ ਹੀ ਉਤਲਿਆਂ ਨੇ ਖੂਹ ਵਿਚੋਂ ਆਈ ਆਵਾਜ਼ ਸੁਣੀ, "ਖਿੱਚੋ ਖਿੱਚੋ ਬਈ 'ਤਾਂਹ ਨੂੰ...ਲੱਭ ਗਈ ਐ...ਕੁਰ!"

ਗੱਲ ਦਾ ਅਗਲਾ ਹਿੱਸਾ ਸ਼ਾਇਦ ਮੰਨਣ ਵਿਚ ਆਵੇ ਨਾ, ਪਰ ਇਹ ਦਾਸਤਾਂ ਉਨ੍ਹਾਂ ਸਮਿਆਂ ਦੀ ਹੈ, ਜਦ ਲੋਕਾਂ ਨੂੰ ਹਾਲੇ ਨਾਟਕਾਂ-ਫਿਲਮਾਂ ਦਾ 'ਪਾਹ' ਨਹੀਂ ਸੀ ਲੱਗਾ; ਭਾਵ ਉਦੋਂ ਲਗਦੀ ਵਾਹ ਝੂਠ ਫਰੇਬ ਤੋਂ ਗੁਰੇਜ਼ ਕੀਤਾ ਜਾਂਦਾ ਸੀ। ਖਾਸ ਕਰਕੇ ਸਾਂਝੀਆਂ ਮੁਹਿੰਮਾਂ ਜਾਂ ਲੋਕ-ਸੇਵਾ ਵਾਲੇ ਕੰਮਾਂ ਵੇਲੇ। ਇਸ ਲਈ ਇਸ ਨੂੰ ਗੱਪ ਨਹੀਂ ਮੰਨਿਆ ਜਾ ਸਕਦਾ। ਕਹਿੰਦੇ ਨੇ ਜਦੋਂ ਪਿੰਡ ਵਾਸੀ ਫੇਰੂ ਬੁੜ੍ਹੇ ਤੇ ਉਸ ਮਾਈ ਨੂੰ ਉਪਰ ਵੱਲ ਖਿਚ ਰਹੇ ਸਨ ਤਾਂ ਫੇਰੂ ਦੇ ਹੱਥਾਂ ਵਿਚ ਬਲੂੰਗੜੇ ਵਾਂਗ ਫੜੀ ਹੋਈ ਪੀੜ੍ਹੀ 'ਤੇ ਬੈਠੀ ਉਸ ਮਾਈ ਨੇ ਬੇਸੁਰਤੀ ਜਿਹੀ 'ਚ ਅੱਖ ਪੁੱਟੀ! ਖੁਦ ਨੂੰ ਸਮਾਜੀ ਤੌਰ 'ਤੇ ਪਿੰਡ ਵਿਚ ਜੇਠ ਲਗਦੇ ਬੰਦੇ ਦੇ 'ਇੰਨੀ ਨਜ਼ਦੀਕ' ਬੈਠੀ ਦੇਖ ਕੇ ਉਹ ਸ਼ਰਮਾਉਂਦੀ ਹੋਈ ਬੁੜ-ਬੁੜਾਈ, "ਆ...ਓ...ਪ...ਪ...ਭਾਈਆ।"

ਕਹਿੰਦੇ, ਇਸੇ ਸ਼ਰਮਿੰਦਗੀ ਦੇ 'ਮਣਾਂ ਮੂੰਹੀਂ ਭਾਰ ਵਾਲੇ ਅਹਿਸਾਸ' ਕਾਰਨ, ਜਿਉਂ ਹੀ ਉਸ ਨੂੰ ਬਾਹਰ ਕੱਢਿਆ ਗਿਆ...ਉਸ ਨੇ ਆਪਣੇ ਗਿੱਲੇ ਕੱਪੜੇ ਛੰਡੇ ਅਤੇ ਚਿਹਰੇ 'ਤੇ ਗਿੱਲਾ ਦੁਪੱਟਾ ਖਿੱਚਦੀ ਬਿਨਾਂ ਆਲੇ-ਦੁਆਲੇ ਵੱਲ ਝਾਕਿਆਂ, ਅਹੁ ਗਈ...ਅਹੁ ਗਈ!

ਦੂਜੇ ਵਾਕਿਆ ਦੇ ਅਸੀਂ ਚਸ਼ਮਦੀਦ ਗਵਾਹ ਹਾਂ। ਉਸੇ ਖੂਹ ਦੇ ਲਾਗੇ ਵਸਦੇ ਇਕ ਘਰ-ਪਰਿਵਾਰ ਵਿਚ ਉਪਰੋਥਲੀ ਤਿੰਨ-ਚਾਰ ਕੁੜੀਆਂ ਬਾਅਦ ਲੜਕਾ ਪੈਦਾ ਹੋਇਆ। ਮੁੰਡਾ ਸੋਹਣਾ ਸੁਨੱਖਾ ਰੱਜ ਕੇ, ਸਭ ਦੇ ਮਨ ਨੂੰ ਮੋਹਣ ਵਾਲਾ। ਉਸ ਦੇ ਤਿੱਖੇ ਤਿੱਖੇ ਨੈਣ-ਨਕਸ਼ ਦੇਖਦਿਆਂ ਅਸੀਂ ਉਹਦੀ ਤੁਲਨਾ 'ਮਰਫੀ' ਰੇਡੀਓ 'ਤੇ ਛਪੀ ਸੁੰਦਰ ਕਾਕੇ ਦੀ ਫੋਟੋ ਨਾਲ ਕਰਦੇ ਹੁੰਦੇ ਸਾਂ।

ਇਕ ਦੁਪਹਿਰ ਢਲੀ 'ਤੇ ਮਾਂ-ਬਾਪ ਖੇਤਾਂ ਨੂੰ ਚਲੇ ਗਏ। ਪਿਛੋਂ ਕੁੜੀਆਂ ਆਪਣੀਆਂ ਹੋਰ ਸਹੇਲੀਆਂ ਨੂੰ ਨਾਲ ਲੈ ਕੇ ਵਿਹੜੇ ਵਿਚ ਖੇਡਣ ਲੱਗ ਪਈਆਂ। ਖੇਡਦੀਆਂ ਖੇਡਦੀਆਂ ਉਹ ਆਪਣੇ ਤਿੰਨ, ਸਾਢੇ ਤਿੰਨ ਕੁ ਸਾਲ ਦੇ ਸੁੱਖਾਂ ਲੱਧੇ ਭਰਾ ਨੂੰ ਨਾਲ ਲੈ ਕੇ ਘਰ ਤੋਂ ਬਾਹਰ ਵੱਲ ਆ ਗਈਆਂ ਤੇ ਖੇਡਣ ਵਿਚ ਮਸਤ ਹੋ ਗਈਆਂ। ਅਚਾਨਕ ਇਕ ਜਣੀ ਨੇ ਇੱਦਾਂ ਦਾ ਖੜਾਕ ਸੁਣਿਆ, ਜਿੱਦਾਂ ਖੂਹ ਵਿਚ ਇੱਟ ਡਿੱਗੀ ਹੋਵੇ। ਉਹਨੇ ਝੱਟ ਆਲੇ-ਦੁਆਲੇ ਨਜ਼ਰ ਦੁੜਾਉਂਦਿਆਂ ਭੈਣਾਂ ਨੂੰ ਪੁੱਛਿਆ, "ਕੁੜੇ, ਸਾਡਾ ਕਾਕਾ ਕਿੱਥੇ ਐ?" ਕੋਲੋਂ ਲੰਘ ਰਹੇ ਇਕ ਬੰਦੇ ਨੇ ਉਨ੍ਹਾਂ ਦੀਆਂ ਗੱਲਾਂ ਸੁਣ ਕੇ 'ਮੁੰਡਾ ਡੁੱਬ ਗਿਆ...ਉਏ ਲੋਕੋ ਮੁੰਡਾ ਖੂਹ ਵਿਚ ਡਿੱਗ ਪਿਆ' ਉਚੀ ਉਚੀ ਰੌਲਾ ਪਾਇਆ। ਉਸ ਦਾ ਰੌਲਾ ਸੁਣ ਕੇ ਸਾਰਾ ਮੁਲਖਈਆ ਖੂਹ 'ਤੇ 'ਕੱਠਾ ਹੋ ਗਿਆ। ਲਾਗਲੇ ਘਰਾਂ ਵਿਚ ਕਿਸੇ ਦੇ ਸ਼ੇਖੂਪੁਰੀਆ ਤਰਸੇਮ ਮਿਸਤਰੀ ਲੱਕੜੀ ਦਾ ਕੰਮ ਕਰ ਰਿਹਾ ਸੀ। ਸਿਰੇ ਦੇ ਫੁਰਤੀਲੇ ਸੇਮ ਨੇ ਸਣੇ ਕੱਪੜੀਂ ਖੂਹ ਵਿਚ ਛਾਲ ਮਾਰ ਦਿੱਤੀ। ਬੰਦਿਆਂ ਨੇ ਰੱਸਿਆਂ ਨਾਲ ਬੰਨ੍ਹ ਕੇ ਪੀੜ੍ਹੀ ਥੱਲੇ ਨੂੰ ਫਰਾਹੀ। ਥੱਲਿਉਂ ਆਵਾਜ਼ ਆਈ ਕਿ ਮੁੰਡਾ ਲੱਭ ਪਿਐ। ਪਿੰਡ ਦੇ ਦੋ-ਤਿੰਨ ਹੋਰ ਨੌਜਵਾਨ ਗੱਭਰੂ ਫਟਾ-ਫਟ ਆਪਣੇ ਸਾਈਕਲ ਤਿਆਰ ਕਰ ਕੇ ਖੜ੍ਹ ਗਏ ਤਾਂ ਕਿ ਬਿਨਾਂ ਦੇਰ ਕੀਤਿਆਂ ਮੁੰਡੇ ਨੂੰ ਜਾਡਲੇ ਜਾ ਕੇ ਡਾਕਟਰੀ ਸਹਾਇਤਾ ਦਿਵਾਈ ਜਾ ਸਕੇ।

ਤਰਸੇਮ ਦੇ ਦੱਸੇ ਹੋਏ ਤਰੀਕੇ ਅਨੁਸਾਰ ਇਕ ਜਨਾਨੀ ਮੁੰਡੇ ਨੂੰ ਆਪਣੇ ਪੱਟਾਂ 'ਤੇ ਮੂੰਧੇ ਮੂੰਹ ਲਿਟਾ ਕੇ, ਸਾਈਕਲ ਦੇ ਕੈਰੀਅਰ 'ਤੇ ਬੈਠੀ ਅਤੇ ਇਹ ਸਾਈਕਲ ਸਵਾਰ, ਵਾਹੋ-ਦਾਹੀ ਜਾਡਲੇ ਡਾਕਟਰ ਮਲਕੀਅਤ ਸਿੰਘ ਦੀ ਦੁਕਾਨ 'ਤੇ ਜਾ ਪਹੁੰਚੇ। ਖੇਤਾਂ ਵਿਚ ਕੰਮ ਕਰਦੇ ਮਾਂ-ਬਾਪ ਨੂੰ ਪਤਾ ਲੱਗਿਆ, ਉਹ ਵੀ ਜਾਡਲੇ ਨੂੰ ਭੱਜ ਉਠੇ।

ਉਸ ਵੇਲੇ ਸਾਰੇ ਪਿੰਡ ਵਿਚ ਸੰਨਾਟਾ ਛਾਇਆ ਹੋਇਆ ਸੀ। ਸੋਢੀਆਂ ਦਾ ਉਹ ਖੂਹ ਲਵਾਉਣ ਵਾਲੀ ਮਾਤਾ ਭਗਵਾਨ ਕੌਰ ਦੀ ਪੋਤੀ ਜਾਂ ਪੜਪੋਤੀ ਨੌਜਵਾਨ ਲੜਕੀ ਬੀਬੀ ਪਾਲੋ ਗਲ ਵਿਚ ਚੁੰਨੀ ਪਾ ਕੇ ਸ੍ਰੀ ਅਨੰਦਪੁਰ ਸਾਹਿਬ ਵੱਲ ਮੂੰਹ ਕਰ ਕੇ ਅਰਦਾਸ 'ਤੇ ਅਰਦਾਸ ਕਰੀ ਜਾ ਰਹੀ ਸੀ, "ਹੇ ਮੇਰੇ ਪਿਤਾ, ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਮਹਾਰਾਜ! ਬੱਚਾ ਰਾਜ਼ੀ ਖੁਸ਼ੀ ਆਪਣੇ ਘਰ ਆਵੇ।" ਇੰਨੇ ਨੂੰ ਜਾਡਲੇ ਗਏ ਸਾਈਕਲ ਸਵਾਰ ਵਾਪਸ ਪਿੰਡ ਆ ਗਏ। ਵਿਹੜੇ ਵਿਚ ਅਲਾਣੀ ਮੰਜੀ 'ਤੇ ਫੁੱਲ ਜਿਹੇ ਬੱਚੇ ਦੀ ਲਾਸ਼ ਪਾ ਦਿੱਤੀ ਗਈ। ਡਾਕਟਰ ਦੇ ਕਹੇ ਮੁਤਾਬਕ ਉਹ ਪਾਣੀ ਵਿਚ ਅੱਧਾ ਘੰਟਾ ਡੁੱਬਿਆ ਰਿਹਾ ਹੋਣ ਕਰ ਕੇ ਖੂਹ ਵਿਚ ਹੀ ਉਸ ਦੀ ਮੌਤ ਹੋ ਗਈ ਸੀ। ਬੱਚੇ ਦੀ ਮਾਂ ਜਦ ਦੁਹੱਥੜਾਂ ਮਾਰਦੀ ਹੋਈ ਪੁੱਤ ਦੀ ਲਾਸ਼ ਨਾਲ ਲਿਪਟ ਰਹੀ ਸੀ, ਤਾਂ ਮੁੰਡੇ ਦੀ ਜੇਬ ਵਿਚੋਂ ਉਹੀ ਮੱਕੀ ਦੀ ਰੋਟੀ ਦਾ ਚੱਪਾ ਕੁ ਟੁੱਕ ਸਿੱਗਲਿਆ-ਫੁੱਲਿਆ ਹੋਇਆ ਨਿਕਲਿਆ, ਜਿਹੜਾ ਉਹ ਖੇਤਾਂ ਨੂੰ ਜਾਣ ਵਾਲੇ ਚੰਦਰੇ ਸਮੇਂ, ਪੁੱਤ ਨੂੰ ਪਰਚਾਉਣ ਲਈ ਦੇ ਗਈ ਸੀ।

## ਕਾਵਿ-ਜਗਤ

### ਧਰਤ ਪੰਜਾਬ ਦੀ

ਮੈਰੇ ਰਹੇ ਨਾ ਰੋਹੀਆਂ
ਭੋਇੰ ਰਹੀਆਂ ਨਾ ਕੱਲਰਾਂ ਵਾਲੀਆਂ।
ਨਾ ਰਹੀਆਂ ਹਲ, ਪੰਜਾਲੀਆਂ,
ਹਾਲੀ ਪਾਲੀ ਰਹੇ ਨਾ ਵਾਰਿਸ ਧਰਤ ਦੇ,
ਨਾ ਭੱਤਾ ਢੋਵਣ ਸੁਆਣੀਆਂ।
ਨਾ ਬੇਲੇ ਮੱਝਾਂ ਚਰਦੀਆਂ,
ਨਾ ਦੁੱਧਾਂ ਵਿਚ ਮਧਾਣੀਆਂ।
ਨਾ ਰਹੇ ਸਾਂਝੇ ਚੁੱਲ੍ਹੇ, ਸਾਂਝੇ ਵਿਹੜੇ,
ਜਿਥੇ ਚਾਚੀਆਂ ਤਾਈਆਂ ਵਾਜਾਂ ਮਾਰਦੀਆਂ।
ਢਾਰੇ ਰਹੇ ਨਾ ਢਾਰੀਆਂ,
ਨਾ ਰਹੀਆਂ ਸਬਾਤਾਂ ਬਿਨ ਬਾਰੀਆਂ।
ਇੱਟਾਂ, ਸੀਮਿੰਟ ਤੇ ਰੇਤ ਦੀ ਛੱਤ ਥੱਲੇ,
ਨਾ ਬਾਪੂ ਦੀ ਹਿੱਕ ਉਤੇ
ਪੋਤਾ ਮਾਰੇ ਕਿਲਕਾਰੀਆਂ।
ਬੀਰੋ, ਧੀਰੋ ਤੇ ਵੀਰੋ ਬਾਪੂ ਦੇ ਵਿਹੜੇ,
ਨਾ ਡਾਹੁਣ ਤ੍ਰਿੰਜਣ,
ਨਾ ਕੱਢਣ ਫੁਲਕਾਰੀਆਂ।
ਜੋ ਕਦੇ ਬਾਬਲ ਦੇ ਵਿਹੜੇ ਦਾ ਸਨ ਸ਼ਿੰਗਾਰ,
ਨਿੱਕਰਾਂ ਤੇ ਗਲ ਵਿਚ ਝੱਗੀਆਂ,
ਬਿਨ ਸਾਲੂ ਬਾਹਾਂ ਨੰਗੀਆਂ,
ਨਾ ਬਾਬਲ ਵਰਗੇ ਜਾਂਝੀਆਂ
ਤੇ ਨਾ ਵੀਰਾਂ ਵਰਗੇ ਮੇਲੀਆਂ
ਦੀ ਸੰਗ ਕਰਨ ਵਿਚਾਰੀਆਂ।
ਖੁੱਲ੍ਹੇ ਪਿੜ ਵਿਚ ਨੱਚ ਕੇ
ਚਹੁੰ ਛਿਲੜਾਂ ਬਦਲੇ
ਆਪਣਾ ਆਪ ਸ਼ਿੰਗਾਰਦੀਆਂ।

*-ਸੁਖਨਿੰਦਰ ਕੌਰ ਫੇਅਰਫੀਲਡ*
*ਫੋਨ: 707-419-6040*

### ਸਿੱਖੀ ਮਾਡਲ

ਮੇਰੇ ਨਾਲ ਜੇ ਕਰਦੈਂ ਪਿਆਰ ਮੁੰਡਿਆ,
ਕਰ ਮੇਰੇ ਨਾਲ ਪੱਕਾ ਇਕਰਾਰ ਮੁੰਡਿਆ।
ਮੇਰੀ ਸ਼ਰਤ ਤੂੰ ਸੋਚ ਲੈ ਵਿਚਾਰ ਮੁੰਡਿਆ।
ਕਰਨਾ ਨਹੀਂ ਫਿਰ ਇਨਕਾਰ ਮੁੰਡਿਆ।

ਕੇਸ ਜਾਨ ਤੋਂ ਪਿਆਰੇ ਨੇ ਸਵਾਰ ਮੁੰਡਿਆ,
ਪੀ ਅੰਮ੍ਰਿਤ ਚੂਲਾ, ਬਣ ਸਰਦਾਰ ਮੁੰਡਿਆ,
ਕੱਛਾ ਕੜਾ ਕੰਘਾ ਹੱਥ ਤਲਵਾਰ ਮੁੰਡਿਆ,
ਰੱਖ ਦੇਹ ਨਾਲ ਸਿੱਖੀ ਹਥਿਆਰ ਮੁੰਡਿਆ।
ਪਾ ਵਿਦਿਆ ਦਾ ਗਲ ਵਿਚ ਹਾਰ ਮੁੰਡਿਆ।



ਹਥਿਆ ਡਿਗਰੀਆਂ, ਦੋ ਤਿੰਨ ਚਾਰ ਮੁੰਡਿਆ,
ਸੋਭਾ ਜਿੰਦਗੀ ਦੀ ਯੋਗਤਾ ਸ਼ਿੰਗਾਰ ਮੁੰਡਿਆ।
ਉਚਾ ਰੁਤਬਾ ਤੇ ਚੰਗਾ ਰੁਜ਼ਗਾਰ ਮੁੰਡਿਆ।
ਵੈਲ ਨਸ਼ੇ ਸਾਰੇ, ਭੈੜੀ ਫਿਟਕਾਰ ਮੁੰਡਿਆ,
ਡੋਬ ਦਿੰਦੇ ਬੇੜੀ, ਮੰਝ ਵਿਚਕਾਰ ਮੁੰਡਿਆ।
ਦਿੰਦੇ ਘੁਣ ਵਾਂਗੂੰ ਜੁੱਸੇ ਨੂੰ ਨਕਾਰ ਮੁੰਡਿਆ,
ਫੜੋਂਣ ਟੂਠਾ ਹੱਥ ਮਿਲੇ ਨਾ ਹੁਧਾਰ ਮੁੰਡਿਆ।

ਜਵਾਨੀ ਹੁੰਦੀ ਵਡਮੁੱਲੀ ਦਿਨ ਚਾਰ ਮੁੰਡਿਆ,
ਨਹੀਂ ਮਿਲਦੀ ਬਾਜ਼ਾਰੋਂ ਇਹ ਬਹਾਰ ਮੁੰਡਿਆ,
ਤਿਆਗ ਭੈੜੀਆਂ ਅਲਾਮਤਾਂ ਨਿਕਾਰ ਮੁੰਡਿਆ,
ਰੱਖ ਉਚਾ ਸੁੱਚਾ ਦਰਸ਼ਨੀ ਆਚਾਰ ਮੁੰਡਿਆ।

ਹੱਕ ਸੱਚ ਤੇ ਨਿਆਂ ਦੇ ਪਹਿਰੇਦਾਰ ਮੁੰਡਿਆ,
ਦਵੈਖ਼ ਮਨੁੱਖਤਾ ਦੀ ਵੱਡੀ ਹੈ ਵੰਗਾਰ ਮੁੰਡਿਆ,
ਸਿੱਖੀ ਮਾਡਲ ਬਣ ਪ੍ਰਤੱਖ ਫਨਕਾਰ ਮੁੰਡਿਆ,
ਕਹਿਣਾ ਮੰਨ ਮੇਰਾ ਪੰਨੂ, ਦਿਲਦਾਰ ਮੁੰਡਿਆ।

*-ਚਰਨਜੀਤ ਸਿੰਘ ਪੰਨੂ*

### ਸੱਥ ਵਿਚ ਰੌਲਾ

**ਪਤਨੀ:** ਭਰ ਕੇ ਦੁਨਾਲੀ ਚੱਕ'ਲੀ
ਪੀ ਕੇ ਬੋਤਲ ਵਗ੍ਹਾ ਕੇ ਮਾਰੀ।
ਕੋਈ ਨਾ ਨਹੱਕਾ ਮਾਰ ਦਿਓ,
ਨਾਲ ਯਾਰਾਂ ਦੇ ਪਗਾਉਂਦੇ ਯਾਰੀ।
**ਪਤੀ:** ਸੱਥ ਵਿਚ ਰੌਲਾ ਪੈ ਗਿਆ
ਕਿਤੇ ਆਪਣੇ ਨਾ ਹੋਣ ਉਥੇ ਬੰਦੇ।
ਬੋਲ ਕੋਈ ਬੋਲ ਨਾ ਜਾਣੇ,
ਬੋਲ ਨਾ ਜਾਣੇ ਕੋਈ ਮੰਦੇ।
**ਪਤਨੀ:** ਕੁੰਡੀਆਂ ਫਸਾਉਣ ਵਾਲੇ ਆਦਮੀ ਜੋ
ਸ਼ਾਂਤੀ ਕਦੇ ਨਹੀਂ ਜਰਦੇ।
ਭੁੱਖੇ ਡੰਗਰ ਉਨ੍ਹਾਂ ਦੇ ਖੜ੍ਹੇ ਰਿੰਗਦੇ
ਤੇ ਸਿਰ ਹੁੰਦੇ ਚੜ੍ਹੇ ਕਰਜ਼ੇ।
ਉਹੀ ਮਾਰਦੇ ਹੁੰਦੇ ਆ ਫਿਰ ਤਾੜੀ...।
**ਪਤੀ:** ਹੁਣ ਇਕ ਨਹੀਂ ਹਰੇਕ ਪਿੰਡ ਵਿਚ
ਬਣੀ ਹੋਈ ਧੜੇਬੰਦੀ ਆ।
ਪਰ ਮੁਫਤੀ ਸ਼ਰਾਬ ਪੀਣ ਵਾਲਿਆਂ ਨੂੰ
ਲੱਗਦੀ ਇਹ ਬੜੀ ਚੰਗੀ ਆ।
ਭੁੱਖ ਦੁੱਖ ਦੇ ਕਈ ਨੇ ਝੰਬੇ...।

**ਪਤਨੀ:** ਇਕ ਜੈ ਖਾਣਾ ਛੱਤ ਲਿਆ ਚੁਬਾਰਾ
ਇਹ ਹਿੱਕ 'ਤੇ ਬਰੋਟਾ ਲੱਗਦਾ।
ਵੇਖ ਜਾਣ ਨਾ ਪਛਾਣ ਜੀਹਦੀ ਕਹੇ
ਇਹ ਕੋਈ ਪੈਸੇ ਆਲਾ ਮੋਟਾ ਲੱਗਦਾ।
ਇਕ ਨਵੀਂ ਹੁਣ ਲੈ ਲਈ ਆ ਸਫਾਰੀ...।
**ਪਤੀ:** ਬਿੱਲੋ ਵੇਖ ਕੇ ਚੜ੍ਹਾਈ ਪਿੰਡ ਚੀਮਨੇ 'ਚ
ਗੱਲਾਂ ਕਈ ਕਹਿਣ ਪੁੱਠੀਆਂ।
ਜਿੱਦੇ ਆ ਗਿਆ ਆਈ ਤੇ ਅੱਖੀਂ ਵੇਖ ਲੀਂ
ਨੀ ਕੰਧਾਂ 'ਤੇ ਚੜ੍ਹਾਊ ਕੁੱਤੀਆਂ।
'ਰਾਜ' ਕੱਢ ਕੇ ਹਟੂਗਾ ਕੰਡੇ...।

*-ਰਾਜ ਧਾਲੀਵਾਲ*

ਪੰਜਾਬ ਟਾਈਮਜ਼

*ਸਨਿਚਰਵਾਰ, 22 ਜੂਨ 2013*

## ਨਰੇਂਦਰ ਮੋਦੀ, ਕਤਲੇਆਮ ਤੇ ਪੰਜਾਬ

ਗੁਜਰਾਤ ਦੇ ਮੁੱਖ ਮੰਤਰੀ ਅਤੇ ਕੱਟੜਪ੍ਰਸਤ ਹਿੰਦੂ ਲੀਡਰ ਨਰੇਂਦਰ ਮੋਦੀ ਦਾ ਪੰਜਾਬ ਨਾਲ ਭਲਾ ਕੀ ਰਿਸ਼ਤਾ ਹੈ? ਕੱਲ੍ਹ ਤੱਕ ਉਹ 2002 ਵਿਚ ਮੁਸਲਮਾਨਾਂ ਦੇ ਕਤਲੇਆਮ ਲਈ ਬਦਨਾਮ ਸੀ ਅਤੇ ਅੱਜ ਭਾਰਤੀ ਜਨਤਾ ਪਾਰਟੀ ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਤਕੜਾ ਉਮੀਦਵਾਰ ਹੈ। ਆਰ.ਐਸ.ਐਸ. ਦੇ ਥਾਪੜੇ ਸਦਕਾ ਹਾਲ ਹੀ ਵਿਚ ਉਸ ਨੂੰ ਪਾਰਟੀ ਦੀ ਚੋਣ ਮੁਹਿੰਮ ਕਮੇਟੀ ਦਾ ਮੁਖੀ ਥਾਪਿਆ ਗਿਆ ਹੈ ਅਤੇ ਉਹ ਇਹ ਨਵੀਂ ਜ਼ਿੰਮੇਵਾਰੀ 23 ਜੂਨ ਨੂੰ ਪੰਜਾਬ ਦੇ ਕਸਬਾ ਮਾਧੋਪੁਰ ਵਿਚ ਕੀਤੇ ਜਾ ਰਹੇ ਸਮਾਗਮ ਵਿਚ ਰਸਮੀ ਤੌਰ 'ਤੇ ਸਾਂਭਣਗੇ। ਇਹ ਜ਼ਿੰਮੇਵਾਰੀ ਸਾਂਭਣ ਲਈ ਸਮੇਂ ਅਤੇ ਸਥਾਨ ਦੀ ਚੋਣ ਮਹਿਜ਼ ਇਤਫਾਕ ਨਹੀਂ ਹੈ। ਭਾਜਪਾ ਲਈ ਇਹ ਦੋਵੇਂ ਗੱਲਾਂ ਬਹੁਤ ਵਿਸ਼ੇਸ਼ ਹਨ ਅਤੇ ਇਨ੍ਹਾਂ ਦੋਹਾਂ ਗੱਲਾਂ ਨਾਲ ਹੋਰ ਬਹੁਤ ਸਾਰੇ ਤੱਥ ਜੁੜੇ ਹੋਏ ਹਨ। 23 ਜੂਨ (1953) ਨੂੰ ਭਾਜਪਾ ਲੀਡਰ ਸ਼ਿਆਮਾ ਪ੍ਰਸਾਦ ਮੁਖਰਜੀ ਦੀ ਕਸ਼ਮੀਰ ਜੇਲ੍ਹ ਵਿਚ ਮੌਤ ਹੋ ਗਈ ਸੀ। ਉਦੋਂ ਉਹ ਕਸ਼ਮੀਰ ਨੂੰ ਵਧੇਰੇ ਹੱਕ ਦੇਣ ਦਾ ਤਿੱਖਾ ਵਿਰੋਧ ਕਰ ਰਹੇ ਸਨ ਅਤੇ ਉਨ੍ਹਾਂ ਨੂੰ ਕਸ਼ਮੀਰ ਵਿਚ ਦਾਖਲ ਹੁੰਦੇ ਸਾਰ ਗ੍ਰਿਫਤਾਰ ਕਰ ਲਿਆ ਗਿਆ ਸੀ। ਭਾਜਪਾ ਉਸ ਨੂੰ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਸ਼ਹੀਦ ਹੋਇਆ ਆਗੂ ਪ੍ਰਚਾਰਦੀ ਆਈ ਹੈ। ਆਜ਼ਾਦੀ ਤੋਂ ਪਹਿਲਾਂ ਉਹ ਹਿੰਦੂ ਮਹਾਸਭਾ ਦੇ ਸਰਕਰਦਾ ਆਗੂ ਵਜੋਂ ਉਭਰ ਚੁੱਕਿਆ ਸੀ ਅਤੇ 1944 ਵਿਚ ਉਹ ਇਸ ਮਹਾਸਭਾ ਦਾ ਪ੍ਰਧਾਨ ਵੀ ਬਣ ਗਿਆ ਸੀ। ਆਰ.ਐਸ.ਐਸ ਨੇ ਜਦੋਂ 1951 ਵਿਚ ਭਾਰਤੀ ਜਨਸੰਘ ਨਾਂ ਦੀ ਜਥੇਬੰਦੀ ਖੜ੍ਹੀ ਕੀਤੀ ਤਾਂ ਮੁਖਰਜੀ ਨੂੰ ਹੀ ਇਸ ਦਾ ਮੋਢੀ ਪ੍ਰਧਾਨ ਥਾਪਿਆ ਗਿਆ ਸੀ। ਮਾਧੋਪੁਰ ਪੰਜਾਬ ਦਾ ਉਹ ਕਸਬਾ ਹੈ ਜਿਹੜਾ ਜੰਮੂ ਕਸ਼ਮੀਰ ਨੂੰ ਦੇਸ਼ ਦੇ ਹੋਰ ਹਿੱਸਿਆਂ ਨਾਲ ਜੋੜਦਾ ਹੈ। ਕਸ਼ਮੀਰ ਵਾਲੇ ਪਾਸਿਉਂ ਇਹ 'ਪੰਜਾਬ ਦਾ ਮੁੱਖ ਦਰਵਾਜ਼ਾ' ਹੈ। ਵਿਚਾਰਨ ਵਾਲਾ ਨੁਕਤਾ ਇਹ ਹੈ ਕਿ ਜੰਮੂ ਕਸ਼ਮੀਰ ਅਤੇ ਪੰਜਾਬ ਨਾਲ ਦੇਸ਼ ਦੀ ਏਕਤਾ ਤੇ ਅਖੰਡਤਾ ਦਾ ਮੁੱਦਾ ਹੋਰ ਸੂਬਿਆਂ ਨਾਲੋਂ ਐਨ ਵੱਖਰੀ ਤਰ੍ਹਾਂ ਨਾਲ ਜੁੜਿਆ ਹੋਇਆ ਹੈ। ਦੋਹੀਂ ਥਾਈਂ ਸੂਬਿਆਂ ਲਈ ਵੱਧ ਹੱਕਾਂ ਦਾ ਮੁੱਦਾ ਸਦਾ ਅਹਿਮ ਰਿਹਾ ਹੈ ਅਤੇ ਇਨ੍ਹਾਂ ਸੂਬਿਆਂ ਵਿਚ ਤਿੱਖੀਆਂ ਲਹਿਰਾਂ ਵੀ ਉਠੀਆਂ। ਦੇਸ਼ ਦੀ ਏਕਤਾ ਤੇ ਅਖੰਡਤਾ ਦੇ ਨਾਂ ਉਤੇ ਭਾਜਪਾ ਅਤੇ ਹੋਰ ਕੇਂਦਰਵਾਦੀ ਜਥੇਬੰਦੀਆਂ ਸਦਾ ਘੱਟ ਗਿਣਤੀਆਂ ਦਾ ਘਾਣ ਕਰਦੀਆਂ ਰਹੀਆਂ ਹਨ।...ਤੇ ਘੱਟ ਗਿਣਤੀਆਂ ਬਾਰੇ ਨਰੇਂਦਰ ਮੋਦੀ ਦੇ ਵਿਚਾਰ ਹੁਣ ਕਿਸੇ ਤੋਂ ਲੁਕੇ ਹੋਏ ਨਹੀਂ ਹਨ। 2002 ਵਿਚ ਨਰੇਂਦਰ ਮੋਦੀ ਨੇ ਮੁਸਲਮਾਨਾਂ ਦਾ ਜਿਹੜਾ ਕਤਲੇਆਮ ਹੋ ਲੈਣ ਦਿੱਤਾ, ਉਸ ਦਾ ਸਿੱਧਾ ਜਿਹਾ ਮਤਲਬ ਮੁਸਲਮਾਨਾਂ ਨੂੰ ਸਬਕ ਸਿਖਾਉਣਾ ਸੀ ਕਿ ਇਸ ਦੇਸ਼ ਵਿਚ ਰਹਿਣਾ ਕਿਸ ਤਰ੍ਹਾਂ ਹੈ! 1984 ਵਿਚ ਐਨ ਇਸੇ ਤਰ੍ਹਾਂ ਕਾਂਗਰਸ ਨੇ ਇਸੇ ਤਰ੍ਹਾਂ ਦਾ ਵਿਹਾਰ ਸਿੱਖਾਂ ਨਾਲ ਦਿੱਲੀ ਵਿਚ ਕੀਤਾ ਸੀ।

ਬੇਕਸੂਰਾਂ ਦੇ ਲਹੂ ਨਾਲ ਹੱਥ ਰੰਗਣ ਵਾਲੇ ਇਸ ਸ਼ਖਸ ਨੂੰ ਨਵੀਂ ਜ਼ਿੰਮੇਵਾਰੀ ਸੌਂਪਣ ਦਾ ਬਹੁਤ ਤਿੱਖਾ ਵਿਰੋਧ ਹੋਇਆ ਹੈ, ਪਾਰਟੀ ਦੇ ਅੰਦਰੋਂ ਵੀ ਅਤੇ ਉਤਨੀ ਹੀ ਤੀਖਣਤਾ ਨਾਲ ਬਾਹਰੋਂ ਵੀ। ਪਾਰਟੀ ਦੇ ਅੰਦਰੋਂ ਸੀਨੀਅਰ ਆਗੂ ਲਾਲ ਕ੍ਰਿਸ਼ਨ ਅਡਵਾਨੀ ਨੇ ਡਟ ਕੇ ਰੋਸ ਜ਼ਾਹਿਰ ਕੀਤਾ; ਹਾਲਾਂਕਿ ਕਿਸੇ ਵੇਲੇ ਅਡਵਾਨੀ ਦੀ ਗਿਣਤੀ ਵੀ ਕੱਟੜਪੰਥੀਆਂ ਵਿਚ ਹੁੰਦੀ ਸੀ ਅਤੇ ਬਾਬਰੀ ਮਸਜਿਦ ਢਾਹੁਣ ਦੇ ਅਮਲ ਨੂੰ ਉਹ ਹੀ ਆਪਣੀ ਰੱਥ ਯਾਤਰਾ ਰਾਹੀਂ ਸਿਖਰ ਉਤੇ ਲੈ ਕੇ ਗਏ ਸਨ। ਪਾਰਟੀ ਦੇ ਬਾਹਰੋਂ ਸਭ ਤੋਂ ਤਿੱਖਾ ਪ੍ਰਤੀਕਰਮ ਭਾਜਪਾ ਦੀ ਅਗਵਾਈ ਵਾਲੇ ਕੌਮੀ ਜਮਹੂਰੀ ਗਠਜੋੜ (ਐਨ.ਡੀ.ਏ.) ਵਿਚ ਸ਼ਾਮਲ ਜਨਤਾ ਦਲ (ਯੂ.) ਦਾ ਆਇਆ ਹੈ। ਇਸ ਨੇ ਐਨ.ਡੀ.ਏ. ਨਾਲੋਂ ਤੋੜ-ਵਿਛੋੜਾ ਕਰ ਲਿਆ ਹੈ; ਪਰ ਭਾਜਪਾ ਅੰਦਰ ਜਦੋਂ ਦਾ ਮੋਦੀ ਪਿੱਛੇ ਇਹ ਕਲੇਸ਼ ਪਿਆ ਹੈ, ਆਪਣੇ ਪੰਜਾਬ ਦੇ ਮੁੱਖ ਮੰਤਰੀ ਅਤੇ ਸੂਬਿਆਂ ਲਈ ਵੱਧ ਹੱਕ ਮੰਗਣ ਵਾਲੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਪ੍ਰਕਾਸ਼ ਸਿੰਘ ਬਾਦਲ ਨੇ ਪਹਿਲਾਂ ਵਾਂਗ ਹੀ ਬਿਨਾਂ ਕਿਸੇ ਸ਼ਰਤ ਮੋਦੀ ਅਤੇ ਐਨ.ਡੀ.ਏ. ਦੀ ਹਮਾਇਤ ਦਾ ਐਲਾਨ ਕੀਤਾ। ਉਹ ਤਾਂ ਸਗੋਂ ਇਹ ਕਹਿਣ ਤੱਕ ਚਲੇ ਗਏ ਹਨ ਕਿ ਜਨਤਾ ਦਲ (ਯੂ.) ਦਾ ਐਨ.ਡੀ.ਏ. ਨਾਲੋਂ ਇਹ ਤੋੜ-ਵਿਛੋੜਾ ਵਕਤੀ ਹੈ। ਜਨਤਾ ਦਲ (ਯੂ) ਦੇ ਆਗੂ ਅਤੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਮਨਾਉਣ ਲਈ ਵੀ ਉਨ੍ਹਾਂ ਪੂਰਾ ਜ਼ੋਰ ਲਾਇਆ ਹੈ। ਅਸਲ ਵਿਚ ਸ. ਬਾਦਲ ਸਦਾ ਸੱਤਾ ਦੇ ਸ਼ਾਹਸਵਾਰ ਰਹੇ ਹਨ। ਸੱਤਾ ਅਤੇ ਚੋਣਾਂ/ਵੋਟਾਂ ਲਈ ਉਹ ਸੂਬਿਆਂ ਨੂੰ ਵੱਧ ਹੱਕਾਂ, 1984 ਦੇ ਸਿੱਖ ਕਤਲੇਆਮ, ਕੇਂਦਰ ਦੇ ਵਿਤਕਰੇ ਤੇ ਹੋਰ ਮੁੱਦੇ ਗਾਹੇ-ਬਗਾਹੇ ਚੁੱਕਦੇ ਰਹੇ ਹਨ। ਇਸ ਸੱਤਾ ਕਰ ਕੇ ਹੀ ਉਹ ਭਾਜਪਾ ਦੇ ਨੇੜੇ ਗਏ ਅਤੇ ਪੰਜਾਬ ਵਿਚ ਇਸ ਪਾਰਟੀ ਦੇ ਪੈਰ ਬੰਨ੍ਹਣ ਵਿਚ ਸਹਾਈ ਹੋਏ। ਅਕਾਲੀ-ਭਾਜਪਾ ਗਠਜੋੜ ਤੋਂ ਪਹਿਲਾਂ ਭਾਜਪਾ ਨੂੰ ਪੰਜਾਬ ਵਿਚ ਕੋਈ ਪੁੱਛਦਾ ਤੱਕ ਨਹੀਂ ਸੀ। ਅੱਜ ਇਹ ਪਾਰਟੀ ਚੋਣਾਂ ਜਿੱਤ ਰਹੀ ਹੈ ਅਤੇ ਸੂਬੇ ਦੇ ਕੋਨੇ ਕੋਨੇ ਵਿਚ ਵੀ ਪੁੱਜ ਗਈ ਹੈ। ਪਹਿਲਾਂ ਆਮ ਕਰ ਕੇ ਸ਼ਹਿਰਾਂ ਵਿਚ ਕਾਂਗਰਸ ਅਤੇ ਪਿੰਡਾਂ ਵਿਚ ਅਕਾਲੀ ਦਲ ਦਾ ਦਬ-ਦਬਾ ਮੰਨਿਆ ਜਾਂਦਾ ਸੀ। ਹੁਣ ਭਾਜਪਾ, ਸ਼ਹਿਰਾਂ ਵਿਚ ਕਾਂਗਰਸ ਦੇ ਐਨ ਬਰਾਬਰ ਤੁਲਦੀ ਹੈ। ਖੈਰ! ਬਾਦਲ ਦਾ ਫਰਜ਼ੰਦ ਸੁਖਬੀਰ ਤਾਂ ਹੁਣ ਲਗਾਤਾਰ 25 ਸਾਲ ਰਾਜ ਕਰਨ ਦੇ ਸੁਪਨੇ ਦੇਖ ਰਿਹਾ ਹੈ। ਇਸ ਦੌਰਾਨ ਇਨ੍ਹਾਂ ਬਾਪ-ਬੇਟੇ ਨੂੰ ਨਰੇਂਦਰ ਮੋਦੀ ਦਾ ਘੱਟ ਗਿਣਤੀ ਵਿਰੋਧੀ ਹੋਣਾ ਵੀ ਰੜਕਦਾ ਨਹੀਂ ਹੈ। ਹਾਲਾਤ ਦੀ ਸਿਤਮਜ਼ਰੀਫੀ ਇਹ ਹੈ ਕਿ ਲਹੂ ਲਿਬੜੇ ਹੱਥ ਲੈ ਕੇ ਬਿਨਾਂ ਕਿਸੇ ਪਛਤਾਵੇ ਦੇ, ਦੇਸ਼ ਭਰ ਵਿਚ ਘੁੰਮਦੇ ਫਿਰ ਰਹੇ ਨਰੇਂਦਰ ਮੋਦੀ ਦੀ ਸਿਆਸਤ ਦਾ ਫਿਲਹਾਲ ਕੋਈ ਤੋੜ ਨਹੀਂ ਹੈ। ਕਾਂਗਰਸ ਦੇ ਹੱਥ ਖੁਦ ਬੇਕਸੂਰਾਂ ਦੇ ਲਹੂ ਨਾਲ ਰੰਗੇ ਪਏ ਹਨ। ਅਗਲੇ ਸਾਲ ਹੋ ਰਹੀਆਂ ਲੋਕ ਸਭਾ ਚੋਣਾਂ ਵਿਚ ਜੇ ਮੋਦੀ ਵਾਲੀ ਧਿਰ ਜਿੱਤਦੀ ਹੈ ਤਾਂ ਇਸ ਵਿਚ ਮੋਦੀ-ਕਿਆਂ ਦਾ ਰੋਲ ਭਾਵੇਂ ਘੱਟ ਹੋਵੇ ਜਾਂ ਵੱਧ, ਪਰ ਕਾਂਗਰਸ ਦਾ ਪੂਰਾ ਯੋਗਦਾਨ ਹੋਵੇਗਾ। ਜਿਹੜੀ ਪਾਰਟੀ ਡਾ. ਮਨਮੋਹਨ ਸਿੰਘ ਵਰਗੇ ਪਿਆਦਿਆਂ ਦੇ ਸਿਰ 'ਤੇ 10 ਸਾਲ ਦੇਸ਼ ਦੀ ਵਾਗਡੋਰ ਸੰਭਾਲ ਸਕਦੀ ਹੈ, ਉਸ ਤੋਂ ਹੋਰ ਕੀ ਆਸ ਰੱਖੀ ਜਾ ਸਕਦੀ ਹੈ!

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਬੇਸ਼ਰਮਾਂ ਦੇ ਬਲਿਹਾਰੇ!*

ਸ਼ੋਭਾ ਵਾਲੀਆਂ ਗੱਲਾਂ ਤੋਂ ਦੂਰ ਰਹਿੰਦੇ, ਲੱਗਣ ਚੰਗੀਆਂ ਉਲਟੀਆਂ ਰੀਤੀਆਂ ਜੀ।
ਐਸ ਕੰਨੋਂ ਪਾ ਦੂਜੇ ਥੀਂ ਕੱਢ ਦਿੰਦੇ, ਸੁਧਰਨ ਵਾਸਤੇ ਅਰਜਾਂ ਸਭ ਕੀਤੀਆਂ ਜੀ।
ਰਾਸ ਆਉਂਦੀਆਂ ਕਦੇ ਨਾ ਵਿਗੜਿਆਂ ਦੇ, ਭਲਿਆਂ ਮਾਣਸਾਂ ਵਾਲੀਆਂ ਨੀਤੀਆਂ ਜੀ।
ਹੋਵੇ ਬੇਇਜਤੀ ਢੀਠ ਹੋ ਆਖ ਦਿੰਦੇ, ਲਹਿ ਗਈਆਂ ਕੀ ਮੋਢੇ ਤੋਂ ਫੀਤੀਆਂ ਜੀ?
ਆਉਂਦੇ ਬਾਜ ਨਾ ਕਦੇ ਬੇਸ਼ਰਮੀਆਂ ਤੋਂ, ਸੌ ਦੱਸੋ ਖਾਂ ਬੁਰਿਆਂ 'ਤੇ ਬੀਤੀਆਂ ਜੀ।
ਪਾਈ ਲੱਖ ਫਿਟਕਾਰ ਨਾ ਅਸਰ ਕਰਦੀ, ਸ਼ਰਮਾਂ ਘੋਲ਼ ਕੇ ਜਿਨ੍ਹਾਂ ਨੇ ਪੀਤੀਆਂ ਜੀ!!

# ਜਿਥੇ ਨਿੱਤ ਦਿਨ 46 ਕਿਸਾਨ ਕਰਦੇ ਨੇ ਖੁਦਕੁਸ਼ੀ...

## *...ਪਰ ਖਾਮੋਸ਼ ਹੀ ਹਨ ਸਰਕਾਰੀ ਅੰਕੜੇ*

ਪੀ. ਸਾਈਨਾਥ

ਪੇਸ਼ਕਸ਼: ਬੂਟਾ ਸਿੰਘ

ਸਾਲ 2011 ਵਿਚ ਭਾਰਤ ਦੇ ਕਿਸਾਨਾਂ ਵਿਚ ਖ਼ੁਦਕੁਸ਼ੀ ਦੀ ਦਰ ਕੰਬਣੀ ਛੇੜਨ ਵਾਲੀ ਸੀ, ਬਾਕੀ ਆਬਾਦੀ ਨਾਲੋਂ 47 ਫ਼ੀ ਸਦੀ ਵੱਧ। ਖੇਤੀ ਸੰਕਟ ਦੀ ਸਭ ਤੋਂ ਵੱਧ ਲਪੇਟ 'ਚ ਆਏ ਕੁਝ ਸੂਬਿਆਂ ਵਿਚ, ਇਹ ਵਾਧਾ ਸੌ ਫ਼ੀ ਸਦੀ ਤੋਂ ਵੀ ਉੱਪਰ ਸੀ। 2011 ਦੀ ਮਰਦਮਸ਼ੁਮਾਰੀ ਦੇ ਅੰਕੜੇ ਦਰਸਾਉਂਦੇ ਹਨ ਕਿ ਕਿਸਾਨਾਂ ਦੀ ਆਬਾਦੀ ਸੁੰਗੜ ਰਹੀ ਹੈ।...ਤੇ ਹੁਣ ਇਸ ਸੁੰਗੜੀ ਹੋਈ ਆਬਾਦੀ ਦੇ ਆਧਾਰ 'ਤੇ ਹੀ ਤਾਂ ਕਿਸਾਨ ਖ਼ੁਦਕੁਸ਼ੀਆਂ ਕਰਦੇ ਹਨ!

ਜ਼ਰਾ ਤਾਜ਼ਾ ਮਰਦਮਸ਼ੁਮਾਰੀ ਦੇ ਅੰਕੜਿਆਂ ਦੇ ਜੋੜ ਨੂੰ ਕੌਮੀ ਜੁਰਮ ਰਿਕਾਰਡ ਬਿਊਰੋ (ਐੱਨ.ਸੀ.ਆਰ.ਬੀ.) ਦੇ ਖ਼ੁਦਕੁਸ਼ੀਆਂ ਦੇ ਅੰਕੜਿਆਂ ਨਾਲ ਮਿਲਾ ਕੇ ਦੇਖੋ। ਭਿਆਨਕ ਤੱਥ ਸਾਹਮਣੇ ਆਉਂਦੇ ਹਨ। ਨਮੂਨਾ: ਆਂਧਰਾ ਪ੍ਰਦੇਸ਼ ਦੇ ਕਿਸਾਨ ਦੀ ਮੁਲਕ ਦੇ ਬਾਕੀ ਥਾਵਾਂ ਦੀ ਹਰ ਤਰ੍ਹਾਂ ਦੀ ਆਬਾਦੀ ਨਾਲੋਂ ਖ਼ੁਦਕੁਸ਼ੀ ਕਰਨ ਦੀ ਸੰਭਾਵਨਾ ਤਿੰਨ ਗੁਣਾਂ ਵੱਧ ਹੈ। ਜਦੋਂ ਕਿਸਾਨ ਦੇ ਆਪਣੇ ਹੀ ਸੂਬੇ ਦੇ ਬਾਕੀ ਲੋਕਾਂ ਨਾਲ ਤੁਲਨਾ ਕੀਤੀ ਜਾਵੇ ਤਾਂ ਅਜਿਹੀ ਸੰਭਾਵਨਾ ਦੁੱਗਣੀ ਹੋ ਜਾਂਦੀ ਹੈ। ਮਹਾਰਾਸ਼ਟਰ ਵਿਚ ਵੀ ਸੰਭਾਵਨਾਵਾਂ ਜ਼ਿਆਦਾ ਹੌਸਲਾ ਦੇਣ ਵਾਲੀਆਂ ਨਹੀਂ ਜੋ ਇਕ ਦਹਾਕੇ ਤੋਂ ਅਜਿਹੀਆਂ ਸਭ ਤੋਂ ਵੱਧ ਖ਼ੁਦਕੁਸ਼ੀਆਂ ਵਾਲਾ ਸੂਬਾ ਹੈ।

ਏਸ਼ੀਆ ਕਾਲਜ ਆਫ ਜਨਰਲਿਜ਼ਮ, ਚੇਨਈ ਦਾ ਅਰਥਸ਼ਾਸਤਰੀ ਪ੍ਰੋ. ਕੇ. ਨਾਗਰਾਜ ਕਹਿੰਦਾ ਹੈ, "ਤਸਵੀਰ ਡਰਾਉਣੀ ਹੀ ਬਣੀ ਹੋਈ ਹੈ।" ਭਾਰਤ ਵਿਚ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਬਾਰੇ ਪ੍ਰੋਫੈਸਰ ਨਾਗਰਾਜ ਦਾ 2008 ਦਾ ਅਧਿਐਨ ਇਸ ਵਿਸ਼ੇ ਬਾਰੇ ਹੁਣ ਤੱਕ ਦਾ ਸਭ ਤੋਂ ਅਹਿਮ ਅਧਿਐਨ ਹੈ। ਉਹ ਦੱਸਦਾ ਹੈ, "ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੀ ਤੀਬਰਤਾ ਘਟਣ ਦਾ ਨਾਂ ਨਹੀਂ ਲੈ ਰਹੀ। ਨਾ ਹੀ ਅੰਕੜਿਆਂ ਤੋਂ ਕਿਸੇ ਵੱਡੀ ਗਿਰਾਵਟ ਦਾ ਸੰਕੇਤ ਮਿਲਦਾ ਹੈ। ਇਹ ਖੇਤੀ ਦੇ ਕੇਂਦਰ ਪੰਜ ਮੁੱਖ ਸੂਬਿਆਂ ਵਿਚ ਹੀ ਕੇਂਦਰਤ ਹਨ। ਉਥੇ ਸੰਕਟ ਲਗਾਤਾਰ ਬਣਿਆ ਹੋਇਆ ਹੈ। ਦਰਅਸਲ, ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੀ 2011 ਦੀ ਦਰ ਉਸ ਤੋਂ ਥੋੜ੍ਹੀ ਵਧੇਰੇ ਹੀ ਸੀ ਜਿੰਨੀ ਇਹ 2001 'ਚ ਸੀ।" ਅਤੇ ਇਹ ਵੀ ਸੂਬਾ ਪੱਧਰ 'ਤੇ ਅੰਕੜਿਆਂ 'ਚ ਭਾਰੀ ਹੇਰ-ਫੇਰ ਤੋਂ ਬਾਅਦ ਦੀ ਹਾਲਤ ਹੈ।

ਜਿਵੇਂ ਐੱਨ.ਸੀ.ਆਰ.ਬੀ. ਦੇ ਅੰਕੜੇ ਦਿਖਾਉਂਦੇ ਹਨ ਕਿ ਮੁਲਕ ਵਿਚ ਕਿਸਾਨਾਂ ਦੀਆਂ ਕੁਲ ਖ਼ੁਦਕੁਸ਼ੀਆਂ ਦਾ ਦੋ-ਤਿਹਾਈ ਹਿੱਸਾ ਇਨ੍ਹਾਂ ਪੰਜ ਸੂਬਿਆਂ ਤੋਂ ਹੈ। ਇਹ ਹਨ ਮਹਾਰਾਸ਼ਟਰ, ਆਂਧਰਾ ਪ੍ਰਦੇਸ਼, ਕਰਨਾਟਕਾ, ਮੱਧ ਪ੍ਰਦੇਸ ਅਤੇ ਛੱਤੀਸਗੜ੍ਹ। ਇਨ੍ਹਾਂ 'ਪੰਜ ਵੱਡਿਆਂ' ਦਾ ਕਿਸਾਨਾਂ ਦੀਆਂ ਕੁਲ ਖ਼ੁਦਕੁਸ਼ੀਆਂ ਵਿਚ ਹਿੱਸਾ 2011 ਵਿਚ ਉਸ ਤੋਂ ਕਿਤੇ ਵਧੇਰੇ ਸੀ ਜਿੰਨਾ ਇਹ 2001 ਵਿਚ ਸੀ। ਮਰਦਮਸ਼ੁਮਾਰੀ ਦੇ ਨਵੇਂ ਅੰਕੜੇ ਇਹ ਵੀ ਦਿਖਾਉਂਦੇ ਹਨ ਕਿ ਇਨ੍ਹਾਂ ਵਿਚੋਂ ਚਾਰ ਸੂਬਿਆਂ ਵਿਚ ਹੁਣ ਕਿਸਾਨਾਂ ਦੀ ਗਿਣਤੀ ਉਸ ਤੋਂ ਕਿਤੇ ਥੋੜ੍ਹੀ ਹੈ ਜਿੰਨੀ ਇਕ ਦਹਾਕਾ ਪਹਿਲਾਂ ਹੁੰਦੀ ਸੀ। ਸਿਰਫ਼ ਮਹਾਰਾਸ਼ਟਰ ਵਿਚ ਉਨ੍ਹਾਂ ਦੀ ਗਿਣਤੀ ਵਧਣ ਦੀਆਂ ਰਿਪੋਰਟਾਂ ਹਨ।

2011 ਵਿਚ ਕੌਮੀ ਪੱਧਰ 'ਤੇ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੀ ਦਰ ਇਕ ਲੱਖ ਕਿਸਾਨਾਂ ਪਿੱਛੇ 16.3 ਸੀ। ਇਹ ਬਾਕੀ ਆਬਾਦੀ ਦੀ ਖ਼ੁਦਕੁਸ਼ੀਆਂ ਦੀ ਦਰ 11.1 ਨਾਲੋਂ ਕਿਤੇ ਵਧੇਰੇ ਹੈ। ਇਹ 2001 ਦੀ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੀ ਦਰ 15.8 ਤੋਂ ਵੀ ਥੋੜ੍ਹੀ ਵਧੇਰੇ ਹੀ ਹੈ।

ਮਸਲਨ, ਮਹਾਰਾਸ਼ਟਰ ਵਿਚ ਇਕ ਲੱਖ ਕਿਸਾਨਾਂ (ਮੁੱਖ ਵਾਹੀਕਾਰਾਂ) ਪਿੱਛੇ ਇਹ ਦਰ 29.1 ਖ਼ੁਦਕੁਸ਼ੀਆਂ ਦੀ ਹੈ, ਜੋ ਕਿਸਾਨੀ ਨੂੰ ਬਾਹਰ ਕੱਢ ਕੇ ਬਾਕੀ ਸਾਰੇ ਭਾਰਤੀਆਂ ਦੀ ਖ਼ੁਦਕੁਸ਼ੀ ਦੀ ਦਰ ਨਾਲੋਂ 160 ਫ਼ੀ ਸਦੀ ਵੱਧ ਹੈ। ਅਜਿਹੇ ਪਾੜੇ ਹੋਰ ਸੂਬਿਆਂ ਵਿਚ ਵੀ ਹਨ। 2011 ਵਿਚ ਵੱਡੇ 22 ਵਿਚੋਂ 16 ਸੂਬਿਆਂ ਵਿਚ, ਬਾਕੀ ਵਸੋਂ ਦੀ ਖ਼ੁਦਕੁਸ਼ੀਆਂ ਦੀ ਦਰ ਨਾਲੋਂ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੀ ਦਰ ਵਧੇਰੇ ਸੀ।

2011 ਦੇ ਅੰਕੜਿਆਂ 'ਚ ਬੁਰੀ ਤਰ੍ਹਾਂ ਹੇਰਾਫੇਰੀ ਕੀਤੀ ਗਈ ਹੈ। ਛੱਤੀਸਗੜ੍ਹ ਵਰਗੇ ਸੂਬੇ ਐਲਾਨ ਕਰ ਰਹੇ ਹਨ ਕਿ ਇਸ ਸਾਲ 'ਚ ਕੋਈ ਖ਼ੁਦਕੁਸ਼ੀ ਨਹੀਂ ਹੋਈ। ਇਸੇ ਸੂਬੇ ਤੋਂ ਇਹ ਰਿਪੋਰਟ ਵੀ ਆਈ ਕਿ ਇਸੇ ਸਾਲ ਕੁਲ ਖ਼ੁਦਕੁਸ਼ੀਆਂ 'ਚ ਵਾਧਾ ਹੋਇਆ ਹੈ; ਪਰ ਦਾਅਵਾ ਇਹ ਕੀਤਾ ਗਿਆ ਕਿ ਇਨ੍ਹਾਂ ਵਿਚੋਂ ਕੋਈ ਵੀ ਕਿਸਾਨ ਨਹੀਂ ਸੀ। ਜੇ ਅਸੀਂ ਇਸ ਸੂਬੇ ਦੀ 2011 ਤੋਂ ਪਹਿਲੇ ਤਿੰਨ ਸਾਲਾਂ ਵਿਚ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੀ ਔਸਤ ਗਿਣਤੀ ਲਾਈਏ ਤਾਂ ਨਤੀਜਾ ਕੀ ਨਿਕਲਦਾ ਹੈ? ਫਿਰ ਛੱਤੀਸਗੜ੍ਹ ਦੀ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੀ ਦਰ ਮੁਲਕ ਦੀ ਬਾਕੀ ਵਸੋਂ ਦੀ ਖ਼ੁਦਕੁਸ਼ੀ ਦੀ ਦਰ ਨਾਲੋਂ 350 ਫ਼ੀ ਸਦੀ ਵਧੇਰੇ ਹੈ।

1995 ਵਿਚ 'ਪੰਜ ਵੱਡੇ' ਸੂਬਿਆਂ ਵਿਚ ਭਾਰਤ ਦੀਆਂ ਅੱਧੀਆਂ ਤੋਂ ਵੱਧ ਖ਼ੁਦਕੁਸ਼ੀਆਂ ਹੋਈਆਂ। 2011 ਵਿਚ, ਇਹ ਗਿਣਤੀ ਵਧ ਕੇ ਦੋ-ਤਿਹਾਈ ਹੋ ਗਈ। ਖ਼ੁਦਕੁਸ਼ੀਆਂ ਦੇ ਇਥੇ ਕੇਂਦਰਤ ਹੋਣ ਨੂੰ ਦੇਖਦਿਆਂ, ਸਰਵ ਭਾਰਤ ਦੇ ਭਿਆਨਕ ਅੰਕੜੇ ਵੀ ਇਨ੍ਹਾਂ ਤੋਂ ਘੱਟ ਭਿਆਨਕ ਹਨ।

ਦਸ ਸੂਬਿਆਂ ਦੇ ਅੰਕੜੇ 2011 ਵਿਚ 2001 ਨਾਲੋਂ ਖ਼ੁਦਕੁਸ਼ੀਆਂ ਦੀ ਵਧੇਰੇ ਦਰ ਨੂੰ ਦਿਖਾਉਂਦੇ ਹਨ। ਇਨ੍ਹਾਂ ਵਿਚ ਪੰਜਾਬ ਤੇ ਹਰਿਆਣਾ ਦੇ ਵੱਡੇ ਖੇਤੀ ਖੇਤਰ ਵੀ ਸ਼ਾਮਲ ਹਨ। ਕਰਨਾਟਕ ਵਿਚ ਖ਼ੁਦਕੁਸ਼ੀਆਂ ਘਟਣ ਦੇ ਬਾਵਜੂਦ 'ਪੰਜ ਵੱਡਿਆਂ' ਸੂਬਿਆਂ ਵਿਚ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੀ ਔਸਤ ਦਰ ਥੋੜ੍ਹੀ ਵੱਧ ਹੀ ਹੈ। ਮਹਾਰਾਸ਼ਟਰ ਵਿਚ ਗਿਣਤੀ ਘਟੀ ਹੈ। ਇਸ ਦਾ ਹੋਰ ਕਿਸੇ ਸੂਬੇ ਨਾਲੋਂ ਸਭ ਤੋਂ ਮਾੜਾ ਰਿਕਾਰਡ ਰਿਹਾ ਹੈ। 1995 ਤੋਂ ਲੈ ਕੇ ਕਿਸਾਨਾਂ ਦੀਆਂ ਘੱਟੋਘੱਟ 53,818 ਖ਼ੁਦਕੁਸ਼ੀਆਂ। ਫਿਰ ਇਹ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੀ ਦਰ ਨੂੰ ਘਟੀ ਹੋਈ ਕਿਵੇਂ ਦਿਖਾਉਂਦਾ?

ਖ਼ੈਰ, 2011 ਦੀ ਮਰਦਮਸ਼ੁਮਾਰੀ ਸਾਨੂੰ ਦੱਸਦੀ ਹੈ ਕਿ ਸੂਬੇ ਵਿਚ 2001 ਤੋਂ ਲੈ ਕੇ ਕਿਸਾਨਾਂ (ਮੁੱਖ ਵਾਹੀਕਾਰਾਂ) ਦੀ ਗਿਣਤੀ 12 ਲੱਖ ਵਧੀ ਹੈ। ਇਹ ਇਸੇ ਸਾਲ ਕੌਮੀ ਪੱਧਰ 'ਤੇ ਕਿਸਾਨਾਂ ਦੀ ਗਿਣਤੀ 77 ਲੱਖ ਘਟਣ ਤੋਂ ਉਲਟ ਹੈ। ਇਸੇ ਲਈ ਮਹਾਰਾਸ਼ਟਰ ਵਿਚ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੀ ਦਰ ਘਟੀ ਹੋਈ ਦਿਖਾਈ ਦਿੰਦੀ ਹੈ। ਹਾਲਾਂਕਿ, ਇਥੇ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੀ ਗਿਣਤੀ ਵਿਚ ਜ਼ਿਆਦਾ ਗਿਰਾਵਟ ਨਹੀਂ ਆਈ। ਅਤੇ ਇਸ ਸੂਬੇ ਵਿਚ ਕਿਸਾਨ ਦੀ ਮੁਲਕ ਦੇ ਬਾਕੀ ਲੋਕਾਂ ਨਾਲੋਂ, ਕਿਸਾਨਾਂ ਨੂੰ ਛੱਡ ਕੇ, ਆਪਣੀ ਜਾਨ ਲੈਣ ਦੀ ਸੰਭਾਵਨਾ ਢਾਈ ਗੁਣਾ ਵਧੇਰੇ ਹੈ।

2011 ਵਿਚ ਕਰਨਾਟਕਾ ਵਿਚ ਕਿਸਾਨਾਂ ਦੀਆਂ ਉਸ ਤੋਂ ਕਾਫ਼ੀ ਘੱਟ ਖ਼ੁਦਕੁਸ਼ੀਆਂ ਦੇਖਣ 'ਚ ਆਈਆਂ ਜਿੰਨੀਆਂ ਇਕ ਦਹਾਕਾ ਪਹਿਲਾਂ ਹੋਈਆਂ ਸਨ। ਇਸ ਕਰ ਕੇ, ਇਸ ਦੇ ਕਿਸਾਨਾਂ ਦੀ ਗਿਣਤੀ 2001 ਨਾਲੋਂ ਘਟ ਜਾਣ ਦੇ ਬਾਵਜੂਦ, ਸੂਬਾ ਕਿਸਾਨਾਂ ਦੀ ਖ਼ੁਦਕੁਸ਼ੀ ਦੀ ਦਰ ਘਟੀ ਹੋਈ ਦਿਖਾ ਰਿਹਾ ਹੈ। ਹਾਲਾਂਕਿ, ਮਹਾਰਾਸ਼ਟਰ ਅਤੇ ਕਰਨਾਟਕ ਵਿਚ ਕਿਸਾਨਾਂ ਦੀ 'ਘੱਟ ਖ਼ੁਦਕੁਸ਼ੀ' ਵੀ ਬਾਕੀ ਮੁਲਕ ਦੀ ਦਰ ਨਾਲੋਂ ਵੱਧ ਹੈ।

ਇਹ ਅੰਕੜੇ 2011 ਦੀ ਮਰਦਮਸ਼ੁਮਾਰੀ ਵਿਚ ਖੇਤੀ ਦੀ ਮੌਜੂਦਾ ਆਬਾਦੀ ਦੇ ਕੁਲ ਜੋੜ ਨੂੰ ਅੰਕੜਿਆਂ ਨੂੰ ਕੌਮੀ ਜੁਰਮ ਰਿਕਾਰਡ ਬਿਊਰੋ ਅਨੁਸਾਰ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੀ ਕੁਲ ਗਿਣਤੀ 'ਤੇ ਲਾਗੂ ਕਰ ਕੇ ਹਾਸਲ ਕੀਤੇ ਗਏ ਹਨ। ਮਰਦਮਸ਼ੁਮਾਰੀ ਵਾਹੀਕਾਰਾਂ ਦਾ ਇੰਦਰਾਜ ਕਰਦੀ ਹੈ। ਪੁਲਿਸ ਖ਼ੁਦਕੁਸ਼ੀਆਂ ਦਾ ਹਿਸਾਬ-ਕਿਤਾਬ ਲਾਉਂਦੀ ਹੈ। ਖ਼ੁਦਕੁਸ਼ੀਆਂ ਦੀ ਸੂਚੀ ਬਣਾਉਂਦੇ ਵਕਤ, ਸੂਬਾ ਸਰਕਾਰਾਂ ਅਤੇ ਪੁਲਿਸ ਸਿਰਫ਼ ਉਨ੍ਹਾਂ ਨੂੰ ਹੀ ਸੂਚੀ ਵਿਚ ਸ਼ਾਮਲ ਕਰਦੇ ਹਨ ਜਿਨ੍ਹਾਂ ਦੇ ਨਾਂ ਜ਼ਮੀਨ ਹੈ।

ਪ੍ਰੋਫੈਸਰ ਨਾਗਰਾਜ ਕਹਿੰਦਾ ਹੈ, "ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਅਜੇ ਵੀ ਵੱਡੀ ਤਾਦਾਦ 'ਚ ਹੁੰਦੀਆਂ ਹਨ। ਬੱਸ, ਸਿਰਫ਼ ਸਰਕਾਰੀ ਅਤੇ ਸਿਆਸੀ ਤੌਰ 'ਤੇ ਇਸ ਨੂੰ ਸਵੀਕਾਰ ਨਹੀਂ ਕੀਤਾ ਜਾ ਰਿਹਾ। ਕੀ 'ਖ਼ਾਮੋਸ਼ੀ ਦੀ ਸਾਜ਼ਿਸ਼' ਮੁੜ ਹਰਕਤ 'ਚ ਆ ਗਈ ਹੈ?" ਛੱਤੀਸਗੜ੍ਹ ਵਲੋਂ 'ਸਿਫ਼ਰ' ਖ਼ੁਦਕੁਸ਼ੀਆਂ ਦਾ ਐਲਾਨ ਕੀਤੇ ਜਾਣ ਨਾਲ ਪ੍ਰੇਸ਼ਾਨ ਕਰਨ ਵਾਲੇ ਰੁਝਾਨ ਦਾ ਮੁੱਢ ਬੱਝ ਗਿਆ ਹੈ। (ਇਹ ਇਸ ਦੇ ਬਾਵਜੂਦ ਹੈ ਕਿ 'ਸਿਫ਼ਰ' ਵਾਲੇ ਐਲਾਨ ਤੋਂ ਪਹਿਲੇ 36 ਮਹੀਨਿਆਂ ਵਿਚ 4700 ਖ਼ੁਦਕੁਸ਼ੀਆਂ ਹੋਈਆਂ ਸਨ) ਪੁਡੂਚੇਰੀ ਵੀ ਇਨ੍ਹਾਂ ਹੀ ਨਕਸ਼ੇ-ਕਦਮਾਂ 'ਤੇ ਚੱਲਿਆ ਹੈ। ਨਿਸ਼ਚੇ ਹੀ ਬਾਕੀ ਵੀ ਇਵੇਂ ਹੀ ਕਰ ਰਹੇ ਹਨ। ਕਈ ਸਾਲਾਂ ਤੋਂ ਪੰਜਾਬ ਅਤੇ ਹਰਿਆਣਾ ਦਾਅਵੇ ਕਰ ਰਹੇ ਹਨ ਕਿ ਉਨ੍ਹਾਂ ਦੇ ਕੋਈ ਔਰਤ ਕਿਸਾਨ ਖ਼ੁਦਕੁਸ਼ੀ ਨਹੀਂ ਕਰ ਰਹੀ। (ਹਾਲਾਂਕਿ ਉਨ੍ਹਾਂ ਹੀ ਸਾਲਾਂ ਵਿਚ ਮੀਡੀਆ ਅਤੇ ਅਧਿਐਨ ਰਿਪੋਰਟਾਂ ਇਸ ਦੇ ਉਲਟਾ ਸਾਬਤ ਕਰਦੀਆਂ ਹਨ)। ਕਿਤੇ ਨਾ ਕਿਤੇ ਜਾ ਕੇ ਇਹ ਰੁਝਾਨ ਅਵੱਸ਼ ਹੀ ਅੰਕੜਿਆਂ ਵਿਚ ਘਾਤਕ ਤੌਰ 'ਤੇ ਹੇਰਾਫੇਰੀ ਕਰਦਾ ਹੈ।

1995 ਤੋਂ ਲੈ ਕੇ ਘੱਟੋਘੱਟ 270,940 ਕਿਸਾਨਾਂ ਨੇ ਆਪਣੀਆਂ ਜਾਨਾਂ ਲਈਆਂ ਹਨ, ਇਹ ਐੱਨ.ਸੀ.ਆਰ.ਬੀ. ਦਾ ਰਿਕਾਰਡ ਦੱਸਦਾ ਹੈ। 1995 ਤੋਂ ਲੈ ਕੇ 2000 ਤਕ ਦੇ ਛੇ ਸਾਲਾਂ ਵਿਚ ਹਰ ਸਾਲ ਔਸਤ 14,462 ਕਿਸਾਨਾਂ ਨੇ ਖ਼ੁਦਕੁਸ਼ੀਆਂ ਕੀਤੀਆਂ। 2001 ਤੋਂ ਲੈ ਕੇ 2011 ਦਰਮਿਆਨ ਦੇ 11 ਸਾਲਾਂ ਵਿਚ ਇਹ ਸਾਲਾਨਾ ਔਸਤ 16,743 ਕਿਸਾਨ ਖ਼ੁਦਕੁਸ਼ੀਆਂ ਦੀ ਸੀ; ਭਾਵ ਹਰ ਰੋਜ਼ ਔਸਤ 46 ਕਿਸਾਨਾਂ ਦੀ ਖ਼ੁਦਕੁਸ਼ੀ; ਜਾਂ 2001 ਤੋਂ ਲੈ ਕੇ ਹਰ ਅੱਧੇ ਘੰਟੇ ਬਾਅਦ ਇਕ ਖ਼ੁਦਕੁਸ਼ੀ।

***1991 ਵਿਚ ਜਿੰਨੇ ਲੋਕ ਖੇਤੀ ਕਰਦੇ ਸਨ (ਮੁੱਖ ਵਾਹੀਕਾਰ), ਹੁਣ ਉਨ੍ਹਾਂ ਦੀ ਗਿਣਤੀ ਲਗਭਗ ਡੇਢ ਕਰੋੜ ਘਟ ਗਈ ਹੈ। 2001 ਤੋਂ 77 ਲੱਖ ਘੱਟ। ਇਹ ਤਾਜ਼ਾ ਮਰਦਮਸ਼ੁਮਾਰੀ ਦੱਸਦੀ ਹੈ। ਲੰਘੇ ਵੀਹ ਸਾਲਾਂ ਤੋਂ ਔਸਤ ਲਗਭਗ 2035 ਕਿਸਾਨਾਂ ਦਾ 'ਮੁੱਖ ਵਾਹੀਕਾਰ' ਦਾ ਰੁਤਬਾ ਖੋਹਿਆ ਜਾ ਰਿਹਾ ਹੈ। ਰੋਜ਼ਗਾਰਹੀਣ ਵਿਕਾਸ ਦੇ ਜ਼ਮਾਨੇ ਵਿਚ, ਉਨ੍ਹਾਂ ਕੋਲ ਸੇਵਾਵਾਂ ਦੇ ਖੇਤਰ ਦੇ ਸਭ ਤੋਂ ਨੀਵੇਂ, ਘਟੀਆ ਕੰਮਾਂ ਨੂੰ ਛੱਡ ਕੇ ਕਰਨ ਲਈ ਕੀ ਰਹਿ ਜਾਂਦਾ ਹੈ।***

***2011 ਵਾਲੀ ਮਰਦਮਸ਼ੁਮਾਰੀ ਦੱਸਦੀ ਹੈ ਕਿ ਹੁਣ 9 ਕਰੋੜ 58 ਲੱਖ ਵਾਹੀਕਾਰ ਹੀ ਰਹਿ ਗਏ ਹਨ ਜਿਨ੍ਹਾਂ ਦਾ ਮੁੱਖ ਕਿੱਤਾ ਖੇਤੀ ਹੈ; ਭਾਵ ਆਬਾਦੀ ਦੇ 8 ਫ਼ੀ ਸਦੀ ਹਿੱਸੇ ਤੋਂ ਵੀ ਘੱਟ। (2001 ਵਿਚ ਇਹ ਗਿਣਤੀ 10 ਕਰੋੜ 30 ਲੱਖ ਸੀ ਅਤੇ 1991 'ਚ 11 ਕਰੋੜ)। ਜੇ ਇਨ੍ਹਾਂ ਵਿਚ ਸਾਰੇ ਸੀਮਾਂਤ ਵਾਹੀਕਾਰ (2 ਕਰੋੜ 28 ਲੱਖ) ਵੀ ਸ਼ਾਮਲ ਕਰ ਲਏ ਜਾਣ, ਫਿਰ ਵੀ ਉਨ੍ਹਾਂ ਦੀ ਗਿਣਤੀ 10 ਫ਼ੀ ਸਦੀ ਅਬਾਦੀ ਤੋਂ ਘੱਟ ਹੀ ਹੈ।***

**ਦੇਸ-ਪਰਦੇਸ**

# ‘ਲੋਕਾਂ ਦਾ ਸਿਆਸਤ ਤੋਂ ਮੋਹ ਭੰਗ ਨਹੀਂ ਹੋ ਰਿਹਾ’

*ਬੀਬੀ ਅਰੁੰਧਤੀ ਰਾਏ ਸਾਡੇ ਸਮਿਆਂ ਦੀ ਐਸੀ ਵਿਰਲੀ ਲੇਖਕਾ ਹੈ ਜੋ ਸਰਕਾਰੀ ਜਬਰ, ਅਨਿਆਂ ਅਤੇ ਕਾਰਪੋਰੇਟ ਘਰਾਣਿਆਂ ਦੀ ਲੁੱਟ ਖ਼ਿਲਾਫ਼ ਨਿਡਰਤਾ ਅਤੇ ਬੇਬਾਕੀ ਨਾਲ ਲਗਾਤਾਰ ਆਪਣੀ ਕਲਮ ਚਲਾ ਰਹੀ ਹੈ। ਉਹ ਸਮਾਜ ਦੇ ਸਭ ਤੋਂ ਵਾਂਝੇ, ਲੁੱਟੇ-ਪੁੱਟੇ ਅਤੇ ਹਾਸ਼ੀਏ ‘ਤੇ ਖੜ੍ਹੇ ਲੋਕਾਂ ਨਾਲ ਧੜੱਲੇ ਨਾਲ ਖੜ੍ਹਦੀ ਹੈ। ਨਰੈਨ ਸਿੰਘ ਰਾਵ ਨਾਲ ਆਪਣੀ ਇਸ ਇੰਟਰਵਿਊ ਵਿਚ ਉਸ ਨੇ ਸਰਮਾਏਦਾਰੀ, ਮਾਰਕਸਵਾਦ, ਭਾਰਤ ਦੀ ਖੱਬੀ ਧਿਰ, ਭਾਰਤੀ ਸਿਆਸਤ ਅਤੇ ਸਮਾਜ ਨਾਲ ਜੁੜੇ ਵੱਖੋ-ਵੱਖਰੇ ਮੁੱਦਿਆਂ ਉਪਰ ਠੋਕ-ਵਜਾ ਕੇ ਆਪਣੇ ਵਿਚਾਰ ਪੇਸ਼ ਕੀਤੇ ਹਨ। ਇਸ ਇੰਟਰਵਿਊ ਦਾ ਅਨੁਵਾਦ ‘ਪੰਜਾਬ ਟਾਈਮਜ਼’ ਨਾਲ ਜੁੜੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। ਇਸ ਇੰਟਰਵਿਊ ਵਿਚ ਵਿਚਾਰਾਂ ਦੇ ਚੰਗਿਆੜੇ ਫੁੱਟਦੇ ਦਿਸਦੇ ਹਨ ਜਿਹੜੇ ਅਰੁੰਧਤੀ ਦੀਆਂ ਲਿਖਤਾਂ ਵਿਚ ਬਹੁਤ ਸਹਿਜ ਨਾਲ ਸਜਾਏ ਹੁੰਦੇ ਹਨ। ਇਸ ਦਾ ਦੂਜਾ ਹਿੱਸਾ ਅਗਲੇ ਅੰਕ ਵਿਚ ਛਾਪਿਆ ਜਾਵੇਗਾ। -ਸੰਪਾਦਕ*

**ਸਵਾਲ: ਅੱਜ ਦੇ ਦੌਰ ਵਿਚ ਤੁਸੀਂ ਬਰਾਬਰੀ ਆਧਾਰਤ ਸਮਾਜ ਦੇ ਵਿਚਾਰ ਨੂੰ ਕਿਵੇਂ ਦੇਖਦੇ ਹੋ?**

**ਅਰੁੰਧਤੀ:** ਮੇਰੇ ਖ਼ਿਆਲ ‘ਚ ਬਹੁਤ ਘੱਟ ਲੋਕ ਇਸ ਬਾਰੇ ਸੋਚਦੇ ਹਨ। 1968-69 ਵਿਚ ਜਦੋਂ ਪਹਿਲਾ ਨਕਸਲਬਾੜੀ ਅੰਦੋਲਨ ਹੋਇਆ ਸੀ ਜਾਂ ਬਰਾਬਰੀ ਆਧਾਰਤ ਸਮਾਜ ਬਾਰੇ ਜੋ ਪੂਰੀ ਸੋਚ ਹੁੰਦੀ ਸੀ, ਲੋਕ ਕਹਿੰਦੇ ਹੁੰਦੇ ਸਨ ਕਿ ਜ਼ਮੀਨ ਹਲਵਾਹਕ ਨੂੰ ਮਿਲਣੀ ਚਾਹੀਦੀ ਹੈ, ਯਾਨੀ ਜਿਸ ਦੇ ਕੋਲ ਜ਼ਮੀਨ ਹੈ, ਉਸ ਤੋਂ ਖੋਹ ਕੇ ਜਿਸ ਦੇ ਕੋਲ ਨਹੀਂ ਹੈ, ਉਸ ਨੂੰ ਦਿੱਤੀ ਜਾਣੀ ਚਾਹੀਦੀ ਹੈ। ਇਹ ਪੂਰੀ ਸੋਚ ਹੁਣ ਖ਼ਤਮ ਹੋ ਗਈ ਹੈ। ਹੁਣ ਸਿਰਫ਼ ਇਹ ਹੈ ਕਿ ਜਿਸ ਦੇ ਕੋਲ ਥੋੜ੍ਹਾ ਬਹੁਤ ਬਚਿਆ ਹੈ, ਉਹ ਨਾ ਖੋਹਿਆ ਜਾਵੇ। ਇਸ ਨਾਲ ਕੀ ਹੋਇਆ ਕਿ ਅਤਿ ਖੱਬੇ, ਜਿਨ੍ਹਾਂ ਨੂੰ ਨਕਸਲਬਾੜੀ ਜਾਂ ਮਾਓਵਾਦੀ ਕਿਹਾ ਜਾਂਦਾ ਹੈ, ਉਹ ਵੀ ਇਸ ਤੋਂ ਪਿੱਛੇ ਹਟ ਗਏ ਹਨ। ਉਹ ਲੋਕ ਉਨ੍ਹਾਂ ਲੋਕਾਂ ਲਈ ਲੜ ਰਹੇ ਹਨ ਜਿਨ੍ਹਾਂ ਤੋਂ ਰਾਜ ਨੇ ਉਨ੍ਹਾਂ ਦੀ ਜ਼ਮੀਨ ਖੋਹ ਲਈ ਹੈ। ਦਰਅਸਲ, ਇਹ ਉਹ ਲੋਕ ਹਨ ਜਿਨ੍ਹਾਂ ਕੋਲ ਜ਼ਮੀਨ ਹੈ, ਪਰ ਜਿਨ੍ਹਾਂ ਦੇ ਕੋਲ ਕੁਝ ਵੀ ਨਹੀਂ ਹੈ, ਉਹ ਸ਼ਹਿਰੀ ਗ਼ਰੀਬ ਹਨ ਜਾਂ ਦਲਿਤ ਹਨ ਅਤੇ ਜੋ ਪੂਰੀ ਤਰ੍ਹਾਂ ਨਾਲ ਹਾਸ਼ੀਏ ਉੱਪਰ ਖੜ੍ਹੇ ਮਜ਼ਦੂਰ ਹਨ। ਉਨ੍ਹਾਂ ਵਿਚ ਹੁਣ ਕਿਹੜੀ ਲਹਿਰ ਚੱਲ ਰਹੀ ਹੈ? ਕੋਈ ਵੀ ਨਹੀਂ! ਜੋ ਰੈਡੀਕਲ ਲਹਿਰ ਵਾਲੇ ਹਨ, ਉਹ ਇਹ ਹਨ ਜੋ ਪਿੰਡ ਵਾਲੇ ਕਹਿੰਦੇ ਹਨ-ਸਾਡੀ ਜ਼ਮੀਨ ਨਾ ਖੋਹੋ। ਜਿਸ ਦੇ ਕੋਲ ਜ਼ਮੀਨ ਨਹੀਂ ਹੈ, ਜੋ ਕੱਚਾ ਮਜ਼ਦੂਰ ਹੈ ਜਾਂ ਜੋ ਸ਼ਹਿਰੀ ਗ਼ਰੀਬ ਹਨ, ਉਹ ਸਿਆਸੀ ਪ੍ਰਵਚਨ ਤੋਂ ਉੱਕਾ ਹੀ ਬਾਹਰ ਹਨ। ਬਰਾਬਰੀ ‘ਤੇ ਆਧਾਰਤ ਸਮਾਜ ਦੇ ਮਾਮਲੇ ਵਿਚ ਅਸੀਂ ਸੱਤਰ ਦੇ ਦਹਾਕੇ ਤੋਂ ਬਹੁਤ ਪਿੱਛੇ ਜਾ ਚੁੱਕੇ ਹਾਂ, ਅੱਗੇ ਨਹੀਂ ਵਧੇ। ਨਵਉਦਾਰਵਾਦ ਦੀ ਪੂਰੀ ਭਾਸ਼ਾ ਜਿਸ ਨੂੰ ‘ਟ੍ਰਿਕਲ ਡਾਊਨ’ ਕਹਿੰਦੇ ਹਨ (ਜੋ ਕੁਝ ਬਚਿਆ ਹੈ, ਉਹ ਵੀ ਉਨ੍ਹਾਂ ਨੂੰ ਖੋਹ ਲੈਣ ਦਿਉ), ਉਸ ਨੂੰ ਹੀ ਦੇਖ ਲਉ। ਬਰਾਬਰੀ ‘ਤੇ ਆਧਾਰਤ ਸਮਾਜ ਦੇ ਵਿਚਾਰ ਦੀ ਜੋ ਬੋਲੀ ਹੈ, ਉਹ ਮੁਕੰਮਲ ਹੈ। ਜੇ ਤੁਸੀਂ ਕਮਿਊਨਿਸਟ ਨਹੀਂ ਹੋ ਅਤੇ ਸਰਮਾਏਦਾਰ ਹੋ, ਤੇ ਹੁਣ ਜੋ ਹੋ ਰਿਹਾ ਹੈ, ਉਹ ਤਾਂ ਸਰਮਾਏਦਾਰ ਵੀ ਨਹੀਂ ਕਰਦੇ। ਇਥੇ ਜੋ ਮੁਕਾਬਲੇਬਾਜ਼ੀ ਲਈ ਇਕਸਾਰ ਮੈਦਾਨ ਹੁੰਦਾ ਹੈ, ਉਹ ਹੁਣ ਹੈ ਹੀ ਨਹੀਂ। ਕਾਰੋਬਾਰੀ ਲੋਕਾਂ ਨੂੰ ਕਾਰਪੋਰੇਟਾਂ ਨੇ ਖੂੰਜੇ ਲਾ ਦਿੱਤਾ ਹੈ। ਛੋਟੇ ਵਪਾਰੀਆਂ ਨੂੰ ਮਾਲਜ਼ ਨੇ ਖੂੰਜੇ ਲਾ ਦਿੱਤਾ ਹੈ। ਇਹ ਸਰਮਾਏਦਾਰੀ ਨਹੀਂ ਹੈ। ਇਹ ਪਤਾ ਨਹੀਂ ਕੀ ਹੈ? ਇਹ ਕੋਈ ਹੋਰ ਹੀ ਬਲਾ ਹੈ?

**ਸਵਾਲ: ਲੇਖਕ ਅਤੇ ਕਾਰਕੁਨ ਵਜੋਂ ਤੁਸੀਂ ਮਾਰਕਸਵਾਦ ਨੂੰ ਕਿਵੇਂ ਦੇਖਦੇ ਹੋ?**

**ਅਰੁੰਧਤੀ:** ਪਹਿਲੀ ਗੱਲ ਤਾਂ ਇਹ ਕਿ ਮੈਂ ਖ਼ੁਦ ਨੂੰ ਲੇਖਕ ਹੀ ਸਮਝਦੀ ਹੈ ਨਾ ਕਿ ਕਾਰਕੁਨ। ਅਜਿਹਾ ਇਸ ਲਈ ਕਿ ਇਨ੍ਹਾਂ ਦੋਹਾਂ ਨਾਲ ਖ਼ਾਸ ਤਰ੍ਹਾਂ ਦੀਆਂ ਸੀਮਾਵਾਂ ਤੈਅ ਹੁੰਦੀਆਂ ਹਨ। ਇਕ ਵਕਤ ਸੀ ਜਦੋਂ ਲੇਖਕ ਹਰ ਗੱਲ ਉਪਰ ਆਪਣੀ ਰਾਇ ਦਿੰਦੇ ਸਨ ਅਤੇ ਸਮਝਦੇ ਸਨ ਕਿ ਉਨ੍ਹਾਂ ਦਾ ਇਹੀ ਫਰਜ਼ ਹੈ। ਅੱਜਕੱਲ੍ਹ ਸਾਹਿਤਕ ਮੇਲਿਆਂ ‘ਚ ਜਾਣਾ ਉਨ੍ਹਾਂ ਦਾ ‘ਫਰਜ਼’ ਬਣ ਗਿਆ ਹੈ। ਕਾਰਕੁਨਾਂ ਬਾਰੇ ਉਹ ਸਮਝਦੇ ਹਨ ਕਿ ਉਨ੍ਹਾਂ ਦਾ ਕੰਮ ਕੁਝ ਹਟਵਾਂ ਹੈ ਜਿਸ ਵਿਚ ਡੂੰਘਾਈ ਨਹੀਂ ਹੈ। ਕੰਮ ਦੀ ਇਹ ਵੰਡ ਮੈਨੂੰ ਪਸੰਦ ਨਹੀਂ ਹੈ।

ਮੈਂ ਮਾਰਕਸਵਾਦ ਨੂੰ ਵਿਚਾਰਧਾਰਾ ਦੇ ਰੂਪ ‘ਚ ਦੇਖਦੀ ਹਾਂ। ਇਕ ਅਦਭੁੱਤ ਵਿਚਾਰਧਾਰਾ ਜਿਸ ਵਿਚ ਸਮਾਨਤਾ ਵਜੂਦ ਸਮੋਈ ਹੈ, ਮਹਿਜ਼ ਸਿਧਾਂਤਕ ਤੌਰ ‘ਤੇ ਹੀ ਨਹੀਂ ਸਗੋਂ ਪ੍ਰਸ਼ਾਸਕੀ ਤੌਰ ‘ਤੇ ਵੀ। ਜੇ ਭਾਰਤ ਦੇ ਪ੍ਰਸੰਗ ‘ਚ ਜ਼ਿੰਦਗੀ ਦੀਆਂ ਪੇਚੀਦਗੀਆਂ ਨੂੰ ਮਾਰਕਸਵਾਦੀ ਨਜ਼ਰੀਏ ਤੋਂ ਵੇਖਿਆਂ ਬਹੁਤ ਸਾਰੇ ਮਸਲੇ ਦਿਖਾਈ ਦਿੰਦੇ ਹਨ, ਪਰ ਮਾਰਕਸਵਾਦੀ ਨਜ਼ਰੀਏ ਤਹਿਤ ਜਾਤਪਾਤ ਨਾਲ ਨਹੀਂ ਨਜਿੱਠਿਆ ਗਿਆ। ਆਮ ਤੌਰ ‘ਤੇ ਉਹ ਕਹਿੰਦੇ ਹਨ ਕਿ ਜਾਤ ਹੀ ਜਮਾਤ ਹੈ ਪਰ ਹਕੀਕਤ ‘ਚ ਜਾਤ ਹਮੇਸ਼ਾ ਜਮਾਤ ਨਹੀਂ ਹੁੰਦੀ।

ਜਾਤ ਜਮਾਤ ਹੋ ਸਕਦੀ ਹੈ, ਕਿਉਂਕਿ ਮੇਰੇ ਖ਼ਿਆਲ ‘ਚ ਬਹੁਤ ਸਾਰੇ ਰੈਡੀਕਲ ਦਲਿਤ ਬੁੱਧੀਜੀਵੀਆਂ ਨੇ ਮਾਰਕਸਵਾਦ ਦਾ ਪੜਚੋਲੀਆ ਚਿੰਤਨ ਪੇਸ਼ ਕੀਤਾ ਹੈ ਜੋ ਅੰਬੇਦਕਰ ਦੀ ਡਾਂਗੇ ਨਾਲ ਬਹਿਸ ਦੇ ਵਕਤ ਤੋਂ ਹੀ ਸ਼ੁਰੂ ਹੋ ਚੁੱਕਾ ਸੀ; ਪਰ ਮੇਰੇ ਖ਼ਿਆਲ ‘ਚ ਅੱਜ ਵੀ ਰੈਡੀਕਲ ਖੱਬਿਆਂ ਨੇ ਇਸ ਮੁੱਦੇ ਨੂੰ ਹੱਲ ਕਰਨ ਦਾ ਰਾਹ ਨਹੀਂ ਲੱਭਿਆ। ਇੰਵ ਕਿਉਂ ਹੈ ਕਿ ਰੈਡੀਕਲ ਖੱਬੇ, ਮਾਓਵਾਦ ਅਤੇ ਸਮੁੱਚੀ ਨਕਸਲਬਾੜੀ ਲਹਿਰ (ਜਿਸ ਦੇ ਲਈ ਮੇਰੇ ਮਨ ਵਿਚ ਬਹੁਤ ਸਤਿਕਾਰ ਹੈ), ਸਿਰਫ਼ ਜੰਗਲਾਂ ਅਤੇ ਆਦਿਵਾਸੀ ਇਲਾਕਿਆਂ ਵਿਚ ਸਭ ਤੋਂ ਤਕੜੀ ਹੈ, ਜਿਥੇ ਲੋਕਾਂ ਕੋਲ ਜ਼ਮੀਨਾਂ ਹਨ? ਉਨ੍ਹਾਂ ਦੀ ਰਣਨੀਤੀ ਅਤੇ ਤਸੱਵਰ ਸ਼ਹਿਰਾਂ ਤਕ ਕਿਉਂ ਨਹੀਂ ਪਹੁੰਚ ਸਕੇ? ਇਨ੍ਹਾਂ ਸੀਮਾਵਾਂ ਕਾਰਨ ਦਲਿਤ ਇਕ ਵਾਰ ਫਿਰ ਅਲੱਗ-ਥਲੱਗ ਪੈ ਗਏ ਹਨ। ਜਦੋਂ ਮੈਂ ਦਲਿਤਾਂ ਦੀ ਗੱਲ ਕਰਦੀ ਹਾਂ, ਇਸ ਦਾ ਮਤਲਬ ਇਹ ਨਹੀਂ ਕਿ ਉਥੇ ਸਭ ਕੁਝ ਸਾਫ਼-ਸੁਥਰਾ ਹੈ। ਜੋ ਖ਼ੁਦ ਨੂੰ ਦਲਿਤ ਕਹਿ ਰਹੇ ਹਨ, ਉਨ੍ਹਾਂ ਦੇ ਅੰਦਰ ਵੀ ਬਹੁਤ ਭੇਦਭਾਵ ਹੈ। ਅਸੀਂ ਕਿੰਨੇ ਖੁਸ਼ ਸੀ ਜਦੋਂ ਸੰਸਾਰ ਸੋਸ਼ਲ ਮੰਚ ਵਿਚ ਲੱਖਾਂ ਲੋਕ ਸ਼ਾਮਲ ਹੋਏ, ਪਰ ਹਕੀਕਤ ਇਹ ਵੀ ਹੈ ਕਿ ਕਰੋੜਾਂ ਲੋਕ ਕੁੰਭ ਮੇਲੇ ਵਿਚ ਵੀ ਜਾਂਦੇ ਹਨ। ਜੇ ਸਿਰਫ਼ ਅਵਾਮ ਦੇ ਹੜ੍ਹ ਨੂੰ ਦੇਖਿਆ ਜਾਵੇ ਤਾਂ ਇਸ ਹਿਸਾਬ ਨਾਲ ਇਹ ਸਭ ਤੋਂ ਵੱਡਾ ਅੰਦੋਲਨ ਹੈ! ਜਾਂ ਫਿਰ ਬਾਬਰੀ ਮਸਜਿਦ ਢਾਹੇ ਜਾਣ ਨੂੰ ਵੀ ਸਭ ਤੋਂ ਵੱਡਾ ਅੰਦੋਲਨ ਕਿਹਾ ਜਾ ਸਕਦਾ ਹੈ! ਬਾਬਰੀ ਮਸਜਿਦ ਢਾਹੁਣ ਤੋਂ ਬਾਅਦ ਆਰ.ਐਸ.ਐਸ., ਵੀ.ਐਚ.ਪੀ. ਅਤੇ ਸ਼ਿਵ ਸੈਨਾ ਵਰਗੀਆਂ ਸੱਜੇਪੱਖੀ ਤਾਕਤਾਂ ਅਤੇ ਆਮ ਜਨਤਾ ਅੰਦਰ ਫਾਸ਼ੀਵਾਦੀ ਰੁਚੀ ਵੱਲ ਅਸੀਂ ਕਦੇ ਜ਼ਿਆਦਾ ਧਿਆਨ ਨਹੀਂ ਦਿੱਤਾ। ਇਹ ਮਹਿਜ਼ ਹਕੂਮਤ, ਆਰ.ਐਸ.ਐਸ ਅਤੇ ਭਾਜਪਾ ਦੀ ਗੱਲ ਨਹੀਂ ਹੈ। ਨਿੱਤ ਰੋਜ਼, ਹਰ ਥਾਂ, ਹਰ ਗਲੀ ਮੁਹੱਲੇ ਵਿਚ, ਮੀਡੀਆ ਵਿਚ ਇਸੇ ਹੰਕਾਰ ਦੀ ਗੱਲ ਚਲਦੀ ਹੈ।

ਇੰਵ ਕਿਉਂ ਹੈ ਕਿ ਧਰਮ, ਜਾਤ ਅਤੇ ਅਣਖ ਦੇ ਸਵਾਲ ਬਾਰੇ ਲੋਕਾਂ ਦੀ ਚੇਤਨਾ ਨੂੰ ਤੇਜ਼ੀ ਨਾਲ ਲਾਮਬੰਦ ਕੀਤਾ ਜਾ ਸਕਦਾ ਹੈ (ਅਜਿਹਾ ਅਸੀਂ ਗੁੱਜਰ ਅੰਦੋਲਨ ‘ਚ ਦੇਖਿਆ), ਪਰ ਮੁੰਬਈ ਵਿਚ ਰਹਿਣ ਵਾਲੇ ਸ਼ਹਿਰੀ ਗ਼ਰੀਬ ਕਦੇ ਲਾਮਬੰਦ ਨਹੀਂ ਹੁੰਦੇ। ਉਥੇ ਸਭ ਕੁਝ ਜਾਂ ਤਾਂ ਬਿਹਾਰੀ ਬਨਾਮ ਮਰਾਠੀ ਹੁੰਦਾ ਹੈ ਜਾਂ ਫਿਰ ਯੂ.ਪੀ. ਬਨਾਮ ਠਾਕਰੇ। ਭਾਰਤ ਅਜਿਹਾ ਸਮਾਜ ਜਾਂ ਰਾਸ਼ਟਰ ਹੈ ਜੋ ਲਗਾਤਾਰ ਕਾਰਪੋਰੇਟ ਸਰਮਾਏਦਾਰੀ ਵੱਲ ਵਧ ਰਿਹਾ ਹੈ, ਪਰ ਟਾਕਰੇ ਦੀ ਆਵਾਜ਼ ਨੂੰ ਧਰਮ, ਜਾਤ, ਬੋਲੀ ਅਤੇ ਅਣਖਾਂ ਦੇ ਆਧਾਰ ‘ਤੇ ਸੁਖਾਲਿਆਂ ਹੀ ਵੰਡਿਆ ਜਾ ਸਕਦਾ ਹੈ। ਜਦੋਂ ਤਕ ਅਸੀਂ ਸਾਂਝੇ ਵਿਰੋਧ ਦੇ ਵਿਚਾਰ ਦਾ ਸਾਹਮਣਾ ਨਹੀਂ ਕਰਾਂਗੇ, ਹਾਲਤ ਜਿਉਂ ਦੀ ਤਿਉਂ ਬਣੀ ਰਹੇਗੀ। ਮੈਂ ਇਹ ਨਹੀਂ ਕਹਿ ਰਹੀ ਕਿ ਸਾਰੇ ਲੋਕਾਂ ਨੂੰ ਇਕੋ ਰੱਸੇ ਬੰਨ੍ਹਣਾ ਹੋਵੇਗਾ, ਕਿਉਂਕਿ ਬਹੁਤ ਸਾਰੇ ਅੰਦੋਲਨ ਇਕ ਥਾਂ ਆ ਹੀ ਨਹੀਂ ਸਕਦੇ, ਪਰ ਕੁਝ ਮੁੱਦਿਆਂ ਉਪਰ ਉਨ੍ਹਾਂ ਵਿਚ ਸਮਾਨਤਾ ਹੋਵੇਗੀ। ਭਾਰਤ ’ਚ ਜੋ ਸਭ ਤੋਂ ਇਕਜੁੱਟ ਤਾਕਤ ਹੈ, ਉਸ ਦੇ ਬਾਰੇ ਮੇਰਾ ਮੰਨਣਾ ਹੈ ਕਿ ਉਹ ਉੱਚ ਹਿੰਦੂ ਜਾਤ ਦਾ ਮੱਧ ਵਰਗ ਹੈ। ਇਹ ਲੋਕ ਕਿਸੇ ਵੀ ਖੱਬੀ ਧਿਰ ਜਾਂ ਖੱਬੇਪੱਖੀਆਂ (ਜਿਨ੍ਹਾਂ ਦੀ ਵਿਚਾਰਧਾਰਾ ਹੀ ਏਕਤਾ ਉੱਪਰ ਆਧਾਰਤ ਹੈ) ਨਾਲੋਂ ਕਿਤੇ ਵੱਧ ਇਕਜੁੱਟ ਹਨ।

**ਸਵਾਲ: ਜੋ ਲੋਕ ਹਾਸ਼ੀਏ ਉਪਰ ਹਨ, ਉਨ੍ਹਾਂ ਦਾ ਸਿਆਸਤ ਤੋਂ ਮੋਹ ਲਗਾਤਾਰ ਭੰਗ ਹੋ ਰਿਹਾ ਹੈ। ਇਸ ਦੇ ਮੱਦੇਨਜ਼ਰ ਭਾਰਤੀ ਪ੍ਰਸੰਗ ‘ਚ ਮਾਰਕਸਵਾਦ ਦੇ ਭਵਿੱਖ ਬਾਰੇ ਤੁਹਾਡਾ ਕੀ ਖ਼ਿਆਲ ਹੈ?**

**ਅਰੁੰਧਤੀ:** ਦੇਖੋ, ਮੈਂ ਐਨੀ ਅਸਾਨੀ ਨਾਲ ਇਹ ਨਹੀਂ ਮੰਨ ਸਕਦੀ ਕਿ ਉਨ੍ਹਾਂ ਲੋਕਾਂ ਦਾ ਮੋਹ ਭੰਗ ਹੋ ਗਿਆ ਹੈ। ਅਸੀਂ ਚਾਹੁੰਦੇ ਹਾਂ ਕਿ ਉਨ੍ਹਾਂ ਦਾ ਮੋਹ ਭੰਗ ਹੋ ਜਾਵੇ! ਪਰ ਅਜਿਹਾ ਹੋਇਆ ਨਹੀਂ ਹੈ। ਅਜੇ ਵੀ ਉਹ ਬਹੁਤ ਵੱਡੀ ਤਾਦਾਦ ‘ਚ ਵੋਟਾਂ ਪਾਉਣ ਆਉਂਦੇ ਹਨ। ਅਸੀਂ ਲੋਕ ਕਹਿੰਦੇ ਰਹਿੰਦੇ ਹਾਂ ਕਿ ਇਹ ਸਾਰੇ ਇਕ ਹੀ ਹਨ, ਇਹ ਪਾਰਟੀ ਹੋਵੇ ਜਾਂ ਉਹ ਪਾਰਟੀ; ਪਰ ਲੋਕਾਂ ‘ਚ ਹਾਲੇ ਵੀ ਉਤਸ਼ਾਹ ਹੈ, ਇਹ ਮੰਨਣਾ ਹੀ ਪਵੇਗਾ। ਕਿਸ ਲਈ ਹੈ, ਉਨ੍ਹਾਂ ਦੀਆਂ ਉਮੀਦਾਂ ਕੀ ਹਨ? ਉਨ੍ਹਾਂ ਦੀਆਂ ਉਮੀਦਾਂ ਸ਼ਾਇਦ ਇਹ ਨਹੀਂ ਕਿ ਜ਼ਿੰਦਗੀ ਬਦਲ ਜਾਵੇਗੀ ਜਾਂ ਮੁਲਕ ਬਦਲ ਜਾਵੇਗਾ ਜਾਂ ਸਰਮਾਏਦਾਰੀ ਖ਼ਤਮ ਹੋ ਜਾਵੇਗੀ! ਉਨ੍ਹਾਂ ਦਾ ਸੁਪਨਾ ਹੈ ਕਿ ਇਥੇ ਟੂਟੀ ਲੱਗ ਜਾਵੇਗੀ, ਹਸਪਤਾਲ ਖੁੱਲ੍ਹ ਜਾਵੇਗਾ ਵਗੈਰਾ। ਹਾਲਾਂਕਿ ਚੋਣ ਅਮਲ ਤੋਂ ਮੈਨੂੰ ਤਾਂ ਇਹ ਉਮੀਦ ਨਹੀਂ ਹੈ, ਪਰ ਜਨਤਾ ਨੂੰ ਭਾਰੀ ਉਮੀਦ ਹੈ। ਉਹ ਵੋਟ ਪਾਉਣ ਆਉਂਦੇ ਹਨ, ਸਾਨੂੰ ਮੰਨਣਾ ਹੀ ਪਵੇਗਾ। ਐਨੀ ਵੱਡੀ ਸਿਆਸੀ ਤਾਕਤ ਨੂੰ ਉਂਵ ਹੀ ਰੱਦ ਨਹੀਂ ਕੀਤਾ ਜਾ ਸਕਦਾ। ਅੱਜਕੱਲ੍ਹ ਦੀਆਂ ਬਹਿਸਾਂ ਦੋਖੋ-ਭ੍ਰਿਸ਼ਟਾਚਾਰ ਦੇ ਖ਼ਿਲਾਫ਼ ਜਾਂ ਆਮ ਆਦਮੀ ਪਾਰਟੀ



*ਅਰੁੰਧਤੀ ਰਾਏ*

ਬਾਰੇ। ਮੈਂ ਉਨ੍ਹਾਂ ਨੂੰ ਸਵਾਲ ਕਰਦੀ ਰਹਿੰਦੀ ਹਾਂ ਕਿ ਜਿਸ ਜਗਨਮੋਹਨ ਰੈਡੀ ਨੂੰ ਭ੍ਰਿਸ਼ਟਾਚਾਰ ਦੇ ਮਾਮਲੇ ‘ਚ ਜੇਲ੍ਹ ਵਿਚ ਬੰਦ ਕੀਤਾ ਹੋਇਆ ਹੈ, ਜੇ ਉਹ ਕੋਈ ਰੈਲੀ ਕਰੇਗਾ ਤਾਂ ਉਸ ਨੂੰ ਸੁਣਨ ਲਈ ਲੋਕ ਰੇਲ ਗੱਡੀ ਤੋਂ ਉਤਰ ਕੇ ਪੰਦਰਾਂ ਕਿਲੋਮੀਟਰ ਪੈਦਲ ਤੁਰ ਕੇ ਆਉਂਦੇ ਹਨ। ਲੋਕ ਚੰਗੇ ਲੋਕਾਂ ਨੂੰ ਵੋਟ ਨਹੀਂ ਪਾਉਂਦੇ। ਉਹ ਵੋਟ ਕਿਉਂ ਪਾ ਰਹੇ ਹਨ, ਕਿਸ ਨੂੰ ਪਾ ਰਹੇ ਹਨ?

ਸਾਰੇ ਭ੍ਰਿਸ਼ਟਾਚਾਰ ਬਾਰੇ ਚੰਗੀ ਤਰ੍ਹਾਂ ਜਾਣਦੇ ਹਨ। ਅਸੀਂ ਉਹੀ ਸੋਚਦੇ ਹਾਂ ਜੋ ਅਸੀਂ ਲੋਕਾਂ ਨੂੰ ਸੋਚਦਿਆਂ ਦੇਖਣਾ ਚਾਹੁੰਦੇ ਹਾਂ, ਜਾਂ ਜੋ ਸਾਨੂੰ ਚੰਗਾ ਲਗਦਾ ਹੈ! ਇਹ ਬਹੁਤ ਦੂਰ ਦੀ ਕਲਪਨਾ ਹੈ ਕਿ ਲੋਕਾਂ ਦਾ ਮੋਹ ਭੰਗ ਹੋ ਗਿਆ ਹੈ। ਬਹੁਤ ਜ਼ਿਆਦਾ ਭ੍ਰਿਸ਼ਟਾਚਾਰ ਦੇ ਬਾਵਜੂਦ, ਲੋਕ ਇਸ ਚੋਣ ਅਮਲ ਵਿਚ ਪੂਰੀ ਤਰ੍ਹਾਂ ਹਿੱਸਾ ਲੈਂਦੇ ਹਨ। ਲੋਕ ਇਸ ਨੂੰ ਭਲੀ ਭਾਂਤ ਦੇਖ ਵੀ ਸਕਦੇ ਹਨ, ਫਿਰ ਵੀ ਉਹ ਇਸ ਵਿਚ ਹਿੱਸਾ ਲੈਂਦੇ ਹਨ। ਅਜਿਹਾ ਇਸ ਲਈ ਨਹੀਂ ਹੈ ਕਿ ਇਹ ਲੋਕ ਬੇਵਕੂਫ ਹਨ, ਸਗੋਂ ਅਜਿਹਾ ਬਹੁਤ ਸਾਰੇ ਪੇਚੀਦਾ ਕਾਰਨਾਂ ਕਰਕੇ ਹੈ। ਮੈਂ ਮੰਨਦੀ ਹਾਂ ਕਿ ਸਾਨੂੰ ਨਿਸ਼ਚਿਤ ਤੌਰ ‘ਤੇ ਖ਼ੁਦ ਨੂੰ ਬੇਵਕੂਫ ਬਣਾਉਣਾ ਛੱਡ ਦੇਣਾ ਚਾਹੀਦਾ ਹੈ, ਕਿਉਂਕਿ ਅਸੀਂ ਕੁਝ ਚੀਜ਼ਾਂ ਜਾਣਦੇ ਹਾਂ, ਇਨ੍ਹਾਂ ਚੀਜ਼ਾਂ ਦੀ ਲੋਕਾਂ ਦੇ ਵੋਟ ਪਾਉਣ ਜਾਂ ਨਾ ਪਾਉਣ ਵਿਚ ਕੋਈ ਭੂਮਿਕਾ ਨਹੀਂ ਹੈ। ਮੈਂ ਜੋ ਸੋਚਦੀ ਹਾਂ, ਉਹ ਇਹ ਹੈ ਕਿ ਸਾਡੇ ਅੱਗੇ ਕੋਈ ਸੋਹਣਾ ਜਿਹਾ ਬਦਲ ਉਭਰਨ ਵਾਲਾ ਨਹੀਂ ਹੈ। ਚਲੋ ਇਸ ਨੂੰ ਵੋਟ ਪਾ ਦਿੰਦੇ ਹਾਂ, ਇਹ ਪ੍ਰਬੰਧ ਨੂੰ ਬਦਲ ਦੇਵੇਗਾ। ਇੰਵ ਹੋਣ ਵਾਲਾ ਨਹੀਂ ਹੈ। ਪ੍ਰਬੰਧ ਬਹੁਤ ਪੱਕੇ ਪੈਰੀਂ ਹੈ-ਕਾਰਪੋਰੇਟ, ਸਿਆਸੀ ਪਾਰਟੀਆਂ, ਮੀਡੀਆ; ਜਿਵੇਂ ਰਿਲਾਇੰਸ ਕੋਲ 27 ਟੀ.ਵੀ. ਚੈਨਲ ਹਨ। ਕਿਸੇ ਹੋਰ ਕੋਲ ਅਖ਼ਬਾਰ ਹੈ। ਇਸ ਨਾਲ ਕੀ ਹੋਵੇਗਾ? ਇਸ ਨਾਲ ਲੁੰਪਨਕਰਨ ਅਤੇ ਅਪਰਾਧੀਕਰਨ ਬਹੁਤ ਜ਼ਿਆਦਾ ਵਧ ਜਾਵੇਗਾ। ਜਿਵੇਂ ਹਾਲ ਹੀ ਵਿਚ ਜੋ ਛੱਤੀਸਗੜ੍ਹ ਅਤੇ ਝਾਰਖੰਡ ਵਿਚ ਚੱਲ ਰਿਹਾ ਹੈ। ਉਥੇ ਸਿਆਸਤ, ਵਿਚਾਰਧਾਰਾਵਾਂ, ਬਹਿਸਾਂ ਅਤੇ ਸੰਰਚਨਾਵਾਂ ਵਿਚ ਇਕਰੂਪਤਾ ਦਿਖਾਈ ਦਿੰਦੀ ਹੈ, ਪਰ ਜਿਵੇਂ ਤੁਸੀਂ ਸਾਰਿਆਂ ਨੂੰ ਸ਼ਹਿਰਾਂ ਵੱਲ ਭਜਾਉਂਦੇ ਜਾਵੋਗੇ, ਉਨ੍ਹਾਂ ਦਾ ਤੁਸੀਂ ਅਪਰਾਧੀਕਰਨ ਕਰੋਗੇ; ਜਿਵੇਂ ਜਬਰ ਜਨਾਹ ਦੀ ਘਟਨਾ ਪਿੱਛੋਂ ਮਨਮੋਹਨ ਸਿੰਘ ਨੇ ਸਾਫ਼ ਕਿਹਾ ਕਿ ਸਾਨੂੰ ਇਨ੍ਹਾਂ ਪਰਵਾਸੀਆਂ ਜੋ ਸ਼ਹਿਰਾਂ ਵਿਚ ਆ ਰਹੇ ਹਨ, ਤੋਂ ਚੁਕੰਨੇ ਰਹਿਣਾ ਹੋਵੇਗਾ। ਪਹਿਲਾਂ ਤੁਸੀਂ ਉਨ੍ਹਾਂ ਨੂੰ ਸ਼ਹਿਰਾਂ ਵੱਲ ਧੱਕਦੇ ਹੋ ਅਤੇ ਫਿਰ ਉਨ੍ਹਾਂ ਦਾ ਅਪਰਾਧੀਕਰਨ ਕਰਦੇ ਹੋ। ਇਨ੍ਹਾਂ ਹਾਲਾਤ ‘ਚ ਫਿਰ ਤੁਹਾਡੇ ਲੋਕ ਵਧੇਰੇ ਪੁਲਿਸ, ਸੁਰੱਖਿਆ ਅਤੇ ਵੱਧ ਸਖ਼ਤ ਕਾਨੂੰਨਾਂ ਦੀ ਗੱਲ ਕਰਦੇ ਹਨ। ਇਕ ਵਾਰ ਅਪਰਾਧੀਕਰਨ ਹੋ ਜਾਣ ‘ਤੇ ਉਨ੍ਹਾਂ ਨੂੰ ਅਪਰਾਧੀਆਂ ਵਾਂਗ ਵਿਹਾਰ ਕਰਨਾ ਹੀ ਪੈਂਦਾ ਹੈ। ਉਨ੍ਹਾਂ ਕੋਲ ਕੋਈ ਕਾਨੂੰਨ ਅਤੇ ਕੰਮ ਨਹੀਂ ਹੈ।

ਤੁਸੀਂ ਇਕ ਅਜਿਹਾ ਪ੍ਰਬੰਧ ਕਾਇਮ ਕਰਨਾ ਚਾਹੁੰਦੇ ਹੋ ਜਿੱਥੇ ਲੋਕਾਂ ਦੇ ਵਿਆਪਕ ਹਿੱਸੇ ਦੀ ਹੋਂਦ ਹੀ ਨਾ ਹੋਵੇ। ਇਹ ਗ਼ਲਤ ਹੈ। ਹੁਣ ਇਨ੍ਹਾਂ ਹਾਲਾਤ ‘ਚ ਖੱਬੀ ਧਿਰ ਕੀ ਕਰਨ ਵਾਲੀ ਹੈ, ਕਿਉਂਕਿ ਜਿਸ ਨੂੰ ਅਸੀਂ ਅਤਿ ਖੱਬਾ ਪੱਖ ਕਹਿੰਦੇ ਹਾਂ, ਉਹ ਤਾਂ ਜੰਗਲਾਂ ਵਿਚ ਉਲਝਿਆ ਹੋਇਆ ਹੈ, ਆਦਿਵਾਸੀ ਫ਼ੌਜ ਲੈ ਕੇ। ਬੁੱਧੀਜੀਵੀ ਲੋਕਾਂ ਲਈ ਇਹ ਕਹਿਣਾ ਬਿਲਕੁਲ ਜਾਇਜ਼ ਅਤੇ ਸੁਖਾਲਾ ਹੈ ਕਿ ਉਹ ਪੈਰਿਸ ਕਮਿਊਨ ਵਰਗਾ ਖ਼ਵਾਬ ਦੇਖ ਰਹੇ ਹਨ। ਉਨ੍ਹਾਂ ਵਿਚੋਂ ਬਹੁਤ ਸਾਰੇ ਲੋਕ ਤਾਂ ਜਾਣਦੇ ਹੀ ਨਹੀਂ ਕਿ ਜਗਦਲਪੁਰ, ਭੋਪਾਲ ਦੀ ਵੀ ਕੋਈ ਹੋਂਦ ਹੈ; ਪਰ ਨਕਸਲੀ ਲੜ ਰਹੇ ਹਨ। ਉਨ੍ਹਾਂ ਨੂੰ ਪਤਾ ਹੈ ਕਿ ਉਹ ਕਾਹਦੇ ਲਈ ਲੜ ਰਹੇ ਹਨ। ਇਹ ਹੋ ਸਕਦਾ ਹੈ ਕਿ ਪਾਰਟੀਆਂ, ਤੁਸੀਂ ਅਤੇ ਮੈਂ ਵਿਚਾਰਧਾਰਕ ਤੌਰ ‘ਤੇ ਉਨ੍ਹਾਂ ਨਾਲ ਸਹਿਮਤ ਨਾ ਹੋਈਏ, ਪਰ ਜੰਗਲ ਤੋਂ ਬਾਹਰ ਖੱਬੀ ਧਿਰ ਕੀ ਕਰ ਰਹੀ ਹੈ? ਜਦੋਂ ਮਾਰਕਸ ਪ੍ਰੋਲੇਤਾਰੀ ਦੀ ਗੱਲ ਕਰਦਾ ਹੈ, ਤਾਂ ਉਸ ਦੀ ਪ੍ਰੋਲੇਤਾਰੀ ਤੋਂ ਮੁਰਾਦ ਮਜ਼ਦੂਰ ਜਮਾਤ ਹੈ। ਜ਼ਿਆਦਾਤਰ ਥਾਵਾਂ ‘ਤੇ ਮਜ਼ਦੂਰਾਂ ਦੀ ਤਾਦਾਦ ਘਟਾਉਣ ਦੀ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਥੇ ਰੋਬੋਟ ਅਤੇ ਉੱਚ ਤਕਨੀਕ ਵਰਤੀ ਜਾ ਰਹੀ ਹੈ। ਹੁਣ ਕਿਰਤੀਆਂ ਦੀ ਤਾਦਾਦ ਉਹ ਨਹੀਂ ਰਹੀ ਜੋ ਹੋਇਆ ਕਰਦੀ ਸੀ-ਕਲਾਸਿਕ ਮਾਇਨਿਆਂ ‘ਚ। ਹਾਂ, ਇਸ ਨਵੇਂ ਦੌਰ ਵਿਚ ਬਹੁਤ ਹੀ ਵਿਸ਼ੇਸ਼ ਅਧਿਕਾਰ ਪ੍ਰਾਪਤ ਕਿਰਤ ਸ਼ਕਤੀ ਹੈ, ਮਾਰੂਤੀ ਵਿਚ ਕੰਮ ਕਰਨ ਵਾਲੇ ਕਿਰਤੀਆਂ ਦੀ ਮਿਸਾਲ ਲਈ ਜਾ ਸਕਦੀ ਹੈ; ਪਰ, ਉਨ੍ਹਾਂ ਨਾਲ ਕੀ ਵਾਪਰਿਆ-ਉੱਥੇ ਖੱਬੀ ਧਿਰ ਕੀ ਕਰ ਰਹੀ ਹੈ? ਖੱਬੀ ਧਿਰ ਕੋਲ ਉਨ੍ਹਾਂ ਨੂੰ ਕਹਿਣ ਲਈ ਕੁਝ ਨਹੀਂ ਹੈ। ਨਕਸਲੀ ਇਲਾਕਿਆਂ ਤੋਂ ਬਾਹਰ ਅਜਿਹੀ ਕੋਈ ਖੱਬੀ ਧਿਰ ਨਹੀਂ ਹੈ ਜੋ ਇਨ੍ਹਾਂ ਚੀਜ਼ਾਂ ਨੂੰ ਲੈ ਕੇ ਲੜ ਰਹੀ ਹੋਵੇ। ਮੈਂ ਨਹੀਂ ਜਾਣਦੀ ਕਿ ਤੁਸੀਂ ਉਨ੍ਹਾਂ ਦਾ ਸਿਆਸੀਕਰਨ ਕਿਵੇਂ ਕਰੋਗੇ। ਬਹੁਤ ਵੱਡੀ ਤਾਦਾਦ ‘ਚ ਸ਼ਹਿਰੀ ਗ਼ਰੀਬ ਹਨ ਜਿਨ੍ਹਾਂ ਨੂੰ ਕੋਈ ਬਾਕਾਇਦਾ ਕੰਮ ਨਹੀਂ ਮਿਲਿਆ ਹੋਇਆ, ਜੋ ਕਾਮੇ ਨਹੀਂ ਹਨ। ਉਨ੍ਹਾਂ ਨੂੰ ਫਿਰਕਾਪ੍ਰਸਤ ਅਨਸਰਾਂ ਵਲੋਂ ਕਦੇ ਵੀ ਵਰਗਲਾਇਆ ਅਤੇ ਭੜਕਾਇਆ ਜਾ ਸਕਦਾ ਹੈ। ਉਨ੍ਹਾਂ ਨੂੰ ਕਦੇ ਵੀ ਇਕ ਦੂਜੇ ਦੇ ਖ਼ਿਲਾਫ਼ ਖੜ੍ਹਾ ਕੀਤਾ ਜਾ ਸਕਦਾ ਹੈ।

**ਸਵਾਲ: ਕੀ ਤੁਹਾਨੂੰ ਲਗਦਾ ਹੈ ਕਿ ਭਾਰਤ ਫਾਸ਼ੀਵਾਦ ਵੱਲ ਵਧ ਰਿਹਾ ਹੈ?**

**ਅਰੁੰਧਤੀ:** ਮੈਨੂੰ ਲਗਦਾ ਹੈ ਕਿ ਜੇ ਤੁਸੀਂ ਇਹ ਸਵਾਲ ਪੰਜ ਵਰ੍ਹੇ ਪਹਿਲਾਂ ਪੁੱਛਿਆ ਹੁੰਦਾ ਤਾਂ ਮੈਂ ਕਹਿੰਦੀ, ਹਾਂ ਵਧ ਰਿਹਾ ਹੈ। ਹੁਣ ਮੈਂ ਇਹ ਨਹੀਂ ਕਹਾਂਗੀ ਕਿ ਵਧ ਰਿਹਾ ਹੈ। ਉਸ ਦੇ ਅੱਗੇ ਇਹ ਸਮੁੱਚਾ ਕਾਰਪੋਰੇਟ ਅਤੇ ਮੱਧ ਵਰਗੀ ਕੁਲੀਨ ਵਰਗ ਹੈ। ਉਨ੍ਹਾਂ ਦਾ ਜੋ ਨਰੇਂਦਰ ਮੋਦੀ ਵੱਲ ਰੁਝਾਨ ਹੈ, ਇਹ ਇਕ ਫਾਸ਼ੀਵਾਦ ਤੋਂ ਦੂਜੇ ਫਾਸ਼ੀਵਾਦ ਵੱਲ ਮੁਹਾਣ ਮੋੜਨਾ ਹੈ।

ਇਥੇ ਇਕ ਪਾਸੇ ਅਨਿਲ ਅੰਬਾਨੀ ਅਤੇ ਦੂਜੇ ਪਾਸੇ ਮੁਕੇਸ਼ ਅੰਬਾਨੀ ਬੈਠ ਕੇ ਇਹ ਕਹਿੰਦੇ ਹਨ ਕਿ ਇਹ (ਮੋਦੀ) ਰਾਜਿਆਂ ਦਾ ਰਾਜਾ ਹੈ। ਇਸ ਦਾ ਭਾਵ ਇਹ ਨਹੀਂ ਕਿ ਉਹ ਬਦਲ ਗਿਆ ਹੈ। ਹਾਲਾਂਕਿ, ਹਕੀਕਤ ਇਹ ਹੈ ਕਿ ਉਹ ਇਕ ਤਰ੍ਹਾਂ ਦੇ ਫਾਸ਼ੀਵਾਦੀ ਤੋਂ ਦੂਜੀ ਤਰ੍ਹਾਂ ਦਾ ਫਾਸ਼ੀਵਾਦੀ ਬਣ ਗਿਆ ਹੈ। ਹੁਣ ਬਹੁਤ ਵੱਡੀ ਤਾਦਾਦ ‘ਚ ਮੱਧ ਵਰਗ ਪੈਦਾ ਕਰ ਲਿਆ ਗਿਆ ਹੈ। ਉਨ੍ਹਾਂ ਦੇ ਮਨ ਵਿਚ, ਉਨ੍ਹਾਂ ਦੇ ਖ਼ਵਾਬਾਂ ‘ਚ ਇਕ ਪਰਿਪੇਖ ਮਾਰਗ (trajectory) ਬਣਾ ਦਿੱਤਾ ਗਿਆ ਹੈ, ਜਿਸ ਨਾਲ ਉਹ ਉਸ ਪਾਸਿਉਂ ਇਸ ਪਾਸੇ ਆ ਜਾਣ ਅਤੇ ਹੁਣ ਉਹ ਬਿਲਕੁਲ ਰੁਕ ਗਏ ਹਨ। ਇਥੇ ਅਗਾਂਹ ਕੋਈ ਰਾਹ ਨਹੀਂ ਹੈ। ਤੇ ਹੁਣ ਇਹ ਗੁੱਸਾ ਵੱਖ-ਵੱਖ ਤਰ੍ਹਾਂ ਫੁੱਟਦਾ ਦਿਖਾਈ ਦੇ ਰਿਹਾ ਹੈ, ਪਰ ਮੈਨੂੰ ਇਹ ਬਹੁਤ ਸਦਮਾ ਪਹੁੰਚਾਉਂਦਾ ਹੈ।

**ਸਵਾਲ: ਹਾਲੀਆ ਅੰਦੋਲਨਾਂ ਦਾ ਭਵਿੱਖ ਕੀ ਹੈ? ਜਿਵੇਂ ਅੰਨਾ ਹਜ਼ਾਰੇ...?**

**ਅਰੁੰਧਤੀ:** ਅੰਨਾ ਹਜ਼ਾਰੇ ਤਾਂ ਦਫ਼ਤਰ ਬੰਦ ਕਰ ਕੇ ਚਲਾ ਗਿਆ। ਜਦੋਂ ਇਹ ਲੋਕ ਬਿਨਾਂ ਕੋਈ ਕੰਮ ਕੀਤੇ ਟੀ.ਵੀ. ਚੈਨਲਾਂ ਦੇ ਸਟੂਡੀਓ ਵਿਚ ਆਪਣੀ ਲਹਿਰ ਸਿਰਜਦੇ ਹਨ ਤਾਂ ਉਨ੍ਹਾਂ ਦਾ ਭਵਿੱਖ ਕੀ ਹੋ ਸਕਦਾ ਹੈ ਭਲਾ? ਦੱਸੋ? ਜਦੋਂ ਟੀ.ਵੀ. ਚੈਨਲ ਚਾਹੁਣਗੇ ਤਾਂ ਇਨ੍ਹਾਂ ਨੂੰ ਪੂਰਾ ਸਿਰ ‘ਤੇ ਚੁੱਕਣਗੇ! ਜਦੋਂ ਉਨ੍ਹਾਂ ਨੂੰ ਕੋਈ ਖ਼ਤਰਾ ਦਿਖਾਈ ਦੇਵੇਗਾ ਤਾਂ ਇਨ੍ਹਾਂ ਲਹਿਰਾਂ ਨੂੰ ਠੱਪ ਕਰ ਦੇਣਗੇ। ਉਸ ਵਿਚ ਕੀ ਹੈ? ਮਿਸਾਲ ਵਜੋਂ ਆਮ ਆਦਮੀ ਪਾਰਟੀ ਨੂੰ ਦੇਖ ਲਉ! ਜਿਸ ਨੇ ਇਕ ਵਾਰ ਰਿਲਾਇੰਸ ਦਾ ਜ਼ਿਕਰ ਕੀਤਾ ਅਤੇ ਠੁੱਸ ਹੋ ਗਈ। ਜਦੋਂ ਮੀਡੀਆ ਉਨ੍ਹਾਂ (ਕਾਰਪੋਰੇਟ ਦਾ) ਹੈ ਤਾਂ ਤੁਹਾਡੀ ਥਾਂ ਆਖ਼ਿਰ ਉਥੇ ਕਿਵੇਂ ਹੋ ਸਕਦੀ ਹੋ? ਮਤਲਬ ਕੁਝ ਤਾਂ ਅੱਗੇ ਸੋਚਣਾ ਚਾਹੀਦਾ ਹੈ ਨਾ! ਇੰਵ ਨਹੀਂ ਚੱਲੇਗਾ। ਇਹ ਬਚਗਾਨਾਪਣ, ਕਿਵੇਂ ਚਲੇਗਾ? ਮਤਲਬ ਐਨਾ ਹੋ-ਹੱਲਾ ਮਚਾਈ ਰੱਖਦੇ ਹਨ, ਜੇ ਕੋਈ ਇਨ੍ਹਾਂ ਦੇ ਖ਼ਿਲਾਫ਼ ਬੋਲੇਗਾ ਤਾਂ ਸਾਬਤ ਕਰ ਦੇਣਗੇ ਕਿ ਉਹ ਜਾਂ ਤਾਂ ਭ੍ਰਿਸ਼ਟਾਚਾਰ ਦੇ ਹੱਕ ’ਚ ਹੈ ਜਾਂ ਫਿਰ ਬਲਾਤਕਾਰ ਦੇ ਹੱਕ ’ਚ। ਕੀ ਇਨ੍ਹਾਂ ਨੂੰ ਰਾਜਸੀ ਇਤਿਹਾਸ ਦੀ ਭੋਰਾ ਵੀ ਸਮਝ ਨਹੀਂ ਹੈ? ਇਸ ਵਿਚ ਕੁਝ ਲੋਕ ਵਧੀਆ ਕੰਮ ਕਰਦੇ ਹਨ। ਉਹ ਇਸ ਨੂੰ ਅੱਗੇ ਲਿਜਾਣ ਦਾ ਯਤਨ ਕਰਦੇ ਹਨ।

ਮੇਰੇ ਖ਼ਿਆਲ ’ਚ ਜਿਸ ਥਾਂ ਵਿਰੋਧ ਪ੍ਰਦਰਸ਼ਨ ਹੋ ਰਿਹਾ ਹੈ, ਉਹ ਸਾਨੂੰ ਬਹੁਤ ਉਤੇਜਤ ਕਰਦਾ ਹੈ, ਪਰ ਲੋਕ ਉਸ ਨਜ਼ਰੀਏ ਨਾਲ ਚੀਜ਼ਾਂ ਨੂੰ ਨਹੀਂ ਦੇਖ ਰਹੇ। ਉਹ ਨਹੀਂ ਸਮਝਦੇ ਕਿ ਹਰ ਵਿਰੋਧ ਪ੍ਰਦਰਸ਼ਨ ਯਕੀਨਨ ਹੀ ਅਗਾਂਹਵਧੂ ਅਤੇ ਇਨਕਲਾਬੀ ਹੋ ਸਕਦਾ ਹੈ। ਹਰ ਲੋਕ ਅੰਦੋਲਨ ਮਹਾਨ ਨਹੀਂ ਹੁੰਦਾ। ਜਿਵੇਂ ਮੈਂ ਅਕਸਰ ਕਹਿੰਦੀ ਹਾਂ ਕਿ ਇਸ ਮੁਲਕ ’ਚ ਸਭ ਤੋਂ ਵੱਡਾ ਅੰਦੋਲਨ ਬਾਬਰੀ ਮਸਜਿਦ ਢਾਹੇ ਜਾਣ ਦਾ ਹੈ ਜੋ ਵੀ.ਐਚ.ਪੀ. ਅਤੇ ਬਜਰੰਗ ਦਲ ਨੇ ਚਲਾਇਆ। ਜਦੋਂ ਕੁੜੀ ਨਾਲ ਜਬਰਜਨਾਹ ਹੋਇਆ, ਉਸ ਹਫ਼ਤੇ

*(ਬਾਕੀ ਸਫਾ 19 ’ਤੇ)*

# ਕਿਧਰ ਲੈ ਕੇ ਜਾਵੇਗਾ ਭਾਰਤ ਨੂੰ ਸਿਆਸੀ ਭੰਬਲਭੂਸਾ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਵਿਚ ਇੱਕ ਵਾਰੀ ਫਿਰ ਤੀਸਰਾ ਰਾਜਸੀ ਮੋਰਚਾ ਬਣਾਉਣ ਦੇ ਗੈਰ-ਗੰਭੀਰ ਯਤਨ ਸ਼ੁਰੂ ਹੋ ਚੁੱਕੇ ਹਨ, ਪਰ ਇਸ ਦੇ ਭਵਿੱਖ ਬਾਰੇ ਕਿਸੇ ਨੂੰ ਕੋਈ ਪਤਾ ਨਹੀਂ। ਮਮਤਾ ਬੈਨਰਜੀ ਵਰਗੇ ਜਿਹੜੇ ਲੋਕ ਅੱਗੇ ਕਿਸੇ ਵੀ ਤੀਸਰੇ ਮੋਰਚੇ ਦੀ ਗੱਲ ਦਾ ਮਜ਼ਾਕ ਉਡਾਉਂਦੇ ਰਹੇ ਹਨ, ਹੁਣ ਕਹਿ ਰਹੇ ਹਨ ਕਿ ਫੈਡਰਲ ਫਰੰਟ ਦੇ ਨਾਂ ਹੇਠ ਇੱਕ ਨਵਾਂ ਮੋਰਚਾ ਬਣਾਇਆ ਜਾਣਾ ਚਾਹੀਦਾ ਹੈ। ਏਦਾਂ ਦਾ ਤੀਸਰਾ ਮੋਰਚਾ ਬਣੇ ਜਾਂ ਕੋਈ ਹੋਰ ਬਣਦਾ ਰਹੇ, ਦੋ ਮੋਰਚੇ ਇਸ ਵੇਲੇ ਮੌਜੂਦ ਹਨ। ਇੱਕ ਕਾਂਗਰਸ ਪਾਰਟੀ ਦੀ ਅਗਵਾਈ ਵਾਲਾ ਸਾਂਝਾ ਪ੍ਰਗਤੀਸ਼ੀਲ ਗੱਠਜੋੜ (ਯੂ ਪੀ ਏ) ਅਤੇ ਦੂਸਰਾ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਹੇਠਲਾ ਕੌਮੀ ਜਮਹੂਰੀ ਗੱਠਜੋੜ (ਐਨ ਡੀ ਏ) ਹੈ। ਦੋਵਾਂ ਵਿਚ ਕਈ ਵਾਰ ਭੰਨ-ਤੋੜ ਹੋ ਚੁੱਕੀ ਹੈ। ਬਾਕੀ ਸਭਨਾਂ ਲੋਕਾਂ ਨੂੰ ਛੱਡ ਦੇਈਏ ਤਾਂ ਮਮਤਾ ਬੈਨਰਜੀ ਹੀ ਕਦੀ ਕਾਂਗਰਸ ਦੀ ਆਗੂ ਰਹੀ, ਕਦੀ ਵਾਜਪਾਈ ਸਰਕਾਰ ਵਿਚ ਮੰਤਰੀ ਤੇ ਕਦੀ ਇਸ ਭਾਜਪਾ ਮੋਰਚੇ ਦੀ ਸਰਕਾਰ ਦੇ ਹੁੰਦਿਆਂ ਕਾਂਗਰਸ ਨਾਲ ਜੁੜ ਕੇ ਪੱਛਮੀ ਬੰਗਾਲ ਦੀਆਂ ਚੋਣਾਂ ਜਾ ਲੜੀ ਸੀ। ਰਾਜਨੀਤੀ ਦਾ ਇਹ ਪੱਖ ਭਾਰਤ ਵਿਚ ਹਮੇਸ਼ਾ ਤੋਂ ਦਿਲਚਸਪ ਰਿਹਾ ਹੈ ਕਿ ਕੋਈ ਕਿਸੇ ਨਾਲ ਪੱਕਾ ਬੱਝਾ ਹੋਇਆ ਨਹੀਂ ਤੇ ਜਿਸ ਦਾ ਆਪਣਾ ਯਕੀਨ ਨਹੀਂ, ਉਹ ਦੂਸਰਿਆਂ ਦੇ ਯਕੀਨ ਬਾਰੇ ਕਿੰਤੂ ਕਰਦਾ ਫਿਰਦਾ ਹੈ। ਨਾ ਕਿਸੇ ਆਗੂ ਬਾਰੇ ਕੋਈ ਗੱਲ ਲੋਕਾਂ ਨੂੰ ਯਕੀਨ ਵਾਲੀ ਲੱਗਦੀ ਹੈ ਤੇ ਨਾ ਕਿਸੇ ਰਾਜਸੀ ਮਹੱਤਵ ਵਾਲੀ ਪਾਰਟੀ ਬਾਰੇ।

ਪਾਰਲੀਮਾਨੀ ਚੋਣਾਂ ਵਿਚ ਹੁਣ ਸਾਢੇ ਦਸ ਕੁ ਮਹੀਨੇ ਬਾਕੀ ਰਹਿੰਦੇ ਹਨ ਤੇ ਹਰ ਕੋਈ ਅਗਲੀ ਸਰਕਾਰ ਬਾਰੇ ਅਟਕਲਾਂ ਲਾਉਣ ਲੱਗਾ ਹੋਇਆ ਹੈ। ਕਿਸੇ ਕਾਂਗਰਸੀ ਆਗੂ ਨੇ ਨਰਿੰਦਰ ਮੋਦੀ ਨੂੰ ਇੱਕ ਚੁਣੌਤੀ ਆਖ ਦਿੱਤਾ ਤਾਂ ਦੂਸਰੇ ਕਾਂਗਰਸੀ ਉਸ ਦੇ ਗਲ਼ ਪੈ ਗਏ ਕਿ ਜੇ ਨਰਿੰਦਰ ਮੋਦੀ ਏਨਾ ਮਜ਼ਬੂਤ ਜਾਪਦਾ ਹੈ ਤਾਂ ਇਸ ਸੋਚ ਦਾ ਪ੍ਰਭਾਵ ਕਬੂਲਣ ਵਾਲੇ ਉਸ ਦੀ ਪਾਰਟੀ ਭਾਜਪਾ ਵਿਚ ਚਲੇ ਜਾਣ। ਇਹ ਸਾਊ ਵਿਹਾਰ ਨਹੀਂ ਹੈ। ਹਕੀਕਤ ਇਹ ਹੈ ਕਿ ਨਰਿੰਦਰ ਮੋਦੀ ਇੱਕ ਰਾਜਸੀ ਮੋਰਚੇ ਨੂੰ ਮਜ਼ਬੂਤ ਕਰਨ ਲਈ ਜੇ ਸਿਰੇ ਦੀ ਘਟੀਆ ਲੀਹ ਵੀ ਚੁਣ ਲਵੇ, ਉਹ ਫਾਸ਼ੀਵਾਦ ਦੇ ਹਿਟਲਰੀ ਘੋੜੇ ਉਤੇ ਵੀ ਸਵਾਰ ਹੋ ਜਾਵੇ, ਤਾਂ ਇਸ ਚੁਣੌਤੀ ਨੂੰ ਚੁਣੌਤੀ ਮੰਨਣ ਤੋਂ ਇਨਕਾਰ ਨਹੀਂ ਕਰ ਸਕਦੇ। ਜਿਹੜੇ ਕਾਂਗਰਸੀ ਇਨ੍ਹਾਂ ਗੱਲਾਂ ਤੋਂ ਖਿਝੀ ਜਾਂਦੇ ਹਨ, ਸਿਰਫ 10 ਮਹੀਨੇ ਬਾਅਦ ਉਹ ਇੱਕ ਦੂਸਰੇ ਨੂੰ ਦੋਸ਼ੀ ਠਹਿਰਾਉਂਦੇ ਦਿੱਸ ਸਕਦੇ ਹਨ, ਕਿਉਂਕਿ ਉਨ੍ਹਾਂ ਦੀ ਜਿੱਤ ਦੇ ਸੰਕੇਤ ਘਟਦੇ ਜਾਂਦੇ ਹਨ।

ਕਾਂਗਰਸ ਪਾਰਟੀ ਲਈ ਚੁਣੌਤੀ ਨਰਿੰਦਰ ਮੋਦੀ ਨੂੰ ਨਾ ਵੀ ਮੰਨਿਆ ਜਾਵੇ ਤਾਂ ਏਦਾਂ ਦਾ ਕੋਈ ਇੱਕ ਵੀ ਕਾਰਨ ਨਹੀਂ ਲੱਭਦਾ, ਜਿਸ ਦੇ ਆਧਾਰ ਉਤੇ ਭਾਰਤ ਦੇ ਲੋਕ ਅਗਲੀ ਵਾਰੀ ਇਸ ਪਾਰਟੀ ਨੂੰ ਵੋਟਾਂ ਪਾਉਣ ਦਾ ਫੈਸਲਾ ਸੌਖੇ ਤੌਰ ਉਤੇ ਕਰ ਸਕਦੇ ਹੋਣ। ਉਸ ਕੋਲ ਸਿਰਫ ਧਰਮ-ਨਿਰਪੱਖਤਾ ਸੀ, ਉਹ ਦਾਗਦਾਰ ਹੋ ਚੁੱਕੀ ਹੈ। ਕਈ ਫਿਰਕੂ ਸੋਚ ਵਾਲੇ ਆਗੂ ਜਦੋਂ ਵਿਰੋਧੀ ਧਿਰ ਵਿਚ ਹੁੰਦੇ ਸਨ, ਉਦੋਂ ਕਾਂਗਰਸੀਆਂ ਦੇ ਨਿਸ਼ਾਨੇ ਉਤੇ ਰਹੇ ਸਨ, ਪਰ ਜਦੋਂ ਕਾਂਗਰਸ ਵਿਚ ਆ ਗਏ ਤਾਂ ਉਹ ਦੁੱਧ-ਧੋਤੇ ਬਣਾ ਕੇ ਲੋਕਾਂ ਸਾਹਮਣੇ ਪੇਸ਼ ਕਰਨੇ ਸ਼ੁਰੂ ਕਰ ਦਿੱਤੇ ਜਾਂਦੇ ਹਨ। ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਔਖੇ ਦਿਨਾਂ ਵਿਚ ਅਕਾਲੀ ਹੁੰਦਾ ਸੀ, ਗੁਜਰਾਤ ਵਿਚ ਸ਼ੰਕਰ ਸਿੰਘ ਵਘੇਲਾ ਕਾਂਗਰਸ ਦੀਆਂ ਜੜ੍ਹਾਂ ਵੱਢ ਕੇ ਭਾਜਪਾ ਦੀ ਜੜ੍ਹ ਲਾਉਣ ਵਾਲਾ ਸੀ, ਮਹਾਂਰਾਸ਼ਟਰ ਤੋਂ ਕਿਸੇ ਸਮੇਂ ਸ਼ਿਵ ਸੈਨਾ ਨੇ ਸੰਜੇ ਨਿਰੂਪਮ ਨੂੰ ਆਪਣੇ ਵੱਲੋਂ ਰਾਜ ਸਭਾ ਵਿਚ ਭੇਜਿਆ ਸੀ। ਅੱਜ ਉਹ ਸਾਰੇ ਕਾਂਗਰਸ ਦੇ ਆਗੂ ਹਨ, ਜਿਹੜੀ ਧਰਮ-ਨਿਰਪੇਖਤਾ ਦੇ ਚੋਗੇ ਹੇਠ ਲੋਕਾਂ ਦੀਆਂ ਵੋਟਾਂ ਭਾਲਦੀ ਹੈ। ਬਾਬਰੀ ਮਸਜਿਦ ਨੂੰ ਭਾਜਪਾ ਆਗੂ ਲਾਲ ਕ੍ਰਿਸ਼ਨ ਅਡਵਾਨੀ ਦੀ ਅਗਵਾਈ ਹੇਠ ਆਈ ਭੀੜ ਵੱਲੋਂ ਢਾਹਿਆ ਗਿਆ ਸੀ, ਪਰ ਪਹਿਲਾਂ ਉਸ ਮਸਜਿਦ ਨੂੰ ਅਦਾਲਤੀ ਹੁਕਮ ਉਤੇ ਤਾਲਾ ਲਾ ਕੇ ਜਿਹੜਾ ਟਕਰਾਅ ਪਿਛਲੇ ਪੰਜਾਹ ਸਾਲਾਂ ਤੋਂ ਰੋਕਿਆ ਪਿਆ ਸੀ, ਉਹ ਤਾਲਾ ਖੋਲ੍ਹਣ ਦਾ ਫੈਸਲਾ ਲੈ ਕੇ ਇਸ ਮਸਜਿਦ ਨੂੰ ਢਾਹੁਣ ਦੀ ਚੁਆਤੀ ਵੀ ਕਾਂਗਰਸ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਮੁਸਲਮਾਨ ਵੋਟਾਂ ਦਾ ਪਰਾਗਾ ਭੁੰਨਣ ਲਈ ਲਾਈ ਸੀ।

ਉਹ ਵੀ ਸਮਾਂ ਸੀ, ਜਦੋਂ ਇਸ ਪਾਰਟੀ ਦੇ ਪੰਡਿਤ ਜਵਾਹਰ ਲਾਲ ਨਹਿਰੂ ਤੇ ਮੌਲਾਨਾ ਅਬੁਲ ਕਲਾਮ ਆਜ਼ਾਦ ਵਰਗੇ ਆਗੂ ਹਜ਼ਾਰ ਝੱਖੜਾਂ ਦੇ ਬਾਵਜੂਦ ਫਿਰਕੂ ਵਹਿਣ ਵਿਚ ਵਗਣ ਦੀ ਥਾਂ ਸਾਬਤ ਕਦਮੀ ਨਾਲ ਡਟ ਕੇ ਖੜੇ ਰਹੇ ਸਨ। ਪੰਡਿਤ ਨਹਿਰੂ ਦੀ ਧੀ ਇੰਦਰਾ ਗਾਂਧੀ ਨੇ ਪਾਰਸੀ ਮੁੰਡੇ ਫਿਰੋਜ਼ ਗਾਂਧੀ ਨਾਲ ਵਿਆਹ ਕਰਵਾਇਆ ਤਾਂ ਉਸ ਵੇਲੇ ਦੇ ਆਰ ਐਸ ਐਸ ਵਾਲਿਆਂ ਨੇ ਇਹ ਪ੍ਰਚਾਰਿਆ ਸੀ ਕਿ ਜਿਹੜੇ ਮੁਸਲਮਾਨਾਂ ਨੇ ਅੱਧਾ ਭਾਰਤ ਤੋੜ ਕੇ ਵੱਖਰਾ ਦੇਸ਼ ਬਣਾ ਲਿਆ, ਉਨ੍ਹਾਂ ਨਾਲ ਦੇ ਇੱਕ ਮੁੰਡੇ ਨਾਲ ਨਹਿਰੂ ਨੇ ਕੁੜੀ ਵਿਆਹ ਦਿੱਤੀ ਹੈ। ਓਧਰ ਪਾਕਿਸਤਾਨ ਦੇ ਰੇਡੀਓ ਤੋਂ ਰੋਜ਼ ਇੰਦਰਾ ਗਾਂਧੀ ਨੂੰ 'ਹਮਾਰੀ ਭਾਬੀ' ਕਹਿ ਕੇ ਚਿੜਾਇਆ ਜਾਂਦਾ ਸੀ, ਪਰ ਪੰਡਿਤ ਨਹਿਰੂ ਪੈਂਤੜਾ ਛੱਡਣ ਦੀ ਥਾਂ ਹੋਰ ਮਜ਼ਬੂਤੀ ਨਾਲ ਪਹਿਰਾ ਦਿੰਦਾ ਰਿਹਾ ਸੀ। ਇੰਦਰਾ ਦੇ ਵਿਆਹ ਦਾ ਇਹੋ ਮੁੱਦਾ ਉਸ ਦੀ ਪਹਿਲੀ ਪਾਰਲੀਮੈਂਟ ਚੋਣ ਮੌਕੇ ਪ੍ਰਚਾਰ ਕੇ ਉਸ ਦੇ ਮੁਕਾਬਲੇ ਇੱਕ ਹਿੰਦੂ ਸੰਤ ਖੜਾ ਕੀਤਾ ਗਿਆ ਤਾਂ ਉਸ ਸੰਤ ਦੀ ਜ਼ਮਾਨਤ ਜ਼ਬਤ ਹੋ ਗਈ ਸੀ। ਲੋਕ ਉਦੋਂ ਨਹਿਰੂ ਦੀ ਇੱਜ਼ਤ ਕਰਦੇ ਸਨ। ਮੌਲਾਨਾ ਕਲਾਮ ਨੇ ਪਾਕਿਸਤਾਨ ਬਣਨ ਦਾ ਵਿਰੋਧ ਕੀਤਾ ਤਾਂ ਉਸ ਨੂੰ ਜਾਮਾ ਮਸਜਿਦ ਵਿਚੋਂ ਬੇਇੱਜ਼ਤ ਹੋ ਕੇ ਨਿਕਲਣਾ ਪਿਆ, ਪਰ ਜਦੋਂ ਵੰਡ ਵੇਲੇ ਦੰਗੇ ਫੈਲ ਗਏ, ਉਦੋਂ ਅਣ-ਸੁਰੱਖਿਅਤ ਮਹਿਸੂਸ ਕਰ ਰਹੇ ਮੁਸਲਮਾਨ ਆਗੂ ਆਪ ਘਰ ਆਣ ਕੇ ਉਸੇ ਮੌਲਾਨਾ ਕਲਾਮ ਨੂੰ ਸੱਦ ਕੇ ਉਸੇ ਮਸਜਿਦ ਲੈ ਕੇ ਗਏ ਸਨ ਤੇ ਉਸ ਨੇ ਆਪਣੇ ਵਿਚਾਰ ਪੇਸ਼ ਕੀਤੇ ਤਾਂ ਉਸ ਦਾ ਕੌੜਾ ਫਿੱਕਾ ਵੀ ਭਾਈਚਾਰੇ ਦੇ ਲੋਕਾਂ ਨੇ ਸਾਊ ਬਜ਼ੁਰਗ ਦੀ ਝਿੜਕ ਸਮਝ ਕੇ ਪ੍ਰਵਾਨ ਕਰ ਲਿਆ ਸੀ।

ਬਦਕਿਸਮਤੀ ਨਾਲ ਅੱਜ ਦੀ ਕਾਂਗਰਸ ਉਨ੍ਹਾਂ ਬੌਣੇ ਕੱਦਾਂ ਵਾਲੇ ਲੋਕਾਂ ਦੀ ਅਗਵਾਈ ਹੇਠ ਚੱਲ ਰਹੀ ਹੈ, ਜਿਨ੍ਹਾਂ ਦੀ ਦੌੜ ਆਪਣੇ ਆਪ ਨੂੰ ਆਪਣੇ ਨਾਲ ਦੇ ਦੂਸਰੇ ਆਗੂ ਤੋਂ ਮਾੜਾ-ਮੋਟਾ ਉਚਾ ਸਾਬਤ ਕਰਨ ਤੱਕ ਸੀਮਤ ਹੈ। ਪਾਰਟੀ ਵਿਚ 'ਪੈਸੇ ਦੇ ਪੁੱਤਰ' ਏਨੇ ਜ਼ਿਆਦਾ ਵਧ ਗਏ ਹਨ ਕਿ ਕੋਈ ਕਿਸੇ ਦੂਸਰੇ ਬਾਰੇ ਇਸ ਲਈ ਕਿੰਤੂ ਨਹੀਂ ਕਰਦਾ ਕਿ ਅਗਲੀ ਧਿਰ ਨੂੰ ਵੀ ਸਾਰਾ ਹੀਜ-ਪਿਆਜ਼ ਪਤਾ ਹੁੰਦਾ ਹੈ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਕਦੀ ਬਹੁਤ ਸਾਊ ਤੇ ਈਮਾਨਦਾਰ ਆਗੂ ਗਿਣਿਆ ਜਾਂਦਾ ਸੀ। ਹੁਣ ਉਸ ਦਾ ਸਾਊਪੁਣਾ ਹੀ ਬਾਕੀ ਹੈ, ਹੋਰ ਕੋਈ ਸਰਟੀਫਿਕੇਟ ਜਾਰੀ ਕਰਨਾ ਔਖਾ ਹੈ। ਈਮਾਨ ਦਾ ਪੱਲਾ ਉਸ ਨੇ ਛੱਡਿਆ ਜਾਂ ਨਹੀਂ, ਇਹ ਉਸ ਦੀ ਆਪਣੀ ਜ਼ਮੀਰ ਜਾਣਦੀ ਹੋਵੇਗੀ, ਪਰ ਬੇਈਮਾਨਾਂ ਦੀ ਏਡੀ ਵੱਡੀ ਧਾੜ ਉਸ ਦੇ ਦੁਆਲੇ ਜੁੜੀ ਹੋਈ ਹੈ ਕਿ ਗਿਣਨੇ ਔਖੇ ਹਨ ਤੇ ਮਨਮੋਹਨ ਸਿੰਘ ਕਿਸੇ ਨੂੰ ਵੀ ਬੇਈਮਾਨੀ ਕਰਨ ਤੋਂ ਰੋਕਦਾ ਨਹੀਂ। ਆਪ ਨਾ ਵੀ ਬੇਈਮਾਨੀ ਕਰੇ, ਜੇ ਬੇਈਮਾਨੀ ਕਰਦਿਆਂ ਨੂੰ ਰੋਕਣਾ ਨਹੀਂ ਤਾਂ ਉਸ ਦਾ ਉਥੇ ਹੋਣਾ ਕੋਈ ਅਰਥ ਨਹੀਂ ਰੱਖਦਾ।

ਭਾਰਤ ਦੇ ਲੋਕਾਂ ਨੇ ਪਿਛਲੇ ਸਾਲਾਂ ਵਿਚ ਬਹੁਤ ਵੱਡਾ ਘੋਟਾਲਾ ਟੂ-ਜੀ ਸਪੈਕਟਰਮ ਵੇਖਿਆ, ਜਿਸ ਦੇ ਉਠ ਖੜੇ ਹੋਣ ਵੇਲੇ ਪ੍ਰਧਾਨ ਮੰਤਰੀ ਕਹਿੰਦਾ ਸੀ ਕਿ ਐਵੇਂ ਹਵਾਈ ਗੱਲਾਂ ਹਨ, ਕੁਝ ਵਾਪਰਿਆ ਹੀ ਨਹੀਂ। ਬਾਅਦ ਵਿਚ ਜਦੋਂ ਮਾਮਲਾ ਸੁਪਰੀਮ ਕੋਰਟ ਵਿਚ ਚਲਾ ਗਿਆ ਅਤੇ ਰੱਸਾ ਗਲ ਪੈਂਦੇ ਸਾਰ ਗਲ-ਘੋਟੂ ਮਹਿਸੂਸ ਹੋਇਆ ਤਾਂ ਕਹਿ ਦਿੱਤਾ ਕਿ ਜਿਸ ਨੇ ਕੀਤਾ ਹੈ, ਉਹ ਭਰੇਗਾ ਤੇ ਕਾਨੂੰਨ ਆਪਣਾ ਕੰਮ ਕਰੇਗਾ। ਕਾਮਨਵੈਲਥ ਖੇਡਾਂ ਹੋਈਆਂ ਤਾਂ ਉਨ੍ਹਾਂ ਵਿਚੋਂ ਕਲਮਾਡੀ ਵਰਗੇ ਕਾਂਗਰਸੀ ਆਗੂ ਦੀ ਕਾਲਖ ਨੇ ਵੀ ਮਨਮੋਹਨ ਸਿੰਘ ਦੀ ਸਰਕਾਰ ਦਾ ਅਕਸ ਖਰਾਬ ਕਰ ਦਿੱਤਾ ਸੀ। ਮਨਮੋਹਨ ਸਿੰਘ ਨੇ ਪਹਿਲਾਂ ਪਾਰਲੀਮੈਂਟ ਵਿਚ ਕਲਮਾਡੀ ਦਾ ਬਚਾਅ ਵੀ ਕੀਤਾ ਹੋਇਆ ਸੀ। ਮੁੰਬਈ ਦੀ ਆਦਰਸ਼ ਸੁਸਾਇਟੀ ਦਾ ਵੱਡਾ ਘੋਟਾਲਾ ਜ਼ਾਹਰ ਹੋਇਆ, ਫੌਜ ਦੇ ਤਿੰਨ ਸਾਬਕਾ ਮੁਖੀ ਵੀ ਉਸ ਵਿਚ ਫਸ ਗਏ ਤੇ ਮਹਾਰਾਸ਼ਟਰ ਦੇ ਤਿੰਨ ਸਾਬਕਾ ਕਾਂਗਰਸੀ ਮੁੱਖ ਮੰਤਰੀ ਵੀ ਲਪੇਟੇ ਗਏ, ਮਨਮੋਹਨ ਸਿੰਘ ਦੇ ਮੁਖਾਰਬਿੰਦ ਤੋਂ ਉਦੋਂ ਵੀ ਉਨ੍ਹਾਂ ਲਈ ਸਫਾਈਆਂ ਦੇਣ ਦੇ ਸ਼ਬਦ ਨਿਕਲਦੇ ਰਹੇ ਸਨ। ਇਟਲੀ ਦੀ ਕੰਪਨੀ ਨਾਲ ਹੈਲੀਕਾਪਟਰ ਖਰੀਦ ਦੇ ਸੌਦੇ ਦੀ ਗੱਲ ਚੱਲੀ ਤਾਂ ਉਦੋਂ ਵੀ ਇਹੋ ਕੁਝ ਕਿਹਾ ਜਾਂਦਾ ਰਿਹਾ ਸੀ ਕਿ ਕਿਸੇ ਦਾ ਕੋਈ ਕਸੂਰ ਹੀ ਨਹੀਂ। ਭਾਰਤ ਦੇ ਰੇਲਵੇ ਮੰਤਰੀ ਪਵਨ ਕੁਮਾਰ ਬਾਂਸਲ ਦੇ ਭਾਣਜੇ ਨੂੰ ਨੱਬੇ ਲੱਖ ਰੁਪਏ ਲੈਂਦਾ ਰੰਗੇ ਹੱਥ ਫੜ ਲਿਆ ਜਾਣ ਦੇ ਬਾਵਜੂਦ ਬਾਂਸਲ ਦੀ ਛੁੱਟੀ ਕਰਨ ਤੋਂ ਮਨਮੋਹਨ ਸਿੰਘ ਤੇ ਸੋਨੀਆ ਗਾਂਧੀ ਉਦੋਂ ਤੱਕ ਬਚਦੇ ਰਹੇ, ਜਦੋਂ ਤੱਕ ਮਜਬੂਰੀ ਨਾ ਬਣ ਗਈ।

ਆਖਰ ਇਹ ਮਜਬੂਰੀ ਕੀ ਸੀ, ਜਿਸ ਕਾਰਨ ਇਹ ਕਿਸੇ ਵੀ ਵੱਡੇ ਤੋਂ ਵੱਡੇ ਚੋਰ ਦੇ ਖਿਲਾਫ ਕਾਰਵਾਈ ਕਰਨ ਦੀ ਥਾਂ ਉਸ ਦਾ ਬਚਾਅ ਕਰਨ ਲੱਗ ਜਾਂਦੇ ਸਨ? ਸ਼ਾਇਦ ਇਹ ਕਿ ਜਿਸ ਸੋਨੀਆ ਗਾਂਧੀ ਨੇ ਆਪ ਪ੍ਰਧਾਨ ਮੰਤਰੀ ਬਣਨ ਦੀ ਥਾਂ ਮਨਮੋਹਨ ਸਿੰਘ ਨੂੰ ਉਹ ਕੁਰਸੀ ਸੌਂਪ ਦਿੱਤੀ ਸੀ, ਉਸ ਦੇ ਜਵਾਈ ਦੇ ਕਿੱਸੇ ਏਨੇ ਜ਼ਿਆਦਾ ਹਨ ਤੇ ਉਸ ਨੇ ਭ੍ਰਿਸ਼ਟਾਚਾਰ ਦੀ ਏਨੀ ਅੱਤ ਕਰ ਦਿੱਤੀ ਹੈ ਕਿ ਜਿਹੜੇ ਵੀ ਬੇਈਮਾਨ ਦੇ ਵਿਰੁਧ ਕਾਰਵਾਈ ਕਰਨੀ ਚਾਹੀ, ਉਸ ਨੇ ਅੱਗੋਂ ਜਵਾਬੀ ਮਿਹਣਾ ਮਾਰ ਦੇਣਾ ਹੈ। ਬੀਬੀ ਸੋਨੀਆ ਗਾਂਧੀ ਕਦੇ ਬੜੀ ਬੀਬੀ ਜਿਹੀ ਔਰਤ ਮੰਨੀ ਜਾਂਦੀ ਸੀ। ਜਵਾਈ ਦਾ ਬਚਾਅ ਕਰਨ ਲਈ ਉਹ ਜਿਸ ਹੱਦ ਤੱਕ ਚਲੀ ਗਈ, ਉਸ ਦੇ ਨਾਲ ਉਸ ਦਾ ਆਪਣਾ ਅਕਸ ਵੀ ਪਹਿਲਾਂ ਵਾਲਾ ਨਹੀਂ ਰਿਹਾ ਅਤੇ ਮਨਮੋਹਨ ਸਿੰਘ ਦਾ ਵੀ ਨਹੀਂ ਰਹਿਣ ਦਿੱਤਾ। ਪਿਛਲੇ ਦਿਨੀਂ ਇਲਾਹਾਬਾਦ ਹਾਈ ਕੋਰਟ ਨੂੰ ਅਰਜ਼ੀ ਦੇ ਕੇ ਕਿਸੇ ਨਾਗਰਿਕ ਨੇ ਸੋਨੀਆ ਗਾਂਧੀ ਦੇ ਦਾਮਾਦ ਰਾਬਰਟ ਵਾਡਰਾ ਵੱਲੋਂ ਇੱਕ ਪ੍ਰਾਈਵੇਟ ਰੀਅਲ ਅਸਟੇਟ ਕੰਪਨੀ ਨਾਲ ਛਿੜੇ ਸਕੈਂਡਲਾਂ ਦੀ ਚਰਚਾ ਦੀ ਸੂਚਨਾ ਲੈਣ ਦਾ ਯਤਨ ਕੀਤਾ। ਪ੍ਰਧਾਨ ਮੰਤਰੀ ਦਫਤਰ ਨੇ ਇਸ ਨੂੰ ਗੁਪਤ ਦਸਤਾਵੇਜ਼ ਦੱਸ ਕੇ ਸੂਚਨਾ ਦੇਣ ਤੋਂ ਇਨਕਾਰ ਕਰ ਦਿੱਤਾ। ਜਵਾਈ ਉਹ ਸੋਨੀਆ ਗਾਂਧੀ ਵਾਸਤੇ ਹੈ, ਦੇਸ਼ ਦੇ ਸੰਵਿਧਾਨ ਦੇ ਮੁਤਾਬਕ ਉਹ ਇੱਕ ਆਮ ਨਾਗਰਿਕ ਹੈ, ਕਿਸੇ ਪੰਚਾਇਤ ਦਾ ਮੈਂਬਰ ਵੀ ਨਹੀਂ, ਉਸ ਬਾਰੇ ਸੂਚਨਾ ਨੂੰ ਪ੍ਰਧਾਨ ਮੰਤਰੀ ਦਫਤਰ ਗੁਪਤ ਪਤਾ ਨਹੀਂ ਕਿਵੇਂ ਕਹਿ ਗਿਆ ਹੈ?

ਹੁਣ ਜਦੋਂ ਦੇਸ਼ ਇੱਕ ਵਾਰੀ ਫਿਰ ਪਾਰਲੀਮੈਂਟ ਚੋਣਾਂ ਲਈ ਤਿਆਰ ਹੋ ਰਿਹਾ ਹੈ ਤਾਂ ਵਕਤ ਕਾਂਗਰਸ ਪਾਰਟੀ ਦੇ ਆਗੂਆਂ ਲਈ ਪਹਿਲੇ ਦਾਗਾਂ ਨੂੰ ਧੋਣ ਦਾ ਹੈ, ਪਰ ਅਮਲ ਦੱਸਦੇ ਹਨ ਕਿ ਦਾਗਾਂ ਤੋਂ ਖਹਿੜਾ ਛੁਡਾਉਣ ਵਾਲੀ ਕੋਈ ਗੱਲ ਨਹੀਂ ਹੋ ਰਹੀ, ਉਲਟਾ ਦਾਗ ਹੋਰ ਵਧਣ ਦਾ ਅਮਲ ਜਾਰੀ ਹੈ। ਇਸ ਹਫਤੇ ਕਾਂਗਰਸੀ ਪਾਰਲੀਮੈਂਟ ਮੈਂਬਰ ਨਵੀਨ ਜਿੰਦਲ ਦੇ ਖਿਲਾਫ ਇੱਕ ਕੇਸ ਹੋਰ ਦਰਜ ਹੋ ਗਿਆ ਹੈ। ਇਹ ਮਾਮਲਾ ਉਸ ਨੂੰ ਕੋਲੇ ਦੀਆਂ ਅਲਾਟਮੈਂਟਾਂ ਦੀ ਹਨੇਰਗਰਦੀ ਨਾਲ ਸਬੰਧਤ ਹੈ। ਅਲਾਟਮੈਂਟਾਂ ਕਰਨ ਵਾਲਾ ਸਾਬਕਾ ਮੰਤਰੀ ਵੀ ਟੰਗਿਆ ਗਿਆ ਹੈ। ਕੇਂਦਰ ਸਰਕਾਰ ਦੀ ਜਾਂਚ ਏਜੰਸੀ ਸੀ ਬੀ ਆਈ ਆਖਦੀ ਹੈ ਕਿ ਰਾਜ ਕਰਦੀ ਕਾਂਗਰਸ ਪਾਰਟੀ ਦੇ ਐਮ ਪੀ ਨਵੀਨ ਜਿੰਦਲ ਨੇ ਕੋਲੇ ਦੀ ਇਸ ਅਲਾਟਮੈਂਟ ਲਈ ਕਾਂਗਰਸ ਪਾਰਟੀ ਦੇ ਉਸ ਵਕਤ ਦੇ ਕੋਲਾ ਰਾਜ ਮੰਤਰੀ ਦਾਸਾਰੀ ਨਾਰਾਇਣ ਰਾਓ ਨੂੰ 250 ਕਰੋੜ ਰੁਪਏ ਦੀ ਰਿਸ਼ਵਤ ਦਿਤੀ ਸੀ। ਨਵੀਨ ਜਿੰਦਲ ਕਿਸੇ ਹੋਰ ਦੇਸ਼ ਵਿਚ ਜਾ ਬੈਠਾ ਹੈ। ਇਹ ਬਿਲਕੁਲ ਨਹੀਂ ਹੋ ਸਕਦਾ ਕਿ ਉਸ ਨੂੰ ਆਪਣੇ ਖਿਲਾਫ ਬਣੇ ਇਸ ਨਵੇਂ ਕੇਸ ਦੀ ਜਾਣਕਾਰੀ ਨਾ ਮਿਲੀ ਹੋਵੇ, ਪਰ ਉਸ ਨੇ ਨਾ ਆਪਣੇ ਵੱਲੋਂ ਕੋਈ ਬਿਆਨ ਦਿਤਾ ਤੇ ਨਾ ਪੇਸ਼ ਹੋ ਕੇ ਸਵਾਲਾਂ ਦਾ ਜਵਾਬ ਦੇਣ ਲਈ ਸੀ ਬੀ ਆਈ ਦੀ ਹਦਾਇਤ ਦਾ ਹੁੰਗਾਰਾ ਭਰਿਆ ਹੈ। ਆਖਰ ਕਾਂਗਰਸ ਪਾਰਟੀ ਆਪਣੇ ਇਸ ਸੰਸਦ ਮੈਂਬਰ ਨੂੰ ਇਹ ਕਹਿਣ ਦੀ ਜੁਰਅਤ ਕਿਉਂ ਨਹੀਂ ਕਰਦੀ ਕਿ ਉਹ ਆ ਕੇ ਜਾਂਚ ਵਿਚ ਸ਼ਾਮਲ ਹੋਵੇ? ਇਸ ਲਈ ਕਿ ਜੇ ਨਵੀਨ ਜਿੰਦਲ ਨੇ ਅੱਗੋਂ ਸੋਨੀਆ ਗਾਂਧੀ ਦੇ ਜਵਾਈ ਰਾਬਰਟ ਵਾਡਰਾ ਬਾਰੇ ਮਾਮਲਾ ਉਠਾ ਦਿੱਤਾ ਤਾਂ ਕਾਂਗਰਸ ਦੀ ਲੀਡਰਸ਼ਿਪ ਤੇ ਖਾਸ ਕਰ ਕੇ ਪ੍ਰਧਾਨ ਮੰਤਰੀ ਕੋਲ ਇਸ ਦਾ ਕੋਈ ਜਵਾਬ ਨਹੀਂ ਹੋਣਾ।

ਇਨ੍ਹਾਂ ਹਾਲਾਤ ਵਿਚ ਇਹ ਕਹਿਣ ਦਾ ਸਮਾਂ ਅਜੇ ਨਹੀਂ ਆਇਆ ਕਿ ਅਗਲੇ ਸਾਲ ਨੂੰ ਅਸੀਂ ਕਿਸ ਰਾਜੇ ਹੇਠ ਦਿਨ ਕੱਟਦੀ ਪਰਜਾ ਹੋਵਾਂਗੇ, ਪਰ ਇਹ ਕਹਿਣ ਵਾਲੇ ਅੱਜ ਦੀ ਘੜੀ ਬਹੁਤ ਸਾਰੇ ਲੋਕ ਮਿਲ ਜਾਂਦੇ ਹਨ ਕਿ ਸੋਚਣ ਵਾਲੀ ਕਿਹੜੀ ਗੱਲ ਹੈ, ਹੋਰ ਭਾਵੇਂ ਕਾਲਾ ਚੋਰ ਵੀ ਆ ਜਾਵੇ, ਕਾਂਗਰਸ ਦਾ ਕੋੜਮਾ ਜਿੱਤਦਾ ਨਹੀਂ ਲੱਭਦਾ। ਡਰ ਹੈ ਤਾਂ ਇਸੇ ਗੱਲ ਦਾ ਹੈ ਕਿ ਕਿਤੇ ਸਚਮੁੱਚ ਕੋਈ ਕਾਲਾ ਚੋਰ ਨਾ ਆ ਜਾਂਦਾ ਹੋਵੇ।

## ਪੰਜਾਬੀ ਕਹਾਣੀਕਾਰ ਰਜਿੰਦਰ ਕੌਰ ਦਾ ਦੇਹਾਂਤ

**ਨਵੀਂ ਦਿੱਲੀ:** ਪੰਜਾਬੀ ਦੀ ਉਘੀ ਕਹਾਣੀਕਾਰ ਰਜਿੰਦਰ ਕੌਰ (76) ਦਾ ਦੇਹਾਂਤ ਹੋ ਗਿਆ। ਉਹ ਡਾ. ਕੇ ਜਗਜੀਤ ਸਿੰਘ (ਮੁੰਬਈ) ਤੇ ਪ੍ਰੀਤਮ ਬੇਲੀ ਦੀ ਭੈਣ ਸੀ। ਉਹ ਕੈਂਸਰ ਤੋਂ ਪੀੜਤ ਸਨ ਤੇ ਹਸਪਤਾਲ ਵਿਚ ਜ਼ੇਰੇ ਇਲਾਜ ਸਨ। ਉਨ੍ਹਾਂ ਨੇ ਪੰਜਾਬੀ ਵਿਚ ਕਈ ਪੁਸਤਕਾਂ ਲਿਖੀਆਂ। ਉਨ੍ਹਾਂ ਦੀ ਆਖਰੀ ਪੁਸਤਕ 'ਜਦੋਂ ਖੰਭ ਲੱਗ ਗਏ' ਛਪੀ। ਉਨ੍ਹਾਂ ਦੇ ਪਤੀ ਕੁਲਦੀਪ ਸਿੰਘ ਬੱਗਾ ਵੀ ਪੰਜਾਬੀ ਦੇ ਕਹਾਣੀਕਾਰ ਸਨ। ਉਨ੍ਹਾਂ ਦਾ ਇਕ ਪੁੱਤਰ ਅਮਰੀਕਾ ਵਿਚ ਰਹਿੰਦਾ ਹੈ।

# ਸੰਪਾਦਕ ਦੀ ਡਾਕ

## ਮੇਜਰ ਕੁਲਾਰ ਦੀਆਂ ਲਿਖਤਾਂ ਬਾਰੇ

ਜਿਹੜੀ ਗੱਲ ਮੈਂ 'ਪੰਜਾਬ ਟਾਈਮਜ਼' ਦੇ ਪਾਠਕਾਂ ਨਾਲ ਸਾਂਝੀ ਕਰਨ ਲੱਗਾ ਹਾਂ, ਉਸ ਬਾਰੇ ਕਈ ਚਿਰ ਤੋਂ ਮਨ ਵਿਚ ਉਥਲ-ਪੁਥਲ ਹੋ ਰਹੀ ਸੀ। ਕਈ ਵਾਰ ਚਿੱਠੀ ਲਿਖਣ ਬਾਰੇ ਸੋਚਿਆ, ਹਰ ਵਾਰ ਘੌਲ ਹੁੰਦੀ ਰਹੀ ਪਰ 15 ਜੂਨ ਵਾਲੇ ਅੰਕ ਵਿਚ ਮੇਜਰ ਕੁਲਾਰ ਦੀ ਲਿਖਤ 'ਨ੍ਹੇਰੀਆਂ ਝੱਖੜਾਂ 'ਚ ਬਾਲੇ ਦਿਲ ਕੋਈ...' ਪੜ੍ਹ ਕੇ ਐਤਕੀਂ ਰਿਹਾ ਨਹੀਂ ਗਿਆ। ਮੇਜਰ ਕੁਲਾਰ ਦਾ ਹਰ ਲੇਖ ਮੈਂ ਬੜੀ ਨੀਝ ਨਾਲ ਪੜ੍ਹਦਾ ਹਾਂ ਅਤੇ ਬਹੁਤ ਵਾਰ ਉਹ ਲਿਖਤ ਨਾਲ ਬਹੁਤ ਭਾਵੁਕ ਵੀ ਕਰ ਦਿੰਦੇ ਹਨ। ਪਾਠਕ ਨੂੰ ਇਉਂ ਠਕੋਰਨਾ ਰਚਨਾ ਦਾ ਗੁਣ ਹੀ ਮੰਨਿਆ ਜਾਂਦਾ ਹੈ ਪਰ ਜਿਹੜੀ ਗੱਲ ਮੈਨੂੰ ਮੇਜਰ ਕੁਲਾਰ ਦੀਆਂ ਲਿਖਤਾਂ ਵਿਚ ਕਈ ਵਾਰ ਤੰਗ ਕਰਦੀ ਹੈ, ਉਹ ਲਿਖਤ ਦੀ ਔਰਤ ਵਿਰੋਧੀ ਸੁਰ ਹੈ। ਇਹ ਸੰਭਵ ਹੈ ਕਿ ਲਿਖਤ ਵਿਚ ਅਜਿਹਾ ਅਚੇਤ ਰੂਪ ਵਿਚ ਆ ਜਾਂਦਾ ਹੋਵੇ। ਇਥੇ ਮੈਂ ਉਚੇਚੇ ਤੌਰ 'ਤੇ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਜ਼ਿਹਨ ਵਿਚ ਕੁਝ ਗੱਲਾਂ, ਕੁਝ ਵਿਚਾਰ ਕਿਤੇ ਡੂੰਘੇ ਬੈਠ ਜਾਂਦੇ ਹਨ ਅਤੇ ਫਿਰ ਕਦੀ ਖਹਿੜਾ ਨਹੀਂ ਛੱਡਦੇ। ਨਹੀਂ ਤਾਂ ਅਮਰੀਕਾ ਤੇ ਹੋਰ ਅਤਿ-ਆਧੁਨਿਕ ਪੱਛਮੀ ਦੇਸ਼ਾਂ ਵਿਚ ਰਹਿਣ ਵਾਲਾ ਪਿੰਡ ਵਿਚ ਰਹਿਣ ਵਾਲੇ ਕਿਸੇ ਬੰਦੇ ਵਾਂਗ ਕਿਵੇਂ ਸੋਚ ਸਕਦਾ ਹੈ? ਇਸ ਚਿੱਠੀ ਨਾਲ ਮੈਂ ਆਪ ਜੀ ਨੂੰ ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਪਲਟਾ' ਵੀ ਭੇਜ ਰਿਹਾ ਹਾਂ। ਹੋ ਸਕੇ ਤਾਂ ਇਹ ਜ਼ਰੂਰ ਛਾਪਣ ਦੀ ਖੇਚਲ ਕਰਨਾ (ਇਹ ਕਹਾਣੀ ਇਸੇ ਅੰਕ ਵਿਚ ਛਾਪੀ ਜਾ ਰਹੀ ਹੈ-ਸੰਪਾਦਕ)। ਇਸ ਕਹਾਣੀ ਦਾ ਪਾਤਰ ਵਿਦੇਸ਼ੋਂ ਪਰਤ ਕੇ ਪਹਿਲਾਂ ਵਰਗਾ ਖੂੰਖਾਰ ਨਹੀਂ ਰਹਿੰਦਾ। ਤੇ ਅਸੀਂ ਪੰਜਾਬੀ ਆਪਣੀ ਮਿੱਟੀ ਤੋਂ ਇੰਨੀ ਦੂਰ ਆ ਕੇ ਜਾਤ, ਗੋਤ, ਜਗੀਰਦਾਰੀ, ਹੋਰ ਪਤਾ ਨਹੀਂ ਕੀ ਕੀ ਚੁੱਕੀ ਫਿਰਦੇ ਹਾਂ।

ਮੈਂ ਜਾਣਦਾ ਹਾਂ ਕਿ ਮੇਜਰ ਕੁਲਾਰ ਸੁਚੇਤ ਪੱਧਰ 'ਤੇ ਔਰਤ ਦੇ ਖਿਲਾਫ ਨਹੀਂ ਜਾ ਸਕਦਾ। ਉਸ ਦੀਆਂ ਰਚਨਾਵਾਂ ਅਤੇ ਇਨ੍ਹਾਂ ਵਿਚਲੀ ਤੜਫਾਹਟ ਹੀ ਇਸ ਦੀਆਂ ਗਵਾਹ ਹਨ ਪਰ 15 ਜੂਨ ਵਾਲੇ ਅੰਕ ਵਿਚ ਅਜਿਹਾ ਅਚੇਤ ਰੂਪ ਵਿਚ ਹੋ ਗਿਆ ਹੈ, ਕਿਉਂਕਿ ਸਾਡਾ ਮਨ ਅਜੇ ਵੀ ਪੰਜਾਬ ਦੀ ਰਹਿਤਲ, ਰਸਮਾਂ, ਰਿਵਾਜ਼ਾਂ ਵਿਚ ਗੋਤੇ ਖਾ ਰਿਹਾ ਹੈ। ਇਸ ਲਿਖਤ ਦੇ ਅਖੀਰ ਵਿਚ ਬੀਬੀਆਂ ਦਾ ਸੰਵਾਦ ਭਰੂਣ ਹੱਤਿਆ ਦੇ ਹੱਕ ਵਿਚ ਭੁਗਤ ਜਾਂਦਾ ਹੈ। ਇਹ ਸਤਰਾਂ ਪੜ੍ਹ ਕੇ ਮੈਂ ਬਹੁਤ ਦਿਨ ਸੁੰਨ ਹੋਇਆ ਰਿਹਾ ਹਾਂ। ਮੇਰੀ ਪਤਨੀ ਅਤੇ ਧੀ ਮੈਨੂੰ ਇਸ ਉਦਾਸੀ ਬਾਰੇ ਵਾਰ ਵਾਰ ਪੁੱਛਦੀਆਂ ਰਹੀਆਂ ਪਰ ਮੈਂ ਤਾਂ ਗੱਲ ਕਰਨ ਜੋਗਾ ਵੀ ਨਹੀਂ ਸਾਂ। ਭਾਈ ਮੇਰਿਓ, ਇਜ਼ਤਾਂ ਦੇ ਬਹਾਨੇ ਕੁੜੀਆਂ ਦੀਆਂ ਸੰਘੀਆਂ ਨਾ ਨੱਪੋ। ਇਨ੍ਹਾਂ ਨੇ ਬਹੁਤ ਮਾੜੇ ਸਮੇਂ ਦੇਖੇ ਹਨ ਅਤੇ ਹੁਣ ਵੀ ਦੇਖ ਰਹੀਆਂ ਹਨ। ਆਪ-ਮੁਹਾਰੇਪਣ ਦੀਆਂ ਵਿਕੋਲਿਤਰੀਆਂ ਘਟਨਾਵਾਂ ਨੂੰ ਇਉਂ ਇਜ਼ਤਾਂ ਨਾਲ ਨਾ ਜੋੜੋ। ਅਜਿਹੀਆਂ ਗੱਲਾਂ ਕਰ ਕੇ ਹੀ ਪੰਜਾਬ ਭਰੂਣ ਹੱਤਿਆਵਾਂ ਦਾ ਸੰਤਾਪ ਹੰਢਾ ਰਿਹਾ ਹੈ। ਬੱਸ ਮੈਂ ਇੰਨਾ ਹੀ ਕਹਿਣਾ ਸੀ।

*-ਜਗਜੀਤ ਸਿੰਘ ਜ਼ਖਮੀ*
*ਲਾਸ ਏਂਜਲਸ।*

## ਕਹਾਣੀ ਕਲਾ ਦੀ ਸ਼ਾਨ ਰਘਬੀਰ ਢੰਡ ਦੀ ਕਹਾਣੀ 'ਸ਼ਾਨੇ-ਪੰਜਾਬ'

**ਪਰਮ ਪਿਆਰੇ ਅਮੋਲਕ ਜੀ,**

ਪੰਜਾਬ ਟਾਈਮਜ਼ ਵਿਚ ਛਪੀ ਰਘਬੀਰ ਢੰਡ ਦੀ ਕਹਾਣੀ 'ਸ਼ਾਨੇ-ਪੰਜਾਬ' ਪੜ੍ਹ ਕੇ ਮੇਰਾ ਮਨ ਗਦ ਗਦ ਹੋ ਉਠਿਆ। ਇਹ ਕਹਾਣੀ ਪੰਜਾਬ ਦੇ ਮਾਣਮੱਤੇ ਅਣਖੀਲੇ ਪਾਤਰਾਂ ਨੂੰ ਪੇਸ਼ ਕਰਨ ਦੇ ਨਾਲ ਨਾਲ ਮੇਰੀ ਜ਼ਿੰਦਗੀ ਦੇ ਜਵਾਨੀ ਚੜ੍ਹਨ ਵੇਲੇ ਦਿਨਾਂ ਨਾਲ ਸਬੰਧ ਰੱਖਦੀ ਹੈ। ਇੰਜ ਲਗਦਾ ਸੀ ਜਿਵੇਂ ਰਘਬੀਰ ਮੇਰੇ ਸਾਹਮਣੇ ਬੈਠਾ ਆਪਣੀ ਹੱਡਬੀਤੀ ਸੁਣਾ ਰਿਹਾ ਹੋਵੇ। ਮੈਨੂੰ ਉਹ ਦਿਨ ਯਾਦ ਹੈ ਜਦੋਂ ਰਘਬੀਰ ਢੰਡ 1954 ਵਿਚ ਗੌਰਮਿੰਟ ਹਾਈ ਸਕੂਲ, ਵੇਰਕਾ ਵਿਚ ਨੌਂਵੀਂ ਦੀ ਕਲਾਸ ਨੂੰ ਪੰਜਾਬੀ ਪੜ੍ਹਾਉਣ ਪਹਿਲੇ ਦਿਨ ਆਇਆ। ਆਪਣੀ ਜਾਣ-ਪਛਾਣ ਕਰਾਉਣ ਪਿਛੋਂ ਵਾਰਿਸ ਸ਼ਾਹ ਦੀ ਹੀਰ ਵਿਚੋਂ ਕੁਝ ਸ਼ੇਅਰ ਸੁਣਾ ਕੇ ਬੱਚਿਆਂ ਦਾ ਅਜਿਹਾ ਮਨ ਮੋਹਿਆ ਕਿ ਪਤਾ ਹੀ ਨਾ ਲੱਗਿਆ ਕਿ ਚਾਲੀ ਮਿੰਟ ਦਾ ਪੀਰੀਅਡ ਕਦੋਂ ਲੰਘ ਗਿਆ। ਉਹਦਾ ਪੰਜਾਬੀ ਪੜ੍ਹਾਉਣ ਦਾ ਤਰੀਕਾ ਅਜਿਹਾ ਸਰਲ ਤੇ ਦਿਲਚਸਪ ਸੀ ਕਿ ਬੱਚੇ ਉਹਨੂੰ ਟੀਚਰ ਨਹੀਂ ਸਗੋਂ ਦੋਸਤ ਦੇ ਰੂਪ ਵਿਚ ਵੇਖਦੇ ਸਨ। ਕੋਈ ਬੱਚਾ ਉਹਦੀ ਕਲਾਸ ਮਿਸ ਨਹੀਂ ਸੀ ਕਰਦਾ। ਦਸਵੀਂ ਦੇ ਸਾਲਾਨਾ ਇਮਤਿਹਾਨ 'ਚ ਸਾਡਾ ਉਹ ਇਕ ਵਧੀਆ ਟੀਚਰ ਹੋਣ ਦੇ ਨਾਲ ਨਾਲ ਵਧੀਆ ਇਨਸਾਨ ਵੀ ਸੀ। ਉਹ ਮੇਰੀਆਂ ਅਭੁੱਲ ਯਾਦਾਂ 'ਚੋਂ ਕਦੀ ਵੀ ਨਹੀਂ ਵਿਸਰਿਆ। ਤੁਹਾਡਾ ਬਹੁਤ ਧੰਨਵਾਦ ਜਿਨ੍ਹਾਂ ਮੇਰੀ ਜ਼ਿੰਦਗੀ ਦੀਆਂ ਚੰਗੀਆਂ ਯਾਦਾਂ ਦੀ ਰੀਲ ਘੁਮਾ ਕੇ ਮੇਰੀਆਂ ਯਾਦਾਂ ਨੂੰ ਤਾਜ਼ਾ ਕੀਤਾ ਹੈ।

*-ਰਘਬੀਰ ਸਿੰਘ ਵੇਰਕਾ*

## ਨਵਾਂ ਕਾਲਮ 'ਕਲਾ ਪਰਿਕਰਮਾ'

**ਸਤਿਕਾਰਯੋਗ ਸੰਪਾਦਕ ਜੀ,**

'ਪੰਜਾਬ ਟਾਈਮਜ਼' ਨਾ ਸਿਰਫ ਸਾਨੂੰ ਮਿਆਰੀ ਖਬਰਾਂ ਪ੍ਰਦਾਨ ਕਰਦਾ ਹੈ ਸਗੋਂ ਸਾਨੂੰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ ਜੋੜੀ ਰੱਖਣ ਲਈ ਬਹੁਤ ਮਹੱਤਵਪੂਰਨ ਤੇ ਕੀਮਤੀ ਯੋਗਦਾਨ ਪਾ ਰਿਹਾ ਹੈ। ਕਾਲਮ 'ਕਲਾ ਪਰਿਕਰਮਾ' ਨੇ ਇਸ ਦੀ ਖੂਬਸੂਰਤੀ ਵਿਚ ਹੋਰ ਵਾਧਾ ਕਰ ਦਿੱਤਾ ਹੈ। ਬਲਰਾਜ ਸਾਹਨੀ ਬਾਰੇ ਪੜ੍ਹ ਕੇ ਮਨ ਬਹੁਤ ਖੁਸ਼ ਹੋਇਆ। ਸਾਨੂੰ ਸਾਹਨੀ ਜੀ ਦੀਆਂ ਲਿਖਤਾਂ ਦਾ ਇੰਤਜ਼ਾਰ ਰਹੇਗਾ।

ਸਾਰੇ ਸਥਾਈ ਕਾਲਮ ਹਰ ਹਫਤੇ ਇਕ ਤੋਂ ਵਧ ਕੇ ਇਕ ਹੁੰਦੇ ਹਨ। ਕਹਾਣੀਆਂ ਵਿਚ ਅਸੀਂ ਆਪਣੇ ਨਾਲ ਹੀ ਵਾਪਰੀਆਂ ਘਟਨਾਵਾਂ ਨੂੰ ਮਹਿਸੂਸ ਕਰਦੇ ਹਾਂ। 'ਠਾਹ-ਸੋਟਾ' ਹਰ ਵਾਰ ਜੋਰ ਨਾਲ ਕਿਸੇ ਨਾ ਕਿਸੇ ਮੁੱਦੇ 'ਤੇ ਸੱਟ ਮਾਰਦਾ ਹੈ। ਐਸ. ਅਸ਼ੋਕ ਭੌਰਾ ਦੀ ਸਵੈ-ਜੀਵਨੀ ਪੜ੍ਹ ਕੇ ਆਪਣਾ ਬਚਪਨ, ਸਕੂਲ, ਕਾਲਜ ਦਾ ਸਮਾਂ ਯਾਦ ਆ ਜਾਂਦਾ ਹੈ। ਮੁੱਕਦੀ ਗੱਲ ਕਿ ਪੰਜਾਬ ਟਾਈਮਜ਼ ਸਾਡੀ ਜ਼ਿੰਦਗੀ ਦਾ ਅਨਿਖੜ ਹਿੱਸਾ ਹੈ। ਰੱਬ ਤੁਹਾਨੂੰ ਤਰੱਕੀ ਅਤੇ ਚੰਗੀ ਸਿਹਤ ਬਖਸ਼ੇ ਅਤੇ ਪੰਜਾਬ ਟਾਈਮਜ਼ ਹੋਰ ਤਰੱਕੀਆਂ ਕਰੇ।

*-ਇੰਦਰਜੀਤ ਮੰਗਾ, ਪਿਟਸਬਰਗ, ਕੈਲੀਫੋਰਨੀਆ।*

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM



LIQUOR STORE
GAS STATION
INSURANCE
STORE

Call to check our lowest rates for Auto • Home • Health • Life. You won't believe It.

Licensed in: Alabama • Arkansas • Arizona • California • Colorado • Connecticut • DC • Georgia Florida • Idaho • Iowa • Indiana • Illinois • Kansas • Louisiana • Maryland • Mississippi • Michigan Minnesota • Nevada • New Jersey • New York • New Mexico • Oregon • Ohio • Oklahoma Pennsylvania • Texas • Utah • Virginia • Vermont • Washington • Wisconsin





Gas Stations, Repair Shops, Liquor/Grocery Stores, Restaurants, 99 Cent stores, Hotels & Motels

CALIFORNIA ADMITTED COMPANY WITH A RATING (EXCELLENT, A-) BY AM BEST
Give us a Call for a Free Quote
Toll Free 800.954.5409
LiquorStoreGasStationInsurance.com
Ph: 408.272.2500 Fax: 408.272.2670
3750 McKee Rd., Suite A • San Jose, CA 95127

www.LiquorStoreGasStationinsurance.com is wholly owned by Khalsa Insurance Agency, Inc. CA LICENSE #0F89805

# ਗਲਿਆਰਾ ਪ੍ਰੋਜੈਕਟ ਨੇ ਇਤਿਹਾਸਕ ਬਾਜ਼ਾਰ ਉਜਾੜੇ

## ਸੈਂਕੜੇ ਇਮਾਰਤੀ ਦੁਕਾਨਾਂ ਢਹਿ-ਢੇਰੀ



**ਅੰਮ੍ਰਿਤਸਰ:** ਜੂਨ 1984 ਵਿਚ ਹੋਏ ਸਾਕਾ ਨੀਲਾ ਤਾਰਾ ਤੇ 1988 ਵਿਚ ਆਪਰੇਸ਼ਨ ਬਲੈਕ ਥੰਡਰ ਤੋਂ ਬਾਅਦ ਉਸ ਵੇਲੇ ਦੀ ਕੇਂਦਰ ਸਰਕਾਰ ਨੇ ਸੁਰੱਖਿਆ ਦੀ ਦ੍ਰਿਸ਼ਟੀ ਨਾਲ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਦੇ ਖੇਤਰ ਨੂੰ ਖੁੱਲ੍ਹਾ ਕਰਨ ਦੀ ਯੋਜਨਾ ਬਣਾਈ ਸੀ। ਸੁਰੱਖਿਆ ਦੀ ਦ੍ਰਿਸ਼ਟੀ ਨਾਲ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਬਣਾਏ ਗਲਿਆਰੇ ਕਾਰਨ ਜਿਥੇ ਇਥੇ ਵਸਦੇ ਲੋਕ ਤੇ ਦੁਕਾਨਦਾਰ ਪ੍ਰਭਾਵਿਤ ਹੋਏ, ਉਥੇ ਹੀ ਗਲਿਆਰੇ ਵਿਚ ਆਉਣ ਕਾਰਨ ਕਈ ਇਤਿਹਾਸਕ ਬਾਜ਼ਾਰਾਂ ਤੇ ਗਲੀਆਂ ਦੀ ਹੋਂਦ ਹੀ ਖ਼ਤਮ ਹੋ ਗਈ।

ਉਸ ਵੇਲੇ ਇਸ ਨੂੰ ਹਰਿਮੰਦਰ ਸਾਹਿਬ ਸੁੰਦਰੀਕਰਨ ਯੋਜਨਾ ਦਾ ਨਾਂ ਦਿੱਤਾ ਗਿਆ ਤੇ ਕੇਂਦਰ ਸਰਕਾਰ ਵੱਲੋਂ ਯੋਜਨਾ ਨੂੰ ਮੁਕੰਮਲ ਕਰਨ ਲਈ 70 ਕਰੋੜ ਰੁਪਏ ਰੱਖੇ ਗਏ। ਇਸ ਯੋਜਨਾ ਨੂੰ ਪੰਜ ਪੜਾਵਾਂ ਵਿਚ ਵੰਡਿਆ ਗਿਆ। ਪਹਿਲੇ ਪੜਾਅ ਵਿਚ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ 30 ਮੀਟਰ ਦੇ ਘੇਰੇ ਵਿਚ ਆਉਂਦੇ ਸੈਂਕੜੇ ਘਰ, ਵਪਾਰਕ ਅਦਾਰੇ ਤੇ ਦੁਕਾਨਾਂ ਨੂੰ ਢਹਿ-ਢੇਰੀ ਕਰ ਦਿੱਤਾ ਗਿਆ। ਦੂਜੇ ਪੜਾਅ ਵਿਚ ਇਸ ਨੂੰ ਇਕ ਖੁੱਲ੍ਹਾ ਖੇਤਰ ਬਣਾ ਦਿੱਤਾ ਗਿਆ ਜਿਸ ਨੂੰ ਬਾਅਦ ਵਿਚ ਗਲਿਆਰੇ ਦਾ ਰੂਪ ਦੇ ਦਿੱਤਾ ਗਿਆ ਜਿਸ ਤਹਿਤ ਇਥੇ ਹਰੀ ਪੱਟੀ ਸਥਾਪਤ ਕੀਤੀ ਗਈ।

ਅੱਜ ਤੋਂ ਤਕਰੀਬਨ ਢਾਈ-ਤਿੰਨ ਦਹਾਕੇ ਪਹਿਲਾਂ ਜਦੋਂ ਗਲਿਆਰਾ ਨਹੀਂ ਸੀ, ਉਸ ਵੇਲੇ ਇਹ ਇਲਾਕਾ ਸ਼ਹਿਰ ਦਾ ਸਭ ਤੋਂ ਵਧੇਰੇ ਰੌਣਕ ਵਾਲਾ ਵਪਾਰਕ ਇਲਾਕਾ ਹੁੰਦਾ ਸੀ। ਇਥੇ 18ਵੀਂ ਤੇ 19ਵੀਂ ਸਦੀ ਦੇ ਬਣੇ ਹੋਏ ਨਾਨਕਸ਼ਾਹੀ ਇੱਟਾਂ ਦੇ ਛੱਜਿਆਂ ਵਾਲੇ ਘਰ ਤੇ ਘਰਾਂ ਦੇ ਹੇਠਾਂ ਹੀ ਦੁਕਾਨਾਂ ਹੁੰਦੀਆਂ ਸਨ। ਭੀੜੇ ਬਾਜ਼ਾਰ ਤੇ ਤੰਗ ਗਲੀਆਂ ਪੁਰਾਤਨਤਾ ਦਾ ਨਜ਼ਾਰਾ ਪੇਸ਼ ਕਰਦੀਆਂ ਸਨ।

ਉਸ ਵੇਲੇ ਹਰਿਮੰਦਰ ਸਾਹਿਬ ਦੇ ਸਾਹਮਣੇ ਅਕਾਲੀ ਮਾਰਕਿਟ, ਇਸ ਦੇ ਨਾਲ ਹੀ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਦਾ ਬਣਿਆ ਮੋਚੀ ਬਾਜ਼ਾਰ ਤੇ ਗੁਰੂ ਰਾਮਦਾਸ ਸਰਾਂ ਵਾਲੇ ਪਾਸੇ ਵਧੇਰੇ ਰਿਹਾਇਸ਼ੀ ਇਲਾਕਾ ਸੀ ਜਿਥੇ ਬਾਬਾ ਸਾਹਿਬ ਚੌਕ, ਕਟੜਾ ਦਲ ਸਿੰਘ, ਗੁਰਦੁਆਰਾ ਅਟੱਲ ਰਾਏ, ਗੁਰਦੁਆਰਾ ਕੌਲ ਸਰ ਨੇੜੇ ਤੰਗ ਗਲੀਆਂ ਦਾ ਜਾਲ ਸੀ, ਜਿਨ੍ਹਾਂ ਵਿਚ ਸੰਘਣੀ ਆਬਾਦੀ ਸੀ। ਇਸੇ ਤਰ੍ਹਾਂ ਅਕਾਲ ਤਖ਼ਤ ਵਾਲੇ ਪਾਸੇ ਥੜ੍ਹਾ ਸਾਹਿਬ ਬਾਜ਼ਾਰ, ਬਾਜ਼ਾਰ ਮੁਨਿਆਰਾ, ਝੂਠਾ ਬਾਜ਼ਾਰ, ਬਾਜ਼ਾਰ ਮਾਈ ਸੇਵਾ, ਕਾਠੀਆਂ ਵਾਲਾ ਬਾਜ਼ਾਰ, ਪਾਪੜਾਂ ਵਾਲਾ ਬਾਜ਼ਾਰ, ਸ਼ਹੀਦ ਮਾਰਕਿਟ, ਚੂੜੇ ਵਾਲਾ ਬਾਜ਼ਾਰ, ਆਟਾ ਮੰਡੀ ਬਾਜ਼ਾਰ ਸਨ ਜਿਨ੍ਹਾਂ ਵਿਚ ਉਸ ਵੇਲੇ ਦਿਨ ਰਾਤ ਆਵਾਜਾਈ ਰਹਿੰਦੀ ਸੀ।

ਗਲਿਆਰਾ ਯੋਜਨਾ ਤੋਂ ਬਾਅਦ ਇਸ ਇਲਾਕੇ ਦਾ ਪੁਰਾਤਨ ਸਰੂਪ ਖ਼ਤਮ ਹੋ ਗਿਆ। ਗਲਿਆਰਾ ਬਣਾਉਣ ਕਾਰਨ ਥੜ੍ਹਾ ਸਾਹਿਬ ਬਾਜ਼ਾਰ, ਝੂਠਾ ਬਾਜ਼ਾਰ, ਮੁਨਿਆਰਾ ਵਾਲਾ ਬਾਜ਼ਾਰ, ਮੋਚੀ ਬਾਜ਼ਾਰ, ਅਕਾਲੀ ਮਾਰਕਿਟ ਤੇ ਸ਼ਹੀਦ ਮਾਰਕਿਟ ਤਾਂ ਤਕਰੀਬਨ ਖ਼ਤਮ ਹੀ ਹੋ ਗਈਆਂ ਜਦੋਂਕਿ ਮਾਈ ਸੇਵਾ ਵਾਲਾ ਬਾਜ਼ਾਰ, ਕਾਠੀਆਂ ਵਾਲਾ ਬਾਜ਼ਾਰ, ਪਾਪੜਾਂ ਵਾਲਾ ਬਾਜ਼ਾਰ ਤੇ ਆਟਾ ਮੰਡੀ ਬਾਜ਼ਾਰ ਦਾ ਵੀ ਵੱਡਾ ਹਿੱਸਾ ਖ਼ਤਮ ਹੋ ਗਿਆ। ਇਸੇ ਤਰ੍ਹਾਂ ਰਿਹਾਇਸ਼ੀ ਇਲਾਕਿਆਂ ਵਿਚੋਂ ਸੰਗਲ ਵਾਲੀ ਗਲੀ, ਮੁਨਿਆਰੇ ਵਾਲੀ ਗਲੀ, ਗਲੀ ਕੌਲਸਰ ਤੇ ਕਈ ਹੋਰਾਂ ਅਹਿਮ ਥਾਵਾਂ ਦੀ ਹੋਂਦ ਹੀ ਖ਼ਤਮ ਹੋ ਗਈ ਹੈ। ਕਟੜਾ ਦਲ ਸਿੰਘ ਤੇ ਬਾਬਾ ਸਾਹਿਬ ਚੌਂਕ ਦਾ ਅੱਧਾ ਰਿਹਾਇਸ਼ੀ ਇਲਾਕਾ ਵੀ ਖ਼ਤਮ ਹੋ ਗਿਆ ਹੈ।

ਗਲਿਆਰਾ ਬਣਨ ਕਾਰਨ ਇਸ ਇਲਾਕੇ ਦੇ ਕਈ ਪੁਰਾਣੇ ਬਾਜ਼ਾਰ ਤੇ ਗਲੀਆਂ ਵੀ ਖ਼ਤਮ ਹੋ ਗਈਆਂ ਹਨ ਜਿਸ ਨੇ ਇਸ ਦੀ ਪੁਰਾਤਨਤਾ ਨੂੰ ਵੀ ਪ੍ਰਭਾਵਿਤ ਕੀਤਾ ਹੈ। ਨਿਯਮਾਂ ਮੁਤਾਬਕ ਵਿਰਾਸਤੀ ਇਮਾਰਤਾਂ ਵਾਲੇ ਇਲਾਕੇ ਵਿਚ ਅਜਿਹਾ ਖੁੱਲ੍ਹਾ ਖੇਤਰ ਸਥਾਪਤ ਨਹੀਂ ਕੀਤਾ ਗਿਆ ਬਲਕਿ ਇਥੇ ਨਿਯਮਾਂ ਦੀ ਉਲੰਘਣਾ ਕੀਤੀ ਗਈ ਹੈ। ਖੁੱਲ੍ਹਾ ਖੇਤਰ ਹੋਣ ਕਾਰਨ ਹੁਣ ਇਥੇ ਵਾਹਨਾਂ ਦੀ ਆਵਾਜਾਈ ਵਧ ਗਈ ਹੈ ਜਿਸ ਕਾਰਨ ਪ੍ਰਦੂਸ਼ਣ ਵਧਿਆ ਹੈ।

ਇਸੇ ਤਰ੍ਹਾਂ ਜ਼ਮੀਨ ਦੀ ਵਰਤੋਂ ਬਦਲੇ ਜਾਣ ਕਾਰਨ ਪੁਰਾਣੇ ਘਰਾਂ ਦੀ ਥਾਂ ਹੋਟਲ ਬਣ ਗਏ ਹਨ ਜਿਨ੍ਹਾਂ ਪ੍ਰਦੂਸ਼ਣ ਵਿਚ ਹੋਰ ਵਾਧਾ ਕੀਤਾ ਹੈ। ਇਸ ਪ੍ਰਦੂਸ਼ਣ ਦਾ ਸ੍ਰੀ ਹਰਿਮੰਦਰ ਸਾਹਿਬ 'ਤੇ ਮਾੜਾ ਪ੍ਰਭਾਵ ਪੈ ਰਿਹਾ ਹੈ। ਭਾਵੇਂ ਸਰਕਾਰ ਨੇ ਘਰਾਂ ਤੇ ਦੁਕਾਨਾਂ ਦੇ ਮਾਲਕਾਂ ਨੂੰ ਮੁਆਵਜ਼ਾ ਦਿੱਤਾ ਸੀ ਪਰ ਕਿਰਾਏਦਾਰਾਂ ਨੂੰ ਕੁਝ ਵੀ ਨਹੀਂ ਮਿਲਿਆ ਜਿਸ ਦੇ ਸਿੱਟੇ ਵਜੋਂ ਅੱਜ ਵੀ 133 ਦੁਕਾਨਦਾਰ ਨਿਆਂ ਪ੍ਰਾਪਤੀ ਲਈ ਭਟਕ ਰਹੇ ਹਨ। ਇਨ੍ਹਾਂ ਵਿਚੋਂ ਨਿਆਂ ਦੀ ਉਡੀਕ ਕਰਦਿਆਂ ਕਈਆਂ ਦੀ ਮੌਤ ਵੀ ਹੋ ਚੁੱਕੀ ਹੈ।

# ਗੁਰਬਾਣੀ ਦੀਆਂ ਤੁਕਾਂ ਸਰੀਰ 'ਤੇ ਗੁਦਵਾਉਣ ਵਾਲਿਆਂ ਨੂੰ ਤਾੜਨਾ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਗੁਰਬਾਣੀ ਦੀਆਂ ਤੁਕਾਂ ਸਰੀਰ 'ਤੇ ਉਕਰਾਉਣ ਵਾਲਿਆਂ ਨੂੰ ਸਖ਼ਤ ਤਾੜਨਾ ਕੀਤੀ ਗਈ ਹੈ। ਸਿੰਘ ਸਾਹਿਬ ਨੇ ਕਿਹਾ ਕਿ ਉਹ ਵਿਅਕਤੀ ਜੋ ਥੋੜੀ ਜਿਹੀ ਪ੍ਰਸਿੱਧੀ ਲੈਣ ਕਾਰਨ ਆਪਣੇ ਸਰੀਰ ਦੇ ਕਿਸੇ ਹਿੱਸੇ 'ਤੇ ਗੁਰਬਾਣੀ ਦੀਆਂ ਤੁਕਾਂ ਜਾਂ ਧਾਰਮਿਕ ਚਿੰਨ੍ਹ ਉਕਰਾਉਂਦੇ ਹਨ, ਉਹ ਬਾਜ ਆਉਣ ਨਹੀਂ ਤਾਂ ਉਨ੍ਹਾਂ ਖ਼ਿਲਾਫ਼ ਗੁਰ ਮਰਿਆਦਾ ਮੁਤਾਬਕ ਸਖ਼ਤ ਕਾਰਵਾਈ ਕੀਤੀ ਜਾਵੇਗੀ।




ਦੱਸਣਯੋਗ ਹੈ ਕਿ ਇਸ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਸ਼ਿਕਾਇਤਾਂ ਪੁੱਜੀਆਂ ਹਨ। ਪੰਜਾਬੀ ਫਿਲਮਾਂ ਦੀ ਅਦਾਕਾਰਾ ਨੀਰੂ ਬਾਜਵਾ ਦੀ ਬਾਂਹ 'ਤੇ ਪਾਵਨ ਗੁਰਬਾਣੀ ਦੀ ਤੁਕ ਤੇ ਸ੍ਰੀ ਸਾਹਿਬ ਉਕਰਾਉਣ ਬਾਰੇ ਸ਼ਿਕਾਇਤ ਵੀ ਮਿਲੀ ਹੈ। ਜੋ ਨੀਰੂ ਬਾਜਵਾ ਦੀ ਫੇਸਬੁੱਕ 'ਤੇ ਵੀ ਪਾਈ ਗਈ ਹੈ।

ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਫਿਲਮੀ ਅਦਾਕਾਰਾ ਮੰਦਿਰਾ ਬੇਦੀ ਤੇ ਹੋਰ ਕਈ ਵਿਅਕਤੀਆਂ ਤੇ ਫਿਲਮੀ ਸਿਤਾਰਿਆਂ ਬਾਰੇ ਅਜਿਹੀਆਂ ਸ਼ਿਕਾਇਤਾਂ ਪੁੱਜੀਆਂ ਸਨ। ਪਾਵਨ ਗੁਰਬਾਣੀ ਦੀਆਂ ਤੁਕਾਂ ਆਪਣੇ ਸਰੀਰ 'ਤੇ ਉਕਰਾਉਣ ਨਾਲ ਗੁਰਬਾਣੀ ਦੀ ਬੇਅਦਬੀ ਹੁੰਦੀ ਹੈ।

# ਦਰਬਾਰ ਸਾਹਿਬ 'ਤੇ ਪ੍ਰਦੂਸ਼ਣ ਦੀ ਮਾਰ ਬਾਰੇ ਰਿਪੋਰਟ ਹਾਈ ਕੋਰਟ ਵਿਚ ਪੇਸ਼

**ਚੰਡੀਗੜ੍ਹ:** ਦਿੱਲੀ ਦੀ ਆਈਆਈਟੀ ਪ੍ਰਦੂਸ਼ਣ ਖੋਜ ਏਜੰਸੀ ਵੱਲੋਂ ਅੰਮ੍ਰਿਤਸਰ ਸਥਿਤ ਦਰਬਾਰ ਸਾਹਿਬ 'ਤੇ ਪੈਣ ਵਾਲੇ ਵਾਤਾਵਰਣ ਪ੍ਰਦੂਸ਼ਣ ਪ੍ਰਭਾਵਾਂ ਬਾਰੇ ਜਾਂਚ ਰਿਪੋਰਟ ਅਦਾਲਤ ਵਿਚ ਪੇਸ਼ ਕਰ ਦਿੱਤੀ ਗਈ ਹੈ। ਇਸ ਰਿਪੋਰਟ ਵਿਚ ਇਹ ਪਤਾ ਲਾਇਆ ਗਿਆ ਹੈ ਕਿ ਉਹ ਕਿਹੜੇ ਪ੍ਰਦੂਸ਼ਣ ਪਦਾਰਥ ਹਨ ਜਿਹੜੇ ਦਰਬਾਰ ਸਾਹਿਬ ਦੇ ਸੋਨੇ ਤੇ ਸੰਗਮਰਮਰ ਨੂੰ ਨੁਕਸਾਨ ਪਹੁੰਚਾ ਰਹੇ ਹਨ।

ਅਦਾਲਤੀ ਹੁਕਮਾਂ 'ਤੇ ਕਰਵਾਈ ਗਈ ਜਾਂਚ ਵਿਚ ਇਸ ਗੱਲ ਦਾ ਸੁਝਾਅ ਦਿੱਤਾ ਗਿਆ ਹੈ ਕਿ ਦਰਬਾਰ ਸਾਹਿਬ ਦੇ ਆਸ ਪਾਸ ਦੇ ਵਪਾਰਕ ਅਦਾਰਿਆਂ ਨੂੰ ਨਿਰਵਿਘਨ ਬਿਜਲੀ ਸਪਲਾਈ ਦਿੱਤੀ ਜਾਵੇ ਤਾਂ ਕਿ ਵਪਾਰਕ ਸੰਸਥਾਵਾਂ ਜਰਨੇਟਰਾਂ ਦੀ ਵਰਤੋਂ ਨਾ ਕਰਨ ਤੇ ਜੇ ਜਰਨੇਟਰ ਚਲਾਉਣੇ ਵੀ ਹੋਣ ਤਾਂ ਵਪਾਰਕ ਅਦਾਰਿਆਂ ਵੱਲੋਂ ਬੇਆਵਾਜ਼ ਤੇ ਕੁਦਰਤੀ ਗੈਸ ਨਾਲ ਚੱਲਣ ਵਾਲੇ ਪ੍ਰਦੂਸ਼ਣ ਮੁਕਤ ਜਰਨੇਟਰ ਚਲਾਏ ਜਾਣ।



ਸੁਝਾਅ ਵਿਚ ਕਿਹਾ ਗਿਆ ਹੈ ਕਿ ਅੰਮ੍ਰਿਤਸਰ ਸ਼ਹਿਰ ਦੇ ਆਸ-ਪਾਸ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਸਾੜਨ 'ਤੇ ਪਾਬੰਦੀ ਲਾ ਦਿੱਤੀ ਜਾਵੇ। ਇਸ ਤੋਂ ਇਲਾਵਾ ਦਰਬਾਰ ਸਾਹਿਬ ਦੇ ਦੋ ਕਿਲੋਮੀਟਰ ਦੀ ਹਵਾਈ ਦੂਰੀ ਦੇ ਅੰਦਰ ਕੋਈ ਵੀ ਅਜਿਹਾ ਨਵਾਂ ਜਾਂ ਪੁਰਾਣਾ ਪ੍ਰਦੂਸ਼ਣ ਫੈਲਾਉਣ ਵਾਲਾ ਉਦਯੋਗ ਜੋ ਪ੍ਰਦੂਸ਼ਣ ਰੋਕਥਾਮ ਦੀ 17 ਲਾਲ ਸ਼੍ਰੇਣੀ ਵਿਚ ਆਉਂਦੇ ਹੋਣ, ਉਤੇ ਪੂਰੀ ਤਰ੍ਹਾਂ ਪਾਬੰਦੀ ਲਾ ਦਿੱਤੀ ਜਾਵੇ।

ਆਈਆਈਟੀ ਦਿੱਲੀ ਵੱਲੋਂ ਦਿੱਤੇ ਗਏ ਸੁਝਾਅ ਵਿਚ ਲਿਖਿਆ ਗਿਆ ਹੈ ਕਿ ਦਰਬਾਰ ਸਾਹਿਬ ਸਿੱਖਾਂ ਦੀ ਆਸਥਾ ਦਾ ਸਰਵ ਉੱਚ ਸਥਾਨ ਹੈ ਤੇ ਦੁਨੀਆਂ ਭਰ ਦੇ ਸੈਲਾਨੀਆਂ ਲਈ ਵੀ ਖਿੱਚ ਦਾ ਕੇਂਦਰ ਹੈ। ਇਸ ਲਈ ਦਰਬਾਰ ਸਾਹਿਬ ਦੇ ਅੰਦਰ ਤੇ ਇਸ ਦੇ ਆਸ ਪਾਸ ਦੇ ਇਲਾਕਿਆਂ ਦੀ ਹਵਾ ਗੁਣਵਤਤਾ 'ਤੇ ਲਗਾਤਾਰ ਨਿਗ੍ਹਾ ਰੱਖਣ ਦੀ ਲੋੜ ਹੈ ਤਾਂ ਕਿ ਵਾਤਾਵਰਣ ਨੂੰ ਪ੍ਰਦੂਸ਼ਣ ਰਾਹੀਂ ਨੁਕਸਾਨ ਪਹੁੰਚਾਉਣ ਵਾਲੇ ਹੋਰ ਪਦਾਰਥਾਂ ਦਾ ਪਤਾ ਲਾਇਆ ਜਾ ਸਕੇ।

ਇਹ ਵੀ ਕਿਹਾ ਗਿਆ ਹੈ ਕਿ ਦਰਬਾਰ ਸਾਹਿਬ ਦੇ ਅੰਦਰ ਤੇ ਆਸ ਪਾਸ ਹਵਾ ਵਿਚਲੇ ਖ਼ਤਰਨਾਕ ਤੇ ਸਾਧਾਰਨ ਪ੍ਰਦੂਸ਼ਣ ਫੈਲਾਉਣ ਵਾਲੇ ਕਣਾਂ ਦੀ ਨਿਗਰਾਨੀ ਰੱਖਣ ਤੇ ਉਨ੍ਹਾਂ 'ਤੇ ਕਾਬੂ ਪਾਉਣ ਲਈ ਬੇਹੱਦ ਸੂਖਮ ਮੌਸਮ ਸਟੇਸ਼ਨ ਵੀ ਸਥਾਪਤ ਕੀਤਾ ਜਾਵੇ ਤਾਂ ਕਿ ਮੌਸਮ ਤੇ ਪ੍ਰਦੂਸ਼ਣ ਕਾਰਨ ਦਰਬਾਰ ਸਾਹਿਬ ਦੇ ਸੋਨੇ ਤੇ ਸੰਗਮਰਮਰ ਉਤੇ ਪੈ ਰਹੇ ਪ੍ਰਭਾਵਾਂ 'ਤੇ ਨਜ਼ਰ ਰੱਖੀ ਜਾ ਸਕੇ।

ਯਾਦ ਰਹੇ ਕਿ ਪ੍ਰਦੂਸ਼ਣ ਦੀ ਮਾਰ ਕਾਰਨ ਦਰਬਾਰ ਸਾਹਿਬ ਦਾ ਡਾਢਾ ਨੁਕਸਾਨ ਹੋ ਰਿਹਾ ਹੈ। ਇਸ ਨੁਕਸਾਨ ਨੂੰ ਰੋਕਣ ਬਾਰੇ ਕਈ ਪਾਸਿਉਂ ਲਗਾਤਾਰ ਮੰਗ ਉਠਦੀ ਰਹੀ ਹੈ, ਪਰ ਅਜੇ ਤੱਕ ਕੋਈ ਖਾਸ ਕਾਰਵਾਈ ਅਮਲ ਵਿਚ ਨਹੀਂ ਆ ਸਕੀ ਹੈ।

# ਸਾਕਾ ਨੀਲਾ ਤਾਰਾ: ਸਰਕਾਰ ਗਾਇਬ ਕਿਤਾਬਾਂ ਬਾਰੇ ਚੁੱਪ

**ਅੰਮ੍ਰਿਤਸਰ:** ਦਰਬਾਰ ਸਾਹਿਬ 'ਤੇ ਹੋਏ ਫ਼ੌਜੀ ਹਮਲੇ ਦੌਰਾਨ ਕਵੀ ਸੰਤੋਖ ਸਿੰਘ ਲਾਇਬਰੇਰੀ ਵਿਚਲੀਆਂ ਤਕਰੀਬਨ 15000 ਕਿਤਾਬਾਂ ਬਾਰੇ ਅੱਜ 29 ਸਾਲ ਬਾਅਦ ਵੀ ਕੋਈ ਉਘ-ਸੁਘ ਨਹੀਂ ਮਿਲ ਰਹੀ। ਇਸ ਬਾਰੇ ਸਾਰੇ ਹੀ ਕੇਂਦਰੀ ਅਦਾਰੇ ਖ਼ਾਮੋਸ਼ ਹਨ ਜਾਂ ਇਕ ਦੂਜੇ 'ਤੇ ਜ਼ਿੰਮੇਵਾਰੀ ਸੁੱਟ ਰਹੇ ਹਨ। ਭਾਰਤੀ ਫ਼ੌਜ ਨੇ ਦਰਬਾਰ ਸਾਹਿਬ ਦੀ ਆਟਾ ਮੰਡੀ ਵਾਲੀ ਬਾਹੀ 'ਤੇ ਸਥਿਤ ਰੈਫ਼ਰੈਂਸ ਲਾਇਬਰੇਰੀ ਵਿਚ ਮੌਜੂਦ ਦੁਰਲਭ ਕਿਤਾਬਾਂ, ਖਰੜੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਕਰੀਬਨ 2500 ਹੱਥ ਲਿਖਤ ਸਰੂਪਾਂ ਦੀ ਕੋਈ ਉਘ ਸੁਘ ਹੀ ਨਹੀਂ ਨਿਕਲਣ ਦਿੱਤੀ।

ਉਸ ਵੇਲੇ ਲਾਇਬਰੇਰੀ ਵਿਚ ਤਾਇਨਾਤ ਅਧਿਕਾਰੀ ਦਵਿੰਦਰ ਸਿੰਘ ਦੁਗਲ ਮੁਤਾਬਕ ਜੂਨ 1984 ਵਿਚ ਭਾਰਤੀ ਫ਼ੌਜ ਲਾਇਬਰੇਰੀ ਵਿਚਲੀਆਂ ਦੁਰਲਭ ਪੁਸਤਕਾਂ ਨੂੰ ਰੱਦੀ ਦੇ ਢੇਰ ਮੰਨ ਕੇ ਅੰਮ੍ਰਿਤਸਰ ਦੇ ਯੂਥ ਹੋਸਟਲ ਵਿਚ ਲੈ ਗਈ ਜਿਥੇ ਅੰਮ੍ਰਿਤਸਰ ਪੁਲਿਸ ਦੇ ਦੋ ਕਰਮਚਾਰੀਆਂ ਨਰਿੰਦਰਜੀਤ ਸਿੰਘ ਤੇ ਸ਼ਬਦਲ ਸਿੰਘ ਦੀ ਡਿਊਟੀ ਲਾ ਕੇ ਇਨ੍ਹਾਂ ਇਤਿਹਾਸਕ ਪੁਸਤਕਾਂ ਨੂੰ ਟਰੰਕਾਂ ਵਿਚ ਬੰਦ ਕਰਵਾਇਆ ਗਿਆ।

ਇਸ ਬਾਰੇ ਲੰਮੇ ਸਮੇਂ ਤੋਂ ਕੇਂਦਰ ਸਰਕਾਰ ਨਾਲ ਚਿੱਠੀ ਪੱਤਰ ਕਰ ਰਹੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਦਿਲਮੇਘ ਸਿੰਘ ਨੇ ਦੱਸਿਆ ਕਿ ਫ਼ੌਜ ਇਹ ਪੁਸਤਕਾਂ ਲਾਇਬਰੇਰੀ ਵਿਚੋਂ ਬੋਰੀਆਂ ਵਿਚ ਭਰ ਕੇ ਲੈ ਕੇ ਗਈ ਤੇ ਕਬਾੜ ਵਿਚ ਖ਼ਰੀਦੀ ਰੱਦੀ ਵਾਂਗ ਯੂਥ ਹੋਸਟਲ ਵਿਚ ਸੁੱਟ ਦਿੱਤੀਆਂ। ਇਸ ਗੱਲ ਦੀ ਤਸਦੀਕ ਨਰਿੰਦਰਜੀਤ ਸਿੰਘ ਤੇ ਸ਼ਬਦਲ ਸਿੰਘ ਵੀ ਕਰਦੇ ਹਨ। ਉਨ੍ਹਾਂ ਦਸਿਆ ਕਿ ਇਸ ਦੁਰਲਭ ਵਿਰਾਸਤੀ ਖ਼ਜ਼ਾਨੇ ਨੂੰ ਮੁੜ ਹਾਸਲ ਕਰਨ ਦੀਆਂ ਕੋਸ਼ਿਸ਼ਾਂ 1984 ਤੋਂ ਹੀ ਜਾਰੀ ਹਨ ਪਰ ਕਿਸੇ ਨੇ ਵੀ ਉਨ੍ਹਾਂ ਨੂੰ ਇਨਸਾਫ਼ ਨਹੀਂ ਦਿੱਤਾ।

ਫ਼ੌਜੀ ਅਧਿਕਾਰੀ ਕਹਿੰਦੇ ਰਹੇ ਕਿ ਦਰਬਾਰ ਸਾਹਿਬ ਹਮਲੇ ਤੋਂ ਬਾਅਦ ਸਾਰਾ ਸਾਮਾਨ ਸੀ.ਬੀ.ਆਈ ਨੂੰ ਸੌਂਪ ਦਿੱਤਾ ਤੇ ਸੀ.ਬੀ.ਆਈ ਫ਼ੌਜ 'ਤੇ ਗੱਲ ਸੁਟਦੀ ਰਹੀ ਹੈ। ਸੀ.ਬੀ.ਆਈ ਦਾ ਇਕ ਇੰਸਪੈਕਟਰ ਕਾਫ਼ੀ ਸਾਲ ਪਹਿਲਾਂ ਉਨ੍ਹਾਂ ਕੋਲ ਜਾਂਚ ਦੇ ਨਾਂ 'ਤੇ ਗੱਲਬਾਤ ਕਰਨ ਆਇਆ ਸੀ ਜਿਸ ਤੋਂ ਬਾਅਦ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦੇ ਦਫ਼ਤਰ ਵੱਲੋਂ ਇਕ ਟਰੰਕ ਦਰਬਾਰ ਸਾਹਿਬ ਭੇਜਿਆ ਗਿਆ ਜਿਸ ਵਿਚ ਇਕ ਸੜਿਆ ਹੋਇਆ ਰਿਵਾਲਵਰ ਤੇ ਕੁਝ ਕਰੰਸੀ ਦੇ ਨੋਟ ਸਨ। ਹੁਣ ਤੱਕ ਕਮੇਟੀ ਹਰ ਅਧਿਕਾਰੀ ਤੇ ਮੰਤਰੀ ਨਾਲ ਇਸ ਮਾਮਲੇ 'ਤੇ ਗੱਲਬਾਤ ਕਰ ਚੁੱਕੀ ਹੈ।



ਅੰਮ੍ਰਿਤਸਰ ਵਿਚ ਸਾਲ 2004 ਵਿਚ ਮਨਾਏ ਗਏ ਗੁਰੂ ਗ੍ਰੰਥ ਸਾਹਿਬ ਦੇ 400 ਸਾਲਾ ਪਹਿਲੇ ਪ੍ਰਕਾਸ਼ ਪੁਰਬ ਮੌਕੇ ਤਤਕਾਲੀ ਰਾਸ਼ਟਰਪਤੀ ਅਬਦੁਲ ਕਲਾਮ ਸ਼ਾਮਲ ਹੋਣ ਲਈ ਆਏ ਸਨ ਤਾਂ ਕਮੇਟੀ ਵੱਲੋਂ ਉਨ੍ਹਾਂ ਨੂੰ ਪੱਤਰ ਸੌਂਪ ਕੇ ਲਾਇਬਰੇਰੀ ਦੀਆਂ ਪੁਸਤਕਾਂ ਵਾਪਸ ਦੇਣ ਦੀ ਗੱਲ ਕੀਤੀ ਗਈ ਸੀ। ਮੌਜੂਦਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਕਈ ਵਾਰ ਪੱਤਰ ਲਿਖ ਕੇ ਜਾਂ ਨਿੱਜੀ ਤੌਰ 'ਤੇ ਮਿਲ ਕੇ ਪੁਸਤਕਾਂ ਵਾਪਸ ਦੇਣ ਬਾਰੇ ਅਪੀਲਾਂ ਕੀਤੀਆਂ ਪਰ ਕੁਝ ਹੱਥ ਪੱਲੇ ਨਹੀਂ ਪਿਆ। ਉਨ੍ਹਾਂ ਡਰ ਜ਼ਾਹਰ ਕੀਤਾ ਕਿ ਹੋ ਸਕਦਾ ਹੈ ਕਿ ਇਹ ਕਿਤਾਬਾਂ ਖ਼ਰਾਬ ਹੋ ਚੁੱਕੀਆਂ ਹੋਣ। ਉਨ੍ਹਾਂ ਦੱਸਿਆ ਕਿ ਕਮੇਟੀ ਦੇ ਕੁਝ ਕੁਆਰਟਰ ਦਰਬਾਰ ਸਾਹਿਬ ਵਿਚ ਸਨ। ਫ਼ੌਜੀਆਂ ਨੇ ਉਨ੍ਹਾਂ ਕੁਆਰਟਰਾਂ ਵਿਚ ਰਹਿਣ ਵਾਲੇ ਕਰਮਚਾਰੀਆਂ ਦੇ ਬੱਚਿਆਂ ਦੀਆਂ ਸਕੂਲੀ ਕਿਤਾਬਾਂ ਵੀ ਆਪਣੇ ਕਬਜ਼ੇ ਵਿਚ ਲੈ ਲਈਆਂ। ਇਕ ਮੀਟਿੰਗ ਵਿਚ ਉਨ੍ਹਾਂ ਨੂੰ ਕਾਫ਼ੀ ਲੰਮੀ ਚੌੜੀ ਸੂਚੀ ਵਿਖਾਈ ਗਈ ਸੀ ਜਿਸ ਵਿਚੋਂ ਕੁਝ 'ਤੇ ਨਿਸ਼ਾਨੀਆਂ ਲਾਈਆਂ ਸਨ ਪਰ ਫਿਰ ਮੁੱਕਰ ਗਏ ਕਿ ਇਹ ਸਾਮਾਨ ਲੱਭ ਨਹੀਂ ਰਿਹਾ। ਉਨ੍ਹਾਂ ਕਿਹਾ ਕਿ ਸਰਕਾਰ ਦੇ ਹੁਣ ਤੱਕ ਦੇ ਵਤੀਰੇ ਤੋਂ ਨਹੀ ਲੱਗਦਾ ਕਿ ਇਨਸਾਫ਼ ਮਿਲੇਗਾ।

# ਤਿੰਨ ਭੈਣ-ਭਰਾਵਾਂ ਦਾ ਬੱਦੋਵਾਲ ਢਾਡੀ ਜੱਥਾ

ਤਿੰਨ ਸਕੇ ਭੈਣ-ਭਰਾਵਾਂ ਦੇ ਬੱਦੋਵਾਲ ਢਾਡੀ ਜੱਥੇ ਨੇ ਗੁਰਇਤਿਹਾਸ ਨੂੰ ਅਨੋਖੇ ਅੰਦਾਜ਼ ਅਤੇ ਸੁਰੀਲੀ ਆਵਾਜ਼ ਨਾਲ ਪੇਸ਼ ਕਰਕੇ ਉਚ ਵਲੋਂ ਦੋ ਵਾਰ ਗੋਲਡ ਮੈਡਲ ਨਾਲ ਸਨਮਾਨ ਕੀਤਾ ਜਾ ਚੁੱਕਿਆ ਹੈ। ਜਥਾ ਆਪਣਾ ਉਸਤਾਦ ਮੁਖਤਿਆਰ ਸਿੰਘ ਤੂਫ਼ਾਨ ਬੀਹਲਾ ਨੂੰ ਮੰਨਦਾ ਵਾਲੇ ਦਾ ਸੀਡੀਆਂ ਸ਼ਾਮਲ ਹਨ। ਜਥੇ ਵਲੋਂ ਦੇਸ਼ ਵਿਦੇਸ਼ਾਂ ਵਿਚ ਸਿੱਖੀ ਦੇ ਪ੍ਰਚਾਰ ਲਈ ਹਰ ਧਾਰਮਿਕ ਪ੍ਰੋਗਰਾਮ ਤੇ ਗੁਰਸਿੱਖ ਪਰਿਵਾਰਾਂ ਨੂੰ



*ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਿਖੇ ਬੱਦੋਵਾਲ ਢਾਡੀ ਜਥੇ ਦੀ ਸੀ ਡੀ ਰਿਲੀਜ਼ ਕਰਦੇ ਹੋਏ ਪ੍ਰਬੰਧਕ*

ਬੁਲੰਦੀਆਂ ਨੂੰ ਛੋਹਿਆ ਹੈ। ਜਥੇ ਦੇ ਆਗੂ ਬੀਬੀ ਜਸਦੀਪ ਕੌਰ ਖਾਲਸਾ ਐਮ.ਏ. ਗੋਲਡ ਮੈਡਲ ਹਨ ਅਤੇ ਕਾਲਜ ਲੈਕਚਰਾਰ ਦੀ ਸੇਵਾ ਵੀ ਛੋਟੀ ਉਮਰੇ ਨਿਭਾ ਚੁੱਕੇ ਹਨ ਅਤੇ ਗਾਇਕ ਅਤੇ ਸੁਲਝੇ ਹੋਏ ਪ੍ਰਚਾਰਕ ਹਨ। ਉਨ੍ਹਾਂ ਦੀ ਛੋਟੀ ਭੈਣ ਬੀਬੀ ਹਰਮੀਤ ਕੌਰ ਖਾਲਸਾ ਡਬਲ ਐਮ.ਏ. ਗੋਲਡ ਮੈਡਲ (ਮਿਊਜ਼ਿਕ ਵੋਕਲ/ਪੰਜਾਬੀ) ਬਹੁਤ ਹੀ ਸੁਰੀਲੀ ਮਿੱਠੀ ਆਵਾਜ਼ ਦੇ ਮਾਲਕ ਹਨ, ਜੋ ਸਰੋਤਿਆਂ ਨੂੰ ਢਾਡੀ ਵਾਰਾਂ ਪੇਸ਼ ਕਰਦਿਆਂ ਮੰਤਰ ਮੁਗਧ ਕਰ ਦਿੰਦੇ ਹਨ। ਦੋਨਾਂ ਭੈਣਾਂ ਦੇ ਸਕੇ ਭਰਾ ਜਸਮੀਤ ਸਿੰਘ ਖਾਲਸਾ ਐਮ.ਏ., ਸਾਰੰਗੀ ਵਿਚ ਨੈਸ਼ਨਲ ਅਵਾਰਡ ਪ੍ਰਾਪਤ ਕਰ ਚੁਕੇ ਹਨ। ਸਾਰੰਗੀ ਮਾਸਟਰਾਂ ਵਿਚ ਆਪਣੀ ਮਿਸਾਲ ਆਪ ਹਨ। ਜਥੇ ਦੇ ਤਿੰਨੇ ਮੈਂਬਰ ਅੰਮ੍ਰਿਤਧਾਰੀ, ਬਾਣੀ ਅਤੇ ਬਾਣੇ ਦੇ ਧਾਰਨੀ ਸਾਦਾ ਲਿਬਾਸ ਪਹਿਨਦੇ ਹਨ। ਉਹ ਚੰਗੇ ਕੀਰਤਨੀਏ ਵੀ ਹਨ।

ਜਥਾ 2010, 2011 ਅਤੇ 2013-ਲਗਾਤਾਰ ਤਿੰਨ ਵਾਰ ਧਾਰਮਿਕ ਵੀਡੀਓ, ਸੀਡੀਆਂ ਵਿਚ ਪੀ.ਟੀ.ਸੀ. ਪੰਜਾਬੀ ਮਿਊਜ਼ਿਕ ਅਵਾਰਡ ਪ੍ਰਾਪਤ ਕਰ ਚੁੱਕਿਆ ਹੈ ਅਤੇ ਕੈਨੇਡਾ ਵਿਚ ਸੰਗਤਾਂ ਹੈ। ਜਥੇ ਵਲੋਂ ਕੌਮ ਦੀ ਚੜ੍ਹਦੀ ਕਲਾ ਅਤੇ ਮਨੁੱਖਤਾ ਨੂੰ ਪੇਸ਼ ਵਾਤਾਵਰਨ ਸਬੰਧੀ ਖਤਰਿਆਂ ਅਤੇ ਨਸ਼ਿਆਂ ਦੇ ਖਤਰਨਾਕ ਵਰਤਾਰੇ, ਲੱਚਰਪੁਣੇ, ਭਰੂਣ ਹੱਤਿਆ ਆਦਿ ਸਮਾਜਿਕ ਬੁਰਾਈਆਂ ਸਬੰਧੀ ਸਮੇਂ-ਸਮੇਂ ਵੀਡੀਓ, ਸੀਡੀਆਂ ਰਾਹੀਂ ਸੰਗਤਾਂ ਨੂੰ ਆਗਾਹ ਕੀਤਾ ਜਾ ਰਿਹਾ ਹੈ।

ਇਸ ਢਾਡੀ ਜਥੇ ਵਲੋਂ 15 ਵੀਡੀਓ ਸੀਡੀਆਂ, 4 ਐਮ.ਪੀ. 3 ਸੀਡੀਆਂ ਵੱਖ-ਵੱਖ ਕੰਪਨੀਆਂ ਪਾਸ ਰਿਕਾਰਡ ਕਰਵਾਈਆਂ ਜਾ ਚੁਕੀਆਂ ਹਨ। ਇਨ੍ਹਾਂ ਵਿਚ ਖੂਨ ਹੈ ਜਵਾਬ ਮੰਗਦਾ, ਬਾਗੀ ਸੰਤ ਸਿਪਾਹੀ, ਜੱਗ ਵਿਚ ਨਹੀਂਓਂ ਰੀਸਾਂ, ਵਿਰਸਾ ਕੁਰਬਾਨੀ ਦਾ, ਦੁਨੀਆਂ ਕਰਦੀ ਯਾਦ ਰਹੂਗੀ, ਜਾ ਤੂ ਮੇਰੇ ਵਲਿ ਹੈ, ਸਭ ਤੇ ਵਡਾ ਸਤਿਗੁਰ ਨਾਨਕ, ਵਾਰਸ ਸਾਰੀ ਦੁਨੀਆਂ ਦੇ, ਕੰਡਿਆਂ ਤੇ ਸੌਂ ਗਿਆ, ਜਿੰਦ ਵਾਰ ਗਏ ਧਰਮ ਤੋਂ ਹੱਸ ਕੇ ਅਤੇ ਵਾਰ ਦਿੱਤੀ ਮਾਤ ਗੁਜਰੀ, ਦਰਦ ਮਾਸੂਮਾਂ ਦਾ, ਧਰਮ ਲਈ ਸਭ ਕੁਝ ਵਾਰਿਆ ਵੀਡੀਓ ਸੀਡੀਜ਼ ਅਤੇ ਸਾਹਿਬ ਏ ਕਮਾਲ, ਸਿੱਖ ਇਤਿਹਾਸ ਦੇ ਖੂਨੀ ਵਰਕੇ, ਮਾਂ ਗੁਜ਼ਰੀ ਦੇ ਰਾਜ ਦੁਲਾਰੇ ਐਮ.ਪੀ. 3, ਦਰ ਛੱਡ ਕੇ ਕਲਗੀਆ ਵੀਡੀਓ ਸੀਡੀਜ਼ ਭੇਟਾ ਰਹਿਤ ਦਿਤੀਆਂ ਜਾ ਰਹੀਆਂ ਹਨ। ਜਥੇ ਨਾਲ ਸੰਪਰਕ ਈ-ਮੇਲ: baddowalbibian@yahoo.com ਅਤੇ ਫੋਨ: 516-558-5464 ਰਾਹੀਂ ਕੀਤਾ ਜਾ ਸਕਦਾ ਹੈ।

## ਮਹਾਰਾਣੀ ਐਲਿਜ਼ਾਬੈਥ ਦੀ ਤਸਵੀਰ ਨਾਲ ਛੇੜਛਾੜ

**ਲੰਦਨ:** ਬਰਤਾਨੀਆ ਦੀ ਮਹਾਰਾਣੀ ਐਲਿਜ਼ਾਬੈਥ-2 ਦੀ ਤਸਵੀਰ ਨਾਲ ਛੇੜਛਾੜ ਦੇ ਦੋਸ਼ ਵਿਚ ਪੁਲਿਸ ਨੇ ਵੈਸਟ ਮਨਿਸਟਰ ਏਬੇ ਤੋਂ ਇਕ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ। ਆਸਟਰੇਲੀਆ ਵਿਚ ਜਨਮੇ ਲੰਦਨ ਨਿਵਾਸੀ ਕਲਾਕਾਰ ਰੈਲਪਕ ਹੀਮੰਸ ਵੱਲੋਂ ਬਣਾਈ ਗਈ ਇਹ ਤਸਵੀਰ 1953 ਵਿਚ ਮਹਾਰਾਣੀ ਐਲਿਜ਼ਾਬੈਥ ਦੀ ਤਾਜ਼ਪੋਸ਼ੀ ਨੂੰ ਬਿਆਨ ਕਰਦੀ ਹੈ ਤੇ ਇਥੋਂ ਦੀ ਪ੍ਰਦਰਸ਼ਨੀ ਦਾ ਅਹਿਮ ਹਿੱਸਾ ਸੀ। ਏਬੇ ਦੇ ਬੁਲਾਰੇ ਨੇ ਦੱਸਿਆ ਕਿ ਪ੍ਰਦਰਸ਼ਨੀ ਦੇ ਦੌਰਾਨ ਇਕ ਵਿਅਕਤੀ ਨੇ ਤਸਵੀਰ 'ਤੇ ਸਪਰੇਅ ਕਰਕੇ ਉਸ ਨਾਲ ਛੇੜਛਾੜ ਕਰ ਦਿੱਤੀ।

# ਲਹਿੰਦੇ ਪੰਜਾਬ ਦਾ ਹਿੰਦੂ ਆਗੂ ਵੀ ਬਣਿਆ ਵਿਧਾਇਕ

**ਲਾਹੌਰ:** ਲਹਿੰਦੇ ਪੰਜਾਬ ਵਿਚ ਹਿੰਦੂ ਆਗੂ ਕਾਂਜੀ ਰਾਮ ਵਿਧਾਇਕ ਚੁਣੇ ਗਏ ਹਨ। ਪਿਛਲੇ 16 ਸਾਲਾਂ ਦੌਰਾਨ ਲਹਿੰਦੇ ਪੰਜਾਬ ਦੀ ਅਸੈਂਬਲੀ ਵਿਚ ਇਕ ਹਿੰਦੂ ਵਿਧਾਇਕ ਦੀ ਇਹ ਪਹਿਲੀ ਚੋਣ ਹੈ। ਇਸ ਤੋਂ ਕੁਝ ਦਿਨ ਪਹਿਲਾਂ ਇਕ ਸਿੱਖ ਨੇ ਵੀ ਪਾਕਿਸਤਾਨ ਦੀ ਕਾਇਮੀ ਪਿਛੋਂ ਪਹਿਲੀ ਵਾਰ ਇਸੇ ਅਸੈਂਬਲੀ ਵਿਚ ਕਾਨੂੰਨਸਾਜ਼ ਵਜੋਂ ਕਦਮ ਧਰਿਆ ਸੀ। ਕਾਂਜੀ ਰਾਮ ਸੂਬੇ ਦੇ ਇਤਿਹਾਸ ਦੇ ਦੂਜੇ ਹਿੰਦੂ ਮੈਂਬਰ ਹਨ ਤੇ ਉਨ੍ਹਾਂ ਤੋਂ ਪਹਿਲਾਂ 1997 'ਚ ਸੇਠ ਭਰਤ ਰਾਮ ਚੁਣੇ ਗਏ ਸਨ।

ਸ੍ਰੀ ਕਾਂਜੀ ਰਾਮ ਤੇ ਅਸੈਂਬਲੀ ਦੇ ਸਿੱਖ ਮੈਂਬਰ ਰੇਸ਼ਮ ਸਿੰਘ ਅਰੋੜਾ ਦੋਵਾਂ ਨੂੰ ਹੁਕਮਰਾਨ ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਨੇ ਪੰਜਾਬ ਅਸੈਂਬਲੀ ਵਿਚ ਗ਼ੈਰ-ਮੁਸਲਮਾਨਾਂ ਲਈ ਰਾਖਵੀਆਂ ਸੀਟਾਂ ਤਹਿਤ ਮੈਂਬਰ ਨਾਮਜ਼ਦ ਕੀਤਾ ਹੈ। ਸ੍ਰੀ ਕਾਂਜੀ ਰਾਮ ਪੰਜਾਬ ਦੇ ਰਹੀਮ ਯਾਰ ਖਾਨ ਜ਼ਿਲ੍ਹੇ ਵਿਚ ਸਾਦਿਕਾਬਾਦ ਦੇ ਜੰਮਪਲ ਹਨ ਜਦੋਂਕਿ ਸ. ਅਰੋੜਾ ਸਰਹੱਦੀ ਜ਼ਿਲ੍ਹੇ ਨਾਰੋਵਾਲ ਨਾਲ ਸਬੰਧਤ ਹਨ। ਸ. ਅਰੋੜਾ ਨੇ ਪਹਿਲੀ ਜੂਨ ਨੂੰ ਅਸੈਂਬਲੀ ਦੇ ਪਹਿਲੇ ਸੈਸ਼ਨ ਵਿਚ ਅਹੁਦੇ ਦਾ ਹਲਫ਼ ਲਿਆ। ਰਹੀਮ ਯਾਰ ਖਾਨ ਜ਼ਿਲ੍ਹੇ ਵਿਚ ਹਿੰਦੂਆਂ ਦੀ ਕਾਫੀ ਆਬਾਦੀ ਰਹਿੰਦੀ ਹੈ।

ਕਾਂਜੀ ਰਾਮ ਦਾ ਕਹਿਣਾ ਹੈ ਕਿ ਉਹ ਕਾਨੂੰਨਸਾਜ਼ ਵਜੋਂ ਆਪਣੇ ਭਾਈਚਾਰੇ ਨੂੰ ਦਰਪੇਸ਼ ਮੁਸ਼ਕਲਾਂ ਦੇ ਹੱਲ ਲਈ ਕੰਮ ਕਰਨਗੇ। ਉਨ੍ਹਾਂ ਮੰਗ ਕੀਤੀ ਕਿ ਗੁਆਂਢੀ ਭਾਰਤ ਨਾਲ ਵੀਜ਼ਾ ਨਿਯਮ ਨਰਮ ਕੀਤੇ ਜਾਣ। ਪਾਕਿਸਤਾਨੀ ਹਿੰਦੂ ਸਾਰੇ ਗੁਆਂਢੀ ਮੁਲਕਾਂ ਤੇ ਖਾਸਕਰ ਭਾਰਤ ਨਾਲ ਵਧੀਆ ਰਿਸ਼ਤੇ ਚਾਹੁੰਦੇ ਹਨ ਕਿਉਂਕਿ ਇਹ ਖਿੱਤੇ ਦਾ ਅਹਿਮ ਮੁਲਕ ਹੈ। ਉਹ ਭਾਰਤ ਤੇ ਪਾਕਿਸਤਾਨ ਵਿਚਕਾਰ ਆਵਾਜਾਈ ਵੀ ਆਸਾਨ ਬਣਾਏ ਜਾਣ ਦੇ ਹਾਮੀ ਹਨ। ਉਨ੍ਹਾਂ ਨੇ ਘੱਟ ਗਿਣਤੀ ਹਿੰਦੂ ਭਾਈਚਾਰੇ ਦੀਆਂ ਕੁੜੀਆਂ ਨੂੰ ਜਬਰੀ ਮੁਸਲਮਾਨ ਬਣਾ ਕੇ ਉਨ੍ਹਾਂ ਨਾਲ ਜਬਰੀ ਵਿਆਹ ਕੀਤੇ ਜਾਣ ਉਤੇ ਫਿਕਰ ਜ਼ਾਹਿਰ ਕੀਤਾ।

ਲਹਿੰਦੇ ਪੰਜਾਬ ਦੀ ਅਸੈਂਬਲੀ ਵਿਚ ਗ਼ੈਰ-ਮੁਸਲਮਾਨਾਂ ਲਈ ਅੱਠ ਸੀਟਾਂ ਰਾਖਵੀਆਂ ਹਨ ਜਿਹੜੀਆਂ ਸਿਆਸੀ ਪਾਰਟੀਆਂ ਨੂੰ ਚੋਣਾਂ ਵਿਚ ਉਨ੍ਹਾਂ ਦੀ ਕਾਰਗੁਜ਼ਾਰੀ ਦੇ ਆਧਾਰ ਉੱਤੇ ਮਿਲਦੀਆਂ ਹਨ ਤੇ ਵੱਖ-ਵੱਖ ਪਾਰਟੀਆਂ ਆਪੋ-ਆਪਣੇ ਕੋਟੇ ਦੇ ਮੈਂਬਰ ਨਾਮਜ਼ਦ ਕਰਦੀਆਂ ਹਨ। ਪੀਐਮਐਲ-ਐਨ ਨੂੰ ਪਿਛਲੇ ਮਹੀਨੇ ਹੋਈਆਂ ਚੋਣਾਂ ਵਿਚ ਮਿਲੇ ਭਾਰੀ ਬਹੁਮਤ ਸਦਕਾ ਇਨ੍ਹਾਂ ਅੱਠਾਂ ਵਿਚੋਂ ਸੱਤ ਸੀਟਾਂ ਹਾਸਲ ਹੋਈਆਂ ਹਨ।

ਰੇਡੀਓ ਚੰਨ ਪ੍ਰਦੇਸੀ
ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ
ਹੋਰ ਜਾਣਕਾਰੀ ਲਈ ਕਾਲ ਕਰੋ
ਦਰਸ਼ਨ ਸਿੰਘ ਬਸਰਾਓਂ, ਫੋਨ: 815-557-4991
ਸਰਵਣ ਸਿੰਘ ਟਿਵਾਣਾ, ਫੋਨ:219-670-4579




ਕੌਮਾਂਤਰੀ ਰੀਸਾਈਕਲਿੰਗ ਦਿਵਸ
8 ਜੁਲਾਈ 2013



ਧਰਤੀ ਸਾਡੀ ਮਾਂ ਹੈ ਅਤੇ ਕੁਦਰਤ ਸਾਡੀ ਪਾਲਣਹਾਰ। ਮਨੁੱਖ ਨੇ ਧਰਤੀ ਦੇ ਚੌਗਿਰਦੇ ਨਾਲ ਬਹੁਤ ਖਿਲਵਾੜ ਕਰ ਲਿਆ ਹੈ ਜਿਸ ਦੇ ਨਤੀਜੇ ਮਨੁੱਖ ਅਤੇ ਧਰਤੀ ਦੇ ਹੋਰ ਜੀਵਾਂ ਲਈ ਘਾਤਕ ਸਾਬਤ ਹੋ ਰਹੇ ਹਨ। ਕੁਦਰਤੀ ਸਰੋਤਾਂ ਦੀ ਹੱਦੋਂ ਵੱਧ ਬੇਵਜ੍ਹਾ ਵਰਤੋਂ ਚੌਗਿਰਦੇ ਲਈ ਘਾਤਕ ਸਾਬਤ ਹੋ ਰਹੀ ਹੈ। ਇਸ ਲਈ ਕੁਦਰਤੀ ਸਾਧਨਾਂ ਦੀ ਵਰਤੋਂ ਘੱਟ ਅਤੇ ਸੰਜਮ ਨਾਲ ਕਰਨਾ ਬੇਹਦ ਜ਼ਰੂਰੀ ਹੈ। ਚੀਜ਼ਾਂ ਵਰਤ ਕੇ ਕੂੜੇ 'ਚ ਸੁੱਟਣ ਦੀ ਥਾਂ ਰੀਸਾਈਕਲ ਕਰਕੇ ਅਸੀਂ ਵਾਤਾਵਰਣ ਦੀ ਸੰਭਾਲ 'ਚ ਸਾਰਥਕ ਯੋਗਦਾਨ ਪਾ ਸਕਦੇ ਹਾਂ।




ਆਓ, ਰਲ ਕੇ ਕੌਮਾਂਤਰੀ ਰੀਸਾਈਕਲਿੰਗ ਦਿਵਸ 'ਤੇ ਰੀਸਾਈਕਲ ਕਰਨ ਦੀ ਆਦਤ ਪਾਉਣ ਦਾ ਪ੍ਰਣ ਕਰੀਏ।



ਚੌਗਿਰਦੇ ਦੀ ਸੰਭਾਲ ਪ੍ਰਤੀ ਖੁਦ ਜਾਗਰੂਕ ਹੋਈਏ ਤੇ ਹੋਰਨਾਂ ਨੂੰ ਕਰੀਏ
ਵਾਤਾਵਰਣ ਅਤੇ ਧਰਤੀ ਸੰਭਾਲ ਸੰਗਠਨ ਪੂਰਬੀ ਖੇਤਰ
ਫੋਨ: 202-830-6359
recycle
*Save Earth Org. 147 Huntington Dr. Suite A, North Field Center, OH - 44067*
*Save The Earth Org. Press Building, Washington*

# 'ਸਰਸਾ' ਤੋਂ 'ਸਿਕੰਦਰ' ਤੱਕ

## ਇਨਕਾਰ ਦੇ ਮਾਅਨੇ

*ਪੰਜਾਬੀ ਫਿਲਮ 'ਸਰਸਾ' ਦਾ ਨਾਂ ਬਦਲ ਕੇ 'ਸਿਕੰਦਰ' ਕਰ ਦਿੱਤਾ ਗਿਆ ਹੈ। ਇਸ ਫਿਲਮ ਦੀ ਪਟਕਥਾ ਫ਼ਿਲਮ ਦੇ ਨੌਜਵਾਨ ਡਾਇਰੈਕਟਰ ਜਤਿੰਦਰ ਮੌਹਰ ਅਤੇ ਪੱਤਰਕਾਰ-ਫਿਲਮਸਾਜ਼ ਦਲਜੀਤ ਅਮੀ ਨੇ ਮਿਲ ਕੇ ਲਿਖੀ ਸੀ, ਪਰ ਦੋਹਾਂ ਨੇ ਹੁਣ 'ਸਿਕੰਦਰ' ਨਾਲੋਂ ਆਪਣਾ ਨਾਤਾ ਤੋੜ ਲਿਆ ਹੈ। ਅਸਲ ਵਿਚ ਨਿਰਮਾਤਾਵਾਂ ਨੇ ਇਸ ਫਿਲਮ ਦਾ ਨਾਂ ਹੀ ਨਹੀਂ ਬਦਲਿਆ, ਫਿਲਮ ਦਾ ਕੋਣ ਹੀ ਟੇਢਾ ਕਰ ਦਿੱਤਾ ਹੈ। ਆਪਣੇ ਇਸ ਲੇਖ ਵਿਚ ਦਲਜੀਤ ਅਮੀ ਨੇ ਇਸੇ ਟੇਢ ਬਾਰੇ ਗੱਲ ਛੇੜੀ ਹੈ।*



'ਸਰਸਾ' ਦਾ ਨਾਮ ਬਦਲ ਕੇ 'ਸਿਕੰਦਰ' ਰੱਖਣ ਨਾਲ ਫ਼ਿਲਮ ਨੂੰ ਭਲਾ ਕੀ ਫ਼ਰਕ ਪਿਆ ਹੈ? ਇਹ ਸੁਆਲ ਦਿਲਚਸਪੀ ਰੱਖਣ ਵਾਲੇ ਹਰ ਜਣੇ-ਜਣੀ ਨੂੰ ਪੁੱਛ ਲੈਣਾ ਚਾਹੀਦਾ ਹੈ।



ਦਲਜੀਤ ਅਮੀ
ਫੋਨ: 91-97811-21873

'ਸਰਸਾ' ਦਾ ਜ਼ਿਕਰ ਸਿਰਫ਼ ਆਨੰਦਪੁਰ ਦੇ ਲਾਗਿਉਂ ਲੰਘਦੀ ਨਦੀ ਤੱਕ ਮਹਿਦੂਦ ਨਹੀਂ ਹੈ। ਆਨੰਦਪੁਰ ਸਾਹਿਬ ਦਾ ਕਿਲਾ ਛੱਡਣ ਤੋਂ ਬਾਅਦ ਇਸ ਨਦੀ ਨੂੰ ਪਾਰ ਕਰਨ ਵੇਲੇ ਗੁਰੂ ਗੋਬਿੰਦ ਸਿੰਘ ਦੇ ਜੀਵਨ ਦੀ ਅਹਿਮ ਘਟਨਾ ਵਾਪਰੀ। ਗੁਰੂ ਗੋਬਿੰਦ ਸਿੰਘ ਦੇ ਪਰਿਵਾਰ ਦਾ ਵਿਛੋੜਾ ਇਸ ਨਦੀ ਕਿਨਾਰੇ ਪਿਆ ਅਤੇ ਇਸੇ ਨਦੀ ਵਿਚ ਬਹੁਤ ਸਾਰੇ ਗ੍ਰੰਥ ਰੁੜ੍ਹ ਗਏ। ਗੁਰੂ ਗੋਬਿੰਦ ਸਿੰਘ ਦਾ ਅਗਲਾ ਜੀਵਨ ਇਸੇ ਨਦੀ ਨੂੰ ਪਾਰ ਕਰ ਕੇ ਚਮਕੌਰ ਦੀ ਗੜ੍ਹੀ ਰਾਹੀਂ ਮਾਛੀਵਾੜੇ ਤੋਂ ਹੁੰਦਾ ਹੋਇਆ ਖਿਦਰਾਣੇ ਦੀ ਢਾਬ ਤੱਕ ਪਹੁੰਚਦਾ ਹੈ। ਖਿਦਰਾਣੇ ਦੀ ਢਾਬ 'ਚ ਆਨੰਦਪੁਰ ਵਿਚ ਲਿਖਿਆ ਗਿਆ ਬੇਦਾਵਾ ਪਾੜਿਆ ਜਾਂਦਾ ਹੈ। ਇਸ ਤੋਂ ਅਗਲੇ ਸਫ਼ਰ ਵਿਚ ਮਾਧੋ ਦਾਸ ਵੈਰਾਗੀ ਤੋਂ ਬੰਦਾ ਬਹਾਦਰ ਹੋਣ ਦਾ ਇਤਿਹਾਸ ਦਰਜ ਹੈ। ਦੂਜੇ ਪਾਸਿਉਂ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦੀ ਸ਼ਹੀਦੀ ਨਾਲ ਰੁਕਿਆ ਰਾਹ ਬੰਦਾ ਬਹਾਦਰ ਖੋਲ੍ਹ ਦਿੰਦਾ ਹੈ। ਇਸ ਤਰ੍ਹਾਂ ਸਰਸਾ ਨਦੀ ਤੋਂ ਸਿਦਕਦਿਲੀ, ਦਰਦਮੰਦੀ ਅਤੇ ਗਿਆਨ ਦੀ ਜਗਿਆਸਾ ਦਾ ਬਿੰਬ ਬਣ ਜਾਂਦੀ ਹੈ। ਸਿਕੰਦਰ ਯੂਨਾਨ ਤੋਂ ਸਾਰੀ ਦੁਨੀਆਂ ਜਿੱਤਣ ਤੁਰਦਾ ਹੈ। ਉਸ ਦਾ ਸਫ਼ਰ ਕਤਲਾਂ, ਬਲਾਤਕਾਰਾਂ, ਉਧਾਲਿਆਂ, ਲੁੱਟ, ਕਬਜ਼ੇ ਅਤੇ ਤਬਾਹੀ ਦੀ ਦਾਸਤਾਂ ਹੈ। ਉਸ ਦੀ ਜ਼ਿੰਦਗੀ ਵਿਚ ਹੱਕ, ਸੱਚ ਅਤੇ ਕਦਰਾਂ-ਕੀਮਤਾਂ ਦੀ ਕੋਈ ਥਾਂ ਨਹੀਂ। ਬੰਦੇ ਦੀ ਅਰਬਾਂ ਸਾਲਾਂ ਦੇ ਤਜਰਬੇ ਰਾਹੀਂ ਕੀਤੀ ਕਮਾਈ ਨੂੰ ਉਹ ਪੁੱਠਾ ਗੇੜਾ ਦਿੰਦਾ ਹੈ। ਉਹ ਬੰਦੇ ਨੂੰ ਮੁੜ ਕੇ ਪਸ਼ੂਬਲ ਨਾਲ ਰਾਜ ਕਰਨ ਦਾ ਮੰਤਰ ਪੜ੍ਹਾਉਂਦਾ ਹੈ। ਉਸ ਦੀ ਹੋਂਦ ਬੰਦਿਆਈ ਦੀ ਥਾਂ ਪਸ਼ੂ ਬਿਰਤੀ ਨਾਲ ਜੁੜੀ ਹੋਈ ਹੈ। ਸਿਕੰਦਰ ਇਸੇ ਰੁਝਾਨ ਦਾ ਬਿੰਬ ਬਣਦਾ ਹੈ। ਉਸ ਦੇ ਨਕਸ਼ੇ ਕਦਮਾਂ ਉੱਤੇ ਹੁਣ ਤੱਕ ਦੀਆਂ ਤਾਨਾਸ਼ਾਹੀਆਂ ਉਸਰਦੀਆਂ-ਢਹਿੰਦੀਆਂ ਰਹੀਆਂ ਹਨ। ਪੰਜਾਬ ਦੇ ਇਤਿਹਾਸ ਨਾਲ ਸਿਕੰਦਰ ਨਾਲ ਜੁੜੀਆਂ ਦੋ ਘਟਨਾਵਾਂ ਬੜੀਆਂ ਅਹਿਮ ਹਨ। ਪਹਿਲੀ, ਉਸ ਦਾ ਬੰਦੀ ਪੋਰਸ ਨਾਲ ਸੰਵਾਦ ਹੈ। ਇਹ ਸੰਵਾਦ ਇਤਿਹਾਸ ਦੀਆਂ ਕਿਤਾਬਾਂ ਵਿਚ ਦਿਲਚਸਪੀ ਦਾ ਸਬੱਬ ਬਣਦਾ ਹੈ।

*ਸਿਕੰਦਰ: ਬੋਲ ਤੇਰੇ ਨਾਲ ਕੀ ਸਲੂਕ ਕੀਤਾ ਜਾਏ?*
*ਪੋਰਸ: ਜੋ ਇੱਕ ਰਾਜੇ ਨੂੰ ਦੂਜੇ ਰਾਜੇ ਨਾਲ ਕਰਨਾ ਚਾਹੀਦਾ ਹੈ।*

ਇਨ੍ਹਾਂ ਦੋ ਫਿਕਰਿਆਂ ਵਿਚ ਕਈ ਕੁੰਡੀਆਂ ਹਨ। ਪੋਰਸ ਦੀ ਬਹਾਦਰੀ ਅਤੇ ਸਿਕੰਦਰ ਦੀ ਦਿਆਨਤਦਾਰੀ ਦਾ ਵਿਆਖਿਆ ਬਹੁਤ ਹੋਈ ਹੈ। ਦੋਵਾਂ ਧਿਰਾਂ ਦੀ ਸਾਂਝ ਉਨ੍ਹਾਂ ਦਾ ਰਾਜੇ ਹੋਣਾ ਹੈ। ਸਿਕੰਦਰ ਪੂਰੀ ਦੁਨੀਆਂ ਦਾ ਪਟਾ ਆਪਣੇ ਨਾਮ ਲਿਖੇ ਹੋਣ ਦਾ ਦਾਅਵੇਦਾਰ ਹੈ ਤੇ ਪੋਰਸ ਆਪਣੀ ਰਿਆਸਤ ਦਾ ਦਾਅਵੇਦਾਰ ਹੈ। ਜਦੋਂ ਇਤਿਹਾਸ ਤੇਰ-ਮੇਰ ਦੀ ਪਿਰਤ ਰਾਹੀਂ ਵੇਖਿਆ ਜਾਏਗਾ ਤਾਂ ਇਸ ਵਿਚੋਂ ਦਿਆਨਤਦਾਰੀ ਅਤੇ ਬਹਾਦਰੀ ਦਿਖੇਗੀ। ਇਹੋ ਇਤਿਹਾਸ ਮਨੁੱਖੀ ਪੈਂਤੜੇ ਤੋਂ ਵੇਖਿਆ ਜਾਏਗਾ ਤਾਂ ਪਤਾ ਲੱਗੇਗਾ ਕਿ ਇਹ ਦੋਵੇਂ 'ਅੰਨ੍ਹੀ ਰਈਅਤ' ਦੀ ਅਧੀਨਗੀ ਵਿਚੋਂ ਆਪਣੀ ਸਰਦਾਰੀ ਦਾ ਪੱਜ ਭਾਲਦੇ ਹਨ। ਉਸੇ ਵੇਲੇ ਪੰਜਾਬ ਵਿਚ ਸਿਕੰਦਰ ਦਾ ਇੱਕ ਫਕੀਰ ਨਾਲ ਟਾਕਰਾ ਹੁੰਦਾ ਹੈ। ਤੜਾਗੀ ਪਾਈ ਬੈਠਾ ਫਕੀਰ ਸਿਕੰਦਰ ਨੂੰ 'ਧੁੱਪ ਛੱਡ ਕੇ ਖੜ੍ਹੇ ਹੋਣ' ਦੀ ਤਾਕੀਦ ਕਰਦਾ ਹੈ। ਇਸੇ ਤਾਕੀਦ ਵਿਚ ਬੰਦੇ ਦੇ ਕੁਦਰਤ ਨਾਲ ਸਦੀਵੀ ਰਿਸ਼ਤੇ ਦੇ ਵਿਚਕਾਰ ਖੜ੍ਹਾ ਸਿਕੰਦਰ ਦਿਖਦਾ ਹੈ। ਇਹ ਤਾਕੀਦ ਸਿਕੰਦਰ ਦੀ ਹੜਿਆਈ ਤਾਕਤ ਨੂੰ ਲਲਕਾਰਦੀ, ਪੰਜਾਬੀ ਬੰਦੇ ਨੂੰ ਨਾਬਰੀ ਦਾ ਪਾਠ ਦ੍ਰਿੜਾਉਂਦੀ ਹੈ। ਇਹੋ ਤਾਕੀਦ ਸਿਕੰਦਰ ਲਈ ਆਪਣੇ ਕੀਤੇ ਨਾਲ ਸੰਵਾਦ ਕਰਨ ਦਾ ਮੌਕਾ ਹੈ ਜਿਸ ਨੂੰ ਰੱਦ ਕਰ ਕੇ ਉਹ ਆਪਣੀ ਹਵਸ ਨਾਲ ਖੜ੍ਹਦਾ ਹੈ। ਇਸ ਤੋਂ ਬਾਅਦ ਸਿਕੰਦਰ ਬੰਦੇ ਅਤੇ ਕੁਦਰਤ ਵਿਚਕਾਰ ਖੜ੍ਹੀ ਹਵਸ ਦੇ ਨੁਮਾਇੰਦੇ ਵਜੋਂ ਉਘੜ ਆਉਂਦਾ ਹੈ। ਉਸ ਦੀਆਂ ਜਿੱਤਾਂ ਬੰਦਿਆਈ ਦੀਆਂ ਹਾਰਾਂ ਵਜੋਂ ਦਰਜ ਹੁੰਦੀਆਂ ਹਨ ਜੋ ਬੰਦੇ ਨੂੰ ਬਿਹਤਰ ਮਨੁੱਖ ਹੋਣ ਤੋਂ ਵਰਜਦੀਆਂ ਹਨ। ਇਸੇ ਸਿਕੰਦਰ ਨੂੰ 'ਲਾਗ ਨੂੰ ਸਭ ਕੁਝ ਮੰਨਣ ਵਾਲੇ ਲਾਗੀ' ਮਹਾਨ ਕਹਿੰਦੇ ਹਨ।

ਸਿਕੰਦਰ ਅਤੇ ਗੁਰੂ ਗੋਬਿੰਦ ਸਿੰਘ ਦੋਵੇਂ ਤਲਵਾਰ ਦੇ ਧਨੀ ਹਨ। ਸੁਆਲ ਪੁੱਛਿਆ ਜਾਣਾ ਬਣਦਾ ਹੈ ਕਿ ਕੀ ਇਸੇ ਕਾਰਨ ਦੋਵਾਂ ਨੂੰ ਇੱਕੋ-ਜਿਹਾ ਮੰਨ ਲਿਆ ਜਾਏ, ਜਾਂ ਨਿਬੇੜਾ ਕਰਨ ਵਾਲਾ ਧੁਰਾ ਕੋਈ ਹੋਰ ਹੈ? ਗ਼ਾਲਬ ਮੇਲ ਦੀ ਤਲਵਾਰ ਅਤੇ ਨਿਮਾਣੇ ਮੇਲ ਦੀ ਤਲਵਾਰ ਵਿਚਲਾ ਫ਼ਰਕ ਨਿਬੇੜਾ ਕਰਦਾ ਹੈ। ਗੁਰੂ ਗੋਬਿੰਦ ਸਿੰਘ ਨਿਮਾਣਿਆਂ ਦਾ ਮਾਣ ਹੈ ਅਤੇ ਸਿਕੰਦਰ ਹਵਸ ਦਾ ਬਿੰਬ ਹੈ। ਇਨ੍ਹਾਂ ਵਿਚੋਂ ਗੁਰੂ ਗੋਬਿੰਦ ਸਿੰਘ ਨੂੰ ਜੁਝਾਰ ਅਤੇ ਸਿਕੰਦਰ ਨੂੰ ਜੰਗਬਾਜ਼ ਕਿਹਾ ਜਾਏਗਾ। ਜੰਗਬਾਜ਼ ਦਾ ਜੰਗੀ ਹੁਨਰ 'ਜੰਗਜੂ ਫ਼ਿਤਰਤ' ਨਹੀਂ, ਸਗੋਂ ਜਬਰ ਦਾ ਲਖਾਇਕ ਹੁੰਦਾ ਹੈ। ਲਛਮਣ ਦਾਸ ਆਪਣੇ ਤੀਰ ਦਾ ਸ਼ਿਕਾਰ ਹਿਰਨੀ ਦੇ ਪੇਟ ਵਿਚੋਂ ਨਿਕਲੇ ਬੱਚਿਆਂ ਦੀ ਹੋਣੀ ਦੇਖ ਕੇ ਮਾਧੋ ਦਾਸ ਵੈਰਾਗੀ ਬਣ ਜਾਂਦਾ ਹੈ ਅਤੇ ਬਾਅਦ ਵਿਚ ਇਸੇ ਹੁਨਰ ਦੀ ਵਰਤੋਂ ਹੱਕ-ਸੱਚ ਲਈ ਕਰਦਾ ਹੈ ਤਾਂ ਬੰਦਾ ਬਹਾਦਰ ਵਜੋਂ ਸਾਡਾ ਨਾਇਕ ਬਣਦਾ ਹੈ। ਕਿਸੇ ਉਂਗਲੀਮਾਲ ਨੂੰ ਬੁੱਧ ਟੱਕਰਦਾ ਹੈ ਤਾਂ ਉਸ ਦੀ ਬੰਦਿਆਈ ਜਾਗਦੀ ਹੈ। ਅਹਿਮੀਅਤ ਕਿਸੇ ਮਾਧੋਦਾਸ ਜਾਂ ਉਂਗਲੀਮਾਲ ਨੂੰ ਆ ਪਏ ਸੁਆਲ ਦੀ ਹੈ। ਇਨ੍ਹਾਂ ਨੇ ਸੁਆਲ ਨੂੰ ਸੰਜੀਦਗੀ ਨਾਲ ਲੈ ਕੇ ਆਪਣੀਆਂ ਜ਼ਿੰਦਗੀਆਂ ਦੇ ਮੁਹਾਣ ਬਦਲ ਲਏ, ਪਰ ਸਿਕੰਦਰ ਸੰਵਾਦ ਨੂੰ ਰੱਦ ਕਰ ਕੇ ਹਵਸ ਦੀ ਚੋਣ ਕਰਦਾ ਹੈ।

## ਕਲਾ ਪਰਿਕਰਮਾ

ਉਪਰੋਕਤ ਵਿਸਥਾਰ ਦਾ ਫ਼ਿਲਮ ਸਰਸਾ ਨਾਲ ਕੋਈ ਲੈਣਾ-ਦੇਣਾ ਨਹੀਂ ਹੈ, ਪਰ ਇਸ ਆਖ਼ਰੀ ਸੁਆਲ ਨਾਲ ਜ਼ਰੂਰ ਹੈ। ਮੌਜੂਦਾ ਦੌਰ ਵਿਚ ਨਸ਼ਿਆਂ ਅਤੇ ਹਥਿਆਰਾਂ ਦੀ ਮਾਰ ਹੇਠ ਆਈ ਨੌਜਵਾਨ ਪੀੜ੍ਹੀ ਸਿਆਸਤ ਦਾ ਖਾਜਾ ਬਣ ਰਹੀ ਹੈ। ਇਸ ਮਾਹੌਲ ਵਿੱਚੋਂ ਉਪਜਦੀ ਸੋਚ ਦਾ ਨੌਜਵਾਨ ਸ਼ਿਕਾਰ ਹੁੰਦੇ ਹਨ ਤੇ ਸ਼ਿਕਾਰੀ ਵੀ ਬਣਦੇ ਹਨ। ਸ਼ਿਕਾਰ ਤੋਂ ਸ਼ਿਕਾਰੀ ਹੋ ਜਾਣਾ ਵਕਤੀ ਜਿੱਤ ਦਾ ਅਹਿਸਾਸ ਦਿੰਦਾ ਹੈ, ਪਰ ਬੰਦਿਆਈ ਨੂੰ ਲਗਾਤਾਰ ਖੋਰਾ ਲਗਾਉਂਦਾ ਹੈ। ਸ਼ਿਕਾਰ ਹੋ ਰਹੇ ਬੰਦੇ ਨੂੰ ਇਹ ਭੁਲੇਖਾ ਬਣਿਆ ਰਹਿੰਦਾ ਹੈ ਕਿ ਉਹ ਵੀ ਸ਼ਿਕਾਰੀ ਬਣ ਸਕਦਾ ਹੈ। ਬਹੁਤ ਵਾਰ ਇਸੇ ਨੂੰ ਤਰਜ਼ਿ-ਜ਼ਿੰਦਗੀ ਮੰਨ ਲਿਆ ਜਾਂਦਾ ਹੈ। 'ਸਰਸਾ' ਇਸ ਤਰਜ਼ਿ-ਜ਼ਿੰਦਗੀ ਉੱਤੇ ਸਵਾਲ ਕਰਦੀ ਹੈ। ਬੇਅੰਤ ਹਿੰਸਕ 'ਸਿਕੰਦਰ' ਨੂੰ ਇਨਕਾਰ ਕਰਦੀ ਹੈ। ਮੌਜੂਦਾ ਦੌਰ ਵਿਚ ਕੁੜੀ ਦਾ ਇਨਕਾਰ ਕਬੂਲ ਕਿਸ ਨੂੰ ਹੈ? ਪਹਿਲਾਂ ਜ਼ੋਰ ਤਾਂ ਇਹ ਲੱਗਦਾ ਹੈ ਕਿ ਇਨਕਾਰ ਵਕਤੀ ਹੋਵੇ। ਇਸ ਲਈ ਸਭ ਕੁਝ ਦਾਅ ਉੱਤੇ ਲਗਾਇਆ ਜਾ ਸਕਦਾ ਹੈ। ਕੁੜੀਆਂ ਉੱਤੇ ਹੁੰਦੇ ਤੇਜ਼ਾਬੀ ਹਮਲਿਆਂ ਦੇ ਆਰ-ਪਾਰ 'ਸਿਕੰਦਰ' ਅਤੇ ਬੇਅੰਤ ਨੂੰ ਰੱਖ ਕੇ ਵੇਖਿਆ ਜਾ ਸਕਦਾ ਹੈ। ਬੇਅੰਤ ਦਾ ਇਨਕਾਰ ਲਗਾਤਾਰ ਸੁਰਤ ਸੰਭਾਲਦਾ ਹੋਇਆ ਦ੍ਰਿੜਤਾ ਹਾਸਲ ਕਰਦਾ ਹੈ। ਉਹ ਸਿਕੰਦਰ ਨੂੰ 'ਪਿਆਰ ਦੀ ਫੋਕੀ ਰਟ' ਤੋਂ ਬਾਹਰ ਆਉਣ ਦੀ ਸਲਾਹ ਦਿੰਦੀ ਹੋਈ ਸਿਕੰਦਰਾਂ ਦੇ ਕਿਰਦਾਰ ਨੂੰ ਪਛਾਣਨ ਤੱਕ ਜਾਂਦੀ ਹੈ। ਇਸ ਇਨਕਾਰ ਵਿਚ 'ਸਿਕੰਦਰ' ਲਈ ਸੰਵਾਦ ਦੀ ਗੁੰਜਾਇਸ਼ ਹੈ। ਉਹ ਆਪਣੀ ਗੁੰਡਾ-ਗਰਦੀ ਦੀ ਸਲਤਨਤ ਦੇ ਪਸਾਰੇ ਨੂੰ ਪਹਿਲ ਕਰਾਰ ਦਿੰਦਾ ਹੈ ਅਤੇ ਇਸੇ ਪ੍ਰਾਪਤੀ ਨੂੰ ਬੇਅੰਤ ਉੱਤੇ ਕਬਜ਼ੇ ਦੀ ਯੋਗਤਾ ਮੰਨਦਾ ਹੈ।

ਦੂਜੇ ਪਾਸੇ ਬੇਅੰਤ ਸਾਡੇ ਦੌਰ ਦੀ ਸਭ ਤੋਂ ਕਰੂਰ ਹਿੰਸਾ ਦਾ ਸ਼ਿਕਾਰ ਹੁੰਦੀ ਹੈ। 'ਸ਼ਮੀਰ' ਪੰਜਾਬੀ ਲੋਕ ਧਾਰਾ ਦੀ ਪੜਚੋਲ ਕਰਦਾ ਹੋਇਆ ਸਾਬਤ ਕਰਦਾ ਹੈ ਕਿ ਮੌਜੂਦਾ ਦੌਰ ਦੀਆਂ ਮੁਸ਼ਕਿਲਾਂ ਨੂੰ ਸੁਲਝਾਉਣ ਲਈ ਇਤਿਹਾਸ ਦੀ ਨਵੇਂ ਸਿਰੇ ਤੋਂ ਪੜ੍ਹਾਈ ਕਰਨੀ ਪੈਣੀ ਹੈ। ਉਹ ਪੰਜਾਬੀ ਕਿੱਸਿਆਂ ਵਿਚੋਂ ਮੌਜੂਦਾ ਦੌਰ ਦੀਆਂ ਜ਼ਿੰਮੇਵਾਰੀਆਂ ਦੀ ਸ਼ਨਾਖ਼ਤ ਕਰਦਾ ਹੈ। ਇਸੇ ਸਮਝ ਦੀ ਦਵਾਈ ਨਾਲ ਨਿੱਜੀ ਸਦਮੇ ਵਿਚੋਂ ਬਾਹਰ ਆਈ ਬੇਅੰਤ ਹਮਦਰਦੀ ਦੇ ਦਾਅਵਿਆਂ ਉੱਤੇ ਸੁਆਲ ਕਰਦੀ ਹੈ। ਹਸਨ ਦੱਸਦਾ ਹੈ ਕਿ ਨਿੱਜੀ ਮੁਸ਼ਕਿਲਾਂ ਦੀਆਂ ਜੜ੍ਹਾਂ ਸਮਾਜ ਵਿਚ ਪਈਆਂ ਹੁੰਦੀਆਂ ਹਨ, ਇਸ ਲਈ ਇਨ੍ਹਾਂ ਦਾ ਹੱਲ ਸਮਾਜਕ ਸਾਂਝ ਵਿਚੋਂ ਮਿਲ ਸਕਦਾ ਹੈ। ਇਨ੍ਹਾਂ ਤਿਆਰੀਆਂ ਵਿਚ ਰੁਝੀ ਬੇਅੰਤ ਨੂੰ ਕਿਸੇ ਸਿਕੰਦਰ ਦੀ ਕੀ ਲੋੜ ਹੈ? ਬੇਅੰਤ ਦੀਆਂ ਨਜ਼ਰਾਂ ਵਿਚ ਬੇਮਾਅਨਾ ਹੋਣਾ ਸਿਕੰਦਰ ਲਈ ਸੰਵਾਦ ਦਾ ਇੱਕ ਹੋਰ ਮੌਕਾ ਹੈ। ਇਸ ਮੌਕੇ ਤੋਂ ਪਾਸਾ ਵੱਟ ਕੇ ਉਹ ਹਿੰਸਾ ਦਾ ਰਾਹੀ ਬਣਿਆ ਰਹਿੰਦਾ ਹੈ। ਇਸੇ ਰਾਹ ਉੱਤੇ ਉਸ ਦਾ ਦੂਜਾ ਰੂਪ 'ਹਰਜੰਗ' ਤੁਰ ਰਿਹਾ ਹੈ। ਇਹ ਦੋਵੇਂ ਸ਼ਿਕਾਰ ਹੋਣ ਤੋਂ ਬਚਦੇ ਹੋਏ ਸ਼ਿਕਾਰ ਕਰਨ ਦੀ ਤਾਕ ਵਿਚ 'ਰੰਗਲੀ ਦੁਨੀਆਂ' ਨੂੰ ਮਨੁੱਖੀ ਖ਼ੂਨ ਨਾਲ ਲੱਥ-ਪੱਥ ਕਰਦੇ ਹਨ। ਇਹ ਮਾਅਨੇ ਨਹੀਂ ਰੱਖਦਾ ਕਿ ਦੋਵੇਂ ਖੁਦਕੁਸ਼ੀ ਕਰ ਲੈਣ, ਜਾਂ ਇੱਕ-ਦੂਜੇ ਨੂੰ ਕਤਲ ਕਰ ਦੇਣ। ਬੇਅੰਤ ਅਤੇ ਹਸਨ ਦਾ ਦੋਵਾਂ ਦੀ ਹੋਣੀ ਨੂੰ ਸੋਗਵਾਰ ਮੰਨਣਾ ਅਤੇ ਆਪਣੇ ਰਾਹ ਉੱਤੇ ਤੁਰਨਾ ਸੰਗਤ ਲਈ ਢੇਰ ਸਾਰੇ ਸੁਆਲ ਛੱਡ ਜਾਂਦਾ ਹੈ। ਇਨ੍ਹਾਂ ਸਵਾਲਾਂ ਵਿਚ ਬੇਅੰਤ ਦੇ ਇਨਕਾਰ ਦੀ ਅਹਿਮੀਅਤ ਕੇਂਦਰੀ ਨੁਕਤਾ ਬਣਦੀ ਹੈ।

ਜਦੋਂ ਇਹ ਫ਼ਿਲਮ 'ਸਰਸਾ' ਤੋਂ 'ਸਿਕੰਦਰ' ਬਣਦੀ ਹੈ ਤਾਂ ਇਸ ਵਿਚ ਕੇਂਦਰੀ ਨੁਕਤਾ 'ਸਿਕੰਦਰ' ਬਣਦਾ ਹੈ। ਉਸ ਦੀ ਗੁੰਡਾ-ਗਰਦੀ ਦਾ ਜਸ਼ਨ 'ਯਾਰਾਂ ਦਾ ਯਾਰ' ਗਾ ਕੇ ਮਨਾਇਆ ਜਾਂਦਾ ਹੈ। ਇਸ ਜਸ਼ਨ ਵਿੱਚ ਸੰਵਾਦ ਦੀ ਅਹਿਮੀਅਤ ਮਨਫ਼ੀ ਹੋ ਜਾਂਦੀ ਹੈ। ਇਹ ਜਸ਼ਨ ਉਸੇ ਰੁਝਾਨ ਦੀ ਪੁਸ਼ਟੀ ਕਰਦਾ ਹੈ ਜੋ ਮੌਜੂਦਾ ਦੌਰ ਦੇ ਪੰਜਾਬੀ ਨੌਜਵਾਨ ਨੂੰ ਜਿਉਣ-ਜੋਗਾ ਨਹੀਂ ਹੋਣ ਦਿੰਦਾ, ਸਗੋਂ 'ਯਾਰੀ ਤੇ ਸਰਦਾਰੀ ਲਈ ਆਪਣੀ ਲੜਾਈ' ਦਾ ਖਾਜਾ ਬਣਾਉਂਦਾ ਹੈ। ਇਸ ਤਰ੍ਹਾਂ ਸਿਕੰਦਰ ਦੀ ਮੌਤ ਦਾ ਜਸ਼ਨ ਪੰਜਾਬੀ ਨੌਜਵਾਨ ਨੂੰ ਮਰਨ-ਜੋਗਾ ਰੱਖਣ ਦਾ ਸਬੱਬ ਬਣਦਾ ਹੈ। ਫ਼ਿਲਮ ਵਿਚ ਕੀਤੀਆਂ ਤਬਦੀਲੀਆਂ ਨੂੰ ਬੇਅੰਤ ਦੇ ਇਨਕਾਰ ਨਾਲ ਜੋੜ ਕੇ ਹੀ ਸਮਝਿਆ ਜਾ ਸਕਦਾ ਹੈ। ਜੋ ਇਨਕਾਰ ਸਿਕੰਦਰ ਲਈ ਬੇਮਾਅਨੀ ਸ਼ੈਅ ਹੈ, ਉਹ ਫ਼ਿਲਮ ਵਿਚ ਤਬਦੀਲੀਆਂ ਕਰਨ ਵਾਲਿਆਂ ਲਈ ਵੀ ਬੇਮਾਅਨਾ ਹੈ। 'ਸਰਸਾ' ਇਸ ਇਨਕਾਰ ਦੇ ਸਤਿਕਾਰ ਦੀ ਬਾਤ ਹੈ ਅਤੇ 'ਸਿਕੰਦਰ' ਇਸ ਇਨਕਾਰ ਦੀ ਬੇਕਦਰੀ ਦੀ ਕਸਬੀ ਘੁਣਤਰ ਹੈ। ਸਿਕੰਦਰ ਦੇ ਕਬਜ਼ੇ ਨਾਲ ਤੜਾਗੀ ਵਾਲੇ ਫਕੀਰ ਦੀ 'ਧੁੱਪ ਛੱਡ ਕੇ ਖਲੋਣ' ਦੀ ਤਾਕੀਦ ਬੇਮਾਅਨਾ ਨਹੀਂ ਹੋ ਜਾਂਦੀ। ਸੰਵਾਦ ਦਾ ਸੰਜੀਦਾ ਉਪਰਾਲਾ ਵਕਤੀ ਮਾਰ ਵਿਚ ਜ਼ਰੂਰ ਆਉਂਦਾ ਹੈ। ਆਖ਼ਰ ਦੁਨੀਆਂ ਕਾਨੂੰਨੀ ਪਟਿਆਂ ਨਾਲ ਹੀ ਨਹੀਂ, ਸਗੋਂ ਸਮਾਜਕ ਕਰਾਰਾਂ ਨਾਲ ਜੁੜੀ ਹੋਈ ਹੈ।

# ਆਖ ਤਸਵੀਰਾਂ ਬੋਲਦੀਆਂ

'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ ਵਿਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਵਧੀਆ ਲਿਖਤਾਂ ਪਰਚੇ ਵਿਚ ਛਾਪੀਆਂ ਜਾਣਗੀਆਂ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਕਾਵਿ ਟੋਟਾ ਤੁਹਾਡੀ ਆਪਣੀ ਜਾਂ ਕਿਸੇ ਹੋਰ ਦੀ ਰਚਨਾ ਵੀ ਹੋ ਸਕਦੀ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਸਾਡੇ ਪਾਸ ਪਹੁੰਚਣ ਲਈ ਆਖਰੀ ਤਾਰੀਖ 29 ਜੂਨ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-70



*ਤੇਰਾ ਮਾਮਾ, ਮੇਰਾ ਚਾਚਾ ਜਿਹਦਾ ਕੱਲ੍ਹ ਵਿਆਹ।*
*ਆ ਜਾ ਪਿੰਕੀ ਨੱਚੀਏ ਆਪਾਂ ਕਰੀਏ ਪੂਰੇ ਚਾਅ।*
*ਭੂਆ ਨੱਚ ਕੇ ਗਿੱਧੇ ਦੇ ਵਿਚ ਹੋਈ ਫਿਰੇ ਬੇਹਾਲ।*
*ਨਿੱਕੀਆਂ ਨਿੱਕੀਆਂ ਆਪਾਂ ਦੋਵੇਂ ਕਰੀਏ ਚੱਲ ਕਮਾਲ।*

## ਕੈਪਸ਼ਨ ਮੁਕਾਬਲਾ-68



ਹਉਮੈ ਤੇ ਹੰਕਾਰ 'ਚ ਫਸ ਗਏ,
ਮਾਨਸ ਬਣੇ ਨਾ ਚੰਗੇ।
ਵੇਖੋ ਬੇ-ਜ਼ੁਬਾਨ ਕਿੰਜ ਬੈਠੇ,
ਪਿਆਰ ਦੇ ਰੰਗ ਵਿਚ ਰੰਗੇ।
ਪਸ਼ੂ ਦੀਆਂ ਕਰਤੂਤਾਂ ਕਰਦੇ,
ਉਪਰੋਂ ਬੰਦੇ ਦਿਖੀਏ,
ਧਰਤੀ 'ਤੇ ਕਿੰਜ ਸਵਰਗ ਬਣੇ,
'ਸੁਰਜੀਤ' ਇਨ੍ਹਾਂ ਤੋਂ ਸਿਖੀਏ।
***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

---

ਬੰਦਿਆ ਤੇਰੀ ਅਕਲ ਨੂੰ
ਵੇਖ ਲੈ ਜਾਨਵਰ ਪਾ ਗਏ ਮਾਤ।
ਪਿਆਰ ਕਰਦਿਆਂ ਭੁੱਲ ਜਾਂਦੇ ਨੇ
ਆਪਣੀ ਜਾਤ-ਕੁਜਾਤ।
ਤੇਰੀ ਦੁਸ਼ਮਣੀ ਆਪਣਿਆਂ ਨਾਲ ਵੀ
ਹੋਈ ਜਾਵੇ ਗੂੜ੍ਹੀ,
ਇਹ ਬਿੱਲੀ-ਕੁੱਤਾ ਦੇ ਰਹੇ ਨੇ
ਮੋਹ ਦੀ ਨਵੀਂ ਸੌਗਾਤ।
***-ਮਨਵੀਰ, ਫਰੀਮਾਂਟ***

---

ਇਕ-ਦੂਜੇ ਦੇ ਵੈਰੀ ਜੋ ਸਨ,
ਅੱਜ ਬਣ ਗਏ ਨੇ ਸੱਕੇ ਸੱਕੇ।
ਵੇਖ ਕੁੱਤੇ-ਬਿੱਲੀ ਦਾ ਪਿਆਰ,
ਸਭ ਰਹਿ ਗਏ ਨੇ ਹੱਕੇ-ਬੱਕੇ।
ਨਹੀਂ ਸਿੱਖਦੇ ਪਿਆਰ ਇਨ੍ਹਾਂ ਤੋਂ,
ਇਹ ਬੰਦੇ ਜੋ ਬੰਦਿਆਂ ਦੇ ਚੱਕੇ।
***-ਹਰਮੀਕ ਸਿੰਘ ਵਿੱਕੀ***

---

ਨਫ਼ਰਤ ਸਾਡਾ ਬੜਾ ਹੈ ਕਰਿਆ,
ਆਪੋ ਵਿਚੀ ਬੜਾ ਹੈ ਲੜਿਆ।
ਪਰ ਹੁਣ ਅਕਲ ਟਿਕਾਣੇ ਆਈ,
ਮਿਲ ਕੇ ਰਹਿਣ 'ਚ ਹੀ ਵਡਿਆਈ।
ਆਪੋ ਵਿਚੀ ਲਾਡ ਲਡਾਈਏ,
ਨਾਲ ਪ੍ਰੇਮ ਦੇ ਵਕਤ ਲੰਘਾਈਏ।
***-ਜਗਮੀਤ ਸਿੰਘ ਪੰਧੇਰ***

# ਸੁਖਬੀਰ ਤੋਂ ਜਲਾਲਾਬਾਦ ਹਲਕਾ ਖੁੱਸਣ ਦਾ ਖਤਰਾ

## ਇਕ ਲੋਕ ਸਭਾ ਤੇ ਤਿੰਨ ਵਿਧਾਨ ਸਭਾ ਸੀਟਾਂ ਰਾਖਵੀਆਂ ਕਰਨ ਦੀ ਤਜਵੀਜ਼

ਚੰਡੀਗੜ੍ਹ: ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਤੋਂ ਜਲਾਲਾਬਾਦ ਹਲਕਾ ਖੁੱਸ ਸਕਦਾ ਹੈ ਕਿਉਂਕਿ ਪੰਜਾਬ ਦੀ ਇਕ ਲੋਕ ਸਭਾ ਤੇ ਤਿੰਨ ਵਿਧਾਨ ਸਭਾ ਸੀਟਾਂ ਰਾਖਵੀਆਂ ਕਰਨ ਦੀ ਤਜਵੀਜ਼ ਹੈ। ਪਤਾ ਲੱਗਾ ਹੈ ਕਿ ਸਾਲ 2011 ਦੀ ਮਰਦਮਸ਼ੁਮਾਰੀ ਦੇ ਆਧਾਰ 'ਤੇ ਪੰਜਾਬ ਵਿਚ ਵਿਧਾਨ ਸਭਾ ਤੇ ਲੋਕ ਸਭਾ ਸੀਟਾਂ ਦਾ ਰਾਖਵਾਂਕਰਨ ਵਧ ਰਿਹਾ ਹੈ। ਸੂਤਰਾਂ ਅਨੁਸਾਰ ਕੇਂਦਰ ਸਰਕਾਰ 2011 ਦੀ ਮਰਦਮਸ਼ੁਮਾਰੀ ਦੇ ਆਧਾਰ 'ਤੇ ਰਾਖਵੀਆਂ ਸੀਟਾਂ ਦੀ ਮੁੜ ਤਰਤੀਬ ਕਰਨ ਲੱਗੀ ਹੈ। ਨਵੇਂ ਫੈਸਲੇ ਮੁਤਾਬਕ ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਵਿਚੋਂ ਇਕ ਹੋਰ ਸੀਟ ਰਾਖਵੇਂ ਕੋਟੇ ਵਿਚ ਜਾ ਸਕਦੀ ਹੈ। ਇਸ ਤੋਂ ਪਹਿਲਾਂ ਪੰਜਾਬ ਦੀਆਂ ਤਿੰਨ ਸੀਟਾਂ ਰਾਖਵੀਆਂ ਹਨ।

ਇਸੇ ਤਰ੍ਹਾਂ ਵਿਧਾਨ ਸਭਾ ਦੀਆਂ ਕੁਲ 117 ਸੀਟਾਂ ਵਿਚੋਂ ਇਸ ਸਮੇਂ 34 ਸੀਟਾਂ ਰਾਖਵੀਆਂ ਹਨ ਤੇ ਨਵੀਂ ਮਰਦਮਸ਼ੁਮਾਰੀ ਦੇ ਆਧਾਰ 'ਤੇ ਇਨ੍ਹਾਂ ਦੀ ਗਿਣਤੀ ਵਧਾ ਕੇ 37 ਕਰਨ ਦਾ ਪ੍ਰਸਤਾਵ ਹੈ। ਪਹਿਲਾਂ ਪੰਜਾਬ ਵਿਧਾਨ ਸਭਾ ਵਿਚ 29 ਸੀਟਾਂ ਰਿਜ਼ਰਵ ਕੋਟੇ ਵਿਚ ਸਨ ਪਰ 2001 ਦੀ ਮਰਦਮਸ਼ੁਮਾਰੀ ਦੇ ਆਧਾਰ 'ਤੇ ਇਨ੍ਹਾਂ ਦੀ ਗਿਣਤੀ 34 ਕਰ ਦਿੱਤੀ ਗਈ ਸੀ। ਪਤਾ ਲੱਗਾ ਹੈ ਕਿ ਲੋਕ ਸਭਾ ਦੀ ਫਿਰੋਜ਼ਪੁਰ ਸੀਟ ਰਿਜ਼ਰਵ ਹੋਵੇਗੀ ਜਦਕਿ ਵਿਧਾਨ ਸਭਾ ਦੀਆਂ ਫਾਜ਼ਿਲਕਾ, ਗੁਰੂਹਰਸਹਾਏ ਤੇ ਜਲਾਲਾਬਾਦ ਸੀਟਾਂ ਰਾਖਵੀਆਂ ਕਰਨ ਦੀ ਤਜਵੀਜ਼ ਹੈ।

2011 ਦੀ ਮਰਦਮਸ਼ੁਮਾਰੀ ਮੁਤਾਬਕ ਫਿਰੋਜ਼ਪੁਰ ਲੋਕ ਸਭਾ ਹਲਕੇ ਵਿਚ ਅਨੁਸੂਚਿਤ ਜਾਤੀ ਦੇ ਲੋਕਾਂ ਦੀ ਸਭ ਤੋਂ ਵਧੇਰੇ ਵਸੋਂ ਹੈ। ਇਥੇ ਰਾਏ ਸਿੱਖ ਭਾਈਚਾਰੇ ਦੇ ਲੋਕਾਂ ਦੀ ਜ਼ਿਆਦਾ ਵਸੋਂ ਹੈ। ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਜਲਾਲਾਬਾਦ ਹਲਕੇ ਤੋਂ ਦੋ ਵਾਰ ਜਿੱਤ ਚੁੱਕੇ ਹਨ। ਇਹ ਹਲਕਾ ਰਾਖਵਾਂ ਹੋਣ ਨਾਲ ਉਨ੍ਹਾਂ ਨੂੰ ਵੀ ਕੋਈ ਨਵਾਂ ਹਲਕਾ ਲੱਭਣਾ ਪਵੇਗਾ। ਕਾਂਗਰਸ ਦੇ ਸੀਨੀਅਰ ਆਗੂ ਜਗਮੀਤ ਸਿੰਘ ਬਰਾੜ ਫਿਰੋਜ਼ਪੁਰ ਹਲਕੇ ਤੋਂ ਲੋਕ ਸਭਾ ਲਈ ਦਾਅਵੇਦਾਰ ਦੱਸੇ ਜਾਂਦੇ ਹਨ ਪਰ ਉਨ੍ਹਾਂ ਨੂੰ ਵੀ ਨਵੀਂ ਸੀਟ ਲੱਭਣ ਵਿਚ ਵੱਡੀ ਔਖ ਆਵੇਗੀ ਕਿਉਂਕਿ ਮਾਲਵਾ ਖੇਤਰ ਦੇ ਉਨ੍ਹਾਂ ਦੇ ਰਵਾਇਤੀ ਆਧਾਰ ਵਾਲੇ ਫਰੀਦਕੋਟ ਹਲਕਾ ਪਹਿਲੋਂ ਹੀ ਰਾਖਵਾਂ ਹੋਣ ਕਾਰਨ ਨਵਾਂ ਹਲਕਾ ਲੱਭਣਾ ਮੁਸ਼ਕਲ ਹੋਵੇਗਾ। ਜਨਰਲ ਕੈਟਾਗਰੀ ਵੈਲਫੇਅਰ ਐਸੋਸੀਏਸ਼ਨ ਨੇ ਸਰਕਾਰ ਦੇ ਅਜਿਹੇ ਯਤਨਾਂ ਦੀ ਆਲੋਚਨਾ ਕਰਦਿਆਂ ਇਸ ਨੂੰ ਗੈਰ ਵਿਧਾਨਕ ਕਰਾਰ ਦਿੱਤਾ ਹੈ। ਫੈਡਰੇਸ਼ਨ ਨੇ ਕਿਹਾ ਕਿ ਸੰਸਦ ਵੱਲੋਂ ਰਾਖਵੇਂਕਰਨ ਨੂੰ 2025 ਤੱਕ ਵਧਾਏ ਜਾਣ ਸਮੇਂ ਫੈਸਲਾ ਹੋਇਆ ਸੀ ਕਿ ਉਦੋਂ ਤੱਕ ਵਿਧਾਨ ਸਭਾਵਾਂ ਤੇ ਸੰਸਦੀ ਹਲਕਿਆਂ ਵਿਚ ਕੋਈ ਛੇੜ-ਛਾੜ ਨਹੀਂ ਹੋਵੇਗੀ ਤੇ ਇਨ੍ਹਾਂ ਦੀ ਗਿਣਤੀ ਪਹਿਲਾਂ ਵਾਲੀ ਹੀ ਰਹੇਗੀ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਵਿਚ ਪਾਈ ਪਟੀਸ਼ਨ ਉੱਪਰ ਅਦਾਲਤ ਨੇ ਸਪਸ਼ਟ ਆਦੇਸ਼ ਦਿੱਤਾ ਸੀ ਕਿ ਨਵਾਂ ਸਰਵੇਖਣ ਇਕੱਲੀ ਜਾਤ ਨਹੀਂ ਸਗੋਂ ਆਰਥਿਕ ਪੱਧਰ ਸ਼ਾਮਲ ਕਰਕੇ ਕੀਤਾ ਜਾਣਾ ਚਾਹੀਦਾ ਹੈ ਤੇ ਆਰਥਿਕ ਪੱਖੋਂ ਉਕਤ ਵਰਗ ਨੂੰ ਅਨੁਸੂਚਿਤ ਜਾਤੀਆਂ ਵਿਚ ਨਹੀਂ ਰੱਖਿਆ ਜਾਣਾ ਚਾਹੀਦਾ।

# ਕੌਮਾਂਤਰੀ ਫੁਟਬਾਲ ਫੈਡਰੇਸ਼ਨ ਵੱਲੋਂ ਪਟਕੇ ਦੇ ਹੱਕ ਵਿਚ ਫੈਸਲਾ



ਟੋਰਾਂਟੋ: ਕੌਮਾਂਤਰੀ ਫੁਟਬਾਲ ਫੈਡਰੇਸ਼ਨ (ਫੀਫਾ) ਨੇ ਕੈਨੇਡਾ ਦੀ ਸੂਬਾਈ ਸੌਕਰ ਫੈਡਰੇਸ਼ਨ ਵੱਲੋਂ ਸਿੱਖ ਖਿਡਾਰੀ ਦੇ ਪਟਕਾ ਬੰਨ੍ਹ ਕੇ ਖੇਡਣੋਂ ਵਰਜਣ ਨੂੰ ਉੱਕਾ ਨਕਾਰਦਿਆਂ ਕਿਹਾ ਹੈ ਕਿ ਅਜਿਹੇ ਪਹਿਰਾਵੇ ਦੁਨੀਆ ਭਰ ਵਿਚ ਸਭ ਖੇਡਾਂ ਦੌਰਾਨ ਪਹਿਨੇ ਜਾ ਸਕਦੇ ਹਨ। ਪਟਕੇ ਦੇ ਹੱਕ ਵਿਚ ਆਏ ਫੈਸਲੇ ਨਾਲ ਸਮੂਹ ਸਿੱਖ ਜਗਤ ਵਿਚ ਖੁਸ਼ੀ ਦੀ ਲਹਿਰ ਹੈ।

ਜ਼ਿਕਰਯੋਗ ਹੈ ਕਿ ਮਾਂਟਰੀਅਲ ਦੇ 18 ਸਾਲਾ ਅਨੀਲ ਸਮਰਾ ਨੂੰ ਕਿਊਬੈਕ ਸੌਕਰ ਸੰਸਥਾ ਨੇ ਪਟਕਾ ਬੰਨ੍ਹ ਕੇ ਖੇਡਣ ਤੋਂ ਮਨ੍ਹਾ ਕਰ ਦਿੱਤਾ ਸੀ ਜਿਸ ਕਾਰਨ ਉਹ ਪਿਛਲੇ ਸਾਲ ਤੋਂ ਕੋਈ ਗੇਮ ਨਹੀਂ ਖੇਡ ਸਕਿਆ। ਚਾਰ ਦਿਨ ਪਹਿਲਾਂ ਕੈਨੇਡੀਆਈ ਸੌਕਰ ਐਸੋਸੀਏਸ਼ਨ ਨੇ ਪਟਕੇ 'ਤੇ ਪਾਬੰਦੀ ਲਾਉਣ ਵਾਲੀ ਸੂਬਾਈ ਫੈਡਰੇਸ਼ਨ ਨੂੰ ਮੁਅੱਤਲ ਕਰ ਦਿੱਤਾ ਸੀ ਤੇ ਬਹੁਤ ਸਾਰੀਆਂ ਸਿੱਖ ਧਾਰਮਿਕ ਸੰਸਥਾਵਾਂ ਤੇ ਰਾਜਸੀ ਆਗੂਆਂ ਵੱਲੋਂ ਲਗਾਤਾਰ ਦਬਾਅ ਬਣਿਆ ਹੋਇਆ ਸੀ।

ਇਹ ਮਾਮਲਾ ਕੌਮਾਂਤਰੀ ਮੰਚ 'ਤੇ ਭਖਦਾ ਵਿਸ਼ਾ ਬਣਿਆ ਹੋਇਆ ਸੀ। ਇਸੇ ਦੌਰਾਨ ਫੀਫਾ ਨੇ ਆਖਿਆ ਹੈ ਕਿ ਉਸ ਨੂੰ ਪਟਕਾ ਬੰਨ੍ਹ ਕੇ ਖੇਡਣ 'ਤੇ ਕੋਈ ਇਤਰਾਜ਼ ਨਹੀਂ। ਇਸ ਫੈਸਲੇ 'ਤੇ ਕਿਊਬੈਕ ਦੀ ਸੌਕਰ ਫੈਡਰੇਸ਼ਨ ਨੇ ਫੁੱਲ ਚੜ੍ਹਾਉਂਦਿਆਂ ਆਪਣੀ ਅੜੀ ਛੱਡ ਦਿੱਤੀ ਹੈ ਤੇ ਉਨ੍ਹਾਂ ਇਕ ਬਿਆਨ ਵਿਚ ਕਿਹਾ ਕਿ ਉਹ ਤਾਂ ਪਹਿਲਾਂ ਹੀ ਫੀਫਾ ਤੋਂ ਦਿਸ਼ਾ ਨਿਰਦੇਸ਼ ਮੰਗ ਰਹੇ ਸਨ। ਇਹ ਫੈਸਲਾ ਪਿਛਲੇ ਸਾਲ ਮਹਿਲਾ ਖਿਡਾਰੀਆਂ ਦੇ ਹਿਜਾਬ ਪਾਉਣ ਦੇ ਪਾਉਣ ਦੇ ਨਿਯਮਾਂ ਤਹਿਤ ਹੀ ਕੀਤਾ ਗਿਆ ਹੈ। ਫੀਫਾ ਨੇ ਪਟਕੇ ਨੂੰ ਸਵੀਕਾਰ ਕਰਦਿਆਂ ਕੁਝ ਸ਼ਰਤਾਂ ਰੱਖੀਆਂ ਹਨ। ਮਸਲਨ ਇਹ ਪਟਕਾ ਟੀਮ ਦੀ ਜਰਸੀ ਦੇ ਰੰਗ ਨਾਲ ਮਿਲਦਾ ਜੁਲਦਾ ਹੋਵੇ, ਕਿਸੇ ਦੂਜੇ ਖਿਡਾਰੀ ਲਈ ਖਤਰਾ ਨਾ ਬਣਦਾ ਹੋਵੇ ਤੇ ਸੁਹਣੀ ਫੱਬਤ ਵਾਲਾ ਹੋਵੇ।

# ਅਮਰੀਕੀ ਕਾਂਗਰਸ 'ਚ ਗਦਰ ਸ਼ਤਾਬਦੀ ਬਾਰੇ ਮਤਾ ਪੇਸ਼

ਵਾਸ਼ਿੰਗਟਨ: ਗਦਰ ਪਾਰਟੀ ਦੀ 100ਵੀਂ ਵਰ੍ਹੇਗੰਢ ਨੂੰ ਅਮਰੀਕਾ ਵਿਚ ਮਾਨਤਾ ਦੇਣ ਲਈ ਅਮਰੀਕੀ ਕਾਂਗਰਸ ਦੇ ਹੇਠਲੇ ਸਦਨ ਪ੍ਰਤੀਨਿਧ ਸਭਾ ਵਿਚ ਇਕ ਮਤਾ ਪੇਸ਼ ਕੀਤਾ ਗਿਆ ਹੈ। ਇਹ ਮਤਾ ਕਾਂਗਰਸਮੈਨਾਂ ਅਮੀ ਬੇਰਾ ਤੇ ਮਾਈਕ ਹੋਂਡਾ ਨੇ ਪੇਸ਼ ਕੀਤਾ ਹੈ। ਮਤੇ ਵਿਚ ਕਿਹਾ ਗਿਆ ਹੈ ਕਿ ਗਦਰ ਪਾਰਟੀ ਦੇ ਮੈਂਬਰਾਂ ਨੇ ਭਾਰਤ ਦੀ ਆਜ਼ਾਦੀ ਲਈ ਘੋਲ ਕੀਤਾ ਤੇ ਕੁਰਬਾਨੀਆਂ ਦਿੱਤੀਆਂ ਤੇ ਸ਼ਹੀਦੀਆਂ ਪਾਈਆਂ।

ਇਸ ਵਿਚ ਕਿਹਾ ਗਿਆ ਹੈ ਕਿ 1913 ਵਿਚ ਭਾਰਤੀ ਨਾਗਰਿਕਾਂ ਨੇ ਅਸਟੋਰੀਆ (ਔਰੇਗੌਨ) ਵਿਚ ਹਿੰਦੁਸਤਾਨੀ ਐਸੋਸੀਏਸ਼ਨ ਆਫ ਪੈਸੀਫਿਕ ਕੋਸਟ ਦੀ ਸਥਾਪਨਾ ਕੀਤੀ ਜਿਸ ਨੂੰ ਆਮ ਕਰਕੇ ਗਦਰ ਪਾਰਟੀ ਵਜੋਂ ਜਾਣਿਆ ਜਾਂਦਾ ਹੈ। ਇਸ ਦਾ ਮਕਸਦ ਭਾਰਤ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਆਜ਼ਾਦ ਕਰਾਉਣਾ ਸੀ। ਬਾਅਦ ਵਿਚ ਗਦਰ ਪਾਰਟੀ ਨੇ ਆਪਣਾ ਹੈਡਕੁਆਰਟਰ ਸਾਨ-ਫਰਾਂਸਿਸਕੋ, ਕੈਲੀਫੋਰਨੀਆ ਵਿਚ ਬਣਾਇਆ। ਗਦਰ ਪਾਰਟੀ ਨੇ ਆਪਣੇ ਨਿਸ਼ਾਨਿਆਂ ਤੇ ਸਰਗਰਮੀਆਂ ਦੇ ਪ੍ਰਚਾਰ ਲਈ 'ਗਦਰ' ਨਾਮੀ ਪਰਚਾ ਵੀ ਕੱਢਿਆ ਜਿਸ ਦੀਆਂ ਪੰਜ ਹਜ਼ਾਰ ਤੋਂ ਵੱਧ ਕਾਪੀਆਂ ਛਾਪੀਆਂ ਜਾਂਦੀਆਂ ਸਨ। ਅਮਰੀਕਾ ਤੇ ਕੈਨੇਡਾ ਵਿਚ ਰਹਿੰਦੇ ਗਦਰ ਪਾਰਟੀ ਦੇ ਹਜ਼ਾਰਾਂ ਹਮਾਇਤੀ ਭਾਰਤ ਗਏ ਜਿਥੇ ਉਨ੍ਹਾਂ ਅੰਗਰੇਜ਼ ਹਕੂਮਤ ਖਿਲਾਫ ਅੰਦੋਲਨ ਨੂੰ ਹੁਲਾਰਾ ਦਿੱਤਾ। ਇਹ ਮਤਾ 12 ਜੂਨ ਨੂੰ ਪੇਸ਼ ਕੀਤਾ ਗਿਆ। ਇਸ ਵਿਚ ਕਿਹਾ ਗਿਆ ਹੈ ਕਿ ਪ੍ਰਤੀਨਿਧ ਸਭਾ ਅਮਰੀਕਾ ਵਿਚ ਗਦਰ ਪਾਰਟੀ ਦੀ ਸਥਾਪਨਾ ਦੀ 100ਵੀਂ ਵਰ੍ਹੇਗੰਢ ਨੂੰ ਮਾਨਤਾ ਦਿੰਦੀ ਹੈ। ਇਸ ਮਤੇ ਨੂੰ ਸਦਨ ਦੀ ਵਿਦੇਸ਼ੀ ਮਾਮਲਿਆਂ ਬਾਰੇ ਕਮੇਟੀ ਨੂੰ ਭੇਜ ਦਿੱਤਾ ਗਿਆ ਹੈ। ਮਤੇ ਵਿਚ ਕਿਹਾ ਗਿਆ ਹੈ ਕਿ ਅਮਰੀਕਾ 'ਚ ਭਾਰਤੀ ਮੂਲ ਦੇ ਕਰੀਬ 30 ਲੱਖ ਲੋਕ ਵਸਦੇ ਹਨ ਜੋ ਮੁਲਕ ਦੇ ਸਮਾਜਕ ਤਾਣੇ-ਬਾਣੇ ਦਾ ਅਟੁੱਟ ਹਿੱਸਾ ਹਨ।

## ਆਲਮੀ ਤਪਸ਼ ਕਾਰਨ ਭਾਰਤ ਵਿਚ ਹੜ੍ਹਾਂ ਦਾ ਖ਼ਤਰਾ

ਟੋਕੀਓ: ਇਸ ਸਦੀ ਦੇ ਅੰਤ ਤੱਕ ਜੇਕਰ ਆਲਮੀ ਤਪਸ਼ 'ਤੇ ਕਾਬੂ ਨਾ ਪਾਇਆ ਗਿਆ ਤਾਂ ਧਰਤੀ ਦਾ 42% ਹਿੱਸਾ ਹੜ੍ਹਾਂ ਦੀ ਮਾਰ ਹੇਠ ਆ ਸਕਦਾ ਹੈ ਜਿਸ 'ਚ ਭਾਰਤ, ਦੱਖਣ ਪੂਰਬੀ ਏਸ਼ੀਆ ਤੇ ਅਫ਼ਰੀਕਾ ਦੇ ਹਿੱਸੇ ਸ਼ਾਮਲ ਹਨ। ਇਹ ਤਾੜਨਾ 'ਯੂਨੀਵਰਸਿਟੀ ਆਫ਼ ਟੋਕੀਓ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਇਨੋਵੇਸ਼ਨ' ਦੇ ਖੋਜੀਆਂ ਨੇ ਇਕ ਅਧਿਐਨ ਬਾਅਦ ਦਿੱਤੀ ਹੈ।

ਯੂਕੀਕੋ ਹੀਰਾਬੇਯਾਸ਼ੀ ਦੀ ਅਗਵਾਈ ਹੇਠਲੀ ਇਸ ਖੋਜ ਟੀਮ ਵੱਲੋਂ ਕੀਤੇ ਅਧਿਐਨ ਵਿਚ ਸਾਹਮਣੇ ਆਇਆ ਹੈ ਕਿ ਜੇਕਰ 22ਵੀਂ ਸਦੀ ਤੱਕ ਤਾਪਮਾਨ ਵਿਚ 3.5 ਡਿਗਰੀ ਸੈਲਸੀਅਸ ਵਾਧਾ ਹੁੰਦਾ ਹੈ ਤਾਂ ਅੱਠ ਕਰੋੜ ਲੋਕਾਂ ਦੇ ਹੜ੍ਹ ਦੀ ਮਾਰ ਹੇਠ ਆਉਣ ਦੇ ਆਸਾਰ ਹਨ। ਉਨ੍ਹਾਂ ਦੱਸਿਆ ਕਿ 18 ਫੀਸਦੀ ਧਰਤੀ 'ਤੇ ਰੁੱਖ ਲਾ ਕੇ ਹੜ੍ਹਾਂ ਦੀ ਮਾਰ ਨੂੰ ਕੁਝ ਹਿੱਸਿਆਂ 'ਚ ਘਟਾਇਆ ਜਾ ਸਕਦਾ ਹੈ।

## ਟੋਰਾਂਟੋ ਗੁਰਦੁਆਰੇ 'ਤੇ ਕਬਜ਼ੇ ਦੇ ਕੇਸ ਵਿਚ ਚਾਰ ਜਣਿਆਂ ਨੂੰ ਕੈਦ

ਟੋਰਾਂਟੋ: ਤਿੰਨ ਸਾਲ ਪਹਿਲਾਂ ਬਰੈਂਪਟਨ ਦੇ ਗੁਰਦੁਆਰੇ ਵਿਚ ਕਬਜ਼ੇ ਨੂੰ ਲੈ ਕੇ ਦੋ ਧਿਰਾਂ ਵਿਚਾਲੇ ਹੋਈ ਗਹਿਗੱਚ ਲੜਾਈ ਦੇ ਕੇਸ ਦਾ ਨਿਬੇੜਾ ਕਰਦਿਆਂ ਅਦਾਲਤ ਨੇ ਚਾਰ ਪੰਜਾਬੀਆਂ ਨੂੰ ਕੈਦ ਦੀ ਸਜ਼ਾ ਸੁਣਾਈ ਹੈ। ਜ਼ਿਕਰਯੋਗ ਹੈ ਕਿ 18 ਅਪਰੈਲ, 2010 ਨੂੰ ਬਰੈਂਪਟਨ ਦੇ ਗਲਿਡਨ ਰੋਡ ਵਾਲੇ ਗੁਰਦੁਆਰੇ ਵਿਚ ਦੋ ਧੜਿਆਂ ਵਿੱਚ ਜੰਮ ਕੇ ਲੜਾਈ ਹੋਈ ਸੀ ਜਿਸ ਵਿਚ ਕੁਹਾੜੇ ਤੇ ਕਿਰਪਾਨਾਂ ਚੱਲੀਆਂ ਸਨ ਤੇ ਕਈ ਲੋਕ ਜ਼ਖ਼ਮੀ ਹੋ ਗਏ ਸਨ। ਪੁਲਿਸ ਨੇ ਚਾਰ ਵਿਅਕਤੀਆਂ ਨੂੰ ਦੋਸ਼ੀ ਸਮਝਦਿਆਂ ਉਨ੍ਹਾਂ 'ਤੇ ਕੇਸ ਪਾਏ ਸਨ। ਇਸ ਮੁਕੱਦਮੇ ਦੀ ਸੁਣਵਾਈ ਨਾਲ ਦੀ ਨਾਲ ਚਲਦੀ ਰਹੀ ਤੇ ਸਭ ਦੀਆਂ ਨਜ਼ਰਾਂ ਅਦਾਲਤ ਦੇ ਫੈਸਲੇ 'ਤੇ ਲੱਗੀਆਂ ਹੋਈਆਂ ਸਨ। ਅਦਾਲਤ ਨੇ ਟਹਿਲ ਸਿੰਘ ਸੇਰਗਿੱਲ ਨੂੰ ਛੇ ਮਹੀਨੇ, ਅਮਰਜੀਤ ਮਾਨ ਨੂੰ ਤਿੰਨ ਮਹੀਨੇ, ਹਰਵਿੰਦਰਪਾਲ ਧਾਲੀਵਾਲ ਨੂੰ ਦੋ ਮਹੀਨੇ ਤੇ ਸੁਰਜੀਤ ਅਟਵਾਲ ਨੂੰ 28 ਦਿਨ ਦੀ ਕੈਦ ਕੀਤੀ ਹੈ। ਇਸ ਤੋਂ ਇਲਾਵਾ ਇਨ੍ਹਾਂ ਸਾਰਿਆਂ ਨੂੰ ਪੰਜ-ਪੰਜ ਮਹੀਨੇ ਘਰ ਵਿਚ ਨਜ਼ਰਬੰਦੀ ਤੇ ਦੋ-ਦੋ ਸਾਲ ਤੱਕ ਸ਼ਰਤਾਂ ਆਦਿ ਕੀਤੀਆਂ ਗਈਆਂ ਹਨ।

ਅਦਾਲਤ ਦੇ ਇਸ ਫੈਸਲੇ 'ਤੇ ਤਸੱਲੀ ਜ਼ਾਹਿਰ ਕਰਦਿਆਂ ਲੜਾਈ ਵਿਚ ਜ਼ਖ਼ਮੀ ਹੋਣ ਵਾਲਿਆਂ ਨੇ ਕਿਹਾ ਕਿ ਗੁਰਦੁਆਰਿਆਂ ਦੀਆਂ ਲੜਾਈਆਂ ਦਾ ਮੁੱਖ ਕਾਰਨ ਗੋਲਕ ਹੀ ਹੈ ਤੇ ਗੁਰੂਘਰ ਧੜੇਬੰਦੀ ਦੇ ਅੱਡੇ ਬਣ ਕੇ ਰਹਿ ਗਏ ਹਨ।

# ਬਾਦਲ ਖਿਲਾਫ ਕੇਸ ਖਾਰਜ ਕਰਨ ਦੇ ਫੈਸਲੇ ਨੂੰ ਮੁੜ ਚੁਣੌਤੀ

ਵਾਸ਼ਿੰਗਟਨ: ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਖਿਲਾਫ਼ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਕੇਸ ਨੂੰ ਅਮਰੀਕਾ ਦੀ ਇਕ ਜ਼ਿਲ੍ਹਾ ਅਦਾਲਤ ਵੱਲੋਂ ਰੱਦ ਕਰ ਦੇਣ ਦੇ ਫੈਸਲੇ ਨੂੰ ਅਮਰੀਕੀ ਸਿੱਖ ਜਥੇਬੰਦੀ ਨੇ ਚੁਣੌਤੀ ਦਿੱਤੀ ਹੈ। ਅਮਰੀਕੀ ਸੂਬੇ ਵਿਸਕਾਨਸਿਨ ਦੀ ਜ਼ਿਲ੍ਹਾ ਅਦਾਲਤ ਨੇ ਪਿਛਲੇ ਮਹੀਨੇ ਇਹ ਕਹਿੰਦਿਆਂ ਇਸ ਕੇਸ ਨੂੰ ਖਾਰਜ ਕਰ ਦਿੱਤਾ ਸੀ ਕਿ ਕੇਸ ਦਾਇਰ ਕਰਨ ਵਾਲੀਆਂ ਧਿਰਾਂ ਸਿੱਖਸ ਫਾਰ ਜਸਟਿਸ (ਐਸਐਫਜੇ) ਤੇ ਸ਼੍ਰੋਮਣੀ ਅਕਾਲੀ ਦਲ (ਅ) ਵੱਲੋਂ ਕਦੇ ਵੀ ਸ. ਬਾਦਲ ਨੂੰ ਸੰਮਨ ਤਾਮੀਲ ਨਹੀਂ ਕਰਵਾਏ ਜਾ ਸਕੇ।

ਇਨ੍ਹਾਂ ਹੁਕਮਾਂ ਨੂੰ ਹੁਣ ਵਿਸਕਾਨਸਿਨ ਅਪੀਲੀ ਕੋਰਟ ਵਿਚ ਚੁਣੌਤੀ ਗਈ ਹੈ। ਵਕਾਲਤੀ ਕੰਪਨੀ 'ਪੈਵਿਸ ਲਾਅ ਗਰੁੱਪ' ਰਾਹੀਂ ਅਪੀਲ ਦਾਇਰ ਕਰਨ ਬਾਰੇ ਜਾਣਕਾਰੀ ਦਿੰਦਿਆਂ ਐਸਐਫਜੇ ਨੇ ਕਿਹਾ ਹੈ ਕਿ ਉਹ ਅਦਾਲਤ ਅੱਗੇ ਇਸ ਕੇਸ ਵਿਚ ਦੂਜੀ ਵੱਲੋਂ ਗਵਾਹਾਂ ਨੂੰ ਪ੍ਰਭਾਵਤ ਕੀਤੇ ਜਾਣ ਤੇ ਬਾਦਲ ਸਰਕਾਰ ਵੱਲੋਂ ਅਮਰੀਕਾ ਰਹਿੰਦੇ ਪੀੜਤਾਂ ਨੂੰ ਤੰਗ-ਪ੍ਰੇਸ਼ਾਨ ਕੀਤੇ ਜਾਣ ਤੇ ਨਿਆਂ ਵਿਚ ਰੋੜੇ ਅਟਕਾਏ ਜਾਣ ਦੇ ਸਬੂਤ ਵੀ ਪੇਸ਼ ਕਰੇਗਾ।

# ਸਰਕਾਰ ਨੇ ਜਨਤਾ 'ਤੇ ਜਾਇਦਾਦ ਟੈਕਸ ਠੋਕਿਆ

## ਜਨਤਾ 'ਤੇ 1500 ਕਰੋੜ ਰੁਪਏ ਦਾ ਹੋਰ ਬੋਝ

ਚੰਡੀਗੜ੍ਹ: ਪੰਜਾਬ ਮੰਤਰੀ ਮੰਡਲ ਨੇ ਸੂਬੇ ਦੇ ਸ਼ਹਿਰੀ ਖੇਤਰ ਵਿਚ ਜਾਇਦਾਦ ਟੈਕਸ ਲਾਉਣ ਤੇ ਅਣਅਧਿਕਾਰਤ ਕਲੋਨੀਆਂ ਨੂੰ ਨਿਯਮਤ ਕਰਨ ਨੂੰ ਹਰੀ ਝੰਡੀ ਦੇ ਦਿੱਤੀ ਹੈ। ਸਰਕਾਰ ਇਨ੍ਹਾਂ ਮਹੱਤਵਪੂਰਨ ਫੈਸਲਿਆਂ ਨਾਲ ਪੰਜਾਬ ਦੀ ਜਨਤਾ 'ਤੇ ਤਕਰੀਬਨ 1500 ਕਰੋੜ ਰੁਪਏ ਦਾ ਹੋਰ ਬੋਝ ਪਵੇਗਾ। ਸਰਕਾਰ ਵੱਲੋਂ ਸੋਧੀਆਂ ਹੋਈਆਂ ਦਰਾਂ ਮੁਤਾਬਕ ਜਾਇਦਾਦ ਟੈਕਸ ਹਰ ਤਰ੍ਹਾਂ ਦੀ ਸ਼ਹਿਰੀ ਜਾਇਦਾਦ 'ਤੇ ਲਾਇਆ ਗਿਆ ਹੈ।



ਪੰਜਾਬ ਸਰਕਾਰ ਕਮਜ਼ੋਰ ਮਾਲੀ ਹਾਲਤ ਦਾ ਬਹਾਨਾ ਬਣਾ ਕੇ ਸਮਾਜ ਭਲਾਈ ਦੀਆਂ ਸਕੀਮਾਂ ਹੱਥ ਖਿੱਚ ਰਹੀ ਹੈ ਪਰ ਮੰਤਰੀਆਂ ਤੇ ਮੁੱਖ ਸੰਸਦੀ ਸਕੱਤਰਾਂ ਲਈ ਖ਼ਜ਼ਾਨੇ ਦਾ ਮੂੰਹ ਖੁੱਲ੍ਹਾ ਰੱਖਿਆ ਹੈ। ਮੰਤਰੀ ਮੰਡਲ ਨੇ ਨਿੱਜੀ ਗੱਡੀਆਂ ਦੀ ਵਰਤੋਂ ਕਰਨ ਵਾਲੇ ਮੰਤਰੀਆਂ ਤੇ ਮੁੱਖ ਸੰਸਦੀ ਸਕੱਤਰਾਂ ਦਾ ਸਫ਼ਰੀ ਭੱਤਾ 12 ਰੁਪਏ ਪ੍ਰਤੀ ਕਿਲੋਮੀਟਰ ਤੋਂ ਵਧਾ ਕੇ 15 ਰੁਪਏ ਪ੍ਰਤੀ ਕਿਲੋਮੀਟਰ ਕਰ ਦਿੱਤਾ ਹੈ। ਵਜ਼ਾਰਤ ਦੇ ਇਸ ਫੈਸਲੇ ਨਾਲ ਦਰਜਨ ਦੇ ਕਰੀਬ ਮੰਤਰੀਆਂ ਤੇ ਮੁੱਖ ਸੰਸਦੀ ਸਕੱਤਰਾਂ ਨੂੰ ਮੋਟਾ ਵਿੱਤੀ ਲਾਭ ਹੋਵੇਗਾ। ਮੰਤਰੀਆਂ ਤੇ ਮੁੱਖ ਸੰਸਦੀ ਸਕੱਤਰਾਂ ਦੀਆਂ ਕਾਰਾਂ ਨੂੰ ਅਨਲਿਮਟਿਡ ਵਰਤੋਂ ਦੇ ਹਿਸਾਬ ਨਾਲ ਖਰਚ ਦਿੱਤਾ ਜਾਂਦਾ ਹੈ।

ਪੰਜਾਬ ਮੰਤਰੀ ਮੰਡਲ ਨੇ ਪੰਜਾਬ ਲਾਅਜ਼ (ਸਪੈਸ਼ਲ ਪ੍ਰੋਵਿਜ਼ਨਜ਼) ਐਕਟ 2013 ਹੇਠ ਅਣਅਧਿਕਾਰਤ ਕਲੋਨੀਆਂ/ਇਮਾਰਤਾਂ ਨੂੰ ਨਿਯਮਿਤ ਕਰਨ ਸਬੰਧੀ ਨੀਤੀ ਨੂੰ ਹਰੀ ਝੰਡੀ ਦਿੰਦਿਆਂ ਤਕਰੀਬਨ ਪੰਜ ਹਜ਼ਾਰ ਕਲੋਨੀਆਂ ਨਿਯਮਤ ਕਰਨ ਦਾ ਰਾਹ ਪੱਧਰਾ ਕਰ ਦਿੱਤਾ ਹੈ। ਇਨ੍ਹਾਂ ਕਲੋਨੀਆਂ ਵਿਚ ਦੋ ਲੱਖ ਪਲਾਟ ਕੱਟੇ ਹੋਏ ਹਨ। ਇਹ ਨੀਤੀ ਇਕ ਸਾਲ ਲਈ ਇਕ ਅਪਰੈਲ ਤੋਂ 31 ਮਾਰਚ 2014 ਤੱਕ ਸਮੁੱਚੇ ਰਾਜ ਵਿਚ ਅਮਲਯੋਗ ਹੋਵੇਗੀ। ਪਹਿਲੀ ਅਪਰੈਲ 2013 ਤੋਂ ਪਹਿਲਾਂ ਵਾਲੀਆਂ ਕਲੋਨੀਆਂ ਜਾਂ ਇਮਾਰਤਾਂ ਇਸ ਨੀਤੀ ਦੇ ਹੇਠ ਆਉਣਗੀਆਂ। ਸਮੁੱਚੀ ਪ੍ਰਕਿਰਿਆ 31 ਮਾਰਚ 2014 ਤੱਕ ਮੁਕੰਮਲ ਕੀਤੀ ਜਾਵੇਗੀ। ਸਰਕਾਰ ਨੂੰ ਇਸ ਫੀਸ ਤੋਂ 1 ਹਜ਼ਾਰ ਕਰੋੜ ਰੁਪਏ ਦਾ ਮਾਲੀਆ ਆਉਣ ਦਾ ਅਨੁਮਾਨ ਹੈ।

# 'ਲੋਕਾਂ ਦਾ ਸਿਆਸਤ ਤੋਂ ਮੋਹ ਭੰਗ ਨਹੀਂ ਹੋ ਰਿਹਾ'

(ਸਫਾ 13 ਦੀ ਬਾਕੀ)

2-3 ਦਿਨ ਅੱਗੜ-ਪਿੱਛੜ ਨਰੇਂਦਰ ਮੋਦੀ ਨੇ ਚੋਣ ਜਿੱਤੀ। ਹੁਣ ਉਨ੍ਹਾਂ ਹੀ ਟੀ.ਵੀ. ਚੈਨਲਾਂ 'ਚ ਉਹੀ ਲੋਕ ਜੋ ਜਬਰ ਜਨਾਹ ਦੇ ਖਿਲਾਫ ਐਨਾ ਹੋ-ਹੱਲਾ ਮਚਾ ਰਹੇ ਸਨ, ਉਸੇ ਮੋਦੀ ਦੇ ਰਾਜ 'ਚ ਔਰਤਾਂ ਦੇ ਜਿਸਮ ਚੀਰ ਕੇ ਉਨ੍ਹਾਂ ਦੀਆਂ ਬੱਚੇਦਾਨੀਆਂ ਕੱਢੀਆਂ ਗਈਆਂ, ਜਿਨ੍ਹਾਂ ਨਾਲ ਜਬਰ ਜਨਾਹ ਕਰ ਕੇ ਜਿਉਂਦੀਆਂ ਸਾੜਿਆ ਗਿਆ, ਹੁਣ (ਟੀ.ਵੀ. ਚੈਨਲ) ਕਹਿ ਰਹੇ ਹਨ ਕਿ ਇਹ ਪੁਰਾਣੀਆਂ ਗੱਲਾਂ ਭੁੱਲ ਜਾਓ। ਇਹ ਕੈਸੀ ਸਿਆਸਤ ਹੈ, ਮੈਨੂੰ ਸਮਝ ਨਹੀਂ ਆਉਂਦੀ। ਮੈਨੂੰ ਇਹ ਸਮਝਣ 'ਚ ਬਹੁਤ ਮੁਸ਼ਕਿਲ ਆਉਂਦੀ ਹੈ। ਇਹ ਬਹੁਤ ਹੀ ਗੁੰਝਲਦਾਰ, ਬੌਧਿਕ ਅਤੇ ਭਾਵੁਕ ਬੁਝਾਰਤ ਹੈ। ਕਿਉਂਕਿ, ਤੁਸੀਂ ਉਦੋਂ ਵਿਰੋਧ ਨਹੀਂ ਕਰਦੇ, ਜਦੋਂ ਸੰਸਥਾਗਤ ਤਰੀਕੇ ਨਾਲ ਔਰਤਾਂ ਨਾਲ ਜਬਰਜਨਾਹ ਹੁੰਦਾ ਹੈ। ਨਾਰੀਵਾਦ ਦੀ ਸਿਆਸਤ ਬਹੁਤ ਹੀ ਗੁੰਝਲਦਾਰ ਹੈ। ਜਦੋਂ ਹਾਲਤ ਜਿਉਂ ਦੀ ਤਿਉਂ ਬਣਾਈ ਰੱਖਣ ਲਈ ਜਬਰਜਨਾਹ ਨੂੰ ਹਥਿਆਰ ਵਾਂਗ ਵਰਤਿਆ ਜਾਂਦਾ ਹੈ-ਚਾਹੇ ਕਸ਼ਮੀਰ ਹੋਵੇ, ਮਨੀਪੁਰ ਹੋਵੇ, ਨਾਗਾਲੈਂਡ ਜਾਂ ਉਚੀ ਜਾਤ ਦਾ ਕੋਈ ਬੰਦਾ ਦਲਿਤ ਔਰਤ ਨਾਲ ਜਬਰਜਨਾਹ ਕਰ ਰਿਹਾ ਹੋਵੇ ਜਾਂ ਹਰਿਆਣਾ ਵਿਚ ਇੱਜ਼ਤ ਖ਼ਾਤਰ ਕਤਲ ਹੋਵੇ। ਇਨ੍ਹਾਂ ਤਮਾਮ ਮਾਮਲਿਆਂ ਵਿਚ ਇਕ ਹੀ ਤਰ੍ਹਾਂ ਦਾ ਪ੍ਰਤੀਕਰਮ ਹੁੰਦਾ ਹੈ। ਮੁਟਿਆਰ ਹੋ ਰਹੀਆਂ ਕੁੜੀਆਂ ਨੂੰ ਸੜਕਾਂ ਉਪਰ ਘੁੰਮਦੇ ਦੇਖਣਾ ਕਿੰਨਾ ਸੁਹਣਾ ਅਤੇ ਮਨਮੋਹਣਾ ਹੁੰਦਾ ਹੈ। ਤੇ ਜੋ ਹੋਇਆ, ਉਹ ਕਿੰਨਾ ਭਿਆਨਕ ਹੈ। ਅਸੀਂ ਕਿਵੇਂ ਕਹਿ ਸਕਦੇ ਹਾਂ ਕਿ ਲੋਕ ਜਬਰਜਨਾਹ ਦੇ ਮਾਮਲੇ ਨੂੰ ਲੈ ਕੇ ਪ੍ਰੇਸ਼ਾਨ ਸਨ, ਜਦਕਿ ਉਹ ਸਿਰਫ਼ ਇਸੇ ਮਾਮਲੇ ਕਾਰਨ ਹੀ ਪ੍ਰੇਸ਼ਾਨ ਸਨ। ਇਹ ਠੀਕ ਹੈ, ਪਰ ਇਹ ਖਾਸ ਤਰ੍ਹਾਂ ਦੀ ਸਿਆਸਤ ਹੈ! ਇਸ ਬਾਰੇ ਸੋਚ-ਵਿਚਾਰ ਕਰਨਾ ਬਹੁਤ ਜ਼ਰੂਰੀ ਹੈ ਅਤੇ ਮੈਂ ਸੋਚਦੀ ਹਾਂ ਕਿ ਤੁਸੀਂ ਲੋਕਾਂ ਤੋਂ ਇਹ ਆਸ ਨਹੀਂ ਕਰ ਸਕਦੇ ਕਿ ਜੋ ਚੀਜ਼ਾਂ ਉਨ੍ਹਾਂ ਨੂੰ ਪ੍ਰੇਸ਼ਾਨ ਨਹੀਂ ਕਰਦੀਆਂ, ਉਹ ਉਨ੍ਹਾਂ ਨੂੰ ਝੰਜੋੜ ਦੇਣ, ਪਰ ਇਸ ਵਜ੍ਹਾ ਕਰ ਕੇ ਤੁਸੀਂ ਬਹੁਤ ਵੱਡੀ ਸਿਆਸਤ ਨੂੰ ਉਂਞ ਹੀ ਦਰਕਿਨਾਰ ਨਹੀਂ ਕਰ ਸਕਦੇ। ਤੁਸੀਂ ਇਹ ਸਮਝਣਾ ਚਾਹੋਗੇ ਕਿ ਇਹ ਕੀ ਹੈ।

(ਚਲਦਾ)

# ਜੇ ਜੀਵੈ ਪਤਿ ਲਥੀ ਜਾਇ

ਜੀਵਨ ਕੇਵਲ ਨਾਮ ਵਿਚ ਹੈ।
ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥
ਨਾਨਕ ਅਵਰੁ ਨ ਜੀਵੈ ਕੋਇ॥
ਜੇ ਜੀਵੈ ਪਤਿ ਲਥੀ ਜਾਇ॥
ਸਭੁ ਹਰਾਮੁ ਜੇਤਾ ਕਿਛੁ ਖਾਇ॥
ਮਹਲਾ ੧ ਸਲੋਕੁ॥ ਪੰਨਾ ੧੪੨

ਨਾਮ ਵਿਹੂਣੇ, ਅਣਖਹੀਣ ਮਨੁੱਖ ਦਾ ਜੀਵਨ ਧਿਰਕਾਰ ਹੈ। 'ਜੀਵਨ ਜਾਚ' ਮਨੁੱਖ ਲਈ ਬੇਹਦ ਜ਼ਰੂਰੀ ਹੈ ਪਰ ਉਹ ਸਿੱਖਦਾ ਨਹੀਂ। ਇਸ ਤੋਂ ਬਿਨਾਂ ਹੋਰ ਸਭ ਕੁਝ ਸਿੱਖਦਾ ਹੈ। ਜਿਸ ਨੂੰ ਜੀਵਨ ਜਾਚ ਨਹੀਂ, ਉਸ ਨੂੰ ਮਰਨ ਜਾਚ ਵੀ ਨਹੀਂ ਹੈ। ਕਬੀਰ ਜੀ ਦਾ ਬਚਨ ਹੈ,

ਗਿਆਨੀ ਮੁਖਤਾਰ ਸਿੰਘ
ਫੋਨ: 347-613-4059

ਜੋ ਜੀਵਨ ਮਰਨਾ ਜਾਨੈ॥
ਸੋ ਪੰਚ ਸੈਲ ਸੁਖ ਮਾਨੈ॥
ਗੁਰੂ ਗ੍ਰੰਥ ਸਾਹਿਬ, ਪੰਨਾ ੬੫

ਜੀਵਨ ਨਾਮ ਤੋਂ ਹੈ। ਨਾਮ ਤੋਂ ਸੱਚਾਈ, ਖੇੜਾ, ਹੱਕ, ਇਨਸਾਫ, ਪਰਉਪਕਾਰ ਦੀ ਭਾਵਨਾ, ਮਜਲੂਮ ਦੀ ਰੱਖਿਆ ਦਾ ਜਜ਼ਬਾ ਪੈਦਾ ਹੁੰਦਾ ਹੈ। ਜਿਸ ਦੇ ਹਿਰਦੇ ਨਾਮ ਹੈ, ਉਸ ਦੇ ਹਿਰਦੇ ਸੱਚ ਹੈ ਅਤੇ ਜਿਸ ਦੇ ਪਾਸ ਸੱਚ ਹੈ, ਉਹ ਇਨਸਾਫਪਸੰਦ ਹੈ, ਪਰਉਪਕਾਰੀ ਜੀਵਨ ਜੀਉਂਦਾ ਅਤੇ ਸਦਾ ਖੇੜੇ ਵਿਚ ਵਿਚਰਦਾ ਹੈ। ਜੀਵਨ ਲੰਮੀ ਉਮਰ ਦਾ ਨਾਮ ਨਹੀਂ ਹੈ, ਜੀਵਨ ਤਾਂ ਇਕ ਕਿਣਕਾ ਮਾਤਰ ਵੀ ਮਹਾਨ ਹੈ ਪਰ ਹੋਵੇ ਨਾਮ ਦਾ। ਹਜ਼ੂਰ ਦਾ ਹੁਕਮ ਹੈ,

ਏਕ ਨਿਮਖ ਜੋ ਸਿਮਰਨ ਮਹਿ ਜੀਆ॥
ਕੋਟਿ ਦਿਨਸ ਲਾਖ ਸਦਾ ਥਿਰੁ ਥੀਆ॥
ਪੰਨਾ ੨੩੯

ਦਸ਼ਮੇਸ਼ ਪਿਤਾ ਦੇ ਸਾਹਿਬਜ਼ਾਦਿਆਂ, ਉਨ੍ਹਾਂ ਦਾ ਆਪਣਾ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜੀਵਨ ਕੋਈ ਲੰਮੀ ਉਮਰ ਵਾਲਾ ਨਹੀਂ ਸੀ ਪਰ ਨਾਮ ਦਾ ਜੀਵਨ ਸੀ। ਨਾਮ ਵਾਲੇ ਸਦਾ ਖੇੜੇ ਵਿਚ ਰਹਿੰਦੇ ਹਨ। ਗੁਰੂ ਨਾਨਕ ਦੇਵ ਜੀ ਦਾ ਹੁਕਮ ਹੈ,

ਆਖਾ ਜੀਵਾ ਵਿਸਰੈ ਮਰਿ ਜਾਉ॥

ਕੋਈ ਵਿਅਕਤੀ ਸੁੰਦਰ, ਉਚੀ ਕੁਲ ਵਾਲਾ, ਮੂੰਹ ਦਾ ਮਿੱਠਾ, ਸਭਾ ਦਾ ਵਕਤਾ ਅਤੇ ਧਨਵਾਨ ਭੀ ਹੈ, ਜੇ ਨਾਮ ਨਾਲ ਪ੍ਰੀਤ ਨਹੀਂ ਤਾਂ ਮੁਰਦਾ ਹੈ। ਜੋ ਮਨੁੱਖ ਆਚਰਣਹੀਨ ਹੈ, ਉਹ ਮਨੁੱਖੀ ਜਾਮੇ ਵਿਚ ਕਿਸੇ ਪਸ਼ੂ ਦੀ ਜੂਨ ਭੋਗ ਰਿਹਾ ਹੈ। ਗੁਰਬਾਣੀ ਦਾ ਫੁਰਮਾਨ ਹੈ,

ਜੋ ਨ ਸੁਨਹਿ ਜਸੁ ਪਰਮਾਨੰਦਾ॥
ਪਸੁ ਪੰਖੀ ਤ੍ਰਿਗਦ ਜੋਨਿ ਤੇ ਮੰਦਾ॥੩॥
ਪੰਨਾ ੧੮੯

ਹੱਕ ਸੱਚ ਅਣਖ ਨੂੰ ਤਿਆਗ ਕੇ ਜੇ ਜੀਵਨ ਹੈ ਤਾਂ ਪੱਤ ਲੱਥੀ ਦਾ ਜੀਵਨ ਹੈ। ਭਾਰਤੀਆਂ ਦਾ ਜੀਵਨ ਪੱਤ ਲੱਥੀ ਦਾ ਜੀਵਨ ਸੀ। ਦੇਸ ਦੇ ਰਾਖੇ ਅਖਵਾਣ ਵਾਲਿਆਂ ਨੇ ਆਪਣਾ ਖਤਰੀ ਧਰਮ ਤਿਆਗ ਦਿੱਤਾ ਸੀ। ਗੁਰੂ ਨਾਨਕ ਦੇਵ ਜੀ ਲਿਖਦੇ ਹਨ,

ਖਤ੍ਰੀਆ ਤ ਧਰਮੁ ਛੋਡਿਆ
ਮਲੇਛ ਭਾਖਿਆ ਗਹੀ॥ ਪੰਨਾ ੬੬੩

ਭਾਰਤੀ ਹਿੰਦੂ ਰਾਜਿਆਂ ਦਾ ਹਾਲ ਬਹੁਤ ਹੀ ਮਾੜਾ ਸੀ। ਉਹ ਆਪਣੀਆਂ ਧੀਆਂ-ਭੈਣਾਂ ਦੇ ਡੋਲੇ ਦੇ ਕੇ ਆਪਣਾ ਰਾਜ ਭਾਗ ਬਚਾ ਰਹੇ ਸਨ। ਜਦ ਦੇਸ਼ ਦੇ ਰਾਜਿਆਂ ਦਾ ਇਹ ਹਾਲ ਸੀ ਤਾਂ ਅਸੀਂ ਆਮ ਪਰਜਾ ਬਾਰੇ ਕੀ ਕਹਿ ਸਕਦੇ ਹਾਂ? ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਵਿਚੋਂ ਇਕ ਇਤਿਹਾਸਕ ਘਟਨਾ ਦਾ ਜਿਕਰ ਕੀਤਾ ਜਾ ਰਿਹਾ ਹੈ।

ਫਰਵਰੀ 1707 ਵਿਚ ਬਾਦਸ਼ਾਹ ਔਰੰਗਜੇਬ ਦੀ ਮੌਤ ਹੋ ਗਈ। ਮਰਨ ਸਮੇਂ ਔਰੰਗਜੇਬ ਦਾ ਛੋਟਾ ਬੇਟਾ ਤਾਰਾ ਆਜਮ ਬਾਦਸ਼ਾਹ ਦੇ ਕੋਲ ਸੀ। ਇਹ ਹਿੰਦ ਦਾ ਬਾਦਸ਼ਾਹ ਬਣ ਗਿਆ। ਔਰੰਗਜੇਬ ਦਾ ਵਡਾ ਬੇਟਾ ਮੁਅੱਜਮ (ਬਹਾਦਰ ਸ਼ਾਹ) ਉਸ ਸਮੇਂ, ਅੱਜ ਦੇ ਅਫਗਾਨਿਸਤਾਨ ਦਾ ਗਵਰਨਰ ਸੀ, ਬਹੁਤ ਦੁਖੀ ਹੋਇਆ। ਭਾਈ ਨੰਦ ਲਾਲ ਨੇ ਬਹਾਦਰ ਸ਼ਾਹ ਦੇ ਵਲੋਂ ਕਲਗੀਧਰ ਪਿਤਾ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਬਾਦਸ਼ਾਹਤ ਦਾ ਹੱਕ ਬਹਾਦਰ ਸ਼ਾਹ ਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਬਹਾਦਰ ਸ਼ਾਹ ਦੀ ਹਰ ਤਰ੍ਹਾਂ ਮਦਦ ਕੀਤੀ। ਯੁੱਧ ਵਿਚ ਬਹਾਦਰ ਸ਼ਾਹ ਦੀ ਜਿੱਤ ਹੋਈ ਅਤੇ ਤਾਰਾ ਆਜਮ ਮਾਰਿਆ ਗਿਆ। ਕਲਗੀਧਰ ਪਿਤਾ ਨੇ ਆਪਣੀ ਰਹਿਮਤ ਨਾਲ ਬਹਾਦਰ ਸ਼ਾਹ ਨੂੰ ਹਿੰਦ ਦਾ ਬਾਦਸ਼ਾਹ ਬਣਾ ਦਿੱਤਾ।

ਬਹਾਦਰ ਸ਼ਾਹ ਨੇ ਹਿੰਦ ਦਾ ਬਾਦਸ਼ਾਹ ਬਣ ਕੇ ਆਗਰੇ ਵਿਚ ਤਾਜਪੋਸ਼ੀ ਦੀ ਰਸਮ ਕੀਤੀ, ਜਿਸ ਵਿਚ ਭਾਰਤ ਭਰ ਦੇ ਹਿੰਦੂ ਰਾਜੇ ਸ਼ਾਮਲ ਹੋਏ। ਪਰ ਗੁਰੂ ਗਬਿੰਦ ਸਿੰਘ ਜੀ ਇਸ ਰਸਮ ਵਿਚ ਸ਼ਾਮਲ ਨਹੀਂ ਸਨ ਹੋਏ। ਤਾਜਪੋਸ਼ੀ ਦੀ ਰਸਮ ਵਿਚ ਜੈਪੁਰ ਅਤੇ ਜੋਧਪੁਰ ਦੇ ਰਾਜੇ ਅਜੀਤ ਸਿੰਘ ਤੇ ਜੈ ਸਿੰਘ ਵੀ ਆਏ ਸਨ। ਤਾਜਪੋਸ਼ੀ ਦੀ ਰਸਮ ਤੋਂ ਬਾਅਦ ਉਹ ਗੁਰੂ ਗੋਬਿੰਦ ਸਿੰਘ ਜੀ ਨੂੰ ਮਿਲਣ ਆਏ। ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਨੂੰ ਕਿਹਾ ਕਿ ਤੁਸੀਂ ਭਾਰਤੀ ਰਾਜੇ ਬਹੁਤ ਬੁਰਾ ਕੰਮ ਕਰਦੇ ਹੋ ਜੋ ਆਪਣੀਆਂ ਧੀਆਂ ਮੁਗਲਾਂ, ਪਠਾਣਾਂ, ਸਯਦਾਂ ਨੂੰ ਦਿੰਦੇ ਹੋ। ਇਹ ਅਤਿ ਗਿਰਾਵਟ ਅਤੇ ਅਣਖਹੀਣ ਕੰਮ ਹੈ। ਦੋਹਾਂ ਰਾਜਿਆਂ ਨੇ ਕਲਗੀਧਰ ਪਾਤਸ਼ਾਹ ਦੇ ਸਨਮੁਖ ਪ੍ਰਣ ਕੀਤਾ ਕਿ ਜੇ ਅਸੀਂ ਰਾਜਪੂਤ ਅੰਸ਼ ਹਾਂ ਤਾਂ ਆਪਣੀਆਂ ਧੀਆਂ-ਭੈਣਾਂ ਕਦੇ ਵੀ ਅੱਗੋਂ ਮੁਸਲਮਾਨਾਂ ਨੂੰ ਨਹੀਂ ਦੇਵਾਂਗੇ।

ਜਦ ਫਰਖਸ਼ੀਅਰ ਹਿੰਦ ਦਾ ਬਾਦਸ਼ਾਹ ਬਣਿਆ ਤਾਂ ਉਸ ਨੇ ਰਾਜਸਥਾਨ 'ਤੇ ਹਮਲਾ ਕਰ ਦਿੱਤਾ। ਅੱਗੋਂ ਮੁਕਾਬਲਾ ਕਰਨ ਦੀ ਥਾਂ ਰਾਜਾ ਅਜੀਤ ਸਿੰਘ ਆਪਣੀ ਲੜਕੀ ਦਾ ਡੋਲਾ ਲੈ ਕੇ ਮਿਲਿਆ ਅਤੇ ਨਾਲ ਬਹੁਤ ਸਾਰਾ ਦਾਜ ਵੀ ਦਿੱਤਾ। ਇਸ ਤਰ੍ਹਾਂ ਹੀ ਰਾਜਾ ਮਾਨ ਸਿੰਘ ਵੀ ਅਕਬਰ ਦੇ ਅਧੀਨ ਹੋ ਕੇ ਮਹਾਰਾਣਾ ਪ੍ਰਤਾਪ ਨਾਲ ਲੜਿਆ ਅਤੇ ਆਪਣੀਆਂ ਧੀਆਂ-ਭੈਣਾਂ ਅਕਬਰ, ਜਹਾਂਗੀਰ, ਸ਼ਾਹਜਹਾਨ ਆਦਿ ਨੂੰ ਦਿੰਦੇ ਰਹੇ। ਔਰੰਗਜੇਬ ਦੇ ਅਧੀਨ ਹੋ ਕੇ ਹਿੰਦੂ ਰਾਜੇ ਹੀ ਮਰਹੱਟਾ ਸ਼ਿਵਾ ਜੀ ਦੇ ਨਾਲ ਲੜਦੇ ਰਹੇ। ਬੰਦਾ ਸਿੰਘ ਬਹਾਦਰ ਦੇ ਸਮੇਂ ਭੀ ਹਿੰਦੂ ਰਾਜਿਆਂ ਨੇ ਬਹਾਦਰ ਸ਼ਾਹ ਦਾ ਸਾਥ ਦਿੱਤਾ ਅਤੇ ਬੰਦਾ ਸਿੰਘ ਦੇ ਵਿਰੁਧ ਲੜੇ। ਗੁਰੂ ਗੋਬਿੰਦ ਸਿੰਘ ਦੇ ਖਿਲਾਫ ਵੀ ਇਨ੍ਹਾਂ ਹਿੰਦੂ ਰਾਜਿਆਂ ਨੇ ਜਾਲਮ ਸਰਕਾਰ ਦਾ ਹੀ ਸਾਥ ਦਿੱਤਾ ਸੀ।

ਇਸ ਤਰ੍ਹਾਂ ਦੇ ਸਨ ਇਹ ਅਣਖਹੀਣ ਭਾਰਤੀ ਰਾਜੇ। ਇਸ ਪਰਕਾਰ ਉਸ ਸਮੇਂ ਦੇ ਰਾਜਿਆਂ ਦਾ ਜੀਵਨ ਪੱਤ ਲੱਥੀ ਦਾ ਜੀਵਨ ਸੀ।

ਐਸੇ ਬੇਗੈਰਤ, ਨਾਮ ਵਿਹੂਣੇ ਵਿਅਕਤੀਆਂ ਦਾ ਜੋ ਭੀ ਖਾਣਾ-ਪੀਣਾ ਹੈ, ਸਭ ਹਰਾਮ ਹੈ। ਜਿਨ੍ਹਾਂ ਨੇ ਆਪਣੀ ਗੈਰਤ ਹੀ ਛੱਡ ਦਿੱਤੀ ਹੋਵੇ, ਜਨਤਾ ਦੇ ਗੱਦਾਰ ਹੋਣ, ਉਨ੍ਹਾਂ ਦਾ ਜੀਵਨ ਹਮੇਸ਼ਾਂ ਹੀ ਧਿਰਕਾਰ ਹੈ। ਰਾਜ, ਰੰਗ, ਮਾਲ, ਧਨ ਦੇ ਲਾਲਚ ਵਿਚ ਜੋ ਮਨੁੱਖ ਬੇਸ਼ਰਮ ਹੋ ਗਿਆ ਹੈ, ਉਸ ਨੂੰ ਆਪਣਾ ਧਰਮ, ਕੌਮ, ਬਰਾਦਰੀ ਨਾਲ ਕੋਈ ਹਿੱਤ ਨਹੀਂ ਹੈ, ਉਸ ਵਿਚ ਅਣਖ, ਗੈਰਤ, ਹੱਕ, ਸੱਚ, ਇਨਸਾਫ, ਪਰਉਪਕਾਰ, ਕੁਰਬਾਨੀ ਦੀ ਭਾਵਨਾ ਕੁਝ ਵੀ ਨਹੀਂ ਹੁੰਦੀ। ਐਸੇ ਵਿਅਕਤੀ ਦੀ ਮੌਜੂਦਗੀ ਵਿਚ ਸਭ ਕੁਝ ਬਰਬਾਦ ਹੋ ਜਾਏ ਪਰ ਉਸ ਨੂੰ ਕੋਈ ਪਰਵਾਹ ਨਹੀਂ ਹੁੰਦੀ।

ਆਓ ਗੁਰਮਤਿ ਦੀ ਰੌਸ਼ਨੀ ਵਿਚ ਚੱਲ ਕੇ ਗੁਰਮਤਿ ਦਾ ਜੀਵਨ ਜੀਉ ਕੇ ਸਰਬਤ ਦਾ ਭਲਾ ਕਰੀਏ ਅਤੇ ਲੋਕ ਪਰਲੋਕ ਸੁਹੇਲਾ ਬਣਾਈਏ।

# ਮਾਸਟਰ ਪੀਸ ਰਚਨਾਵਾਂ ਦਾ ਅਨੁਵਾਦਕ-ਦਲਜੀਤ ਸਿੰਘ ਐਡਮੰਟਨ

ਸੁਰਿੰਦਰ ਸੋਹਲ

ਮੈਂ ਕਦੇ ਦਲਜੀਤ ਸਿੰਘ ਐਡਮੰਟਨ ਨੂੰ ਮਿਲਿਆ ਨਹੀਂ। ਹੁਣ ਮੈਨੂੰ ਯਕੀਨ ਹੋ ਗਿਆ ਹੈ ਕਿ ਅਸੀਂ ਕਦੇ ਮਿਲਾਂਗੇ ਵੀ ਨਹੀਂ। ਸਿਹਤ ਦੀ ਮਜਬੂਰੀ ਕਰਕੇ ਉਹ ਜਹਾਜ਼ੇ ਬੈਠ ਨਹੀਂ ਸਕਦਾ ਅਤੇ ਮੈਂ 'ਮੋਹ-ਮਾਇਆ' ਦੇ ਮਕੜੀ ਜਾਲ ਨੂੰ ਤੋੜਨ ਦੇ ਸਮਰੱਥ ਨਹੀਂ ਹਾਂ। ਮਨ ਦੀ ਤਸੱਲੀ ਲਈ ਕਈ ਵਾਰ ਮੈਂ ਅੰਤਰਮੁਖੀ ਹੋ ਕੇ ਸੋਚਦਾ ਹਾਂ-ਜ਼ਰੂਰੀ ਨਹੀਂ ਕਿਸੇ ਨੂੰ ਭੌਤਿਕ ਰੂਪ ਵਿਚ ਮਿਲਿਆਂ ਹੀ ਸੰਪੂਰਨ ਮਿਲਣ ਹੁੰਦਾ ਹੈ। ਰੂਹਾਂ ਦੇ ਮੇਲ ਨਾਲ ਤਾਂ ਦੁਨੀਆਂ ਭਰ ਦਾ ਸਾਹਿਤ ਭਰਿਆ ਪਿਆ ਹੈ। ਜਿੰਨੀ ਗਹਿਰਾਈ ਨਾਲ ਮੈਂ ਦਲਜੀਤ ਸਿੰਘ ਨੂੰ ਜਾਣਦਾ ਹਾਂ, ਸ਼ਾਇਦ ਨਾ ਜਾਣ ਸਕਦਾ ਜੇ ਕਦੇ ਮਿਲਿਆ ਹੁੰਦਾ। ਮਿਲਣ ਨਾਲ ਕਈ ਪ੍ਰਕਾਰ ਦੇ ਹੋਰ ਪ੍ਰਭਾਵ ਵੀ ਇਕ-ਦੂਜੇ ਤੋਂ ਗ੍ਰਹਿਣ ਹੋ ਜਾਂਦੇ ਹਨ। ਰੂਹਾਨੀ ਮਿਲਾਪ ਵਿਚ ਨਿਰੀ ਸ਼ੁਧਤਾ ਹੀ ਸ਼ੁਧਤਾ ਹੁੰਦੀ ਹੈ।

ਦਲਜੀਤ ਸਿੰਘ ਨੇ ਐਲੈਕਸ ਹੇਲੀ ਦਾ ਵੱਡ-ਅਕਾਰੀ ਨਾਵਲ 'ਰੂਟਸ' ਦਾ ਪੰਜਾਬੀ 'ਚ ਅਨੁਵਾਦ ਕੀਤਾ। ਡਾਰਵਿਨ ਦਾ ਮਾਸਟਰ ਪੀਸ ਕਾਰਜ ਵਿਆਖਿਆਮਈ ਅੰਦਾਜ਼ 'ਚ ਪੰਜਾਬੀ ਦੇ ਆਮ ਪਾਠਕ ਦੀ ਪਹੁੰਚ ਵਿਚ ਲਿਆਂਦਾ।

ਸਰਟੀਫਿਕੇਟ ਮੁਤਾਬਕ 4 ਅਕਤੂਬਰ ਅਤੇ ਪਿਤਾ ਮਿਹਰ ਸਿੰਘ ਮੁਤਾਬਕ 5 ਜਨਵਰੀ 1929 ਵਿਚ ਜਨਮੇ ਦਲਜੀਤ ਸਿੰਘ ਨੇ ਆਪਣੀਆਂ ਕਿਤਾਬਾਂ ਆਪ ਟਾਈਪ ਕੀਤੀਆਂ। ਜਿਸ ਉਮਰੇ ਲੋਕ ਸਾਰਾ ਕੁਝ ਛੱਡ ਛਡਾ ਕੇ ਸੁਰਖਰੂ ਹੋਣ ਦੀ ਤਾਂਘ ਕਰਦੇ ਹਨ, ਦਲਜੀਤ ਸਿੰਘ ਨੇ ਹਿੰਮਤ ਕਰਕੇ ਨਵੇਂ ਨਵੇਂ ਕਾਰਜ ਸਹੇੜੇ ਹੀ ਨਹੀਂ, ਸਿਰੇ ਵੀ ਲਾਏ। ਉਸ ਨੇ ਮੌਲਿਕ ਰਚਨਾ ਘੱਟ ਕੀਤੀ ਪਰ ਪੜ੍ਹਨਯੋਗ ਕਿਤਾਬਾਂ ਉਲਥਾਉਣ ਵਿਚ ਆਪਣੀ ਸਮਰਥਾ ਦਾ ਇਸਤੇਮਾਲ ਕੀਤਾ। ਸਾਰੀ ਉਮਰ ਅਧਿਆਪਨ ਦੇ ਖੇਤਰ ਵਿਚ ਰਹੇ ਦਲਜੀਤ ਸਿੰਘ ਨੇ ਸਾਬਿਤ ਕੀਤਾ ਕਿ ਆਦਮੀ ਆਪਣੇ ਆਪ ਨੂੰ ਵਿਦਿਆਰਥੀ ਸਮਝ ਕੇ ਹੀ ਚੱਲੇ ਤਾਂ ਜ਼ਿੰਦਗੀ ਵਿਚ ਨਵੇਂ ਰੰਗ ਭਰਨ ਦਾ ਜਾਦੂ ਸਿੱਖ ਸਕਦਾ ਹੈ।

ਸਾਹਿਤ ਨਾਲ ਲਗਾਓ ਉਮਰ ਦੇ ਕਿਹੜੇ ਪੜਾਓ ਵਿਚ ਹੋਇਆ? ਉਸ ਦਾ ਜਵਾਬ ਸੀ-ਇਸ ਕਾਰਜ ਲਈ ਨਿਸ਼ਚਿਤ ਤਰੀਕ ਤਾਂ ਮਿਥੀ ਨਹੀਂ ਜਾ ਸਕਦੀ। ਡਾਰਵਿਨ ਅਨੁਸਾਰ ਸਾਨੂੰ ਮੂਲ ਰੁਚੀਆਂ ਵਿਰਸੇ ਵਿਚ ਮਿਲਦੀਆਂ ਹਨ। ਹਰੇਕ ਵਿਰਸਾ ਅਨਾਦਿ ਕਾਲ ਤੋਂ ਚੱਲ ਰਿਹਾ ਹੁੰਦਾ ਹੈ। ਇਹ ਰੁਚੀਆਂ ਕੁਦਰਤੀ ਚੋਣ ਰਾਹੀਂ ਨਿੱਕੇ ਨਿੱਕੇ ਦਰਜਿਆਂ ਵਿਚ ਵਿਕਾਸ ਕਰਦੀਆਂ ਹਨ। ਸਾਨੂੰ ਨਹੀਂ ਪਤਾ ਲਗਦਾ ਕਿ ਕਿਹੜੀ ਤਬਦੀਲੀ ਆ ਰਹੀ ਹੈ? ਇਹ ਵਿਕਾਸਵਾਦ ਦਾ ਗੁਣ ਹੈ। ਤਬਦੀਲੀਆਂ ਇਕੱਠੀਆਂ ਹੋ ਜਾਂਦੀਆਂ ਹਨ। ਕਈ ਸਾਲਾਂ ਪਿੱਛੋਂ ਕੋਈ ਦੋਸਤ ਆ ਕੇ ਕਹਿੰਦਾ ਹੈ ਕਿ ਤੂੰ ਐਨਾ ਬਦਲ ਗਿਆ ਹੈਂ। ਇਹ ਤਬਦੀਲੀ ਸਮਾਜ ਲਈ ਗੁਣਕਾਰੀ ਵੀ ਹੋ ਸਕਦੀ ਹੈ ਅਤੇ ਹਾਨੀਕਾਰਕ ਵੀ। ਸੰਨ 1998 ਵਿਚ ਪਤਨੀ ਦਾ ਵਿਛੋੜਾ ਮੇਰੇ ਲਈ ਕੁਦਰਤੀ ਚੋਣ ਪੈਦਾ ਕਰ ਗਿਆ, ਮੈਨੂੰ ਪਤਾ ਨਹੀਂ ਲੱਗਿਆ। ਜ਼ਿੰਦਗੀ ਦੇ ਖ਼ਲਾਅ ਨੇ ਥੋੜ੍ਹਾ ਥੋੜ੍ਹਾ ਲਿਖਣ ਲਾਇਆ। ਪਹਿਲਾਂ ਕਦੇ ਕਦੇ ਲੇਖ ਅਤੇ ਕਹਾਣੀਆਂ ਪੰਜਾਬੀ ਟ੍ਰਿਬਿਊਨ, ਅਜੀਤ ਅਤੇ ਨਵਾਂ ਜ਼ਮਾਨਾ ਵਿਚ ਛਪ ਜਾਂਦੀਆਂ ਸਨ। ਪ੍ਰਿੰ. ਸੁਜਾਨ ਸਿੰਘ ਦੀਆਂ ਕਹਾਣੀਆਂ ਦਾ ਅਸਰ ਪਿਆ ਅਤੇ ਮੈਂ ਸਮਝਿਆ ਕਿ ਅਜਿਹੀ ਕਹਾਣੀ ਤਾਂ ਮੈਂ ਵੀ ਲਿਖ ਸਕਦਾ ਹਾਂ। 1972 ਵਿਚ ਮੈਂ ਇਕ ਕਹਾਣੀ 'ਬੇਬੇ' ਲਿਖੀ ਸੀ, ਐਮ ਏ (ਪੰਜਾਬੀ) ਕਰਦਿਆਂ। ਇਹ ਸ਼ਾਇਦ 'ਫੁਲਵਾੜੀ' ਵਿਚ ਛਪੀ ਸੀ।

ਜੱਬਲਪੁਰ ਵਿਚ ਜਨਮੇ, ਢੈਪੀ ਚੱਕ ਨੰਬਰ 84 (ਲਾਇਲਪੁਰ, ਪਾਕਿਸਤਾਨ) ਅਤੇ ਖ਼ਾਲਸਾ ਕਾਲਜ ਲਾਇਲਪੁਰ (ਪਾਕਿਸਤਾਨ) ਵਿਚ ਪੜ੍ਹਾਈ ਕਰਦਿਆਂ ਕਾਫ਼ਲਿਆਂ ਨਾਲ ਦਸ-ਗਿਆਰਾਂ ਦਿਨ ਦਾ ਪੈਦਲ ਸਫ਼ਰ ਕਰਦਾ ਦਲਜੀਤ ਸਿੰਘ 26 ਅਕਤੂਬਰ 1947 ਨੂੰ ਪਰਿਵਾਰ ਸਮੇਤ ਖੇਮ ਕਰਨ ਪਹੁੰਚਾ। ਮਾਤਾ ਭਗਵੰਤ ਕੌਰ ਤਾਂ ਤਿੰਨਾਂ ਸਾਲਾਂ ਦੇ ਨੂੰ ਛੱਡ ਕੇ ਗੁਜ਼ਰ ਗਏ ਸਨ।

ਸਾਰੀ ਉਮਰ ਨਿਰੰਤਰ ਸਫ਼ਰ ਵਿਚ ਰਹੇ ਦਲਜੀਤ ਸਿੰਘ ਨੂੰ ਅਨੁਵਾਦ ਕਰਨ ਦਾ ਖ਼ਿਆਲ ਕਿਵੇਂ ਆਇਆ? ਉਨ੍ਹਾਂ ਦੱਸਿਆ-ਐਲੇਕਸ ਹੇਲੀ ਦਾ ਅਮਰੀਕਨ ਨਾਵਲ 'ਰੂਟਸ' 1977 ਵਿਚ ਛਪਿਆ। ਉਸ ਨਾਵਲ ਦੀ ਮੂਵੀ ਵੀ ਬਣੀ। ਨਾਵਲ ਦੀ ਸਮੱਗਰੀ ਕਾਲੇ ਬੰਦੇ 'ਕੂੰਤਾ ਕਿੰਤੇ' ਦੀ ਸੱਤ ਪੁਸ਼ਤਾਂ ਦੀ ਦੁੱਖ ਭਰੀ ਕਹਾਣੀ ਪੇਸ਼ ਕਰਦੀ ਹੈ। ਨਾਵਲ ਅਤੇ ਮੂਵੀ ਦੇ ਪ੍ਰਤੀਕਰਮ ਵਿਚ ਕਾਲੇ-ਗੋਰਿਆਂ ਅੰਦਰ ਸਥਿਤੀ ਟਕਰਾ ਦੀ ਹੱਦ ਤੱਕ ਚਲੀ ਗਈ ਸੀ।

ਮੇਰੇ ਬੇਟੇ ਨੂੰ ਇਹ ਨਾਵਲ ਚੰਗਾ ਲੱਗਿਆ ਅਤੇ ਉਸ ਨੇ ਨਾਵਲ 1980 ਵਿਚ ਮੈਨੂੰ ਇੰਡੀਆ ਭੇਜ ਦਿੱਤਾ, ਪੜ੍ਹ ਕੇ ਮੈਂ ਬਹੁਤ ਪ੍ਰਭਾਵਿਤ ਹੋਇਆ। ਨਾਵਲ ਦੇ ਵਿਸ਼ੇ-ਵਸਤੂ ਦੀ ਤਰਕ ਮੂਲਕ ਵਿਲੱਖਣਤਾ ਨੇ ਮੇਰੇ ਅੰਦਰ ਇਸ ਨੂੰ ਪੰਜਾਬੀ ਵਿਚ ਉਲੱਥਾ ਕਰਨ ਦੀ ਲਗਨ ਪੈਦਾ ਕੀਤੀ। 1981 ਵਿਚ ਮੈਂ ਇਸ ਦਾ ਅਨੁਵਾਦ ਸ਼ੁਰੂ ਕੀਤਾ। ਉਸ ਸਮੇਂ ਪਤਨੀ ਕਲਾਟ ਕਾਰਨ ਸਖ਼ਤ ਬੀਮਾਰ ਸੀ। ਮੰਜੇ 'ਤੇ ਹੀ ਪਈ ਰਹਿੰਦੀ ਸੀ। ਮੈਂ ਇਕ ਸਫ਼ਾ ਉਲੱਥਾ ਕਰਕੇ ਉਸ ਨੂੰ ਸੁਣਾਉਂਦਾ ਤਾਂ ਉਸ ਨੇ ਬਹੁਤ ਖ਼ੁਸ਼ ਹੋਣਾ। ਫਿਰ ਪਤਾ ਲੱਗਿਆ ਕਿ ਇਸ ਦੀ ਛਪਾਈ 'ਤੇ 40 ਹਜ਼ਾਰ ਲੱਗਣਗੇ। 'ਪੱਲੇ ਨਹੀਂ ਧੇਲਾ-ਕਰਦੀ ਮੇਲਾ ਮੇਲਾ।' ਬੱਸ ਮੈਂ ਉਲੱਥਾ ਵਿਚੇ ਛੱਡ ਦਿੱਤਾ। 1994 ਵਿਚ ਕੈਨੇਡਾ ਆ ਕੇ ਦੋ ਕਿਤਾਬਾਂ ('ਮਨੁੱਖੀ ਪ੍ਰਾਪਤੀ ਦੇ ਸਿਖਰ' ਅਤੇ 'ਸੱਚ ਦੀ ਭਾਲ') ਪ੍ਰਕਾਸ਼ਿਤ ਕੀਤੀਆਂ। 1998 ਵਿਚ ਪਤਨੀ ਦੇ ਚਲਾਣੇ ਪਿੱਛੋਂ ਦਿਲ ਨੇ ਚਾਹਿਆ ਕਿ ਪਤਨੀ ਦੀ ਇੱਛਾ ਪੂਰੀ ਕੀਤੀ ਜਾਵੇ। ਸ਼ੌਕ ਸੀ, ਚਾਹ ਸੀ ਅਤੇ ਮੂਕ ਵਾਇਦਾ ਸੀ 'ਕਿਸੇ' ਨਾਲ। ਕਰੀਬ ਢਾਈ ਸਾਲ ਵਿਚ ਕੰਮ ਸਿਰੇ ਚਾੜ੍ਹ ਦਿੱਤਾ। ਮੈਨੂੰ ਲੱਗਿਆ ਜਿਵੇਂ ਕੀੜੀ ਨੇ ਪਹਾੜ ਸਰ ਕਰ ਲਿਆ ਹੋਵੇ।

'ਰੂਟਸ' ਨਾਵਲ ਪੜ੍ਹਨ ਦਾ ਅਨੁਭਵ ਸਾਂਝਾ ਕਰਦਿਆਂ ਮੈਂ ਕਿਹਾ-ਦਲਜੀਤ ਸਿੰਘ ਜੀ, ਮੈਂ ਚਾਰ-ਪੰਜ ਮਹੀਨੇ ਲਗਾਤਾਰ ਇਸ ਨਾਵਲ ਨਾਲ ਜੁੜਿਆ ਰਿਹਾ। ਮੇਰੇ ਕਮਰੇ ਵਿਚ ਬੜੀ ਰੌਣਕ ਰਹੀ। ਕੂੰਤਾ ਕਿੰਤੇ ਦੇ ਪਰਿਵਾਰ ਦੇ ਮੈਂਬਰ ਮੇਰੇ ਇਰਦ-ਗਿਰਦ ਹਸਦੇ, ਟੱਪਦੇ, ਸਿਸਕਦੇ, ਉਦਾਸ, ਖ਼ੁਸ਼ ਤੁਰਦੇ ਫਿਰਦੇ ਨਜ਼ਰ ਆਉਂਦੇ ਰਹੇ। ਜਦੋਂ ਮੈਂ ਨਾਵਲ ਖ਼ਤਮ ਕੀਤਾ, ਮੇਰੇ ਕਮਰੇ ਵਿਚ ਘੋਰ ਖ਼ਾਮੋਸ਼ੀ ਦਾ ਆਲਮ ਮਹਿਸੂਸ ਹੋ ਰਿਹਾ ਸੀ, ਜਿਵੇਂ ਮੈਂ ਕਿਸੇ ਵਸਦੀ-ਰਸਦੀ ਦੁਨੀਆਂ 'ਚੋਂ ਬਾਹਰ ਨਿਕਲ ਕੇ ਨਿੱਕੇ ਜਿਹੇ ਕਮਰੇ ਵਿਚ ਆ ਗਿਆ ਹੋਵਾਂ। ਤੁਹਾਡਾ ਨਾਵਲ ਦੇ ਅਨੁਵਾਦ ਬਾਰੇ ਕੀ ਅਨੁਭਵ ਹੈ।



ਦਲਜੀਤ ਸਿੰਘ

ਦਲਜੀਤ ਸਿੰਘ ਨੇ ਕਿਹਾ-ਬਿਲਕੁਲ ਇੰਵ ਦਾ ਹੀ। ਨਾਵਲ ਦਾ ਅਨੁਵਾਦ ਕਰਦਿਆਂ ਮੈਨੂੰ ਮਹਿਸੂਸ ਹੋਣ ਲੱਗ ਪਿਆ, ਜਿਵੇਂ ਮੈਂ ਕੂੰਤਾ ਕਿੰਤੇ ਦੇ ਪਰਿਵਾਰ ਦਾ ਹੀ ਹਿੱਸਾ ਹਾਂ। ਉਨ੍ਹਾਂ ਦੀਆਂ ਭਾਵਨਾਵਾਂ ਚੰਗੀ ਤਰ੍ਹਾਂ ਸਮਝਦਾ, ਕਾਗ਼ਜ਼ 'ਤੇ ਉਤਾਰਦਾ। ਮੈਂ ਜਿਵੇਂ ਹਰ ਪਾਤਰ ਨੂੰ ਅੰਦਰੋਂ ਬਾਹਰੋਂ ਚੰਗੀ ਤਰ੍ਹਾਂ ਸਮਝਣ ਲੱਗ ਪਿਆ ਸੀ।

1987 ਵਿਚ ਲੈਕਚਰਾਰ ਵਜੋਂ ਰਿਟਾਇਰ ਹੋਏ ਦਲਜੀਤ ਸਿੰਘ ਨੂੰ ਡਾਰਵਿਨ ਨੂੰ ਪੰਜਾਬੀ ਵਿਚ ਉਲਥਾਉਣ ਦਾ ਖ਼ਿਆਲ ਕਿਵੇਂ ਆਇਆ?

ਉਸ ਦਾ ਜਵਾਬ ਸੀ-ਮੇਰੀ ਰੁਚੀ ਤਰਕਵਾਦੀ ਹੈ। ਮੈਨੂੰ ਲੱਗਿਆ ਡਾਰਵਿਨ ਤਰਕਵਾਦੀਆਂ ਵਿਚ ਸਿਰ-ਕੱਢ ਵਿਗਿਆਨੀ ਹੈ। ਡਾਰਵਿਨ ਬਾਰੇ ਆਮ ਜਿਹੀ ਜਾਣਕਾਰੀ ਸੀ। ਡੂੰਘੇ ਵਿਸ਼ੇ ਦਾ ਪਤਾ ਨਹੀਂ ਸੀ। ਪਿੱਛੋਂ ਮੈਨੂੰ ਪਤਾ ਲੱਗਿਆ ਕਿ ਕੰਮ ਬਹੁਤ ਔਖਾ ਹੈ, ਪਰ ਮੈਂ ਹੱਥ ਪਾ ਲਿਆ ਸੀ। ਕੰਮ ਨੂੰ ਵਿਚੇ ਛੱਡਣਾ ਵੀ ਵੱਡੀ ਜਾਣਕਾਰੀ ਤੋਂ ਹੱਥ ਧੋਣਾ ਸੀ। ਡਾਰਵਿਨ ਦਾ ਨਾਂ ਮਸ਼ਹੂਰ ਹੈ, ਪ੍ਰੰਤੂ ਉਸ ਦੇ ਨਾਯਾਬ ਵਿਸ਼ੇ ਤੋਂ ਸਾਡੇ ਲੋਕ ਅਣਜਾਣ ਹਨ। ਮੈਂ ਇਹ ਗੰਢ ਖੋਲ੍ਹ ਦੇਣਾ ਚਾਹੁੰਦਾ ਸੀ। ਮੇਰਾ ਨਿਸ਼ਾਨਾ ਇਹ ਵੀ ਹੈ ਕਿ ਲੋਕ ਅੰਧ-ਵਿਸ਼ਵਾਸੀ ਹੋਣ ਦੀ ਥਾਂ ਤਰਕਸ਼ੀਲ ਬਣਨ। ਇਹ ਮੇਰਾ ਸੁਪਨਾ ਹੈ।

ਦਲਜੀਤ ਸਿੰਘ ਨੇ ਅਨੁਵਾਦ ਬਾਰੇ ਦੱਸਿਆ-ਉਲੱਥੇ ਉਤੇ ਕਈ ਬੰਦਿਸ਼ਾਂ ਹੁੰਦੀਆਂ ਹਨ। ਸਮੱਗਰੀ ਨੂੰ ਏਧਰ-ਓਧਰ ਨਹੀਂ ਕਰ ਸਕਦੇ। ਉਲੱਥਾ ਨਾਲ ਦੀ ਨਾਲ ਲਾਈਨ ਨਾਲ ਜੁੜਦਾ ਤੁਰਨਾ ਚਾਹੀਦਾ ਹੈ। ਆਪਣੀ ਮਰਜ਼ੀ ਨਾਲ ਸੰਖੇਪ ਨਹੀਂ ਕਰ ਸਕਦੇ। ਸਮੱਗਰੀ ਨੂੰ ਕਿਸੇ ਵੀ ਤਰ੍ਹਾਂ ਢਾਲ ਨਹੀਂ ਸਕਦੇ। ਮੈਂ ਇਸ ਤੋਂ ਇਨਕਾਰ ਨਹੀਂ ਕਰਦਾ। ਮੈਂ ਡਾਰਵਿਨ ਉਲਥਾਇਆ ਨਹੀਂ। ਬਹੁਤ ਸਾਰੀਆਂ ਥਾਂਵਾਂ 'ਤੇ ਸਮੱਗਰੀ ਨੂੰ ਪਾਠਕਾਂ ਦੀ ਸਮਝ ਵਾਸਤੇ, ਲੋੜ ਮੁਤਾਬਕ ਢਾਲਿਆ ਵੀ ਹੈ। ਸੰਖੇਪ ਵੀ ਕੀਤਾ ਹੈ। ਵਿਸ਼ੇ ਦੇ ਅੰਦਰ ਰਹਿੰਦਿਆਂ ਹਰ ਖ਼ੁੱਲ੍ਹ ਵਰਤੀ ਹੈ।

ਦਲਜੀਤ ਸਿੰਘ ਦੀ ਸਿਹਤ ਬਹੁਤ ਵਧੀਆ ਨਹੀਂ ਹੈ। ਸਾਹ ਛੇਤੀ ਚੜ੍ਹ ਜਾਂਦਾ ਹੈ। ਪਰ ਏਨੀਆਂ ਮੋਟੀਆਂ ਕਿਤਾਬਾਂ ਨੂੰ ਪੰਜਾਬੀ ਵਿਚ ਲਿਆਉਣ ਲਈ ਉਸ ਅੰਦਰ ਕਿਹੜੀ ਰੌਸ਼ਨੀ, ਊਰਜਾ ਜਾਂ ਦੈਵੀ ਸ਼ਕਤੀ ਹੈ, ਜਿਸ ਨੇ ਏਡਾ ਵੱਡਾ ਕਾਰਜ ਸਿਰੇ ਲਾ ਦਿੱਤਾ?

ਜਵਾਬ ਸੀ-ਡਾਰਵਿਨ ਦਾ ਸਭ ਤੋਂ ਵੱਡਾ ਸਿੱਧਾਂਤ 'ਵਿਕਾਸਵਾਦ' ਹੈ। ਕੁਦਰਤੀ ਚੋਣ ਅਨੁਸਾਰ ਹਰੇਕ ਸਜੀਵ ਆਪਣੇ ਆਪ ਨੂੰ ਮੌਕੇ ਅਨੁਸਾਰ ਢਾਲਦਾ ਹੈ। ਉਸ ਦੀਆਂ ਅਦ੍ਰਿਸ਼ਟ ਨਿੱਕੀਆਂ-ਨਿੱਕੀਆਂ ਪ੍ਰਾਪਤੀਆਂ ਪੁਸ਼ਤ-ਦਰ-ਪੁਸ਼ਤ ਉਸ ਦੇ ਫਾਇਦੇ ਲਈ ਸੰਭਾਲੀਆਂ ਜਾਂਦੀਆਂ ਹਨ ਅਤੇ ਉਹ ਵਿਕਾਸ ਕਰਦੀਆਂ ਗੁਣ ਬਖ਼ਸ਼ਦੀਆਂ ਹਨ। ਹੋਰ ਕੋਈ ਦੈਵੀ ਰੌਸ਼ਨੀ ਨਹੀਂ। ਇਹ ਵਿਰਸੇ ਦੀ ਦੇਣ ਹੈ। ਵਿਰਸੇ ਦੀਆਂ ਜੜ੍ਹਾਂ ਅਨਾਦੀ ਹਨ। ਕੁਦਰਤੀ ਚੋਣ ਇਰਾਦੇ ਦੇ ਰੂਪ ਵਿਚ ਸਾਹਮਣੇ ਆਈ।

ਸਾਹਿਤਕ ਵਿਰਸੇ ਬਾਰੇ ਪੁੱਛਿਆ ਤਾਂ ਉਸ ਦੱਸਿਆ-ਸਾਹਿਤਕ ਪਿਛੋਕੜ ਕੋਈ ਐਡਾ ਵੱਡਾ ਨਹੀਂ। ਹੋ ਸਕਦਾ ਹੈ ਗੁਣ ਬੀਜ ਰੂਪ ਵਿਚ ਕਿਸੇ ਹੋਰ ਪਾਸੇ ਕੰਮ ਕਰ ਰਿਹਾ ਹੋਵੇ। ਮੇਰਾ ਛੋਟਾ ਭਰਾ ਪ੍ਰੀਤਮ ਸਿੰਘ (ਮਰਹੂਮ) ਅੰਗਰੇਜ਼ੀ ਦਾ ਪ੍ਰੋਫ਼ੈਸਰ ਸੀ ਅਤੇ ਅੰਗਰੇਜ਼ੀ ਵਿਚ ਕਵਿਤਾ ਲਿਖਦਾ ਸੀ।

ਜਦੋਂ ਸਾਰੀ ਦੁਨੀਆਂ ਪੈਸੇ ਦੀ ਦੌੜ ਵਿਚ ਲੱਗੀ ਹੋਈ ਹੈ ਤਾਂ ਦਲਜੀਤ ਸਿੰਘ ਕਿਹੜੇ ਕੰਮ ਵਿਚ ਪੈ ਗਿਆ! ਜਵਾਬ ਖ਼ੂਬਸੂਰਤ ਸੀ-ਅਜਿਹੇ ਕੰਮ ਪੈਸਿਆਂ ਲਈ ਨਹੀਂ ਹੁੰਦੇ। ਮੇਰਾ ਸ਼ੌਕ ਸੀ। ਲਾਭ-ਹਾਨੀ ਮਨੁੱਖ ਨੂੰ ਮਾਯੂਸੀ ਦੀ ਖੱਡ ਵਿਚ ਸੁੱਟ ਦਿੰਦੇ ਹਨ। ਨਿਸ਼ਕਾਮ ਸੇਵਾ ਮਨੁੱਖ ਦਾ ਸਿਰ ਉਚਾ ਰੱਖਦੀ ਹੈ। ਮੇਰਾ ਖ਼ਿਆਲ ਹੈ, ਕੰਮ ਉਹ ਕਰੋ ਜਿਹੜਾ ਦੇਰ ਤੱਕ ਜੀਵਤ ਰਹੇ ਅਤੇ ਸਾਰੀ ਮਨੁੱਖਤਾ ਨੂੰ ਆਪਣੀ ਮਹਿਕ ਵਿਚ ਸਮੋ ਲਵੇ। ਆਪਣੇ ਵਿਚਾਰ ਆਜ਼ਾਦ ਰੱਖੋ। ਮਨੁੱਖ ਮਰ ਜਾਏਗਾ, ਪਰ ਕਿਤਾਬ ਜਿਊਂਦੀ ਰਹੇਗੀ। ਮੇਰੀਆਂ ਡਾਰਵਿਨ ਬਾਰੇ ਕਿਤਾਬਾਂ ਵਿਚ ਵਿਸ਼ਾ-ਵਸਤੂ ਡਾਰਵਿਨ ਦਾ ਹੈ ਅਤੇ ਵਾਰਤਕ ਮੇਰੀ ਹੈ।

ਮੈਨੂੰ ਸੁਰਜੀਤ ਪਾਤਰ ਦਾ ਸ਼ਿਅਰ ਯਾਦ ਆਉਣ ਲੱਗ ਪਿਆ,

ਉਹ ਬਣਾ ਰਹੇ ਨੇ ਇਮਾਰਤਾਂ
ਅਸੀਂ ਲਿਖ ਰਹੇ ਹਾਂ ਇਬਾਰਤਾਂ
ਤਾਂ ਜੁ ਪੱਥਰਾਂ ਦੇ ਵਜੂਦ ਵਿਚ
ਕੋਈ ਆਤਮਾ ਵੀ ਰਿਹਾ ਕਰੇ।

'ਅਹਿੰਸਾ, ਪਿਆਰ ਅਤੇ ਸ਼ਾਂਤੀ' ਦਲਜੀਤ ਸਿੰਘ ਦੀ ਇਕ ਹੋਰ ਵਾਰਤਕ ਪੁਸਤਕ ਹੈ। ਮੈਂ ਪੁੱਛਿਆ-ਪਦਾਰਥਵਾਦੀ ਯੁਗ ਵਿਚ ਉਨ੍ਹਾਂ ਦੀ ਹੋਂਦ ਕਿਸੇ ਕ੍ਰਿਸ਼ਮੇ ਤੋਂ ਘੱਟ ਨਹੀਂ। ਤੁਹਾਨੂੰ ਕਿਵੇਂ ਲੱਗਦਾ ਹੈ? ਬੜਾ ਸਾਦਾ ਜਵਾਬ ਸੀ-ਮੈਂ ਇਕ ਆਮ ਆਦਮੀ ਹਾਂ। ਕ੍ਰਿਸ਼ਮੇ ਵਾਲੀ ਗੱਲ ਦੁਨੀਆਂ ਭਰ ਵਿਚ ਨਹੀਂ। ਸਾਰੇ ਕੁਦਰਤੀ ਚੋਣ ਦੀ ਉਪਜ ਹਨ।

ਡਾਰਵਿਨ ਨੂੰ ਪੰਜਾਬੀ ਵਿਚ ਉਲਥਾਉਣ ਵੇਲੇ ਕਦੇ ਪੰਜਾਬੀ ਜ਼ਬਾਨ ਦੀ ਸੀਮਾ ਨੇ ਰਾਹ ਤਾਂ ਨਹੀਂ ਰੋਕਿਆ? ਬਹੁਤ ਮੁਸ਼ਕਲਾਂ ਆਈਆਂ। ਪੰਜਾਬੀ ਜ਼ਬਾਨ ਕੋਲ ਬਹੁਤ ਸਾਰੇ ਸੰਕਲਪਾਂ ਅਤੇ ਸ਼ਬਦਾਂ ਦੇ ਤੁਲ ਸ਼ਬਦਾਵਲੀ ਨਹੀਂ ਹੈ। ਪਰ ਮੈਂ ਬਹੁਤ ਸਾਰੇ ਸ਼ਬਦਾਂ ਨੂੰ ਬ੍ਰੈਕਟਾਂ ਵਿਚ ਸਮਝਾ ਕੇ ਉਨ੍ਹਾਂ ਨੂੰ ਓਵੇਂ ਹੀ ਰੱਖ ਲਿਆ। ਅੰਗਰੇਜ਼ੀ ਜ਼ਬਾਨ ਨੇ ਵੀ ਵਿਦੇਸ਼ੀ ਭਾਸ਼ਾਵਾਂ ਤੋਂ ਸ਼ਬਦ ਲੈ ਕੇ ਆਪਣਾ ਖ਼ਜ਼ਾਨਾ ਅਮੀਰ ਕੀਤਾ ਹੈ। ਜੇ ਪੰਜਾਬੀ ਜ਼ਬਾਨ ਨੇ ਅੰਤਰਰਾਸ਼ਟਰੀ ਪੱਧਰ ਦੀ ਬਣਨਾ ਹੈ ਤਾਂ ਇਸ ਨੂੰ ਵੀ ਦੂਜੀਆਂ ਜ਼ਬਾਨਾਂ ਤੋਂ ਸ਼ਬਦ ਲੈਣੇ ਪੈਣੇ ਹਨ।

ਸਿਆਣੇ ਕਹਿੰਦੇ ਹਨ, ਦੁਨੀਆ 'ਤੇ ਅਮਰ ਹੋਣ ਦੇ ਦੋ ਹੀ ਤਰੀਕੇ ਹਨ-ਜਾਂ ਅਜਿਹਾ ਕੰਮ ਕਰ ਦਿਉ, ਜਿਸ ਬਾਰੇ ਲੋਕ ਲਿਖਦੇ ਰਹਿਣ। ਜਾਂ ਅਜਿਹਾ ਲਿਖ ਦਿਉ ਜਿਸ ਨੂੰ ਲੋਕ ਪੜ੍ਹਦੇ ਰਹਿਣ।

'ਰੂਟਸ' ਅਤੇ ਡਾਰਵਿਨ ਦੀਆਂ ਮਾਸਟਰ ਪੀਸ ਕਿਤਾਬਾਂ ਪੰਜਾਬੀ ਵਿਚ ਲਿਆ ਕੇ ਦਲਜੀਤ ਸਿੰਘ ਨੇ ਆਪਣੇ ਆਪ ਨੂੰ ਦੂਸਰੇ ਵਰਗ ਵਿਚ ਲੈ ਆਂਦਾ ਹੈ।

ਮੈਨੂੰ ਦਲਜੀਤ ਸਿੰਘ ਨੂੰ ਨਾ ਮਿਲਣ ਦਾ ਕੋਈ ਅਫਸੋਸ ਨਹੀਂ ਕਿਉਂਕਿ ਉਹ ਅਣਗਿਣਤ ਲੋਕਾਂ ਤੱਕ ਆਪਣੇ ਕਾਰਜ ਰਾਹੀਂ ਪਹੁੰਚਾ ਹੈ, ਪਹੁੰਚ ਰਿਹਾ ਹੈ ਅਤੇ ਪਹੁੰਚਦਾ ਰਹੇਗਾ।

# ਲਾਲਟੈਣਾਂ ਦੀ ਰੌਸ਼ਨੀ 'ਚ ਵਾਪਰੀਆਂ ਬੇਤਰਤੀਬ ਘਟਨਾਵਾਂ ਦਾ ਕਿੱਸਾ




ਦੁਨੀਆਂ ਦੇ ਹਰ ਸੁਚੇਤ ਮਨੁੱਖ ਦੀ ਸੋਚ ਹੈ ਕਿ ਦੂਜੇ ਲੋਕ ਤੁਹਾਡੀਆਂ ਕਮਜ਼ੋਰੀਆਂ ਤੇ ਊਣਤਾਈਆਂ ਨੂੰ ਸਾਹਮਣੇ ਰੱਖ ਕੇ ਹੀ ਤੁਹਾਡਾ ਕੱਦ ਮਾਪਣ ਵਿਚ ਲੱਗੇ ਹੋਏ ਹਨ। ਇਸੇ ਕਰ ਕੇ ਚੰਗੇ ਲੋਕਾਂ ਦੀਆਂ ਅਸਥੀਆਂ ਈਰਖਾ ਦੇ ਸੁੱਕੇ ਵਹਿਣ ਵਿਚ ਜਲ ਪ੍ਰਵਾਹ ਕਰਨ ਦੇ ਯਤਨ ਹੋ ਰਹੇ ਹਨ। ਕੱਪੜੇ ਵਲ ਕੱਢਣ ਲਈ ਪ੍ਰੈਸ ਕੀਤੇ ਜਾਣ ਲੱਗੇ ਸਨ, ਪਰ ਹੁਣ ਵਧੇਰੇ ਕਰ ਕੇ ਕਰੀਜ਼ਾਂ ਬੰਨ੍ਹਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਲਈ ਇਹ ਵੀ ਜ਼ਰੂਰੀ ਨਹੀਂ ਹੈ ਕਿ ਸੰਗੀਤ ਦੇ ਬੂਲਿਆਂ ਵਿਚ ਬੇਸੁਰੇ ਰਾਗ ਨਾ ਹੋਣ।

ਕਈ ਵਾਰ ਬੱਚਾ ਤਾਂ ਸੁਨੱਖਾ ਹੁੰਦਾ ਹੈ, ਪਰ ਆਂਢ-ਗੁਆਂਢ ਆਖ ਰਿਹਾ ਹੁੰਦਾ ਹੈ, "ਨੱਕ ਤਾਏ ਵਰਗੈ ਚੌੜਾ" ਜਾਂ "ਬੁੱਲ੍ਹ ਛੜੇ 'ਤੇ ਗਏ ਨੇ ਪੂਰੇ" ਤੇ ਗੱਲ ਕਈ ਵਾਰ ਸਿਰੇ ਹੀ ਲੱਗ ਜਾਂਦੀ ਐ, "ਨੱਥੂ ਲੁਹਾਰ ਵਰਗਾ ਨ੍ਹੀਂ ਲਗਦਾ ਮੜੰਗਾ?" ਸਾਡੇ ਘਰ ਦਾ ਤਾਣਾ ਪੇਟਾ ਕਿਸੇ ਸਿਰਿਉਂ ਨ੍ਹੀਂ ਸ਼ੁਰੂ ਹੁੰਦਾ। ਖਿਚੜੀ ਤਾਂ ਮੈਂ ਬਾਅਦ 'ਚ ਦੱਸਦਾਂ, ਪਹਿਲਾਂ ਗੱਲ ਬਾਬੇ ਤੋਂ ਸ਼ੁਰੂ ਕਰਦੇ ਆਂ। ਮੇਰੇ ਬਾਬੇ ਦਾ ਨਾਂ ਸੀ ਬੀਰਬਲ। ਇਹ ਸੁਣ ਕੇ ਆਏਂ ਲਗਦਾ ਸੀ, ਪਈ ਇਹ ਪੱਕਾ ਮੁਸਲਮਾਨ ਮੀਰ-ਆਲਮਾਂ ਦਾ ਮੁੰਡਾ ਹੋਊ। ਪਿਉ ਦਾ ਨਾਂ ਸੀ ਰਾਮ ਦਿੱਤਾ। ਇਸ ਤੋਂ ਆਏਂ ਲਗਦਾ, ਪਈ ਬ੍ਰਾਹਮਣ ਹੋਊ ਜਿਹੜਾ ਲਸਣ ਪਿਆਜ ਵੀ ਨ੍ਹੀਂ ਛਕਦਾ ਹੋਣਾ। ਦਾਦੀ ਅੱਛਰ ਕੌਰ ਤੇ ਮਾਂ ਪ੍ਰਕਾਸ਼ ਕੌਰ। ਭੁਲੇਖਾ ਨ੍ਹੀਂ ਪੈਂਦਾ, ਪਈ ਪਿਉ-ਦਾਦੇ ਨੇ ਲਵ ਮੈਰਿਜ ਕਰਵਾਈ ਹੋਊ! ਅਸਲ ਵਿਚ ਕਹਾਣੀ ਇਹ ਸੀ ਕਿ ਪੜਦਾਦਾ ਸੀ ਪਹਿਲਵਾਨ। ਉਹਨੇ ਪੁੱਤ ਦਾ ਨਾਂ ਬੀਰ+ਬਲ ਤਾਂ ਰੱਖਿਆ ਸੀ, ਪਈ ਛਿੰਝਾਂ ਘੁਲੂ ਤੇ ਪਟਕੇ ਜਿੱਤੂ; ਪਰ ਬਾਬਾ ਭਲਵਾਨ ਤਾਂ ਬਣ ਗਿਆ, ਗ੍ਰਿਹਿਸਥ 'ਚ ਨ੍ਹੀਂ ਜਿੱਤ ਸਕਿਆ। ਪਹਿਲਾ ਵਿਆਹ ਕੀਤਾ, ਜੁਆਕ ਨ੍ਹੀਂ ਹੋਇਆ। ਉਹ ਚਲੇ ਗਈ 'ਤਾਂਹ ਨੂੰ। ਦੂਜੀ ਆਈ। ਉਹ ਸਾਲ ਕੁ ਪਿੱਛੋਂ ਫੁੱਲ ਮਾਤਾ ਨਿਕਲਣ ਨਾਲ ਤੁਰ ਗਈ। ਤੀਜੀ ਅੱਛਰ ਕੌਰ ਦੇ ਤੇਰਾਂ ਸਾਲ ਔਲਾਦ ਨ੍ਹੀਂ ਹੋਈ। ਸਿੰਧ (ਪਾਕਿਸਤਾਨ) 'ਚ ਟੰਡਾ ਗੁਲਾਮ ਅਲੀ ਰਹਿੰਦੀ ਸੀ। ਗੁਰਦੁਆਰਾ ਕੋਈ ਨੇੜੇ ਨਹੀਂ ਸੀ। ਉਹ ਪੰਜ ਸਾਲ ਮੰਦਰ ਜਾਂਦੀ ਰਹੀ।

ਜਦੋਂ ਬਾਪੂ ਹੋਇਆ ਤਾਂ ਦਾਦੀ ਅੱਛਰ ਕੌਰ ਕਹੇ, ਇਹ ਤਾਂ ਮਸੀਂ ਰਾਮ ਨੇ ਦਿੱਤਾ ਤੇ ਆਏਂ ਪਿਉ ਦਾ ਨਾਂ ਰਾਮ ਦਿੱਤਾ ਪੈ ਗਿਆ। ਨਾਨਾ ਥੋੜ੍ਹੀ ਕੁ ਅੜੀ ਕਰਦਾ ਸੀ ਰਿਸ਼ਤੇ ਵੇਲੇ, "ਸਾਡਾ ਦੋਹਾਂ ਦਾ ਨਾਂ ਪੂਰਨ ਸਿੰਘ ਤੇ ਰਾਮ ਕੌਰ ਐ। ਧੀ ਦਾ ਪ੍ਰਕਾਸ਼ ਕੌਰ ਤੇ ਇਹ ਖੱਤਰੀ ਜਿਹਾ ਲਗਦਾ ਰਾਮ ਦਿੱਤਾ।" ਅੱਗੇ ਅਸੀਂ ਚਾਰ ਭਰਾ ਤੇ ਦੋ ਭੈਣਾਂ। ਭੈਣਾਂ ਦੇ ਨਾਂ ਕਮਲਾ ਦੇਵੀ ਤੇ ਨਸੀਬ ਕੌਰ (ਬਾਅਦ ਵਿਚ ਸਹੁਰਿਆਂ ਨੇ ਪਰਮਿੰਦਰ ਰੱਖ ਲਿਆ)। ਭਰਾਵਾਂ ਵਿਚੋਂ ਫੌਜੀ ਦਾ ਨਾਂ ਨਸੀਬ ਚੰਦ, ਗਿਆਨੀ ਧਿਆਨੀ ਦਾ ਅਮਰੀਕ ਚੰਦ ਤੇ ਵਿਹਲੜ ਦਾ ਕਮਲ ਚੰਦ ਤੇ ਜਦੋਂ ਮੇਰੀ ਵਾਰੀ ਆਈ ਤਾਂ ਮੇਰਾ ਪੜ੍ਹਿਆ-ਲਿਖਿਆ ਮਾਮਾ ਕਹਿਣ ਲੱਗਾ, "ਹੁਣ ਚੰਦ ਤਾਂ ਤਿੰਨ ਚੜ੍ਹ ਗਏ ਨੇ, ਹੁਣ ਤਾਰਾ ਚੜ੍ਹਨ ਦੇ।"...ਤੇ ਉਹਨੇ ਮੇਰਾ ਨਾਂ ਫਿਰ ਅਸ਼ੋਕ ਰੱਖਿਆ। ਜਦੋਂ ਇਕ ਵਾਰ ਜਸਵਿੰਦਰ ਭੱਲਾ ਤੇ ਬਾਲ ਮੁਕੰਦ ਸ਼ਰਮਾ ਸਾਡੇ ਘਰ ਆਏ ਤਾਂ ਭੱਲਾ ਆਪਣੇ ਟਿੱਚਰੀ ਸੁਭਾਅ ਨਾਲ ਕਹਿਣ ਲੱਗਾ, "ਬੇਬੇ ਤੇਰਾ ਪੇਟ ਘਰੋੜੀ ਆਲਾ ਮੁੰਡਾ ਸੁੱਖ ਨਾਲ ਚੰਗਾ ਨਿਕਲਿਆ।" ਤੇ ਮਾਂ ਮਰਨ ਤੋਂ ਪਹਿਲਾਂ ਇਹ ਗੱਲ ਚੇਤੇ ਕਰ ਕੇ ਕਈ ਵਾਰ 'ਕੱਲੀ ਵੀ ਹੱਸ ਪੈਂਦੀ ਸੀ।

ਮਰਨ ਪਿਛੋਂ ਕਿਸੇ ਨੂੰ ਵੀ ਨਰਕਵਾਸੀ ਨਹੀਂ, ਸਵਰਗਵਾਸੀ ਹੀ ਕਿਹਾ ਜਾਂਦਾ ਹੈ। ਯਾਦਾਂ ਦੇ ਕਲੀਰੇ ਸਭ ਦੇ ਗੁੱਟਾਂ ਨਾਲ ਬੰਨ੍ਹੇ ਹੋਏ ਹਨ, ਪਰ ਦੁੱਖ ਇਹ ਹੈ ਕਿ ਬਹੁਤਿਆਂ ਨੇ ਖੋਲ੍ਹਣ ਦਾ ਯਤਨ ਹੀ ਨਹੀਂ ਕੀਤਾ। ਜਾਂਦੇ ਹੋਏ ਨਾਲ ਹੀ ਲੈ ਗਏ ਤੇ ਪਤਾ ਨਹੀਂ ਯਮਾਂ ਨੇ ਵੀ ਖੋਲ੍ਹੇ ਹੋਣਗੇ ਜਾਂ ਨਹੀਂ, ਪਰ ਆਪਣੀਆਂ ਯਾਦਾਂ ਦਾ ਚਰਖਾ ਫਿਰ ਕਾਲਜ ਦੇ ਦਿਨਾਂ ਦੇ ਵਿਹੜੇ ਵਿਚ ਲਿਆ ਕੇ ਡਾਹੁੰਦੇ ਆਂ।

ਸਰਕਾਰੀ ਸਕੂਲ 'ਚੋਂ ਪੰਜਾਬੀ ਮੀਡੀਅਮ ਪੜ੍ਹ ਕੇ ਅੰਗਰੇਜ਼ੀ ਵਿਚ ਇੰਜੀਨੀਅਰਿੰਗ ਕਰਨੀ ਸਾਧਾਰਨ ਪੇਂਡੂ ਵਿਦਿਆਰਥੀ ਲਈ ਹੈ ਤਾਂ ਬਹੁਤ ਔਖਾ ਸੀ, ਪਰ ਗੱਡੀ ਰਿੜ੍ਹ ਪਈ। ਮੇਰੀਆਂ ਸੰਗੀਤਕ ਤੇ ਸਾਹਿਤਕ ਰੁਚੀਆਂ ਘਟਣ ਦੀ ਬਜਾਏ ਵਧ ਇਸ ਕਰ ਕੇ ਗਈਆਂ ਕਿ ਮੇਰੇ ਪੁੱਠੇ ਸਿੱਧੇ ਗੀਤਾਂ ਦੀ ਆਲੋਚਨਾ ਕਰ ਕੇ ਕੁਪੱਤ ਕਰਨ ਵਾਲਾ ਪ੍ਰੋ. ਅਜੀਤ ਸਿੰਘ ਹਿਰਖੀ ਮੈਨੂੰ ਲਗਦਾ ਸੀ ਕਿ ਸਿੱਧੇ ਰਾਹ ਪਾਉਣ ਤੁਰਿਆ ਹੋਇਆ ਹੈ। ਉਹਨੇ ਜਦੋਂ ਕਾਲਜ ਵਿਚ ਮਿੰਨੀ ਕਹਾਣੀ ਦਰਬਾਰ ਕਰਵਾਇਆ ਤਾਂ ਮੈਂ ਦੂਜੇ ਨੰਬਰ 'ਤੇ ਆ ਗਿਆ। ਅਸਲ ਵਿਚ ਰਾਮਗੜ੍ਹੀਏ ਕਿਸੇ ਵੀ ਖੇਤਰ ਵਿਚ ਪਹਿਲਾ ਨੰਬਰ ਕਿਸੇ ਹੋਰ ਨੂੰ ਘੱਟ ਹੀ ਦਿੰਦੇ ਸਨ ਤੇ ਜਿਹਨੂੰ ਕਹਾਣੀ ਦਾ ਲੜ-ਸਿਰਾ ਵੀ ਪਤਾ ਨਹੀਂ ਸੀ, ਉਹ ਅੱਵਲ ਆ ਗਿਆ। ਨਾਲ ਦੀ ਨਾਲ ਇਹ ਹੋਇਆ ਕਿ 'ਪੰਜਾਬੀ ਟ੍ਰਿਬਿਊਨ' ਨੇ ਖੇਡ ਅੰਕ ਵਿਚ ਕਾਲਮ ਸ਼ੁਰੂ ਕੀਤਾ-ਖੇਡਾਂ ਦੇ ਖੇਤਰ ਵਿਚ ਸਾਡੇ ਕਾਲਜ। ਮੈਂ ਆਪਣੇ ਇਸ ਪੌਲੀਟੈਕਨਿਕ ਕਾਲਜ ਬਾਰੇ ਵਿਸਥਾਰ 'ਚ ਲੇਖ ਫੋਟੋਆਂ ਸਮੇਤ ਭੇਜ ਦਿੱਤਾ। ਪੰਜ ਛੇ ਫੋਟੋਆਂ ਨਾਲ ਜਦੋਂ ਇਹ ਲੇਖ ਛਪਿਆ ਤਾਂ ਪ੍ਰਿੰਸੀਪਲ, ਖਿਡਾਰੀ ਤੇ ਪ੍ਰੋਫੈਸਰ ਤਾਂ ਮੇਰੇ ਵੱਲ ਲਾਡ ਦੀਆਂ ਫਲਾਇੰਗ ਕਿੱਸਾਂ ਸੁੱਟਣ! ਮੈਂ ਪਹਿਲੇ ਡੂਢ ਕੁ ਸਾਲ 'ਚ ਹੀ ਕਾਲਜ 'ਚ ਸਤਿਕਾਰਿਆ ਜਾਣ ਲੱਗਾ। ਉਦੋਂ ਅਸਲ ਵਿਚ ਜਣਾ-ਖਣਾ ਲਿਖਣ ਨਹੀਂ ਲੱਗਾ ਸੀ ਤੇ ਜਦੋਂ ਕਾਲਜ ਦੇ ਸਾਲਾਨਾ ਸਮਾਗਮ ਵਿਚ ਮੇਰਾ ਮਾਣ-ਸਨਮਾਨ ਤਾਂ ਹੋਇਆ ਹੀ, ਪਰ ਜਿਨ੍ਹਾਂ ਸ਼ਬਦਾਂ ਨਾਲ ਸਨਮਾਨ ਹੋਇਆ, ਉਸ ਤੋਂ ਆਏਂ ਲਗਦਾ ਸੀ, ਜਿੱਦਾਂ ਕਿਸੇ ਪੇਂਡੂ ਦਾ ਪਰੀ ਨਾਲ ਮੁਕਲਾਵਾ ਆ ਗਿਆ ਹੋਵੇ। ਮੇਰੀ ਉਹ ਮੁਕਾਬਲੇ ਵਾਲੀ ਕਹਾਣੀ ਪੜ੍ਹ ਕੇ ਸੁਣਾਈ ਗਈ ਤੇ 'ਪੰਜਾਬੀ ਟ੍ਰਿਬਿਊਨ' ਦਾ ਕਾਲਜ ਦੀਆਂ ਪ੍ਰਾਪਤੀਆਂ ਵਾਲਾ ਪੰਨਾ ਸਟੇਜ ਤੋਂ ਵਿਖਾਇਆ ਗਿਆ। ਕਾਲਜ ਦੇ ਸਮੇਂ ਹੀ ਇਹ ਇੱਜ਼ਤ-ਮਾਣ ਵਾਲੀ ਮੇਰੀ ਪੱਕੇ ਰੰਗ ਵਾਲੀ ਪਹਿਲੀ ਹੋਲੀ ਸੀ।

ਪਰ ਕੁੱਤੇ ਨੂੰ ਹੱਡੀ ਦਾ ਸੁਆਦ ਫਿਰ ਵੀ ਨਹੀਂ ਸੀ ਜਾ ਰਿਹਾ। ਮੇਰੇ ਅੰਦਰ ਉਹੀ ਘੜਮੱਸ ਪਿਆ ਹੋਇਆ ਸੀ-ਕਿਹੜੀ ਘੜੀ ਦੇਵ ਥਰੀਕਿਆਂ ਵਾਲਾ ਜਾਂ ਬਾਬੂ ਸਿੰਘ ਮਾਨ ਮਰਾੜਾਂਵਾਲਾ ਬਣ ਜਾਵਾਂ। ਸਾਡੀ ਦੂਰੋਂ-ਨੇੜਿਉਂ ਰਿਸ਼ਤੇਦਾਰੀ 'ਚੋਂ ਇਕ ਪਰਿਵਾਰ ਲੁਧਿਆਣੇ ਰਹਿੰਦਾ ਸੀ। ਗੱਲ ਉਨ੍ਹਾਂ ਤੱਕ ਚਲੇ ਗਈ ਕਿ ਜਿਹੜਾ ਪ੍ਰਕਾਸ਼ ਕੌਰ ਦਾ ਮੁੰਡਾ ਓਵਰਸੀਰੀ ਕਰਦਾ, ਉਹ ਗਾਣੇ ਵੀ ਲਿਖਦੈ। ਰਿਸ਼ਤੇਦਾਰੀ ਮੇਰੀ ਮਾਂ ਵੱਲੋਂ ਸੀ। ਉਹ ਕਿਤੇ ਪਿੰਡ ਆਏ ਤਾਂ ਮਾਂ ਨੂੰ ਕਹਿਣ ਲੱਗੇ, "ਗਾਉਣ ਆਲਾ ਧੰਨਾ ਰੰਗੀਲਾ ਸਾਡੇ ਮੁਹੱਲੇ 'ਚ ਰਹਿੰਦੈ। ਅਸੀਂ ਉਹਤੋਂ ਗਾਣੇ ਰਿਕਾਰਡ ਕਰਵਾ ਦਿੰਦੇ ਆਂ।" ਮੇਰੀ ਮਾਂ ਪੈ ਗਈ ਟੁੱਟ ਕੇ, "ਇਹ ਜਦ ਤੱਕ ਪੜ੍ਹਦੈ, ਇਥੇ ਭਾਵੇਂ ਨਾ ਵੜਿਓ, ਇਹਨੂੰ ਕੁਛ ਬਣ ਲੈਣ ਦਿਓ। ਪੈ ਜਾਏ ਮਰਨ ਆਲੇ ਦੇ ਵੀ ਕਾਲਜੇ ਨੂੰ ਠੰਢ। ਇਹਨੂੰ ਸ਼ਹਿ ਦੇ ਕੇ ਪੁੱਠੇ ਰਾਹੇ ਨਾ ਪਾਓ। ਇਹ ਗਾਣੇ ਗੂਣੇ ਲਿਖਣੇ ਨਿਰਾ ਲੁੱਚ-ਪਹੁ ਐ।"

ਰਾਤ ਨੂੰ ਉਹ ਮੈਨੂੰ ਦੱਸ ਬੈਠੇ ਕਿ ਅਸੀਂ ਤਾਂ ਭੂਆ ਨੂੰ ਤੇਰੇ ਗਾਣਿਆਂ ਦੀ ਗੱਲ ਕਹਿ ਬੈਠੇ, ਪਰ ਉਹਨੇ ਤਾਂ ਲਾਹ 'ਤੀ ਸਾਡੀ ਐਨ ਬਣਾ ਕੇ। ਮੈਂ ਉਨ੍ਹਾਂ ਨੂੰ ਮਨਾ ਲਿਆ ਕਿ ਕਿਸੇ ਦਿਨ ਮੈਂ ਕਾਲਜ ਤੋਂ ਸਿੱਧਾ ਆਊਂ, ਮੈਨੂੰ ਮਿਲਾ ਦਿਓ ਧੰਨਾ ਰੰਗੀਲਾ। ਦਰਅਸਲ ਉਨ੍ਹੀਂ ਦਿਨੀਂ ਰੰਗੀਲੇ ਜੱਟ (ਅਜੀਤ ਸਿੰਘ ਰੰਗੀਲੇ) ਤੇ ਸੁਰਿੰਦਰ ਕੌਰ ਦੇ ਦੋ ਗਾਣਿਆਂ ਦੀ ਬੜੀ ਚੜ੍ਹਾਈ ਸੀ-ਭਾਂਡੇ ਕਲੀ ਕਰਾ ਲਓ...ਤੇ ਮੱਛਰਦਾਨੀ ਲੈ ਦੇ ਵੇ ਮੱਛਰ ਨੇ ਖਾ ਲਈ ਤੋੜ ਕੇ...ਆਦਿ ਗੀਤਾਂ ਨਾਲ। ਨਿਆਣਾ ਹੋਣ ਕਰ ਕੇ ਮੈਂ ਸੋਚਦਾ ਸੀ, ਪਈ ਇਹ ਰੰਗੀਲਾ ਜੱਟ ਧੰਨੇ ਰੰਗੀਲੇ ਨੂੰ ਹੀ ਆਂਹਦੇ ਨੇ। ਮੈਨੂੰ ਲੱਗਾ ਕਿ ਇਹ ਤਾਂ ਗੱਲ ਈ ਬਣ ਗਈ। ਨਾਲੇ ਗਾਣੇ ਵੀ ਸਾਰੇ ਦੇਵ ਥਰੀਕਿਆਂ ਵਾਲੇ ਦੇ ਗਾਉਂਦੈ। ਆਪਾਂ ਤਾਂ ਦਿਨਾਂ 'ਚ ਢਾਹ ਲੈਣੀ ਆ ਲੰਕਾ। ਦੁੱਖ ਦੀ ਗੱਲ ਇਹ ਸੀ ਕਿ ਅਖ਼ਬਾਰਾਂ ਤਾਂ ਮੇਰੇ ਸਤਿਕਾਰ ਵਿਚ ਚੁਟਕੀਆਂ ਵਜਾ ਰਹੀਆਂ ਸਨ, ਪਰ ਮੈਂ ਖੀਰ ਛੱਡ ਕੇ ਕੜ੍ਹੀ 'ਚ ਮੂੰਹ ਲਬੇੜਨ ਲੱਗਾ ਹੋਇਆ ਸਾਂ। ਇਨ੍ਹਾਂ ਰਿਸ਼ਤੇਦਾਰਾਂ ਮੈਨੂੰ ਰੰਗੀਲੇ ਦੀ ਕਾਹਦੀ ਦੱਸ ਪਾਈ, ਮੇਰੀ ਹਾਲਤ ਤਾਂ ਇਹ ਸੀ ਜਿਵੇਂ ਸਾਹਾ ਬੰਨ੍ਹਣ ਪਿੱਛੋਂ ਬੰਦਾ ਮੁਕਲਾਵੇ ਦੀ ਉਡੀਕ ਕਰਦੈ।

ਤੀਜੇ ਦਿਨ ਮੈਂ ਲੁਧਿਆਣੇ ਚਲਾ ਗਿਆ। ਮਈ ਮਹੀਨਾ। ਆਥਣੇ 7 ਕੁ ਵਜੇ ਪਹੁੰਚਿਆ ਕਾਲਜੋਂ ਛੁੱਟੀ ਕਰ ਕੇ। ਰਿਸ਼ਤੇਦਾਰ ਸਾਡੇ ਰਹਿੰਦੇ ਸੀ ਸਲੇਮ ਟਾਬਰੀ ਤੇ ਧੰਨਾ ਰੰਗੀਲਾ ਰਹਿੰਦਾ ਸੀ ਜੋਧੇਵਾਲ ਬਸਤੀ। ਕਹਿਣ ਲੱਗੇ, "ਸਾਡੇ ਕੋਲ ਤਾਂ ਟੈਮ ਨ੍ਹੀਂ, ਸਵੇਰੇ ਅਸੀਂ ਤੈਨੂੰ ਧੰਨੇ ਦੇ ਗੁਆਂਢ 'ਚ ਵਾਕਫਕਾਰਾਂ ਦੇ ਛੱਡ ਆਉਨੇ ਆਂ, ਉਹ ਸਵੇਰੇ ਚੰਗੀ ਤਰ੍ਹਾਂ ਮਿਲਾ ਦੇਣਗੇ। ਰਾਤ ਨੂੰ ਐਵੇਂ ਗਾਉਣ ਆਲਿਆਂ ਨੇ ਖਾਧੀ-ਪੀਤੀ ਹੁੰਦੀ ਐ।"

ਦੋ ਫੁਲਕੇ ਮਸਰਾਂ ਦੀ ਦਾਲ ਨਾਲ ਛਕਾਏ। ਰਿਸ਼ਤੇਦਾਰਾਂ ਦੇ ਮੁੰਡੇ ਨੇ ਕੱਢਿਆ ਸਾਇਕਲ ਕਿ "ਚੱਲ ਤੈਨੂੰ ਛੱਡ ਆਵਾਂ।" ਸਾਈਕਲ ਨੂੰ ਪਿੱਛੇ ਕੈਰੀਅਰ ਹੀ ਹੈ ਨਾ। ਉਹਨੇ ਮੈਨੂੰ ਡੰਡੇ 'ਤੇ ਮੂਹਰੇ ਬਿਠਾਇਆ ਅਤੇ ਗਰਮੀ 'ਚ ਛੇ-ਸੱਤ ਮੀਲ ਸਾਈਕਲ ਚਲਾ ਕੇ ਲੈ ਆਇਆ ਬਸਤੀ ਜੋਧੇਵਾਲ। ਕਿਸੇ ਦੇ ਘਰ ਮੈਨੂੰ ਲਾਹ ਕੇ ਉਹ ਘਰਦਿਆਂ ਨੂੰ ਕਹਿਣ ਲੱਗਾ, "ਤਾਈ ਇਹ ਸਾਡਾ ਰਿਸ਼ਤੇਦਾਰ ਐ। ਗਾਣੇ ਗੂਣੇ ਲਿਖਦਾ। ਸਵੇਰੇ ਰੰਗੀਲੇ ਨੂੰ ਮਿਲਾ ਦਿਓ। ਰੋਟੀ ਇਹ ਖਾ ਕੇ ਆਇਐ।" ਉਹਨੇ ਜਿਵੇਂ ਬਲਾ ਗਲੋਂ ਲਾਹੀ ਹੁੰਦੀ ਐ। ਉਹਦੀ ਤਾਂ "ਅਹੁ ਗਿਆ ਹੋ ਗਈ।" ਨਾ ਮੈਂ ਕਿਸੇ ਨੂੰ ਜਾਣਾਂ, ਨਾ ਪਛਾਣਾਂ। ਘਰ 'ਚ ਰੰਗ-ਰੂੰਗ ਤੋਂ ਪਤਾ ਲਗਦਾ ਸੀ, ਪਈ ਕਿਸੇ ਦਾ ਵਿਆਹ ਹੋ ਕੇ ਹਟਿਆ। ਦਾਜ ਦੇ ਪੀੜ੍ਹਾ ਸੋਫੇ ਉਤੇ ਮੈਂ ਹਾਲੇ ਬੈਠਾ ਹੀ ਸੀ, ਨਵਾਂ ਵਿਆਹਿਆ ਜੋੜਾ ਵੀ ਆ ਗਿਆ। ਮੁੰਡੇ ਨੇ ਮੈਨੂੰ ਓਪਰਾ ਜਿਹਾ ਬੁਲਾਇਆ। ਦੋ ਕਮਰਿਆਂ ਵਾਲਾ ਛੋਟਾ ਜਿਹਾ ਘਰ। ਛੇ ਕੁ ਫੁੱਟ ਦਾ ਵਿਹੜਾ। ਇਕ ਬੁੜ੍ਹਾ ਬੁੜ੍ਹੀ, ਇਕ ਉਨ੍ਹਾਂ ਦੀ ਵਿਆਹੁਣ ਆਲੀ ਧੀ ਲਗਦੀ ਸੀ, ਤੇ ਵਿਆਹ ਆਲਾ ਪਤਾ ਲੱਗਾ, ਦੁਬਈ ਤੋਂ ਆਇਆ ਸੀ। ਉਸ ਵਿਹੜੇ 'ਚ ਬੈਠੀ ਮਾਂ ਨੂੰ ਪੁੱਛਿਆ। ਇਹ ਕੌਣ ਆ? ਬੋਲੀ ਤਾਂ ਵਿਚਾਰੀ ਹੌਲੀ ਜਿਹੀ, ਪਰ ਮੈਨੂੰ ਸੁਣ ਗਿਆ। ਕਹਿਣ ਲੱਗੀ, "ਰੇਸ਼ਮ ਛੱਡ ਗਿਆ, ਸ਼ਿੰਗਾਰੇ ਦਾ ਮੁੰਡਾ ਇਹ ਬਲਾ। ਅਖੇ ਗਾਣੇ ਲਿਖਦਾ, ਰੰਗੀਲੇ ਨੂੰ ਮਿਲਾ ਦਿਓ ਸ਼ਰਾਬੀ ਜਿਹੇ ਨੂੰ। ਕੀ ਕਰੀਏ, ਇਹਨੂੰ ਡਿਓੜੀ 'ਚ ਨਿੱਕੀ ਮੰਜੀ ਡਾਹ ਦੇਨੇ ਆਂ।"

ਮੈਂ ਮੱਥੇ 'ਤੇ ਹੱਥ ਮਾਰਿਆ, "ਲੱਖ ਲਾਹਣਤ ਇੱਦਾਂ ਦੇ ਗੀਤ ਲਿਖਣ ਦੇ! ਏਦੂੰ ਤਾਂ ਮਰਨਾ ਚੰਗਾ।" ਮੈਂ ਸਮਝ ਗਿਆ ਸੀ ਕਿ ਮੈਂ ਇਸ ਜੋੜੇ ਦੇ ਵਿਆਹ 'ਚ ਅੜਿੱਕਾ ਪਾ'ਤਾ। ਖ਼ੈਰ! ਲਾਈਨਾਂ ਆਲੀ ਦਰੀ ਵਿਛਾ'ਤੀ ਉਨ੍ਹਾਂ ਡਿਓੜੀ 'ਚ ਮੰਜੀ ਡਾਹ ਕੇ। ਪੱਖੇ ਛੱਤ ਆਲੇ ਈ ਲਗਦੇ ਸਨ ਤੇ ਉਸ ਰਾਤ ਦੀ ਕਹਾਣੀ ਪੁੱਛੋ ਨਾ। ਮੁਕਲਾਵੇ ਆਲਾ ਤਾਂ ਨਾਲ ਦੇ ਕਮਰੇ 'ਚੋਂ ਦੋ ਕੁ ਵਾਰ ਆਨੇ-ਬਹਾਨੇ ਨਾਲ ਪੁੱਛ ਗਿਆ, ਪਈ ਜੁਆਨਾ ਕਿੱਦਾਂ ਸੌਂ ਗਿਐ? ਇਕ ਵਾਰ ਤਾਂ ਮੈਂ ਬੋਲ ਪਿਆ, ਪਰ ਫਿਰ ਚੁੱਪ ਈ ਭਲੀ ਸਮਝੀ। ਅਤਿ ਦੀ ਗਰਮੀ, ਨਾ ਪੱਖਾ ਨਾ ਪੱਖੀ। ਲੁਧਿਆਣੇ ਦੇ ਮੱਛਰਿਉ ਮੱਛਰਾਂ ਨੇ ਉਹ ਖਾਧਾ ਸਾਰੀ ਰਾਤ ਨਕਲੀ ਦੇਵ ਥਰੀਕਿਆਂ ਵਾਲਾ ਕਿ ਪੁੱਛੋ ਨਾ। ਭੇਡ ਜਿੱਦਾਂ ਹੱਡਾ ਰੋੜੀ 'ਚ ਫਸ ਗਈ ਹੁੰਦੀ ਐ, ਉਦਣ ਪਹਿਲੀ ਵਾਰ ਸੋਚਿਆ, "ਛੱਡ ਦਿਆਂ ਇਹ ਕੁੱਤਖਾਨਾ।"

ਨਵੀਂ ਵਿਆਹੀ ਜਦੋਂ ਉਠ ਕੇ ਪਿਛਲੇ ਕਮਰੇ 'ਚ ਪਈ, ਮੈਂ ਵੀ ਨਲਕੇ 'ਤੇ ਮੂੰਹ ਧੋ ਕੇ ਬੈਠ ਗਿਆ। ਪੈਂਟ ਤਾਂ ਖੋਲ੍ਹੀ ਈ ਨ੍ਹੀਂ ਸੀ, ਕਮੀਜ਼ ਸਿਰਹਾਣਿਉਂ ਚੁੱਕ ਕੇ ਪਾ ਲਈ। ਘੰਟੇ ਕੁ ਪਿੱਛੋਂ ਪਲੇਟ 'ਚ ਥੋੜ੍ਹੀ ਜਿਹੀ ਬੂੰਦੀ ਤੇ ਮੋਟੀ ਜਿਹੀ ਸੀਰਨੀ ਤੇ ਨਾਲ ਚਾਹ ਆ ਗਈ। ਬੂੰਦੀ ਸੀਰਨੀ ਖਾ ਤਾਂ ਲਈ, ਪਰ ਲਗਦਾ ਇੱਦਾਂ ਸੀ ਜਿਵੇਂ ਮਲੇਰੀਏ ਡਰੋਂ ਕੁਨੈਣ ਖਾ ਰਿਹਾ ਹੋਵਾਂ।

"ਚੱਲ ਪਈ ਜੁਆਨਾ ਤੈਨੂੰ ਧੰਨੇ ਤੂੰ ਮਿਲਾ ਲਿਆਵਾਂ।" ਘਰ ਦਾ ਬਜ਼ੁਰਗ ਕਹਿਣ ਲੱਗਾ। ਜਿਵੇਂ ਮਾਰ ਕੇ ਪੁੱਛ ਰਿਹਾ ਹੋਵੇ, ਸੱਟ ਤਾਂ ਨ੍ਹੀਂ ਲੱਗੀ।

ਉਧਰ ਧੰਨਾ ਸਵੇਰੇ ਈ ਸੂਟਡ-ਬੂਟਡ ਹੋ ਕੇ ਬੈਠਾ; ਫੌਜਾਂ ਤਿਆਰ-ਬਰ-ਤਿਆਰ। ਸਤਿ ਸ੍ਰੀ ਅਕਾਲ ਬੁਲਾ ਕੇ ਮੈਂ ਬੈਠ ਗਿਆ, ਪਰ ਉਸ ਬਜ਼ੁਰਗ ਨੇ ਮੇਰੀ ਜਿਹੜੀ ਸਿਫਾਰਸ਼ ਕੀਤੀ, ਉਹ ਸੁਣ ਲਵੋ: ਆਂਹਦਾ "ਸਾਡੇ ਯਾਰ ਰਾਤ ਦਾ ਇਹ ਬੰਦਾ ਆਇਆ ਹੋਇਆ ਸੀ, ਹੈ ਤਾਂ ਪਤਾ ਨ੍ਹੀਂ ਕਿੱਥੋਂ...ਊਂ ਕਹਿੰਦੇ ਗਾਣੇ ਲਿਖਦਾ। ਸੁਣ ਲਓ ਇਹਦੀ ਵੀ...।" ਤੇ ਉਹ ਦਰਵਾਜਿਓਂ ਹੀ ਮੁੜ ਗਿਆ, ਜਿਵੇਂ ਸਪੋਲੀਆ ਗਲੋਂ ਲਹਿ ਗਿਆ ਹੋਵੇ।

ਧੰਨਾ ਬਾਅਦ 'ਚ ਭਾਵੇਂ 20 ਸਾਲ ਮੈਨੂੰ ਦੋਵੇਂ ਹੱਥ ਜੋੜ ਕੇ ਬੁਲਾਉਂਦਾ ਰਿਹਾ ਹੋਵੇ, ਪਰ ਉਸ ਦਿਨ ਹਾਲਾਤ ਚੱਕੀ ਰਾਹੇ ਤੋਂ ਵੀ ਬਦਤਰ ਸੀ।

"ਗਾਣੇ ਲਿਖਦਾ ਹੁੰਨਾਂ?"

"ਹਾਂ ਜੀ।"

"ਹੋਰ ਕੀ ਕਰਦੈਂ...?"

"ਫਗਵਾੜੇ ਇੰਜੀਨੀਅਰਿੰਗ ਕਰਦਾਂ।"

"ਆਹ ਫੇ ਕਿਹੜਾ ਪੁੱਠਾ ਕੰਮ ਕਰਨ ਡਿਹੈਂ?"

ਚਾਹ ਕੁ ਜਮਾਤਾਂ ਪਾਸ ਰੰਗੀਲਾ ਮੈਨੂੰ ਟਿੱਚ ਸਮਝ ਰਿਹਾ ਸੀ। ਉਹਨੇ ਅੱਗੇ ਸੁਆਲ ਕੀਤਾ, "ਸੁਣਾ ਫੇ ਕੋਈ ਗੀਤ। ਊਂ ਤੂੰ ਮੇਰਾ ਪਹਿਲਾਂ ਗੀਤ ਕੋਈ ਸੁਣਿਐਂ?"

"ਬੜੇ ਸੁਣੇ ਆਂ ਸੁਰਿੰਦਰ ਕੌਰ ਨਾਲ-ਇੰਜ ਬੀਤੀ ਮੁਕਲਾਵੇ ਰਾਤ, ਮੱਛਰਦਾਨੀ, ਭਾਂਡੇ ਕਲੀ ਕਰਾ ਲਓ।" ਪਰ ਉਹਨੇ ਪੇ ਦੇ ਪੁੱਤ ਨੇ ਨ੍ਹੀਂ ਦੱਸਿਆ ਕਿ ਉਹ ਰੰਗੀਲਾ ਜੱਟ ਨ੍ਹੀਂ, ਧੰਨ ਰੰਗੀਲਾ ਆ! ਜਿਹਦਾ ਮੈਨੂੰ ਸਾਲ ਪਿੱਛੋਂ ਪਤਾ ਲੱਗਾ ਕਿ ਇਹਨੇ ਤਾਂ ਇਕ ਗੀਤ ਪਰਮਿੰਦਰ ਸੰਧੂ ਨਾਲ ਹੀ ਗਾ ਕੇ ਖੱਟੀ ਖੱਟੀ ਐ,

ਮੂਹਰੇ ਤੇਰੀ ਫੀਅਟ  
ਪਿੱਛੇ ਧੰਨੇ ਦਾ ਟਰੱਕ ਨੀ,  
ਰਗੜ ਦਊਂ ਤੇਰੀ ਸਾਬਣਦਾਨੀ  
ਤੋੜ ਦਊਂਗਾ ਲੱਕ ਨੀ...।

ਆਖਣ ਲੱਗਾ, "ਚੱਲ ਕੱਢ, ਕੋਈ ਗੀਤ ਸੁਣਾ।"

ਜਦੋਂ ਮੈਂ ਪਹਿਲਾ ਗੀਤ ਸੁਣਾਇਆ ਤਾਂ ਉਹਨੂੰ ਐਂ ਲੱਗਾ, ਬੰਦਾ ਕੰਮ ਦਾ ਐ। ਗੀਤ ਸੀ,

ਮੁੜਦਾ ਨਾ ਛੇਤੀ  
ਜਦੋਂ ਚਲਦਾ ਇੰਦੌਰ ਨੂੰ,  
ਕਲੀਆਂ ਦੀ ਸਾਰ  
ਭੁੱਲ ਜਾਂਦੀ ਫੇਰ ਭੌਰ ਨੂੰ।  
ਤੜਫਾਉਂਦੀ ਰਹਿੰਦੀ  
ਉਹ ਵਿਛੋੜੇ ਵਾਲੀ ਯਾਦ  
ਤੇਰੇ ਪਿਆਰ ਨੂੰ ਆਹਾਂ ਦੇ ਵਿਚ ਧੋ ਗਈ,  
ਤੇਰਿਆਂ ਗਮਾਂ ਦੇ ਵਿਚ ਜਿੰਦ ਰੋਲ ਕੇ  
ਵੇ ਜੱਟੀ ਸੁੱਕ ਕੇ ਤਬੀਤ ਜੱਟਾ ਹੋ ਗਈ।

ਇਹ ਟਰੱਕਾਂ ਵਾਲਾ ਦੋ-ਗਾਣਾ ਸੁਣ ਕੇ ਪੁੱਛਣ ਲੱਗਾ, "ਪੈਸੇ ਕਿੰਨੇ ਆ ਤੇਰੇ ਕੋਲ?"

"ਸੌ ਕੁ ਐ।"

"ਤੈਨੂੰ ਪਤਾ ਪੰਦਰਾਂ ਰੁਪਏ ਪੱਚੀ ਪੈਸੇ ਇਕ ਗੀਤ ਪਾਸ ਕਰਾਉਣ ਲਈ ਲਗਦੇ ਆ। ਛੇ ਗੀਤ ਦੇ ਜਾ ਤੇ ਸੌ ਰੁਪਿਆ।"

ਮੈਂ ਬਿੰਦ ਨ੍ਹੀਂ ਲਾਇਆ। ਮੈਨੂੰ ਲੱਗਾ ਜਿਵੇਂ ਭਿਖਾਰੀ ਨੂੰ ਖ਼ਜ਼ਾਨੇ ਦੀ ਚਾਬੀ ਲੱਭ ਗਈ ਹੋਵੇ। ਇਹ ਨ੍ਹੀਂ ਪਤਾ ਸੀ ਕਿ ਘਰਦਿਆਂ ਨੇ ਤਾਂ ਕਿਤਾਬਾਂ ਨੂੰ ਪੈਸੇ ਦਿੱਤੇ ਸਨ ਤੇ ਜੇਬ ਚੋਰਾਂ ਨੇ ਹਰ ਲਈ।

ਮੁੜਦੀ ਵਾਰੀ ਜੋਧੇਵਾਲ ਚੌਕ ਨੂੰ ਬੱਸ ਫੜਨ ਲਈ ਆ ਰਿਹਾ ਸਾਂ ਕਿ ਖੱਬੇ ਹੱਥ ਦੁਕਾਨਾਂ 'ਤੇ ਲਿਖਿਆ ਸੀ "ਗੁਲਾਮ ਪ੍ਰਾਪਟੀ ਡੀਲਰ...ਪ੍ਰੋ. ਕਾਸ਼ੀ ਰਾਮ ਗੁਲਾਮ।" ਮੈਂ ਕਿਹਾ, ਇਹ ਤਾਂ ਉਹੀ ਗੁਲਾਮ ਹੈ ਜਿਹਦੇ ਗੀਤ ਜਗਮੋਹਣ ਕੌਰ ਨੇ ਗਾਏ ਨੇ, "ਨੀ ਭਾਬੀ ਨੱਚਣ ਵਾਲੀਏ" ਤੇ "ਸੁੱਤੀ ਨਾ ਜਗਾਈਂ ਨਣਦੇ, ਰਾਤੀ ਨੱਚਦੀ ਨੂੰ ਹੋ ਗਿਆ ਥਕੇਂਵਾਂ।"

ਬੜੇ ਵਿਸ਼ਵਾਸ ਨਾਲ ਅੰਦਰ ਜਾ ਵੜਿਆ। ਦੱਸਿਆ-ਗੀਤਕਾਰ ਆਂ, ਧੰਨੇ ਨੂੰ ਸੌ ਰੁਪਿਆ ਸਰਕਾਰ ਤੋਂ ਗੀਤ ਪਾਸ ਕਰਾ ਕੇ ਨਾਲ ਗੀਤ ਵੀ ਦੇ ਕੇ ਆਇਆਂ। ਉਹ ਹੱਸ ਪਏ। ਉਦੋਂ ਤਾਂ ਨ੍ਹੀਂ ਲੱਗਿਆ ਕਿ ਸੋਚਦੇ ਸੀ, ਬਾਂਦਰ ਖਿੱਲਾਂਵਾਲਾ ਈ ਐ। ਹੁਣ ਚੇਤੇ ਆਉਂਦੈ।

ਕਾਂਸ਼ੀ ਰਾਮ ਕਹਿਣ ਲੱਗਾ, ਪਹਿਲਾਂ ਗੀਤਾਂ 'ਤੇ ਸਾਈਨ ਮੇਰੇ ਹੋਣੇ ਆਂ, ਫੇਰ ਪਾਸ ਹੋਣਗੇ। ਚੰਗਾ ਹੋਇਆ ਤੂੰ ਸਾਡੇ ਕੋਲ ਵੀ ਆ ਗਿਆ। ਜਾਹ ਭੱਜ ਕੇ ਪਹਿਲਾਂ ਠੇਕੇ ਤੋਂ ਸ਼ੀਸ਼ੀ ਫੜ ਕੇ ਲਿਆ ਪਾਨ ਲੈਚੀ ਦੀ। ਠੇਕੇ ਆਲੇ ਨੂੰ ਦੱਸੀਂ, ਗੁਲਾਮ ਨੇ ਭੇਜਿਆ। ਫਟੇ ਜਿਹੇ ਬਟੂਏ 'ਚੋਂ ਸੌ ਦਾ ਦੂਜਾ ਨੋਟ ਕੱਢਿਆ। ਠੇਕੇ ਆਲੇ ਨੂੰ ਗੁਲਾਮ ਦਾ ਨਾਂ ਦੱਸਿਆ। ਆਉਂਦੀ ਤਾਂ ਅਠਾਰਾਂ ਦੀ ਸੀ ਪਾਨ ਲੈਚੀ, ਪਰ ਉਹਨੇ ਕੱਟੇ ਚਾਲੀ। ਦੋ ਦਿਨਾਂ ਦਾ ਉਹਨੇ ਗਰੀਬ ਸਿਰੋਂ ਪ੍ਰਬੰਧ ਕਰ ਲਿਆ ਸੀ।

ਬੱਸ 'ਚ ਬੈਠੇ ਨੂੰ ਉਦੋਂ ਇਹ ਨ੍ਹੀਂ ਸਮਝ ਪਈ ਸੀ ਕਿ ਕੁਝ ਖੱਟ ਕੇ ਲਿਆਇਆਂ ਕਿ ਲੁਟਾ ਕੇ ਆਇਆਂ? ਅਸਲ ਵਿਚ ਮੈਨੂੰ ਵਹਿਮ ਹੋ ਗਿਆ ਸੀ ਕਿ ਬੋਹੜ ਗਮਲੇ ਵਿਚ ਉਗ ਕੇ ਵੀ ਦਰਖ਼ਤ ਬਣ ਜਾਂਦਾ ਹੈ। ਫਿਰ ਭਾਵੇਂ ਮੈਂ ਵੀਹ ਸਾਲ ਕਿਤਾਬਾਂ ਛਪਵਾਉਣ ਦਾ ਨਾਂ ਨਹੀਂ ਲਿਆ, ਪਰ ਉਦੋਂ ਮੈਂ ਭਾਈ ਚਤਰ ਸਿੰਘ ਐਂਡ ਕੰਪਨੀ ਨੂੰ ਚਿੱਠੀ ਲਿਖ ਦਿੱਤੀ ਸੀ ਕਿ ਮੇਰੇ ਗੀਤਾਂ ਦੀ ਕਿਤਾਬ ਛਾਪੋ।

ਮੇਰੀ ਕਿਸਮਤ ਦੀ ਢਿੱਲੀ ਮੰਜੀ ਨੂੰ ਦੋ ਮਿਸਤਰੀ ਇਕੋ ਵੇਲੇ ਠੋਕਣ ਲੱਗ ਪਏ ਸਨ।

**ਇਹ ਚਿੱਠੀ ਭਾਈ ਚਤਰ ਸਿੰਘ ਜੀਵਨ ਸਿੰਘ ਹੋਰਾਂ ਤੋਂ ਵੱਖ ਹੋਏ ਤੇਜਿੰਦਰ ਗਰੋਵਰ ਦੀ ਹੈ। 1981 ਵਿਚ ਮੇਰੇ ਖਤ ਦੇ ਜਵਾਬ ਵਿਚ ਜੋ ਉਹਨੇ ਲਿਖਿਆ, ਇਹ ਪਤਾ ਨ੍ਹੀਂ ਹੱਲਾਸ਼ੇਰੀ ਸੀ ਕਿ ਇਸ ਕਸੂਤੇ ਰਾਹ 'ਚੋਂ ਹਟ ਜਾਣ ਦਾ ਸੁਝਾਅ।**


Bhai Chattar Singh & Co.  
Publishers, Book Sellers & Order Suppliers  
7336, Prem Nagar, Subzi Mandi, Delhi-110007

**ਅਸ਼ੋਕ ਭੌਰਾ ਜੀ,**  
**ਨਮਸਕਾਰ!**

ਆਪ ਜੀ ਦੀ ਚਿੱਠੀ ਮਿਲੀ ਜਿਸ ਤੋਂ ਪਤਾ ਲੱਗਾ ਕਿ ਆਪ ਜੀ ਨੇ ਕਾਫੀ ਕਲੀਆਂ ਤੇ ਗੀਤ ਲਿਖੇ ਹਨ ਤੇ ਕਿਤਾਬੀ ਰੂਪ ਵਿਚ ਜੋ ਅਜੇ ਨਹੀਂ ਛਪੇ। ਉਤਰ ਵਜੋਂ ਲਿਖ ਰਿਹਾ ਹਾਂ ਕਿ ਆਪ ਜੀ ਆਪਣੇ ਗੀਤਾਂ ਨੂੰ ਕਿਤਾਬੀ ਰੂਪ ਦੇਣ ਤੋਂ ਪਹਿਲਾਂ ਇਨ੍ਹਾਂ ਗੀਤਾਂ ਨੂੰ ਚੰਗੇ ਚੰਗੇ ਆਰਟਿਸਟਾਂ ਦੀ ਆਵਾਜ਼ ਵਿਚ ਰੀਕਾਰਡ ਕਰਵਾਓ। ਰੀਕਾਰਡ ਹੋਇਆ ਗੀਤ ਜਦ ਮਾਰਕੀਟ ਵਿਚ ਵੱਜੇਗਾ ਤਾਂ ਸਾਰੀ ਦੁਨੀਆਂ ਆਪ ਜੀ ਦੇ ਲਿਖੇ ਗੀਤ ਤੋਂ ਜਾਣੂ ਹੋ ਜਾਵੇਗੀ ਅਤੇ ਉਹ ਆਪ ਜੀ ਦੇ ਗੀਤਾਂ ਦੀ ਕਿਤਾਬ ਦੀ ਵੀ ਮੰਗ ਕਰੇਗੀ ਜਿਸ ਦੇ ਛਾਪਣ 'ਤੇ ਉਹ ਵਿਕ ਵੀ ਜਾਵੇਗੀ।

ਰੀਕਾਡਿੰਗ ਕਰਾਉਣ ਲਈ ਆਪ ਜੀ ਲੁਧਿਆਣੇ ਦੇ ਚੰਗੇ ਚੰਗੇ ਆਰਟਿਸਟਾਂ ਜਿਵੇਂ ਕੁਲਦੀਪ ਮਾਣਕ, ਮੁਹੰਮਦ ਸਦੀਕ, ਕਰਤਾਰ ਰਮਲਾ ਆਦਿ ਨੂੰ ਮਿਲੋ ਅਤੇ ਆਪਣੇ ਲਿਖੇ ਗੀਤ ਉਨ੍ਹਾਂ ਨੂੰ ਦਿਖਾਓ। ਉਹ ਤੁਹਾਡੀ ਲਿਖਤ ਦੇਖਣ ਉਪਰੰਤ ਆਪ ਜੀ ਨੂੰ ਦੱਸਣਗੇ ਕਿ ਤੁਹਾਡੀ ਲਿਖਤ ਵਿਚ ਫਲਾਣੀ ਕਮੀ ਪੇਸ਼ੀ ਹੈ। ਜੇ ਆਪ ਜੀ ਦੀ ਲਿਖਤ ਉਚ ਪੱਧਰ ਦੀ ਹੋਈ ਤਾਂ ਉਹ ਆਪ ਜੀ ਦੇ ਗੀਤਾਂ ਨੂੰ ਰੀਕਾਰਡ ਵੀ ਕਰਵਾ ਦੇਣਗੇ।

ਸੋ, ਜੇ ਆਪ ਜੀ ਨੇ ਚੰਗੇ ਰੂਪ ਵਿਚ ਮਾਰਕੀਟ ਵਿਚ ਆਉਣਾ ਹੈ ਤਾਂ ਪਹਿਲਾਂ ਆਪ ਜੀ ਆਪਣਾ ਲਿਖਿਆ ਮੈਟਰ ਵੱਧ ਤੋਂ ਵੱਧ ਰੀਕਾਰਡ ਚੰਗੇ ਚੰਗੇ ਆਰਟਿਸਟਾਂ ਨੂੰ ਮਿਲ ਕੇ ਕਰਵਾਵੋ। ਇਹੀ ਮੇਰੀ ਨਿੱਜੀ ਰਾਏ ਹੈ। ਮੇਰੇ ਲਾਇਕ ਕੋਈ ਹੋਰ ਸੇਵਾ ਹੋਵੇ ਤਾਂ ਲਿਖਣਾ ਜੀ।

**ਆਪ ਜੀ ਦਾ**  
**ਤੇਜਿੰਦਰ ਸਿੰਘ**  
**8/8/81**

# ਸਿੱਖ ਇਸਤਰੀ ਅਤੇ ਵਰਤਮਾਨ ਚੁਣੌਤੀਆਂ



ਡਾ. ਗੁਰਨਾਮ ਕੌਰ, ਕੈਨੇਡਾ

ਪਿਛਲੇ ਲੇਖਾਂ ਵਿਚ ਅਸੀਂ ਜ਼ਿਕਰ ਕਰ ਚੁਕੇ ਹਾਂ ਕਿ ਸਿੱਖ ਬੀਬੀਆਂ ਨੇ ਕਿਸ ਤਰ੍ਹਾਂ ਸਿੱਖ ਧਰਮ ਦੇ ਪ੍ਰਚਾਰ ਅਤੇ ਪਾਸਾਰ ਵਿਚ ਹਿੱਸਾ ਪਾਇਆ, ਖਾਲਸੇ ਦੀ ਚੜ੍ਹਦੀ ਕਲਾ ਲਈ ਔਕੜਾਂ ਦਾ ਸਾਹਮਣਾ ਕਰਦੇ ਹੋਏ ਕੁਰਬਾਨੀਆਂ ਦਿੱਤੀਆਂ ਅਤੇ ਇਤਿਹਾਸ ਸਿਰਜਿਆ। ਬੀਬੀ ਨਾਨਕੀ ਤੋਂ ਲੈ ਕੇ ਬੀਬੀ ਸ਼ਰਨ ਕੌਰ ਅਤੇ ਬੀਬੀ ਸਾਹਿਬ ਕੌਰ ਤੱਕ ਦਾ ਸਮਾਂ ਤਕਰੀਬਨ 15ਵੀਂ ਸਦੀ ਦੇ ਅੱਧ ਤੋਂ 19ਵੀਂ ਸਦੀ ਦੇ ਅੱਧ ਤੱਕ ਦਾ ਬਣਦਾ ਹੈ। ਇਸ ਤੋਂ ਪਿੱਛੋਂ ਵੀ ਬੀਬੀਆਂ ਨੇ ਸਮੇਂ ਸਮੇਂ ਆਪਣਾ ਯੋਗਦਾਨ ਪਾਇਆ ਹੈ ਭਾਵੇਂ ਲੜਕੀਆਂ ਦੀ ਪੜ੍ਹਾਈ ਲਈ ਮਾਇਆ ਇਕੱਠੀ ਕਰਕੇ ਲੜਕੀਆਂ ਦੇ ਸਕੂਲ ਚਲਾਉਣਾ ਸੀ ਅਤੇ ਭਾਵੇਂ ਗੁਰਦੁਆਰਿਆਂ ਦੀ ਆਜ਼ਾਦੀ ਲਈ ਅਕਾਲੀ ਮੋਰਚਿਆਂ ਵਿਚ ਸ਼ਾਮਲ ਹੋਣਾ ਸੀ। ਗੁਰੂ ਘਰਾਂ ਵਿਚ ਲੰਗਰ ਅਤੇ ਹੋਰ ਸੇਵਾ ਵਿਚ ਬੀਬੀਆਂ ਦਾ ਯੋਗਦਾਨ ਹਮੇਸ਼ਾ ਹੀ ਸ਼ਲਾਘਾਯੋਗ ਰਿਹਾ ਹੈ।

18ਵੀਂ ਸਦੀ ਵਿਚ ਜਿਸ ਤਰ੍ਹਾਂ ਬਹਾਦਰੀ ਨਾਲ ਬੀਬੀਆਂ ਨੇ ਸਮਾਂ ਪੈਣ 'ਤੇ ਦੁਸ਼ਮਣ ਦਾ ਮੁਕਾਬਲਾ ਕੀਤਾ ਉਸ ਦਾ ਇਤਿਹਾਸ ਗਵਾਹ ਹੈ। ਹੁਣ ਇਕੀਵੀਂ ਸਦੀ ਤੱਕ ਹਾਲਾਤ ਬਹੁਤ ਬਦਲ ਗਏ ਹਨ ਅਤੇ ਬਹੁਤ ਤੇਜ਼ ਰਫ਼ਤਾਰ ਨਾਲ ਬਦਲ ਰਹੇ ਹਨ। ਇਕੀਵੀਂ ਸਦੀ ਦਾ ਸਮਾਂ 18ਵੀਂ ਸਦੀ ਨਾਲੋਂ ਬਹੁਤ ਅਗਾਂਹ-ਵਧੂ ਅਤੇ ਵਿਕਸਿਤ ਮੰਨਿਆ ਜਾਂਦਾ ਹੈ। ਜਿੰਨੀ ਤੇਜ਼ ਰਫ਼ਤਾਰ ਨਾਲ ਸੰਸਾਰ ਅੱਗੇ ਵੱਧ ਰਿਹਾ ਹੈ, ਉਨੀ ਹੀ ਰਫ਼ਤਾਰ ਨਾਲ ਅੱਜ ਦੇ ਮਨੁੱਖੀ ਸਮਾਜ ਦੀਆਂ ਸਮੱਸਿਆਵਾਂ ਗੁੰਝਲਦਾਰ ਹੋਈ ਜਾ ਰਹੀਆਂ ਹਨ। ਇਸਤਰੀ ਵੀ ਇਸੇ ਸਮਾਜ ਦਾ ਹਿੱਸਾ ਹੈ, ਬਲਕਿ ਇਹ ਕਹਿਣਾ ਚਾਹੀਦਾ ਹੈ ਕਿ ਇਸਤਰੀ ਵੀ ਇਸ ਮਰਦ-ਪ੍ਰਧਾਨ ਸਮਾਜ ਦਾ ਇਕ ਅਨਿਖੜਵਾਂ ਅੰਗ ਹੈ। ਇਸਤਰੀ ਦੀ ਮਰਦ ਦੇ ਬਰਾਬਰ ਤਰੱਕੀ ਕਰ ਲੈਣ ਦੇ ਬਾਵਜੂਦ ਵੀ ਮਰਦ ਦਾ ਉਸ ਪ੍ਰਤੀ ਨਜ਼ਰੀਆ 18ਵੀਂ ਸਦੀ ਵਾਲਾ ਹੀ ਹੈ, ਸਗੋਂ ਉਸ ਤੋਂ ਵੀ ਬਦਤਰ ਹੋ ਗਿਆ ਹੈ। ਇਸ ਲਈ ਉਸ ਦੀਆਂ ਸਮੱਸਿਆਵਾਂ ਵੀ ਜ਼ਿਆਦਾ ਗੰਭੀਰ ਹੋ ਗਈਆਂ ਹਨ, ਜਿਨ੍ਹਾਂ ਨਾਲ ਉਸ ਨੂੰ ਜੂਝਣਾ ਪੈ ਰਿਹਾ ਹੈ। ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਇਹ ਸਮੱਸਿਆਵਾਂ ਕੁੱਝ ਹੱਦ ਤੱਕ ਇਸਤਰੀ ਵਰਗ ਦੀਆਂ ਹੀ ਨਹੀਂ ਬਲਕਿ ਸਮਾਜ ਦੀਆਂ, ਖ਼ਾਸ ਕਰਕੇ ਪੰਜਾਬੀ ਸਮਾਜ ਦੀਆਂ ਸਾਂਝੀਆਂ ਹਨ। ਸਿੱਖ-ਧਰਮ ਸਮਾਜਿਕ ਸੰਦਰਭ ਤੋਂ ਬਿਨਾਂ ਚਿਤਵਿਆ ਹੀ ਨਹੀਂ ਜਾ ਸਕਦਾ ਕਿਉਂਕਿ ਇਹ ਇਕਾਂਤਕ ਅਤੇ ਤਿਆਗਵਾਦੀ ਧਰਮ ਨਹੀਂ ਹੈ। ਸਿੱਖ ਧਰਮ ਦੇ ਮੁੱਖ ਸਰੋਕਾਰ ਸਮਾਜਿਕ ਹੋਣ ਕਾਰਨ ਹੀ ਹਰ ਰੋਜ਼ ਅਰਦਾਸ ਵਿਚ ਵੀ ਸਿੱਖ 'ਸਰਬੱਤ ਦਾ ਭਲਾ' ਮੰਗਦਾ ਹੈ ਅਤੇ ਇਸ ਆਦਰਸ਼ ਦੀ ਪ੍ਰਾਪਤੀ ਲਈ ਗੁਰੂ ਸਾਹਿਬਾਨ ਨੇ ਜੋ ਮਾਡਲ ਦਿੱਤਾ ਹੈ ਉਹ ਸੰਗਤੀ ਹੈ। ਇਸੇ ਸੰਦਰਭ ਵਿਚ ਸਿੱਖ ਇਸਤਰੀ ਨੂੰ ਕੇਂਦਰ ਵਿਚ ਰੱਖ ਕੇ ਇਨ੍ਹਾਂ ਦਰਪੇਸ਼ ਚੁਣੌਤੀਆਂ ਅਤੇ ਸਮੱਸਿਆਵਾਂ ਦੀ ਨਿਸ਼ਾਨਦੇਹੀ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਿੱਖ ਇਸਤਰੀ ਨੇ ਵੀ ਸੰਸਾਰ ਦੇ ਵਿਕਸਿਤ ਅਤੇ ਵਿਕਾਸ ਕਰ ਰਹੇ ਭਾਈਚਾਰਿਆਂ ਦੀ ਇਸਤਰੀ ਦੀ ਤਰ੍ਹਾਂ ਹੀ ਹਰ ਖੇਤਰ ਵਿਚ ਗੁਣਾਤਮਕ ਤਰੱਕੀ ਕੀਤੀ ਹੈ। ਅੱਜ ਸਿੱਖ ਇਸਤਰੀ ਹਰ ਖੇਤਰ ਵਿਚ ਪ੍ਰਵੇਸ਼ ਕਰ ਚੁੱਕੀ ਹੈ ਭਾਵੇਂ ਉਹ ਡਾਕਟਰੀ ਦਾ ਪੇਸ਼ਾ ਹੈ, ਸਿੱਖਿਆ ਅਤੇ ਅਧਿਆਪਨ ਦਾ, ਪੁਲਿਸ ਜਾਂ ਫ਼ੌਜ ਦਾ ਮਹਿਕਮਾ ਹੈ, ਪ੍ਰਬੰਧਕੀ ਕਾਰਜ-ਖੇਤਰ ਹੈ ਜਾਂ ਸਿਆਸਤ ਅਰਥਾਤ ਸਿੱਖ ਇਸਤਰੀ ਨੇ ਵਿਅਕਤੀਗਤ ਤੌਰ 'ਤੇ ਹਰ ਖੇਤਰ ਵਿਚ ਸ਼ਲਾਘਾਯੋਗ ਪੁਲਾਂਘਾਂ ਪੁੱਟੀਆਂ ਹਨ। ਉਹ ਕਿਸੇ ਤਰ੍ਹਾਂ ਵੀ ਮਰਦ ਤੋਂ ਪਿੱਛੇ ਨਹੀਂ ਹੈ, ਬਲਕਿ ਇਹ ਕਹਿਣਾ ਚਾਹੀਦਾ ਹੈ ਕਿ ਬਹੁਤ ਸਾਰੇ ਕਾਰਜ-ਖੇਤਰਾਂ ਵਿਚ ਲੜਕੀਆਂ ਲੜਕਿਆਂ ਤੋਂ ਵੀ ਅੱਗੇ ਹਨ। ਜਿਥੋਂ ਤੱਕ ਸਿੱਖ ਸਮਾਜ ਦਾ ਜਾਂ ਸਿੱਖ ਸੰਸਥਾਵਾਂ ਦਾ ਸਵਾਲ ਹੈ ਅੱਜ ਇਕੀਵੀਂ ਸਦੀ ਦੇ 13ਵੇਂ ਸਾਲ ਤੱਕ ਵੀ ਸਿੱਖ ਇਸਤਰੀ ਨੂੰ ਉਸ ਦਾ ਬਣਦਾ ਰੁਤਬਾ ਅਤੇ ਸਥਾਨ ਪ੍ਰਾਪਤ ਨਹੀਂ ਹੋਇਆ।

ਬੀਬੀ ਭਾਨੀ ਅਤੇ ਮਾਈ ਭਾਗੋ ਦੀ ਗੱਲ ਕਰਦਿਆਂ ਇਹ ਤੱਥ ਸਾਹਮਣੇ ਆ ਚੁੱਕਾ ਹੈ ਕਿ ਬੀਬੀਆਂ ਨੇ ਆਪੋ ਆਪਣੇ ਕਾਰਜ ਖੇਤਰ ਵਿਚ ਗੁਰੂ ਸਾਹਿਬਾਨ ਦੀ ਉਨ੍ਹਾਂ ਦੇ ਸਰੀਰਕ ਰੂਪ ਵਿਚ ਹੁੰਦਿਆਂ ਸੇਵਾ ਕੀਤੀ। ਬੀਬੀ ਭਾਨੀ ਗੁਰੂ ਅਮਰਦਾਸ ਜੀ ਦੀ ਪੁੱਤਰੀ ਸਨ। ਉਹ ਉਨ੍ਹਾਂ ਦਾ ਹਰ ਤਰ੍ਹਾਂ ਦਾ ਖਿਆਲ ਰੱਖਦੇ ਸਨ ਅਤੇ ਗੁਰੂ-ਪਿਤਾ ਦੀ ਸੇਵਾ ਪੂਰੀ ਸ਼ਰਧਾ ਨਾਲ ਕਰਦੇ ਸਨ। ਇਸੇ ਤਰ੍ਹਾਂ ਮਾਈ ਭਾਗੋ ਖਿਦਰਾਣੇ ਦੀ ਢਾਬ 'ਤੇ ਹੋਏ ਯੁੱਧ ਤੋਂ ਬਾਅਦ ਲਗਾਤਾਰ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਰਹੇ ਅਤੇ ਉਨ੍ਹਾਂ ਨਾਲ ਦੱਖਣ ਵਿਚ ਨਾਂਦੇੜ ਤੱਕ ਗਏ। ਗੁਰੂ ਸਾਹਿਬ ਦੇ ਜੋਤੀ-ਜੋਤਿ ਸਮਾਉਣ ਦੇ ਸਮੇਂ ਤੱਕ ਉਨ੍ਹਾਂ ਨੇ ਗੁਰੂ ਸਾਹਿਬ ਦੇ ਅੰਗ-ਰੱਖਿਅਕ ਦੀ ਸੇਵਾ ਨਿਭਾਈ। ਗੁਰੂ ਅਮਰਦਾਸ ਨੇ ਜਦੋਂ 22 ਮੰਜੀਆਂ ਅਰਥਾਤ ਪ੍ਰਚਾਰ ਕੇਂਦਰ ਸਥਾਪਤ ਕੀਤੇ ਤਾਂ ਕੁੱਝ ਥਾਂਵਾਂ 'ਤੇ ਮੰਜੀਆਂ ਦੀ ਜਿੰਮੇਵਾਰੀ ਬੀਬੀਆਂ ਨੂੰ ਸੌਂਪੀ। ਪਰ ਗੁਰੂ ਦੇ ਸਿੱਖ ਕਹਾਉਣ ਵਾਲਿਆਂ ਨੇ ਬੀਬੀਆਂ ਨੂੰ ਦਰਬਾਰ ਸਾਹਿਬ ਵਿਖੇ ਕੀਰਤਨ ਕਰਨ ਅਤੇ ਮਹਾਰਾਜ ਦੇ ਪ੍ਰਕਾਸ਼ ਤੋਂ ਪਹਿਲਾਂ ਅੰਦਰਲੇ ਸਥਾਨ ਦੀ ਸੇਵਾ ਕਰਨ ਦਾ ਹੱਕ ਨਹੀਂ ਦਿੱਤਾ। ਇੱਕ ਵਾਰ ਅਮਰੀਕਾ ਤੋਂ ਗਈ ਇੱਕ ਬੀਬੀ ਨੇ ਸ਼ਿਕਾਇਤ ਕੀਤੀ ਕਿ ਤੜਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਜਦੋਂ ਪ੍ਰਕਾਸ਼ ਲਈ ਆ ਰਹੀ ਸੀ ਤਾਂ ਉਸ ਨੇ ਪੀਹੜੇ ਦਾ ਪਾਵਾ ਸਪਰਸ਼ ਕਰਨਾ ਚਾਹਿਆ ਅਤੇ ਨਾਲ ਜਾ ਰਹੇ ਸੇਵਾਦਾਰਾਂ ਨੇ ਉਸ ਨੂੰ ਧੱਕ ਕੇ ਪਰੇ ਕਰ ਦਿੱਤਾ। ਗੁਰੂ ਦੇ ਸਿੱਖਾਂ ਨੂੰ ਸ਼ਾਇਦ ਇਹ ਭੁੱਲ ਗਿਆ ਕਿ ਇੱਕ ਵਾਰ ਜਦੋਂ ਗੁਰੂ ਅਮਰਦਾਸ ਦੇ ਪੀਹੜੇ ਦਾ ਪਾਵਾ ਟੁੱਟ ਗਿਆ ਸੀ ਤਾਂ ਬੀਬੀ ਭਾਨੀ ਨੇ ਆਪਣੇ ਹੱਥ ਨਾਲ ਪੀਹੜੇ ਨੂੰ ਆਸਰਾ ਦਿੱਤਾ ਸੀ। ਹੱਥ ਜ਼ਖ਼ਮੀ ਹੋਣ ਦੇ ਬਾਵਜੂਦ ਉਸ ਨੇ ਆਸਰਾ ਦੇਈ ਰੱਖਿਆ।

ਅੱਜ ਦਾ ਸਿੱਖ ਆਪਣੇ ਆਪ ਨੂੰ ਗੁਰੂ ਤੋਂ ਵੀ ਵੱਡਾ ਸਮਝਣ ਲੱਗ ਪਿਆ ਹੈ। ਇਹ ਉਹੋ ਜਿਹੇ ਹੀ ਸਿੱਖ ਹਨ ਜਿਨ੍ਹਾਂ ਗੁਰੂ ਤੇਗ ਬਹਾਦਰ ਸਾਹਿਬ ਨੂੰ ਦਰਬਾਰ ਸਾਹਿਬ ਦਰਸ਼ਨ ਨਹੀਂ ਸੀ ਕਰਨ ਦਿੱਤੇ ਅਤੇ ਕਿਵਾੜ ਬੰਦ ਕਰ ਦਿੱਤੇ ਸਨ। ਹਰਮੰਦਰ ਸਾਹਿਬ ਉਹ ਧਾਰਮਿਕ ਸਥਾਨ ਹੈ ਜਿਸ ਦੇ ਗੁਰੂ ਅਰਜਨ ਦੇਵ ਜੀ ਨੇ ਚਾਰ ਦਿਸ਼ਾਵਾਂ ਵਿਚ ਚਾਰ ਦਰਵਾਜ਼ੇ ਰੱਖਾਏ ਤਾਂ ਕਿ ਹਰ ਧਰਮ, ਕੌਮ, ਜਾਤ ਅਤੇ ਮੁਲਕ ਦੇ ਮਨੁੱਖ ਉਥੇ ਬਿਨਾ ਕਿਸੇ ਭੇਦ-ਭਾਵ ਦੇ ਆ ਸਕਣ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਰ੍ਹਿਆਂ ਦੇ ਇਤਿਹਾਸ ਵਿਚ ਸਿਰਫ਼ ਇੱਕ ਵਾਰ ਬੀਬੀ ਨੂੰ ਪ੍ਰਧਾਨ ਬਣਾਇਆ ਗਿਆ, ਉਹ ਵੀ ਇਸ ਲਈ ਕਿ ਇਸ ਵਿਚ ਅਕਾਲੀ ਦਲ ਦੇ ਉਸ ਵੇਲੇ ਦੇ ਪ੍ਰਧਾਨ ਦਾ ਆਪਣਾ ਹਿੱਤ ਸੀ ਜੋ ਉਸ ਵੇਲੇ ਚੀਫ ਮਨਿਸਟਰ ਵੀ ਸੀ। ਜਦੋਂ ਮਤਲਬ ਸਰ ਗਿਆ ਤਾਂ ਬੀਬੀ ਨੂੰ ਪਾਸੇ ਕਰ ਦਿੱਤਾ ਗਿਆ ਕਿਉਂ ਕਿ ਉਹ ਸੁਤੰਤਰ ਤੌਰ 'ਤੇ ਫ਼ੈਸਲੇ ਲੈਣ ਦੀ ਜੁਰਅਤ ਕਰਨ ਲੱਗ ਪਈ ਸੀ।

ਅਗਲੀ ਵੱਡੀ ਸਮੱਸਿਆ ਹੈ ਹਿੰਸਾ, ਜਿਸ ਦਾ ਅਜੋਕੇ ਸਮੇਂ ਵਿਚ ਸਮੇਤ ਸਮੁੱਚੀ ਇਸਤਰੀ ਵਰਗ ਦੇ ਸਿੱਖ ਇਸਤਰੀ ਨੂੰ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਹਿੰਸਾ ਦੇ ਕਈ ਰੂਪ ਹਨ ਜਿਵੇਂ ਦਾਜ ਜਾਂ ਕਿਸੇ ਹੋਰ ਕਾਰਨ ਕੁੱਟ-ਮਾਰ ਜਾਂ ਹੱਤਿਆ, ਸਮਾਜਿਕ ਹਿੰਸਾ ਅਤੇ ਅਸੁਰੱਖਿਆ, ਭਰੂਣ ਹੱਤਿਆ। ਅੱਜ ਕਲ੍ਹ ਭਰੂਣ ਹੱਤਿਆ ਤੇ ਆਮ ਹੀ ਬਹੁਤ ਚਰਚਾ ਹੁੰਦੀ ਹੈ। ਭਰੂਣ ਹੱਤਿਆ ਤੋਂ ਭਾਵ ਜਨਮ ਤੋਂ ਪਹਿਲਾਂ ਹੀ ਗਰਭ ਵਿਚ ਲੜਕੀ ਹੋਣ ਤੇ ਗਰਭਪਾਤ ਕਰਵਾ ਦੇਣਾ। ਸਿੱਖ ਰਹਿਤ ਮਰਿਆਦਾ ਵਿਚ ਕੁੜੀ-ਮਾਰ ਨਾਲ ਕਿਸੇ ਸਿੱਖ ਦਾ ਕਿਸੇ ਕਿਸਮ ਦਾ ਵਰਤੋਂ-ਵਿਹਾਰ ਹੋਣਾ ਮਨ੍ਹਾਂ ਹੈ ਭਾਵ ਕੁੜੀ-ਮਾਰ ਨਾਲ ਕੋਈ ਮੇਲ-ਮਿਲਾਪ ਜਾਂ ਰਿਸ਼ਤਾ ਨਹੀਂ ਰੱਖਣਾ ਅਰਥਾਤ ਕੁੜੀ-ਮਾਰ ਦਾ ਸਮਾਜਿਕ ਬਾਈਕਾਟ। ਪੰਜਾਬ ਵਿਚ ਸਿੱਖ ਬਹੁ-ਗਿਣਤੀ ਵਿਚ ਹੈ ਅਤੇ ਭਰੂਣ ਹੱਤਿਆ ਵਿਚ ਪੰਜਾਬ ਮੋਹਰੀ ਸੂਬਿਆਂ ਵਿਚ ਆਉਂਦਾ ਹੈ। ਇੱਥੇ ਕੁੜੀਆਂ ਦੀ ਗਿਣਤੀ ਮੁੰਡਿਆਂ ਨਾਲੋਂ ਘੱਟ ਹੈ ਅਰਥਾਤ ਕੁੜੀਆਂ ਨੂੰ ਜਨਮ ਹੀ ਨਹੀਂ ਲੈਣ ਦਿੱਤਾ ਜਾਂਦਾ।

ਇਸ ਤੋਂ ਅਗਲੀ ਸਮੱਸਿਆ ਹੈ ਘਰੇਲੂ ਹਿੰਸਾ ਜਿਸ ਦੇ ਇੱਕ ਤੋਂ ਵੱਧ ਕਾਰਨ ਹੋ ਸਕਦੇ ਹਨ। ਕੋਈ ਜ਼ਮਾਨਾ ਸੀ ਜਦੋਂ ਦਾਜ ਲਈ ਸਿਰਫ਼ ਮਹਾਜਨ ਭਾਵ ਹਿੰਦੂ ਭਾਈਚਾਰੇ ਵਿਚ ਹੀ ਔਰਤਾਂ ਨੂੰ ਮਾਰ ਮੁਕਾਇਆ ਜਾਂਦਾ ਸੀ, ਜਿਸ ਦੇ ਆਮ ਪ੍ਰਚਲਤ ਢੰਗਾਂ ਵਿਚ ਸਟੋਵ ਰਾਹੀਂ ਅੱਗ ਲਾਉਣਾ ਅਤੇ ਖਾਣੇ ਵਿਚ ਜ਼ਹਿਰ ਦੇਣਾ ਪ੍ਰਮੁੱਖ ਸਨ। ਹੁਣ ਕਾਫ਼ੀ ਲੰਬੇ ਅਰਸੇ ਤੋਂ ਸਿੱਖ ਇਸਤਰੀ ਵੀ ਇਸ ਮਾਰ ਥੱਲੇ ਆ ਚੁੱਕੀ ਹੈ। ਇੱਥੋਂ ਤੱਕ ਕਿ ਇੰਗਲੈਂਡ, ਅਮਰੀਕਾ ਅਤੇ ਕੈਨੇਡਾ ਵਰਗੇ ਅਗਾਂਹਵਧੂ ਮੁਲਕਾਂ ਵਿਚ ਆ ਕੇ ਵੀ ਲੋਕ ਨੂੰਹਾਂ ਦੀ ਹੱਤਿਆ ਕਰਨ ਤੋਂ ਗੁਰੇਜ਼ ਨਹੀਂ ਕਰਦੇ ਅਤੇ ਰੋਜ਼ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣਦੇ ਹਨ। ਬਹੁਤੀ ਵਾਰ ਇਸ ਹੱਤਿਆ ਦਾ ਕਾਰਨ ਦਾਜ ਨਾ ਲਿਆਉਣਾ ਜਾਂ ਘੱਟ ਲਿਆਉਣਾ ਹੀ ਹੁੰਦਾ ਹੈ। ਘਰੇਲੂ ਹਿੰਸਾ ਦਾ ਇੱਕ ਹੋਰ ਰੂਪ ਹੈ ਜਿਸ ਨੂੰ 'ਇੱਜ਼ਤ ਲਈ ਕਤਲ' ਕਿਹਾ ਜਾਂਦਾ ਹੈ। ਇਸ ਦਾ ਬਹੁਤੀ ਵਾਰ ਕਾਰਨ ਹੁੰਦਾ ਹੈ ਮਾਂ-ਬਾਪ ਦੀ ਮਰਜ਼ੀ ਦੇ ਖ਼ਿਲਾਫ਼ ਜਾਤ-ਬਰਾਦਰੀ, ਪਰਿਵਾਰਕ ਹੈਸੀਅਤ ਜਾਂ ਆਪਣੇ ਮਜ਼ਹਬ ਤੋਂ ਬਾਹਰ ਸ਼ਾਦੀ ਕਰਨਾ। ਇਸ ਕਿਸਮ ਦੇ ਕਤਲ ਦੀਆਂ ਘਟਨਾਵਾਂ ਵੀ ਅਖ਼ਬਾਰਾਂ ਵਿਚ ਆਮ ਦੇਖਣ ਸੁਣਨ ਨੂੰ ਮਿਲ ਜਾਂਦੀਆਂ ਹਨ।

> **ਗੁਰੂ ਅਮਰਦਾਸ ਨੇ ਜਦੋਂ 22 ਮੰਜੀਆਂ ਅਰਥਾਤ ਪ੍ਰਚਾਰ ਕੇਂਦਰ ਸਥਾਪਤ ਕੀਤੇ ਤਾਂ ਕੁੱਝ ਥਾਂਵਾਂ 'ਤੇ ਮੰਜੀਆਂ ਦੀ ਜਿੰਮੇਵਾਰੀ ਬੀਬੀਆਂ ਨੂੰ ਸੌਂਪੀ। ਪਰ ਗੁਰੂ ਦੇ ਸਿੱਖ ਕਹਾਉਣ ਵਾਲਿਆਂ ਨੇ ਬੀਬੀਆਂ ਨੂੰ ਦਰਬਾਰ ਸਾਹਿਬ ਵਿਖੇ ਕੀਰਤਨ ਕਰਨ ਅਤੇ ਮਹਾਰਾਜ ਦੇ ਪ੍ਰਕਾਸ਼ ਤੋਂ ਪਹਿਲਾਂ ਅੰਦਰਲੇ ਸਥਾਨ ਦੀ ਸੇਵਾ ਕਰਨ ਦਾ ਹੱਕ ਨਹੀਂ ਦਿੱਤਾ।**

ਔਰਤ ਖ਼ਿਲਾਫ਼ ਹਿੰਸਾ ਦਾ ਅਗਲਾ ਅਤੇ ਭਿਆਨਕ ਰੂਪ ਹੈ ਬਲਾਤਕਾਰ। ਬਲਾਤਕਾਰ ਦੀ ਸਮੱਸਿਆ ਦਿਨੋ-ਦਿਨ ਵਿਕਰਾਲ ਰੂਪ ਧਾਰਦੀ ਜਾ ਰਹੀ ਹੈ। ਦਿੱਲੀ ਡਾਕਟਰੀ ਕਰ ਰਹੀ ਵਿਦਿਆਰਥਣ ਦੇ ਬੱਸ ਵਿਚ ਹੋਏ ਬਲਾਤਕਾਰ ਦੀ ਘਟਨਾ ਅਤੇ ਫ਼ਰੀਦਕੋਟ ਵਿਚ ਵਾਪਰੇ ਸ਼ਰੁਤੀ ਕਾਂਡ ਤੋਂ ਬਾਅਦ ਅਜਿਹੀਆਂ ਘਟਨਾਵਾਂ ਪੰਜਾਬ ਵਿਚ ਲਗਾਤਾਰ ਵਾਪਰਦੀਆਂ ਰਹੀਆਂ ਹਨ। ਬੱਚੀਆਂ ਤੋਂ ਲੈ ਕੇ ਵੱਡੀ ਉਮਰ ਦੀਆਂ ਇਸਤਰੀਆਂ ਤੱਕ ਵੀ ਇਸ ਜ਼ੁਲਮ ਤੋਂ ਸੁਰਖਿਅਤ ਨਹੀਂ ਹਨ। ਇਸ ਕਿਸਮ ਦੀਆਂ ਘਟਨਾਵਾਂ ਕਿੰਨੀ ਗਿਣਤੀ ਵਿਚ ਵਾਪਰ ਰਹੀਆਂ ਹਨ, ਇਸ ਦਾ ਜ਼ਿਕਰ ਬਹੁਤ ਵਾਰ ਡਾਕਟਰ ਹਰਸ਼ਿੰਦਰ ਕੌਰ, ਜਿਸ ਨੂੰ ਅਜਿਹੇ ਕੇਸਾਂ ਨਾਲ ਬਤੌਰ ਡਾਕਟਰ ਨਜਿੱਠਣਾ ਪੈਂਦਾ ਹੈ, ਦੇ ਲੇਖਾਂ ਵਿਚ ਪੜ੍ਹਨ ਨੂੰ ਮਿਲਦਾ ਹੈ। ਔਰਤ ਹੁਣ ਬਹੁਤ ਹੱਦ ਤੱਕ ਤਾਲੀਮਯਾਫ਼ਤਾ ਹੋ ਗਈ ਹੈ। ਜਿਵੇਂ ਪਹਿਲਾਂ ਵੀ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਔਰਤ ਹੁਣ ਹਰ ਖੇਤਰ 'ਚ ਮਰਦ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨ ਦੇ ਯੋਗ ਹੋ ਗਈ ਹੈ ਅਤੇ ਕੰਮ ਕਰ ਰਹੀ ਹੈ। ਇਸ ਦੇ ਬਾਵਜੂਦ ਉਸ ਦੀ ਸੁਰੱਖਿਆ ਖ਼ਤਰੇ ਵਿਚ ਹੈ। ਕੰਮ ਦੀਆਂ ਥਾਂਵਾਂ, ਬਜ਼ਾਰਾਂ, ਬੱਸਾਂ, ਗੱਡੀਆਂ/ਰੇਲਾਂ ਵਿਚ ਆਮ ਛੇੜ-ਛਾੜ ਤੋਂ ਲੈ ਕੇ ਸਰੀਰਕ ਸ਼ੋਸ਼ਣ ਤੱਕ ਦਾ ਸਾਹਮਣਾ ਔਰਤ ਨੂੰ ਕਈ ਵਾਰ ਕਰਨਾ ਪੈ ਜਾਂਦਾ ਹੈ।

ਪੰਜਾਬ ਦੀ ਹਾਲਤ ਕੋਈ ਬਿਹਤਰ ਨਹੀਂ ਹੈ ਸਗੋਂ ਦਿਨੋ-ਦਿਨ ਇਸ ਦੀ ਹਾਲਤ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ। ਪਾਠਕਾਂ ਦੇ ਚੇਤਿਆਂ ਵਿਚ ਅੰਮ੍ਰਿਤਸਰ ਦੇ ਪੁਲਿਸ ਅਫ਼ਸਰ ਦੀ ਘਟਨਾ ਜੋ ਧੀ ਦੀ ਰਾਖੀ ਕਰਨ ਗਿਆ ਹੁਕਮਰਾਨ ਪਾਰਟੀ ਦੇ ਗੁੰਡਿਆਂ ਹੱਥੋਂ ਮਾਰਿਆ ਗਿਆ, ਤਰਨਤਾਰਨ ਦੀ ਉਸ ਕੁੜੀ ਦੀ ਘਟਨਾ ਜਿਸ ਨੇ ਮੈਰਿਜ ਪੈਲੇਸ ਵਿਚ ਹੋਈ ਛੇੜ-ਛਾੜ ਦੇ ਮਾਮਲੇ ਦੀ ਸ਼ਿਕਾਇਤ ਪੁਲਿਸ ਕੋਲ ਕੀਤੀ ਤਾਂ ਪੁਲਿਸ ਨੇ ਟੈਕਸੀ ਡਰਾਈਵਰ ਨੂੰ ਕੁੱਝ ਕਹਿਣ ਦੀ ਥਾਂ ਉਲਟਾ ਕੁੜੀ 'ਤੇ ਹੀ ਕੁਟਾਪਾ ਚਾੜ੍ਹਿਆ, ਹਾਲੇ ਸੱਜਰੀਆਂ ਹੋਣਗੀਆਂ। ਇੱਥੋਂ ਤੱਕ ਕਿ ਸਾਥੀਆਂ ਨਾਲ ਮਿਲ ਕੇ ਰੋਸ ਰਿਖਾਵਾ ਕਰ ਰਹੀ ਇੱਕ ਪਰਦਾ ਵਿਚ ਕੁੜੀ ਦੇ ਇੱਕ ਅਕਾਲੀ ਜਥੇਦਾਰ ਵੱਲੋਂ ਥੱਪੜ ਮਾਰਨ ਅਤੇ ਇਸੇ ਸਮੇਂ ਮੁਜਾਹਰੇ ਸਮੇਂ ਇੱਕ ਕੁੜੀ ਦੇ ਅਕਾਲੀ ਸਰਪੰਚ ਵੱਲੋਂ ਥੱਪੜ ਮਾਰਨ ਦੀ ਘਟਨਾ ਵੀ ਟੈਲੀਵਿਜ਼ਨ ਅਤੇ ਅਖ਼ਬਾਰੀ ਖ਼ਬਰਾਂ ਦਾ ਹਿੱਸਾ ਰਹੀ ਹੈ। ਏਨੀ ਕੁ ਸੁਰਖਿਅਤ ਹੈ ਪੰਜਾਬੀ ਔਰਤ? ਉਹ ਵੀ 'ਪੰਥਕ' ਕਹੀ ਜਾਣ ਵਾਲੀ ਪਾਰਟੀ ਦੇ ਰਾਜ ਵਿਚ।

ਪੰਜਾਬ ਦੀ ਧਰਤੀ ਗੁਰੂਆਂ ਪੀਰਾਂ ਦੀ ਵਰੋਸਾਈ ਧਰਤੀ ਹੈ। ਇਥੇ ਹੀ ਸਭ ਤੋਂ ਪਹਿਲਾਂ ਗੁਰੂ ਨਾਨਕ ਸਾਹਿਬ ਨੇ ਇਸਤਰੀ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਅਤੇ ਸਿੱਖ ਧਰਮ ਵਿਚ ਇਸਤਰੀ ਨੂੰ ਪੁਰਸ਼ ਦੇ ਬਰਾਬਰ ਮਾਣ-ਸਨਮਾਨ ਅਤੇ ਹੱਕ ਮਿਲਿਆ। ਅੱਜ ਇਸੇ ਧਰਤੀ 'ਤੇ ਜਿਥੇ ਗੁਰੂ ਨਾਨਕ ਸਾਹਿਬ ਨੇ, "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ" ਦੀ ਆਵਾਜ਼ ਬੁਲੰਦ ਕੀਤੀ ਸੀ, ਇਸਤਰੀ ਦੇ ਸਵੈਮਾਨ ਅਤੇ ਇੱਜ਼ਤ 'ਤੇ ਜੋ ਹਮਲਾ ਪੰਜਾਬੀ ਗਾਇਕਾਂ, ਗੀਤਕਾਰਾਂ ਅਤੇ ਪੰਜਾਬੀ ਦੇ ਵੱਖ ਵੱਖ ਚੈਨਲਾਂ ਤੇ ਦਿਖਾਏ ਜਾਂਦੇ ਪੰਜਾਬੀ ਗੀਤਾਂ ਦੇ ਵੀਡੀਓ ਕਲਚਰ ਰਾਹੀਂ ਕੀਤਾ ਜਾ ਰਿਹਾ ਹੈ, ਉਸ ਦਾ ਸ਼ਾਇਦ ਅੰਦਾਜ਼ਾ ਵੀ ਨਹੀਂ ਲਾਇਆ ਜਾ ਸਕਦਾ। ਪੰਜਾਬੀ ਗਾਇਕ ਅਤੇ ਗੀਤਕਾਰ ਪੰਜਾਬੀ ਸਭਿਆਚਾਰ, ਇਸ ਦੇ ਸਮਾਜਿਕ ਰਿਸ਼ਤਿਆਂ ਦੀ ਰੱਜ ਕੇ ਮਿੱਟੀ ਪਲੀਤ ਕਰ ਰਹੇ ਹਨ। ਪੰਜਾਬੀ ਸਮਾਜ ਦਾ ਧੁਰਾ ਪਿੰਡ ਇੱਕ ਇਕਾਈ ਦੇ ਰੂਪ ਵਿਚ ਚਿਤਵਿਆ ਜਾਂਦਾ ਰਿਹਾ ਹੈ ਜਿਥੇ ਜਾਤ-ਬਰਾਦਰੀ ਆਦਿ ਹੱਦਾਂ ਨੂੰ ਵੀ ਪਾਰ ਕਰਦੇ ਹੋਏ ਸਭ ਇੱਕ ਦੂਸਰੇ ਨਾਲ ਬਾਬਾ, ਤਾਇਆ, ਚਾਚਾ ਅਤੇ ਭਰਾ ਦੇ ਰਿਸ਼ਤੇ ਵਿਚ ਬੱਝੇ ਹੁੰਦੇ ਹਨ। ਪਰ ਅਜੋਕੇ ਗਾਇਕਾਂ/ਗੀਤਕਾਰਾਂ ਨੇ ਇਨ੍ਹਾਂ ਰਿਸ਼ਤਿਆਂ ਨੂੰ ਪਲੀਤ ਕਰ ਦਿੱਤਾ ਹੈ। ਇਨ੍ਹਾਂ ਮੁਤਾਬਿਕ ਹੁਣ ਇਸਤਰੀ ਮਾਂ ਜਾਂ ਭੈਣ ਨਹੀਂ ਹੈ ਸਗੋਂ ਇੱਕ ਵਸਤੂ ਹੈ ਜਿਸ ਨੂੰ ਜਿਵੇਂ ਜੀ ਆਵੇ ਵਰਤਿਆ ਜਾ ਸਕਦਾ ਹੈ, ਜਿਸ 'ਤੇ ਕੋਈ ਵੀ ਢੰਗ ਵਰਤ ਕੇ ਕਬਜ਼ਾ ਕੀਤਾ ਜਾ ਸਕਦਾ ਹੈ ਭਾਵੇਂ ਉਹ ਆਪਣੇ ਹੀ ਪਿੰਡ ਦੀ, ਗਲੀ ਜਾਂ ਗੁਆਂਢ ਦੀ ਹੈ। ਪੰਜਾਬੀ ਸਭਿਆਚਾਰ ਦਾ ਧੁਰਾ ਧੀਆਂ ਭੈਣਾਂ ਸਭ ਦੀਆਂ ਸਾਂਝੀਆਂ ਹੁੰਦੀਆਂ ਹਨ। ਪੰਜਾਬੀ ਗਾਣਿਆਂ ਦੇ ਚੈਨਲਾਂ 'ਤੇ ਚੱਲ ਰਹੇ ਵੀਡੀਓ ਵਿਚ ਜਿਸ ਢੰਗ ਨਾਲ ਅਰਧ-ਨਗਨ ਕੁੜੀਆਂ ਨੂੰ ਦਿਖਾਇਆ ਜਾਂਦਾ ਹੈ, ਉਸ ਦਾ ਪੰਜਾਬੀ ਸਭਿਆਚਾਰ ਜਾਂ ਪਹਿਰਾਵੇ ਨਾਲ ਦੂਰ ਦਾ ਵੀ ਵਾਸਤਾ ਨਹੀਂ। ਅੱਜ ਪੰਜਾਬੀ ਬੋਲੀ, ਪੰਜਾਬੀ ਸਭਿਆਚਾਰ ਖ਼ਤਰੇ ਵਿਚ ਹੈ। ਇਸ ਤੇ ਕਈ ਤਰ੍ਹਾਂ ਨਾਲ ਹਮਲੇ ਹੋ ਰਹੇ ਹਨ। ਇਸ ਵਰਤਾਰੇ ਦਾ ਮੁਲਾਂਕਣ ਕਰਦਿਆਂ ਪੰਜਾਬੀ ਦੇ ਵਿਦਵਾਨ ਪ੍ਰੋ. ਨਾਹਰ ਸਿੰਘ ਨੇ ਲਿਖਿਆ ਹੈ, "ਪੰਜਾਬੀਆਂ ਦਾ ਇਸ ਗਾਇਨ ਦੀਆਂ ਵਿਭਿੰਨ ਵੰਨਗੀਆਂ ਪ੍ਰਤੀ ਵੱਖੋ-ਵੱਖਰਾ ਹੁੰਗਾਰਾ ਪੰਜਾਬੀ ਸਮਾਜ ਅੰਦਰਲੀਆਂ ਨਵੀਆਂ ਅਲਾਮਤਾਂ ਦੀ ਨਿਸ਼ਾਨਦੇਹੀ ਕਰਦਾ ਹੈ। ਬਿਮਾਰ ਰੁਚੀਆਂ ਵਾਲਾ ਸਮਾਜ ਬਿਮਾਰ ਗਾਇਕੀ ਨੂੰ ਹੀ ਗਲੇ ਲਾਉਂਦਾ ਹੈ।...ਜਦੋਂ ਕਿਸੇ ਸਭਿਆਚਾਰ ਵਿਚ ਗਿਰਾਵਟ ਆਉਂਦੀ ਹੈ ਤਾਂ ਉਸ ਦੀਆਂ ਸਭਿਆਚਾਰਕ ਬਣਤਰਾਂ (ਸਮੇਤ ਗਾਇਕੀ ਅਤੇ ਸੰਗੀਤ) ਦੇ ਬਾਹਰੀ ਰੂਪ ਉਹੀ ਬਣੇ ਰਹਿੰਦੇ ਹਨ ਪਰ ਉਨ੍ਹਾਂ ਵਿਚਲਾ ਵਸਤੂ ਪਲੀਤ ਹੁੰਦਾ ਚਲਾ ਜਾਂਦਾ ਹੈ। ਇਹੋ ਕੁੱਝ ਪੰਜਾਬੀ ਗਾਇਕੀ ਦੇ ਪ੍ਰਸੰਗ ਵਿਚ ਹੋਇਆ ਹੈ।" ਉਨ੍ਹਾਂ ਅੱਗੇ ਲਿਖਿਆ ਹੈ, "ਇਹ ਮੰਨਣਯੋਗ ਹੈ ਕਿ ਸਮੇਂ ਤੇ ਸਥਿਤੀਆਂ ਦੇ ਬਦਲਣ ਨਾਲ ਪੰਜਾਬੀ ਗਾਇਕੀ ਦਾ ਬਦਲਣਾ ਸੁਭਾਵਕ ਸੀ ਪਰ ਇਸ ਦਾ ਰਸਾਤਲ ਵਲ ਜਾਣਾ ਜ਼ਰੂਰੀ ਨਹੀਂ ਸੀ।...ਰੰਗ-ਬਰੰਗਤਾ, ਵਿਵਿਧਤਾ, ਵਿਭਿੰਨਤਾ ਜਿਉਂਦੇ ਸਭਿਆਚਾਰਾਂ ਦੀ ਨਿਸ਼ਾਨੀ ਹੁੰਦੀ ਹੈ। ਹੋਣਾ ਤਾਂ ਇਹ ਚਾਹੀਦਾ ਸੀ ਕਿ ਤਕਨੀਕ ਦੇ ਵਿਕਸਿਤ ਹੋਣ ਨਾਲ ਅਸੀਂ ਇਸ ਨੂੰ ਆਪਣੇ ਸਭਿਆਚਾਰ ਦੀ ਸੁਰੱਖਿਆ ਤੇ ਵਿਸਤਾਰ ਲਈ ਵਰਤਦੇ, ਪਰ ਹੋਇਆ ਉਲਟ-ਭੁੱਖੇ ਦੀ ਧੀ ਰੱਜੀ ਖੇਹ ਉਡਾਉਣ ਲੱਗੀ।"

(ਚਲਦਾ)

## ਗੁਰਬਾਣੀ ਗਿਆਨ

# ਮਾਈ ਸਤਿ ਸਤਿ ਸਤਿ ਹਰਿ...

ਸਾਰੰਗ ਮਹਲਾ ੫
ਮਾਈ ਸਤਿ ਸਤਿ ਸਤਿ ਹਰਿ
ਸਤਿ ਸਤਿ ਸਤਿ ਸਾਧਾ॥
ਬਚਨੁ ਗੁਰੂ ਜੋ ਪੂਰੈ ਕਹਿਓ,
ਮੈ ਛੀਕਿ ਗਾਂਠਰੀ ਬਾਧਾ॥੧॥ਰਹਾਉ॥
ਨਿਸਿ ਬਾਸੁਰ ਨਖਿਅਤ੍ਰ ਬਿਨਾਸੀ
ਰਵਿ ਸਸੀਅਰ ਬੇਨਾਧਾ॥
ਗਿਰਿ ਬਸੁਧਾ ਜਲ ਪਵਨ ਜਾਇਗੋ
ਇਕਿ ਸਾਧ ਬਚਨ ਅਟਲਾਧਾ॥੧॥
ਅੰਡ ਬਿਨਾਸੀ ਜੇਰ ਬਿਨਾਸੀ
ਉਤਭੁਜ ਸੇਤ ਬਿਨਾਧਾ॥
ਚਾਰਿ ਬਿਨਾਸੀ ਖਟਹਿ ਬਿਨਾਸੀ
ਇਕਿ ਸਾਧ ਬਚਨ ਨਿਹਚਲਾਧਾ॥੨॥
ਰਾਜ ਬਿਨਾਸੀ ਤਾਮ ਬਿਨਾਸੀ
ਸਾਤਕੁ ਭੀ ਬੇਨਾਧਾ॥
ਦ੍ਰਿਸਟਿਮਾਨ ਹੈ ਸਗਲ ਬਿਨਾਸੀ
ਇਕਿ ਸਾਧ ਬਚਨ ਆਗਾਧਾ॥੩॥
ਆਪੇ ਆਪਿ ਆਪ ਹੀ ਆਪੇ
ਸਭੁ ਆਪਨ ਖੇਲੁ ਦਿਖਾਧਾ॥
ਪਾਇਓ ਨ ਜਾਈ ਕਹੀ ਭਾਂਤਿ ਰੇ
ਪ੍ਰਭੁ ਨਾਨਕ ਗੁਰ ਮਿਲਿ ਲਾਧਾ॥੪॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇਹ ਸ਼ਬਦ ਹਰੀ ਪ੍ਰਭੂ ਅਤੇ ਗੁਰੂ ਕ੍ਰਿਪਾ ਨਾਲ ਭਰਪੂਰ ਹੈ। ਹੇ ਮਾਂ! ਉਹ ਹਰੀ ਪ੍ਰਭੂ ਤਾਂ ਸਤਿ, ਭਾਵ ਸਦਾ ਹੀ ਅਟੱਲ ਅਤੇ ਕਾਇਮ ਰਹਿਣ ਵਾਲਾ ਹੈ। ਹਰੀ ਪ੍ਰਭੂ ਦੇ ਸੰਤ ਜਨ ਭੀ ਅਟੱਲ ਅਤੇ ਅਡੋਲ ਜੀਵਨ ਵਾਲੇ ਹਨ। ਮਾਂ! ਇਹ ਜੋ ਬਚਨ ਮੈਨੂੰ ਪੂਰੇ ਗੁਰੂ ਨੇ ਦੱਸਿਆ ਹੈ-ਛੀਕਿ ਗਾਂਠੁਰੀ, ਭਾਵ ਮੈਂ ਘੁੱਟ ਕੇ ਆਪਣੇ ਪੱਲੇ ਬੰਨ੍ਹ ਲਿਆ ਹੈ ਕਿ ਜਗਤ ਵਿਚ ਗੁਰੂ ਦੇ ਬਚਨ ਸਦਾ ਹੀ ਅਟੱਲ ਹਨ।

ਨਿਸਿ ਬਾਸੁਰ ਨਖਿਅਤ੍ਰ ਬਿਨਾਸੀ
ਰਵਿ ਸਸੀਅਰ ਬੇਨਾਧਾ॥
ਗਿਰਿ ਬਸੁਧਾ ਜਲ ਪਵਨ ਜਾਇਗੋ
ਇਕਿ ਸਾਧ ਬਚਨ ਅਟਲਾਧਾ॥੧॥

ਹੇ ਮਾਂ! ਨਿਸਿ (ਰਾਤ), ਬਾਸੁਰ (ਦਿਨ), ਨਖਿਅਤ੍ਰ (ਚੰਨ ਸੂਰਜ ਤੇ ਤਾਰੇ) ਬਿਨਾਸੀ, ਭਾਵ ਖਤਮ ਹੋ ਜਾਣਗੇ। ਗਿਰਿ (ਪਹਾੜ), ਬਸੁਧਾ (ਧਰਤੀ), ਜਲ (ਪਾਣੀ), ਪਵਨ (ਹਵਾ), ਇਹ ਸਭ ਦਿਖਾਈ ਦੇ ਰਹੇ ਪਹਾੜ, ਧਰਤੀ ਪਾਣੀ ਅਤੇ ਹਵਾ ਵੀ ਖ਼ਤਮ ਹੋ ਜਾਣਗੇ; ਪਰ ਜੋ ਸਾਧ, ਭਾਵ ਪੂਰੇ ਗੁਰੂ ਦੇ ਬਚਨ ਹਨ, ਉਹ ਸਦਾ ਹੀ ਅਟੱਲ ਅਤੇ ਕਾਇਮ ਰਹਿਣਗੇ।

ਅੰਡ ਬਿਨਾਸੀ ਜੇਰ ਬਿਨਾਸੀ
ਉਤਭੁਜ ਸੇਤ ਬਿਨਾਧਾ॥
ਚਾਰਿ ਬਿਨਾਸੀ ਖਟਹਿ ਬਿਨਾਸੀ
ਇਕਿ ਸਾਧ ਬਚਨ ਨਿਹਚਲਾਧਾ॥੨॥

ਹੇ ਮਾਂ! ਅੰਡ ਬਿਨਾਸੀ, ਭਾਵ ਆਂਡਿਆਂ ਵਿਚੋਂ ਪੈਦਾ ਹੋਣ ਵਾਲੇ ਜੀਵ; ਜੇਰ ਬਿਨਾਸੀ, ਭਾਵ ਜੇਰ ਵਿਚੋਂ ਪੈਦਾ ਹੋਣ ਵਾਲੇ ਜੀਵ; ਉਤਭੁਜ, ਭਾਵ ਧਰਤੀ ਵਿਚੋਂ ਪੈਦਾ ਹੋਣ ਵਾਲੇ ਅਤੇ ਸੇਤ, ਭਾਵ ਪਸੀਨੇ ਤੋਂ ਪੈਦਾ ਹੋਣ ਵਾਲੇ ਇਹ ਸਭ ਵੀ ਨਾਸ਼ ਹੋ ਜਾਣਗੇ। ਚਾਰਿ ਬਿਨਾਸੀ, ਭਾਵ ਚਾਰੇ ਵੇਦ; ਖਟਹਿ ਬਿਨਾਸੀ, ਭਾਵ ਛੇ ਸ਼ਾਸਤਰ; ਮਾਂ ਇਹ ਸਭ ਭੀ ਨਾਸ਼ਵਾਨ ਹਨ। ਬੱਸ, ਗੁਰੂ ਦੇ ਬਚਨ ਹੀ ਸਦਾ ਅਟੱਲ ਰਹਿਣ ਵਾਲੇ ਹਨ।

ਰਾਜ ਬਿਨਾਸੀ ਤਾਮ ਬਿਨਾਸੀ
ਸਾਤਕੁ ਭੀ ਬੇਨਾਧਾ॥
ਦ੍ਰਿਸਟਿਮਾਨ ਹੈ ਸਗਲ ਬਿਨਾਸੀ
ਇਕਿ ਸਾਧ ਬਚਨ ਆਗਾਧਾ॥੩॥

ਹੇ ਮਾਂ! ਰਾਜਸ, ਤਾਮਸ ਅਤੇ ਸਾਤਕ, ਇਹ ਜੋ ਮਾਇਆ ਦੇ ਤਿੰਨ ਰੂਪ ਹਨ ਜਾਂ ਗੁਣ ਹਨ, ਇਹ ਭੀ ਸਾਰੇ ਹੀ ਨਾਸ਼ ਹੋਣ ਵਾਲੇ ਹਨ। ਦ੍ਰਿਸਟਿਮਾਨ ਹੈ ਸਗਲ ਬਿਨਾਸੀ, ਭਾਵ ਇਹ ਜੋ ਸਾਰਾ ਜਗਤ ਦਾ ਪਸਾਰਾ ਦਿਖਾਈ ਦੇ ਰਿਹਾ ਹੈ, ਇਹ ਤਾਂ ਸਾਰਾ ਕੁਝ ਹੀ ਮਰ ਮੁੱਕ ਜਾਂ ਟੁੱਟ-ਭੱਜ ਜਾਣ ਵਾਲਾ ਹੈ। ਕੋਈ ਵੀ ਚੀਜ਼ ਸਦਾ ਬਣੀ ਰਹਿਣ ਵਾਲੀ ਨਹੀਂ, ਪਰ ਮਾਂ! ਜੋ ਸਦਾ ਹੀ ਅਟੱਲ ਤੇ ਕਦੀ ਨਾ ਖ਼ਤਮ ਹੋਣ ਵਾਲੀ ਚੀਜ਼ ਹੈ, ਉਹ ਹਨ ਸਾਧ, ਭਾਵ ਗੁਰੂ ਦੇ ਬਚਨ।

ਆਪੇ ਆਪਿ ਆਪ ਹੀ ਆਪੇ
ਸਭੁ ਆਪਨ ਖੇਲੁ ਦਿਖਾਧਾ॥
ਪਾਇਓ ਨ ਜਾਈ ਕਹੀ ਭਾਂਤਿ ਰੇ
ਪ੍ਰਭੁ ਨਾਨਕ ਗੁਰ ਮਿਲਿ ਲਾਧਾ॥੪॥

ਸੰਸਾਰ ਵਾਲਿਓ! ਸੁਣੋ!! ਇਹ ਨਾਨਕ ਆਖਦਾ ਹੈ, ਉਹ ਮਿਹਰਬਾਨ ਪ੍ਰਭੂ ਤਾਂ ਆਪਣੇ ਵਰਗਾ ਆਪ ਹੀ ਹੈ। ਉਸ ਜੈਸਾ ਹੋਰ ਕੋਈ ਨਹੀਂ ਅਤੇ ਉਹ ਆਪ ਹੀ ਜਗਤ ਤਮਾਸ਼ੇ ਦਾ ਸਾਰਾ ਖੇਲ ਭੀ ਦਿਖਾ ਰਿਹਾ ਹੈ ਅਤੇ ਭਾਈ! ਉਹ ਹੋਰ ਕਿਸੇ ਵੀ ਤਰੀਕੇ ਨਾਲ ਨਹੀਂ ਮਿਲ ਸਕਦਾ। ਬੱਸ, ਇਕੋ ਹੀ ਤਰੀਕਾ ਹੈ ਕਿ ਗੁਰੂ ਦੇ ਮਿਲਾਪ ਅਤੇ ਕ੍ਰਿਪਾ ਰਾਹੀਂ ਹੀ ਉਸ ਨੂੰ ਲੱਭਿਆ ਜਾ ਸਕਦਾ ਹੈ।

ਆਓ! ਸ਼ਬਦ ਗੁਰੂ ਦੀ ਵਿਚਾਰ ਨਾਲ ਜੁੜੀਏ ਜੀ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

ਦਿਸਦਾ-ਅਨਦਿਸਦਾ



ਗੁਰਬਚਨ ਸਿੰਘ ਭੁੱਲਰ
ਫੋਨ:91-11-65736868
E-mail: bhullargs@gmail.com

# ਡਾਕਟਰ ਪਲਟਾ ਦਾ ਸ਼ਾਗਿਰਦ ਬਲਵੰਤ ਗਾਰਗੀ

ਬਲਵੰਤ ਗਾਰਗੀ ਨੂੰ ਮੈਂ ਪਹਿਲੀ ਵਾਰ ਦੰਦਾਂ ਦੇ ਡਾਕਟਰ ਪਿਆਰਾ ਸਿੰਘ ਪਲਟਾ ਦੀ ਦੁਕਾਨ ਵਿਚ ਮਿਲਿਆ। ਦੁਕਾਨ ਚਲਦੀ ਨਹੀਂ ਸੀ। ਉਹਨੇ ਸੋਚਿਆ, ਲੋਕਾਂ ਉਤੇ ਰੁਅਬ ਜਮਾਉਣ ਲਈ ਫੋਨ ਸਹਾਈ ਰਹੇਗਾ। ਪਤਨੀ ਸਤਵੰਤ ਕੌਰ ਦਾ ਟੂਮ-ਛੱਲਾ ਵੇਚ ਕੇ ਫੋਨ ਲੁਆ ਲਿਆ, ਪਰ ਅਜੇ ਕੁਨੈਕਸ਼ਨ ਨਹੀਂ ਸੀ ਮਿਲਿਆ। ਕਿਸੇ ਮਰੀਜ਼ ਨੂੰ ਦੁਕਾਨ ਵਿਚ ਵੜਦਾ ਦੇਖ ਕੇ ਸਤਵੰਤ, ਜਿਸ ਨੂੰ ਉਹਨੇ ਨਰਸ ਵਾਲੀ ਵਰਦੀ ਪੁਆ ਦਿੱਤੀ ਸੀ, ਦੂਜੇ ਕਮਰੇ ਵਿਚ ਜਾ ਕੇ ਫੋਨ ਦੀ ਘੰਟੀ ਵਾਂਗ ਘੰਟੇ ਦਾ ਅਲਾਰਮ ਵਜਾ ਦਿੰਦੀ। ਉਹ ਬਹੁਤ ਰੁੱਝਿਆ ਹੋਇਆ ਡਾਕਟਰ ਹੋਣ ਦਾ ਦਿਖਾਵਾ ਕਰਨ ਵਾਸਤੇ ਫੋਨ ਚੁਕਦਾ ਅਤੇ ਅਣਹੋਂਦੇ ਤੇ ਅਣਸੁਣਦੇ ਮਰੀਜ਼ ਨਾਲ ਗੱਲਾਂ ਕਰਨ ਲਗਦਾ। ਇਹ ਉਹਦੀ ਨਵੇਂ ਮਰੀਜ਼ ਨੂੰ ਪ੍ਰਭਾਵਿਤ ਕਰਨ ਦੀ ਜੁਗਤ ਸੀ। ਇਕ ਦਿਨ ਇਕ ਮਰੀਜ਼ ਆਏ ਤੋਂ ਉਹਨੇ ਆਪਣੀ ਇਹੋ ਜੁਗਤ ਵਰਤੀ ਅਤੇ ਉਹਦੀ ਵਾਰ ਵਾਰ ਦੀ ਬੇਚੈਨੀ ਤੇ ਕਾਹਲੀ ਦੀ ਪ੍ਰਵਾਹ ਨਾ ਕਰਦਿਆਂ ਉਹ ਕਿਸੇ ਹੋਰ ਮਰੀਜ਼ ਨਾਲ ਲੰਮੀ ਗੱਲਬਾਤ ਕਰਦਾ ਰਿਹਾ। ਆਖਰ ਉਧਰੋਂ ਵਿਹਲਾ ਹੋ ਕੇ ਤੇ ਫੋਨ ਬੰਦ ਕਰ ਕੇ ਉਹਨੇ ਨਵੇਂ ਮਰੀਜ਼ ਵੱਲ ਧਿਆਨ ਦੇਣ ਦੀ ਕਿਰਪਾ ਕੀਤੀ ਤਾਂ ਅੱਗੋਂ ਉਹ ਬੋਲਿਆ, ਜੀ ਮੈਂ ਤੁਹਾਡੇ ਇਸ ਨਵੇਂ ਫੋਨ ਦਾ ਕੁਨੈਕਸ਼ਨ ਦੇਣ ਆਇਆ ਹਾਂ!

'ਡਾਕਟਰ ਪਲਟਾ' ਸਾਡੀ ਸਕੂਲੀ ਪਾਠ-ਪੁਸਤਕ ਵਿਚ ਗਾਰਗੀ ਦਾ ਲਿਖਿਆ ਹੋਇਆ



*ਨਖ਼ਰਾ ਨਾਟਕਕਾਰ ਦਾ।*

ਇਕਾਂਗੀ ਨਾਟਕ ਸੀ। ਸਾਡੀ ਸਾਹਿਤ ਦੀ ਸਮਝ ਅਜੇ ਇਮਤਿਹਾਨ ਵਿਚ ਆਏ ਸਵਾਲ ਦਾ ਗਿਆਨੀ ਮਾਸਟਰ ਜੀ ਵੱਲੋਂ ਸਮਝਾਇਆ-ਰਟਾਇਆ ਜਵਾਬ ਲਿਖ ਦੇਣ ਤੱਕ ਸੀਮਤ ਹੋਣ ਦੇ ਬਾਵਜੂਦ ਸਾਨੂੰ ਇਹ ਨਾਟਕ ਪੜ੍ਹ ਕੇ ਅਨੰਦ ਆਉਂਦਾ। ਇਹ ਪਤਾ ਬਹੁਤ ਮਗਰੋਂ ਜਾ ਕੇ ਲੱਗਿਆ ਕਿ ਹੋਰ ਬਹੁਤ ਕੁਛ ਵਾਂਗ ਇਹ ਨਾਟਕ ਸਾਹਿਤ ਹੈ ਅਤੇ ਇਹਨੂੰ ਪੜ੍ਹ ਕੇ ਜੋ ਅਨੰਦ ਆਉਂਦਾ ਹੈ, ਇਹ ਸਾਹਿਤਕ ਅਨੰਦ ਹੈ! ਉਸ ਉਮਰ ਦੀ ਅਕਲ ਅਨੁਸਾਰ ਵੀ ਇਸ ਨਾਟਕ ਦੀ ਕਹਾਣੀ ਸਿੱਧੀ ਸਮਝ ਆਉਣ ਵਾਲੀ ਸੀ ਅਤੇ ਬੋਲੀ ਆਮ ਬੋਲਚਾਲ ਵਾਲੀ ਸਰਲ ਸੀ। ਅਸੀਂ ਪਹਿਲਾਂ ਡਾਕਟਰ ਪਲਟਾ ਦੀ ਚਲਾਕੀ ਨੂੰ ਤੇ ਫੇਰ ਉਹਦੀ ਪ੍ਰੇਸ਼ਾਨੀ ਨੂੰ ਸੁਆਦ ਲੈ ਲੈ ਪੜ੍ਹਦੇ ਤੇ ਇਕ ਦੂਜੇ ਨਾਲ ਸਾਂਝੀ ਕਰਦੇ।

ਇਹ ਗਾਰਗੀ ਦੀ ਸਾਹਿਤਕ ਜਾਦੂਗਰੀ ਹੀ ਸਮਝੋ ਕਿ ਅੱਜ ਵੀ, ਜਦੋਂ ਸਾਹਿਤ ਬਾਰੇ ਦਿਸਦਾ-ਲੁਕਵਾਂ ਬਹੁਤ ਕੁਛ ਜਾਣ ਲਿਆ ਹੈ, ਚੰਗੇ, ਸਾਧਾਰਨ ਤੇ ਤੁੱਛ ਸਾਹਿਤ ਨੂੰ ਵਖਰਿਆਉਣ ਦੀ ਖਾਸੀ ਸਮਝ ਆ ਗਈ ਹੈ ਅਤੇ ਆਪਣਾ ਨਾਂ ਵੀ ਲੇਖਕਾਂ ਵਿਚ ਸ਼ੁਮਾਰ ਹੋ ਚੁੱਕਿਆ ਹੈ, ਬਾਲ ਪਾਠਕਾਂ ਤੇ ਦਰਸ਼ਕਾਂ ਨੂੰ ਧਿਆਨ ਵਿਚ ਰੱਖ ਕੇ ਲਿਖਿਆ ਗਿਆ ਇਹ ਨਾਟਕ ਚੇਤੇ ਆ ਕੇ ਮਨ ਵਿਚ ਕੁਤਕੁਤਾੜੀ ਕੱਢ ਜਾਂਦਾ ਹੈ। ਅੱਗੇ ਚੱਲ ਕੇ ਭਾਵੇਂ ਉਹਨੇ ਪੂਰੇ ਤੇ ਇਕਾਂਗੀ ਨਾਟਕ ਲਿਖੇ, ਕਹਾਣੀਆਂ, ਨਾਵਲ ਤੇ ਕਲਮੀ ਚਿੱਤਰ ਲਿਖੇ ਜਾਂ ਫੇਰ ਲੇਖ ਆਦਿ ਕੁਛ ਹੋਰ ਲਿਖਿਆ, ਵਿਸ਼ੇ ਦਾ ਦਿਲਚਸਪ ਹੋਣਾ ਤੇ ਬੋਲੀ ਦਾ ਸਰਲ ਤੇ ਕਰਾਰੀ-ਟੁਣਕਾਰੀ ਹੋਣਾ ਉਹਦੇ ਮੀਰੀ ਗੁਣ ਰਹੇ। ਰਚਨਾ ਕਰਨੀ ਹੋਵੇ ਜਾਂ ਨਾਟਕ ਖੇਡਣਾ ਹੋਵੇ ਜਾਂ ਫੇਰ ਮਸਾਲੇ ਵਾਲੀ ਮਾਂਹਾਂ ਦੀ ਦਾਲ ਬਣਾਉਣੀ ਹੋਵੇ, ਉਹ ਸੰਪੂਰਨਤਾਵਾਦੀ ਸੀ। ਘੱਟੋ-ਘੱਟ ਉਹ ਆਪਣੀ ਕੀਤੀ ਕਿਸੇ ਰਚਨਾ ਜਾਂ ਆਪਣੇ ਕੀਤੇ ਕਿਸੇ ਕੰਮ ਵਿਚ ਆਪਣੇ ਵੱਲੋਂ ਕੋਈ ਕਸਰ ਨਹੀਂ ਸੀ ਰਹਿਣ ਦੇਣੀ ਚਾਹੁੰਦਾ।

ਪਾਠ-ਪੁਸਤਕ ਵਿਚੋਂ ਬਲਵੰਤ ਗਾਰਗੀ ਦੀ ਰਚਨਾ ਹੋਰ ਰਚਨਾਵਾਂ ਨਾਲੋਂ ਇਸ ਕਰਕੇ ਵੀ ਚੰਗੀ ਲਗਦੀ ਕਿ ਉਹ ਸਾਡੇ 'ਇਲਾਕੇ ਦੇ ਵੱਡੇ ਸ਼ਹਿਰ' ਬਠਿੰਡੇ ਦਾ ਸੀ। ਹਾਂ, ਬਲਵੰਤ ਤਾਂ ਠੀਕ ਸੀ, ਗਾਰਗੀ ਜ਼ਰੂਰ ਜ਼ਨਾਨੀਆਂ ਵਾਲਾ ਨਾਂ ਲਗਦਾ। ਸਾਡੇ ਗਿਆਨੀ ਮਾਸਟਰ ਨੇ ਸਪਸ਼ਟ ਕੀਤਾ ਕਿ ਉਹ ਹੈ ਤਾਂ ਗਰਗ, ਪਰ ਲੇਖਕ ਹੋਣ ਕਰਕੇ ਆਪਣੇ ਨਾਂ ਨੂੰ ਹੋਰ ਗਰਗਾਂ ਨਾਲੋਂ ਵੱਖਰਾ ਦਿਖਾਉਣ ਵਾਸਤੇ ਗਾਰਗੀ ਲਿਖਣ ਲੱਗ ਪਿਆ ਹੈ। ਮਗਰੋਂ ਜਦੋਂ ਮੈਂ ਸਾਹਿਤ ਦਾ ਪਾਠਕ ਬਣਿਆ, ਇਹਦੇ ਜ਼ਨਾਨੇ ਰੂਪ ਸਮੇਤ ਨਾਂ ਦਾ ਇਹ ਮਾਮਲਾ ਉਹਦੀ ਆਪਣੀ ਕਲਮ ਤੋਂ ਹੀ ਸਾਫ ਹੋਇਆ ਮਿਲ ਗਿਆ। ਉਸ ਸਮੇਂ ਪੰਜਾਬੀ ਵਿਚ ਬਾਵਾ ਬਲਵੰਤ ਤੇ ਬਲਵੰਤ ਸਿੰਘ ਚਤਰਥ ਜਿਹੇ ਕਈ ਬਲਵੰਤ ਪਹਿਲਾਂ ਹੀ ਹੋਣ ਕਰਕੇ ਉਹਨੇ ਸੋਚਿਆ, "ਮੈਂ ਕੋਈ ਨਿਵੇਕਲੀ ਚੀਜ਼ ਲਿਖਾਂਗਾ, ਇਸ ਲਈ ਮੇਰਾ ਨਾਂ ਵੀ ਨਿਵੇਕਲਾ ਹੋਵੇ!" ਗਾਰਗੀ ਕੁੜੀਆਂ ਵਾਲਾ ਨਾਂ ਹੋਣ ਬਾਰੇ ਉਹਨੂੰ ਕੋਈ ਭੁਲੇਖਾ ਨਹੀਂ ਸੀ, ਇਹ ਨਾਂ ਪਹਿਲੇ ਬਹੁਤ ਹਾਸੋਹੀਣਾ ਲੱਗਿਆ। ਇਹ ਇਸੇ ਤਰ੍ਹਾਂ ਸੀ ਜਿਵੇਂ ਕੋਈ ਆਖੇ ਮਾਸੀ ਚੂਨੀ ਲਾਲ ਜਾਂ ਮਿਸਟਰ ਸੁਰਿੰਦਰ ਕੌਰ। ਬਲਵੰਤ ਗਾਰਗੀ ਇਸ ਸਵੈਵਿਰੋਧੀ ਨਾਂ ਨਾਲ, ਜੋ ਇਸਤਰੀ ਲਿੰਗ ਤੇ ਪੁਲਿੰਗ ਦਾ ਅਨੋਖਾ ਸੁਮੇਲ ਹੈ, ਜਾਣਿਆ ਜਾਣ ਲੱਗਾ।"

ਉਸ ਤੋਂ ਵੱਧ ਮੇਰ ਪਾਠ-ਪੁਸਤਕ ਵਿਚ ਦੇਵਿੰਦਰ ਸਤਿਆਰਥੀ ਦਾ ਨਾਂ ਪੜ੍ਹ ਕੇ ਜਾਗਦੀ ਕਿਉਂਕਿ ਉਹ 'ਸਾਡੇ ਪਿੰਡਾਂ' ਦੇ ਸਨ। ਬਠਿੰਡੇ ਨਾਲ ਸ਼ਹਿਰ ਹੋਣ ਕਰਕੇ ਕੁਛ ਵਿੱਥ ਜਿਹੀ ਲਗਦੀ, ਭਦੌੜ ਪਿੰਡ ਹੋਣ ਕਰਕੇ ਆਪਣੇ ਪਿੰਡ ਪਿੱਛੋ ਵਰਗਾ ਲਗਦਾ। ਕੁਛ ਵੀ ਹੋਵੇ, ਮੇਰੇ ਮਨ ਵਿਚ ਆਪਣੇ ਇਨ੍ਹਾਂ ਦੋਵਾਂ ਪ੍ਰਸਿੱਧ ਗਰਾਈਆਂ ਲਈ ਆਦਰ ਹੋਣਾ ਸੁਭਾਵਿਕ ਸੀ ਜੋ ਉਨ੍ਹਾਂ ਨਾਲ ਮੇਲ-ਜੋਲ ਮਗਰੋਂ ਵੀ ਬਣਿਆ ਰਿਹਾ ਤੇ ਅੱਜ ਉਨ੍ਹਾਂ ਦੋਵਾਂ ਦੇ ਤੁਰ ਜਾਣ ਪਿਛੋਂ ਵੀ ਕਾਇਮ ਹੈ।

ਇਤਫ਼ਾਕ ਦੇਖੋ, ਵੱਖ ਵੱਖ ਸਮਿਆਂ ਉਤੇ ਪਹੁੰਚ ਕੇ ਅਸੀਂ ਤਿੰਨੇ ਦਿੱਲੀ ਆ ਇਕੱਠੇ ਹੋਏ। ਮੇਰੇ ਪਹੁੰਚਣ ਸਮੇਂ ਉਹ ਦੋਵੇਂ ਚਿਰਾਂ ਤੋਂ ਇਥੇ ਟਿਕੇ ਹੋਏ ਸਨ ਅਤੇ ਪੰਜਾਬੀ ਲੇਖਕਾਂ ਦੀ ਪਹਿਲੀ ਪੰਗਤ ਵਿਚ ਆਉਂਦੇ ਸਨ। ਗਾਰਗੀ 1944 ਵਿਚ, ਜਦੋਂ ਮੈਂ ਅਜੇ ਕੁੱਲ ਸੱਤ ਸਾਲ ਦਾ ਸੀ, 'ਲੋਹਾ ਕੁੱਟ' ਲਿਖ ਕੇ ਹੀ ਪ੍ਰਸਿੱਧੀ ਪਾ ਗਿਆ ਸੀ ਜੋ 1949 ਵਿਚ 'ਸੈਲ-ਪੱਥਰ' ਅਤੇ ਅਗਲੇ ਸਾਲ 'ਨਵਾਂ ਮੁੱਢ' ਤੇ 'ਘੁੱਗੀ' ਦੀ ਰਚਨਾ ਤੇ ਹਰਮਨਪਿਆਰਤਾ ਨਾਲ ਹੋਰ ਪੱਕੀ ਹੋ ਗਈ। ਸਤਿਆਰਥੀ ਨੇ 1936 ਵਿਚ, ਮੇਰੇ ਜਨਮ ਤੋਂ ਵੀ ਇਕ ਸਾਲ ਪਹਿਲਾਂ, ਟਕਸਾਲੀ ਰਚਨਾ 'ਗਿੱਧਾ' ਨਾਲ ਸਾਹਿਤਕ-ਸਭਿਆਚਾਰਕ ਖੇਤਰ ਵਿਚ ਆਪਣੀਆਂ ਬੋਹੜ-ਜੜਾਂ ਡੂੰਘੀਆਂ ਗੱਡ ਲਈਆਂ ਸਨ ਜੋ 1941 ਵਿਚ ਉਨ੍ਹਾਂ ਦੀ ਲੋਕਗੀਤਾਂ ਦੀ ਦੂਜੀ ਪੁਸਤਕ 'ਦੀਵਾ ਬਲੇ ਸਾਰੀ ਰਾਤ' ਤੇ ਲੋਕਗੀਤਾਂ ਦੇ ਰੰਗ ਵਿਚ ਰੰਗੀ ਹੋਈ ਪਹਿਲੀ ਕਾਵਿ-ਪੁਸਤਕ 'ਧਰਤੀ ਦੀਆਂ ਵਾਜਾਂ' ਨਾਲ ਹੋਰ ਡੂੰਘੀਆਂ ਹੋ ਗਈਆਂ।

ਮੇਰੀਆਂ ਕਹਾਣੀਆਂ 'ਪ੍ਰੀਤਲੜੀ', 'ਪੰਜ ਦਰਿਆ', 'ਆਰਸੀ', ਆਦਿ ਰਸਾਲਿਆਂ ਵਿਚ ਤਾਂ ਛਪ ਚੁੱਕੀਆਂ ਸਨ ਤੇ ਵਾਹਵਾ ਚਰਚਿਤ ਵੀ ਹੋ ਗਈਆਂ ਸਨ, ਪਰ ਮੇਰਾ ਪਹਿਲਾ ਕਹਾਣੀ-ਸੰਗ੍ਰਿਹ ਵੀ ਅਜੇ ਛਪਿਆ ਨਹੀਂ ਸੀ। ਇਉਂ ਮੈਂ ਇਨ੍ਹਾਂ ਮਹਾਂਰਥੀਆਂ ਸਾਹਮਣੇ ਅਜੇ ਕੁਛ ਵੀ ਨਹੀਂ ਸੀ, ਵੱਧ ਤੋਂ ਵੱਧ ਇਕ 'ਉਭਰਦਾ ਲੇਖਕ' ਹੀ ਸੀ। ਪਰ ਮੇਰੇ ਪਹੁੰਚਣ ਦੇ ਸਾਲ, ਭਾਵ 1967 ਵਿਚ ਹੀ ਮੇਰਾ ਪਹਿਲਾ ਕਹਾਣੀ-ਸੰਗ੍ਰਿਹ 'ਓਪਰਾ ਮਰਦ' ਨਵਯੁਗ ਤੋਂ ਛਪ ਗਿਆ ਅਤੇ ਉਹਦੀ ਏਨੀ ਚਰਚਾ ਹੋਈ ਕਿ ਮੈਂ ਸਹਿਜੇ ਹੀ 'ਉਭਰਦਾ ਲੇਖਕ' ਤੋਂ 'ਲੇਖਕ' ਬਣ ਗਿਆ। ਹੁਣ ਇਨ੍ਹਾਂ ਵਰਗੇ ਵੱਡੇ ਲੇਖਕਾਂ ਨੂੰ ਆਪਣੀ ਪਛਾਣ ਕਰਵਾਉਣੀ ਮੇਰੇ ਵਾਸਤੇ ਸੌਖੀ ਹੋ ਗਈ, ਕਿਉਂਕਿ ਰਸਾਲਿਆਂ ਵਿਚ ਛਪੀਆਂ ਕਹਾਣੀਆਂ ਦੇ ਨਾਂਵਾਂ ਨਾਲੋਂ ਪੁਸਤਕ ਦਾ ਨਾਂ ਯਕੀਨਨ ਵੱਧ ਪ੍ਰਭਾਵ ਪਾਉਂਦਾ ਹੈ। ਪਰ ਤਜਰਬੇ ਨੇ ਦੱਸਿਆ, ਇਕ ਦਿਲਚਸਪ ਘੁੰਡੀ ਅਜੇ ਵੀ ਬਾਕੀ ਸੀ।

ਸਤਿਆਰਥੀ ਨਾਲ ਸਾਂਝ ਪਾਉਣ ਲਈ ਲੇਖਕ ਹੋਣਾ ਜ਼ਰੂਰੀ ਨਹੀਂ ਸੀ। ਉਨ੍ਹਾਂ ਕੋਲ ਕੱਛੇ ਮਾਰੀ ਹੋਈ ਫਾਈਲ ਵਿਚ ਸੁਣਾਏ ਜਾਣ ਲਈ ਉਤਾਵਲੀ ਕੋਈ ਸਾਹਿਤਕ ਰਚਨਾ ਹਰ ਵੇਲੇ ਉਸਲਵੱਟੇ ਲੈ ਰਹੀ ਹੁੰਦੀ ਸੀ। ਇਸ ਕਰਕੇ ਉਨ੍ਹਾਂ ਨੂੰ ਲੇਖਕ ਦੀ ਨਹੀਂ, ਸਰੋਤੇ ਦੀ ਤਲਬ ਰਹਿੰਦੀ ਸੀ। ਕਈ ਅਣ-ਲੇਖਕ ਸਰੋਤੇ ਵੀ ਲੰਮੇ ਸਮੇਂ ਤੋਂ ਉਨ੍ਹਾਂ ਦੇ ਨਿਕਟ ਘੇਰੇ ਵਿਚ ਸ਼ਾਮਲ ਸਨ। ਲੇਖਕ ਤੋਂ ਕਿਹੜਾ ਉਨ੍ਹਾਂ ਨੇ ਕੁਛ ਸੁਣਨਾ ਹੁੰਦਾ ਸੀ! ਲੇਖਕ ਨੂੰ ਵੀ ਉਹ ਸਰੋਤਾ ਮੰਨ ਕੇ ਹੀ ਚਲਦੇ



*ਬਹੁਤਾ ਚਾਨਣ, ਥੋੜ੍ਹਾ ਹਨੇਰਾ!*

ਸਨ। ਮੈਨੂੰ ਨਹੀਂ ਚੇਤੇ ਕਿ ਉਨ੍ਹਾਂ ਦੇ ਸਰੋਤਿਆਂ ਦੀ ਸਾਡੇ ਵਾਲੀ ਟੋਲੀ, ਜਿਸ ਵਿਚ ਗੁਰਦੇਵ ਸਿੰਘ ਰੁਪਾਣਾ, ਨਵਤੇਜ ਪੁਆਧੀ ਤੇ ਮੈਂ ਸ਼ਾਮਲ ਸੀ, ਵਿਚੋਂ ਕਦੇ ਕੋਈ ਆਪਣੀ ਰਚਨਾ ਉਨ੍ਹਾਂ ਨੂੰ ਸੁਣਾਉਣ ਵਿਚ ਸਫਲ ਹੋਇਆ ਹੋਵੇ! ਗਾਰਗੀ ਦਾ ਹਿਸਾਬ ਉਲਟਾ ਸੀ। ਉਹ ਵੱਡੇ ਲੇਖਕਾਂ ਤੋਂ ਬਿਨਾਂ, ਜਿਨ੍ਹਾਂ ਦੀ ਹੋਂਦ ਤੋਂ ਤੇ ਜਿਨ੍ਹਾਂ ਨਾਲ ਜਾਣ-ਪਛਾਣ ਤੋਂ ਮੁਕਰਨਾ ਉਹਦੇ ਲਈ ਮੁਸ਼ਕਿਲ ਜਾਂ ਘਾਟੇਵੰਦਾ ਹੁੰਦਾ, ਬਾਕੀ ਮ੍ਰਾਤੜਾਂ ਨੂੰ ਜਾਣਦਾ ਹੋਣ ਦੇ ਬਾਵਜੂਦ ਇਕ-ਦੋ ਵਾਰ ਨਹੀਂ, ਵਾਰ ਵਾਰ ਅਣਜਾਣਤਾ ਦਿਖਾਉਂਦਾ ਰਹਿੰਦਾ। ਡਾਕਟਰ ਪਲਟਾ ਦੇ ਉਲਟ ਉਹਦੀ ਸਾਹਿਤ ਦੀ ਦੁਕਾਨ ਖ਼ੂਬ ਚਲਦੀ ਹੋਣ ਦੇ ਬਾਵਜੂਦ ਉਹਨੂੰ ਇਉਂ ਡਾਕਟਰ ਪਲਟਾ ਬਣਨ ਦੀ ਲੋੜ ਪਤਾ ਨਹੀਂ ਕਿਉਂ ਪੈਂਦੀ ਸੀ! ਇਸੇ ਕਰਕੇ ਨੇੜਤਾ ਦਾ ਉਹ ਅਨੁਪਾਤ, ਜੋ ਪਾਠ-ਪੁਸਤਕਾਂ ਪੜ੍ਹਦਿਆਂ 'ਇਲਾਕੇ ਦੇ ਵੱਡੇ ਸ਼ਹਿਰ' ਦੇ ਗਾਰਗੀ ਤੇ 'ਸਾਡੇ ਪਿੰਡਾਂ' ਦੇ ਸਤਿਆਰਥੀ ਨਾਲ ਬਣਿਆ ਸੀ, ਦਿੱਲੀ ਪਹੁੰਚ ਕੇ ਵੀ ਉਨ੍ਹਾਂ ਦੋਵਾਂ ਨਾਲ ਬਣੇ ਰਿਸ਼ਤਿਆਂ ਵਿਚ ਕਾਇਮ ਰਿਹਾ।

ਦੋਵੇਂ ਮੈਨੂੰ ਪਹਿਲੀ ਵਾਰ ਭਾਪਾ ਪ੍ਰੀਤਮ ਸਿੰਘ ਦੇ ਦਫਤਰ ਵਿਚ ਵੱਖਰੇ ਵੱਖਰੇ ਮਿਲੇ ਅਤੇ ਉਨ੍ਹਾਂ ਨਾਲ ਕਰਵਾਈ ਗਈ ਨਿੱਘੀ ਜਾਣ-ਪਛਾਣ ਤੋਂ ਮਗਰੋਂ ਘੁੱਟਵੀਂ ਹੱਥ-ਮਿਲਾਈ ਵੀ ਹੋ ਗਈ। ਸਤਿਆਰਥੀ ਨੂੰ ਤਾਂ ਪਹਿਲੀ ਮੁਲਾਕਾਤ ਵਿਚ ਸਰੋਤਾ ਘੇਰਨ ਤੋਂ ਆਪ ਹੀ ਕੋਈ ਸੰਕੋਚ ਨਹੀਂ ਸੀ, ਉਤੋਂ ਭਾਪਾ ਜੀ ਨੇ ਮੁਸਕਰਾ ਕੇ "ਆਪਣੇ ਪਿੰਡਾਂ ਦੇ ਮੁੰਡੇ ਨਾਲ ਕੁਛ ਸਮਾਂ ਕਿਤੇ ਇਕਾਂਤ ਵਿਚ ਬੈਠਣ ਤੇ ਗੱਲਬਾਤ ਕਰਨ" ਦਾ 'ਸ਼ਬਦ ਹੋਰ, ਅਰਥ ਹੋਰ' ਵਾਲਾ ਇਸ਼ਾਰਾ ਕਰ ਦਿੱਤਾ। ਉਹ ਪਹਿਲੇ ਦਿਨ ਹੀ ਮੈਨੂੰ ਚਾਂਦਨੀ ਚੌਕ ਦੀ ਇਕ ਭੀੜੀ ਜਿਹੀ ਗਲੀ ਦੇ ਇਕ ਅਧ-ਹਨੇਰੇ ਜਿਹੇ ਚਾਹ-ਖਾਨੇ ਵਿਚ ਲੈ ਗਏ ਅਤੇ 'ਛੋਟਾ ਜਿਹਾ ਪੀਸ' ਆਖ ਕੇ ਪੂਰਾ ਨਾਵਲਿਟ ਸੁਣਾ ਮਾਰਿਆ। ਉਸ ਪਿਛੋਂ ਸਾਡੀ ਬਹੁਤ ਨੇੜਲੀ ਸਾਂਝ ਉਨ੍ਹਾਂ ਦੇ ਅੰਤਿਮ ਸੁਆਸ ਤੱਕ ਬਣੀ ਰਹੀ। ਗਾਰਗੀ ਉਸ ਪਹਿਲੀ ਜਾਣ-ਪਛਾਣ ਪਿਛੋਂ ਕਿੰਨਾ ਹੀ ਚਿਰ ਜਦੋਂ ਵੀ ਕਿਸੇ ਸਾਹਿਤਕ-ਸਭਿਆਚਾਰਕ ਇਕੱਠ ਵਿਚ ਮਿਲਦਾ, ਉਹਨੂੰ ਹਰ ਵਾਰ ਆਪਣੀ ਪਛਾਣ ਦੱਸਣੀ ਪੈਂਦੀ। ਇਥੋਂ ਤੱਕ ਕਿ ਉਹ ਭਾਪਾ ਜੀ ਦੇ ਸਾਹਮਣੇ ਵੀ ਨਾ ਜਾਣਦਾ ਹੋਣ ਦਾ ਨਾਟਕ ਬਿਨਾਂ ਕਿਸੇ ਝਿਜਕ ਤੋਂ ਕਰਦਾ ਰਹਿੰਦਾ ਤੇ ਉਹ ਇਹਦੇ ਸੁਭਾਅ ਨੂੰ ਜਾਣਦੇ ਹੋਣ ਕਰਕੇ, ਕਦੀ ਕਦੀ ਤਾਂ ਸਗੋਂ ਆਪ ਹੀ, ਫੇਰ ਸਾਡੀ ਜਾਣ-ਪਛਾਣ ਕਰਵਾ ਦਿੰਦੇ! ਮੈਂ ਵੀ ਕਦੇ ਇਹ ਗੱਲ ਉਧੇੜੀ ਨਹੀਂ ਸੀ। ਆਖਰ ਉਹ ਲੇਖਕ ਵੀ ਵੱਡਾ ਸੀ ਤੇ ਉਮਰ ਵਿਚ ਵੀ ਮੈਥੋਂ ਸਵਾ ਵੀਹ ਸਾਲ ਵੱਡਾ ਸੀ। ਫੇਰ ਇਕ ਅਜਿਹੀ ਦਿਲਚਸਪ ਘਟਨਾ ਵਾਪਰੀ ਕਿ ਉਸ ਪਿਛੋਂ ਗਾਰਗੀ ਨੇ ਮੇਰੀ ਪਛਾਣ ਦਾ ਭੁਲੇਖਾ ਕਦੇ ਨਾ ਖਾਧਾ, ਭਾਵੇਂ ਕਿ ਉਹ ਘਟਨਾ ਵਾਪਰਨ ਵੇਲੇ ਮੈਂ ਉਥੇ ਹਾਜ਼ਰ ਨਹੀਂ ਸੀ।

ਸੰਤੋਖ ਸਿੰਘ ਧੀਰ ਨਾਲ ਗਾਰਗੀ ਦੀ ਦੋਸਤੀ ਬਹੁਤ ਪੁਰਾਣੀ, ਪੱਕੀ ਤੇ ਖੁੱਲ੍ਹ-ਖੁਲਾਸੀ ਸੀ। ਇਥੋਂ ਤੱਕ ਕਿ ਅਕਸਰ ਹੀ ਟਿੱਚਰਬਾਜ਼ੀ ਵਿਚ ਉਹ ਇਕ ਦੂਜੇ ਨੂੰ ਪੁੱਠਾ-ਸਿੱਧਾ ਵੀ ਬੋਲ ਲੈਂਦੇ ਤੇ ਅਧ-ਗਾਲ੍ਹਾਂ ਵੀ ਦੇ ਲੈਂਦੇ। ਗਾਰਗੀ ਨੇ ਜਦੋਂ ਕਦੇ ਲੁਧਿਆਣੇ, ਜਲੰਧਰ ਜਾਂ ਅੰਮ੍ਰਿਤਸਰ ਜਾਣਾ ਹੁੰਦਾ, ਹਰ ਵਾਰ ਰਾਹ ਵਿਚ ਗੋਬਿੰਦਗੜ੍ਹ ਮੰਡੀ ਉਤਰ ਕੇ, ਪੈਦਲ ਡਡਹੇੜੀ ਜਾ ਕੇ ਤੇ ਧੀਰ ਕੋਲ ਰਾਤ ਬਿਤਾ ਕੇ ਹੀ ਅੱਗੇ ਜਾਂਦਾ। ਧੀਰ ਦਿੱਲੀ ਆਏ ਉਹਦੇ ਕੋਲ ਠਹਿਰਦੇ। ਧੀਰ ਨਾਲ ਮੇਰੀ ਦੋਸਤੀ ਅਜੇ ਨਵੀਂ ਨਵੀਂ ਬਣੀ ਸੀ। ਤਾਂ ਵੀ ਹੁਣ ਦਿੱਲੀ ਆਏ ਉਹ ਗਾਰਗੀ ਕੋਲ ਠਹਿਰਨ ਦੀ ਥਾਂ ਮੇਰੇ ਕੋਲ ਠਹਿਰਨ ਲੱਗੇ। ਪਰ ਉਹ ਹਰ ਵਾਰ ਗਾਰਗੀ ਨੂੰ ਮਿਲਣ ਜ਼ਰੂਰ ਜਾਂਦੇ। ਉਹ ਤੁਰਨ ਲਗਦੇ ਤਾਂ ਹਰ ਵਾਰ ਗਾਰਗੀ ਆਖਦਾ, "ਮੇਰੇ ਕੋਲ ਰਹਿ, ਧੀਰ, ਕੀਹਦੇ ਕੋਲ ਜਾਣਾ ਹੈ ਤੂੰ ਹੁਣ?" ਧੀਰ ਆਖਦੇ, "ਕੁਛ ਕੰਮ ਵੀ ਹੈ, ਮੈਂ ਭੁੱਲਰ ਕੋਲ ਰਹੂੰ।"

ਗਾਰਗੀ ਪੁਛਦਾ, "ਕੌਣ ਭੁੱਲਰ?" ਧੀਰ ਨੇ ਦੋ ਵਾਰ ਸੁਣਿਆ, ਚਾਰ ਵਾਰ ਸੁਣਿਆ, ਆਖ਼ਰ ਪੁਰਾਣੇ ਜਾਣੂ ਸਨ, ਅੰਦਰਲੀ ਗੱਲ ਸਮਝ ਕੇ ਬੋਲੇ, "ਲਾਲਾ, ਲਾਲਾ, ਹਟ ਜਾ ਤੂੰ ਯਧਖਤੀਆਂ ਕਰਨੋਂ! ਜਾਣਦਾ ਨੀਂ ਤੂੰ ਭੁੱਲਰ ਨੂੰ? ਭੁੱਲਰ ਜਿਹੜਾ ਤੇਰੇ ਇਲਾਕੇ ਦਾ ਐ, ਕਹਾਣੀਆਂ ਲਿਖਦੈ, ਰੂਸੀ ਅੰਬੈਸੀ ਵਿਚ ਕੰਮ ਕਰਦੈ। ਜੀਹਨੂੰ ਤੂੰ ਪੰਜਾਹ ਵਾਰੀਂ ਮਿਲਿਐਂ। ਹੁਣ ਸਮਝ ਗਿਆ? ਯਾਦ ਰੱਖੀਂ ਹੁਣ, ਭੁੱਲਰ ਕੌਣ ਐ। ਜੇ ਫੇਰ ਇਹ ਚਬਰੀਕੀ ਕੀਤੀ, ਲਾਲਾ, ਮੈਂ ਤੈਨੂੰ ਹੇਠਾਂ ਸਿੱਟ ਕੇ ਕੰਨ ਉਤੇ ਗੋਡਾ ਫੇਰੂੰ!"

ਉਹ ਦਿਨ ਸੋ ਉਹ ਦਿਨ, ਮੁੜ ਕੇ ਕਦੇ ਉਹ ਮੈਨੂੰ ਧੀਰ ਦੀ ਗੈਰਹਾਜ਼ਰੀ ਵਿਚ ਵੀ ਨਹੀਂ ਸੀ ਭੁੱਲਿਆ।

ਲਉ, ਇਹੋ ਜਿਹਾ ਇਕ ਹੋਰ ਕਿੱਸਾ ਯਾਦ ਆ ਗਿਆ। ਉਹਦਾ ਕੋਈ ਸਨਮਾਨ ਹੋਣਾ ਸੀ। ਭਾਪਾ ਪ੍ਰੀਤਮ ਸਿੰਘ ਮੈਨੂੰ ਤੇ ਰੁਪਾਣੇ ਨੂੰ ਕਹਿੰਦੇ, "ਬਲਵੰਤ ਦਾ ਸਨਮਾਨ ਐ। ਪੰਜਾਬੀ ਵਾਲੇ ਤਾਂ ਹੋਣੇ ਹੀ ਚਾਹੀਦੇ ਨੇ। ਤੁਸੀਂ ਜ਼ਰੂਰ ਪਹੁੰਚਿਉ।" ਹਾਲ ਵਿਚ ਗਾਰਗੀ ਨੇ ਸਾਡੇ ਨਾਂ ਲੈ ਕੇ ਖ਼ੁਸ਼ੀ ਨਾਲ ਹੱਥ ਘੁੱਟੇ। 'ਆਰਸੀ' ਦੇ ਅਗਲੇ ਅੰਕ ਵਿਚ ਰੁਪਾਣੇ ਦੀ ਪ੍ਰਸਿੱਧ ਕਹਾਣੀ 'ਰੋਟੀ' ਛਪੀ। ਗਾਰਗੀ ਨੇ ਪੜ੍ਹ ਕੇ ਪਸੰਦ ਹੀ ਨਾ ਕੀਤੀ ਸਗੋਂ 'ਆਰਸੀ' ਨੂੰ ਪ੍ਰਸ਼ੰਸਾ-ਪੱਤਰ ਵੀ ਲਿਖਿਆ। ਭਾਪਾ ਪ੍ਰੀਤਮ ਸਿੰਘ ਨੇ ਪੱਤਰ ਛਾਪ ਦਿੱਤਾ। ਕੁਛ ਦਿਨਾਂ ਮਗਰੋਂ ਰੁਪਾਣਾ ਨਵਯੁਗ ਗਿਆ, ਜਿਥੇ ਗਾਰਗੀ ਪਹਿਲਾਂ ਹੀ ਬੈਠਾ ਸੀ। ਉਹਨੇ ਫੇਰ ਇਉਂ ਦਿਖਾਵਾ ਕੀਤਾ, ਜਿਵੇਂ ਰੁਪਾਣੇ ਨੂੰ ਚੇਤੇ ਕਰਨ ਦੀ ਕੋਸ਼ਿਸ਼ ਕਰ ਰਿਹਾ ਹੋਵੇ। ਭਾਪਾ ਪ੍ਰੀਤਮ ਸਿੰਘ ਬੋਲੇ, "ਆਉ ਰੁਪਾਣਾ ਜੀ, ਆਪਣੀ ਕਹਾਣੀ ਦੇ ਪ੍ਰਸ਼ੰਸਕ ਨੂੰ ਮਿਲੋ।" ਸਬੱਬ ਨਾਲ ਉਸੇ ਅੰਕ ਵਿਚ 'ਰੋਟੀ' ਬਾਰੇ ਗੁਰਚਰਨ ਰਾਮਪੁਰੀ ਦਾ ਪ੍ਰਸ਼ੰਸਾ-ਪੱਤਰ ਵੀ ਛਪਿਆ ਸੀ। ਰੁਪਾਣਾ ਹੱਥ ਵਧਾ ਕੇ ਬੜੇ ਉਤਸਾਹ ਨਾਲ ਬੋਲਿਆ, "ਓ ਬੱਲੇ ਬੱਲੇ, ਗੁਰਚਰਨ ਰਾਮਪੁਰੀ ਜੀ! ਧੰਨਭਾਗ, ਦਰਸ਼ਨ ਹੋਏ। ਕੈਨੇਡਾ ਤੋਂ ਕਦੋਂ ਆਏ?" ਗਾਰਗੀ ਦੇ ਸਿਰ ਵਿਚ ਸੌ ਘੜਾ ਪਾਣੀ ਪੈ ਗਿਆ। ਉਹ ਦਿਨ ਸੋ ਉਹ ਦਿਨ, ਮੁੜ ਕੇ ਕਦੇ ਉਹ ਰੁਪਾਣੇ ਨੂੰ ਵੀ ਨਹੀਂ ਸੀ ਭੁੱਲਿਆ!

ਉਹ ਬਿਨਾਂ-ਸ਼ੱਕ ਪੰਜਾਬੀ ਨਾਟ-ਸੰਸਾਰ ਦਾ ਇਕ ਵੱਡਾ, ਬਹੁਤ ਵੱਡਾ ਨਾਂ ਸੀ, ਪਰ ਉਹਨੂੰ ਏਨੀਂ ਵਡੱਤਣ ਨਾਲ ਵੀ ਸਬਰ ਨਹੀਂ ਸੀ ਆਉਂਦਾ। ਉਹ ਆਪਣੇ ਹੀ ਸਿਰਜੇ ਹੋਏ ਪਾਤਰ ਤੋਂ ਏਨਾ ਪ੍ਰਭਾਵਿਤ ਸੀ ਕਿ ਜਿੰਨਾ ਵੱਡਾ ਉਹ ਬਣ ਚੁੱਕਿਆ ਸੀ, ਉਸ ਨਾਲੋਂ ਹੋਰ ਵੱਡਾ ਦਿੱਸਣ ਦੇ ਜਤਨ ਵਿਚ ਅਕਸਰ ਹੀ ਡਾਕਟਰ ਪਲਟਾ ਬਣਦਾ ਰਹਿੰਦਾ! ਜਿਵੇਂ ਨਾਟਕ ਦੇ ਖੇਤਰ ਵਿਚ ਉਹਦੀ ਗੁਰੂ ਨੋਰਾ ਰਿਚਰਡਜ਼ ਸੀ, ਓਵੇਂ ਆਮ ਵਰਤ-ਵਰਤਾਵੇ ਵਿਚ ਉਹਦਾ ਗੁਰੂ ਡਾਕਟਰ ਪਲਟਾ ਸੀ!

ਹੁਣ ਪਰ ਉਹ ਜਿਥੇ ਮਿਲਦਾ, ਉਡ ਕੇ ਮਿਲਦਾ। ਕਿਸੇ ਨਾਲ ਵੀ ਹੱਥ ਮਿਲਾਉਣ ਵੇਲੇ ਉਹ ਐਵੇਂ ਰਸਮ ਪੂਰੀ ਨਹੀਂ ਸੀ ਕਰਦਾ, ਸਗੋਂ ਹੱਥ ਨੂੰ ਪੂਰੇ ਜੋਸ਼ ਨਾਲ ਘੁਟਦਾ। ਹੱਥ ਘੁੱਟਣ ਦੇ ਨਾਲ ਹੀ ਉਹ ਆਮ ਕਰ ਕੇ ਬਿਨਾਂ ਬੋਲਿਆਂ, ਭਰਪੂਰ ਮੁਸਕਰਾਉਂਦਾ। ਉਹਦੀ ਇਹ ਅਬੋਲ ਮੁਸਕਰਾਹਟ ਹੀ ਉਹਦਾ ਹਾਲ ਦਸਦੀ ਤੇ ਤੁਹਾਡਾ ਪੁਛਦੀ ਅਤੇ ਚੜ੍ਹਦੀ ਉਮਰੇ ਆਂਢੀਆਂ-ਗੁਆਂਢੀਆਂ ਵਾਸਤੇ ਮੇਰੀਆਂ ਲਿਖੀਆਂ ਤੇ ਪੜ੍ਹੀਆਂ ਘਰੇਲੂ ਚਿੱਠੀਆਂ ਦਾ ਚੇਤਾ ਕਰਵਾ ਦਿੰਦੀ, ਜਿਨ੍ਹਾਂ ਸਭ ਦੀ ਸ਼ੁਰੂਆਤ ਇਉਂ ਹੁੰਦੀ ਸੀ, "ਇਥੇ ਸਭ ਖੈਰੀਅਤ ਹੈ ਤੇ ਤੁਹਾਡੀ ਖੈਰੀਅਤ ਪਰਮਾਤਮਾ ਜੀ ਪਾਸੋਂ ਚਾਹੁੰਦੇ ਹਾਂ। ਅੱਗੇ ਸੂਰਤ-ਹਵਾਲ ਇਹ ਹੈ ਕਿ...!" ਇਕ ਵਾਰ ਸੀਰੀਅਲ 'ਸਾਂਝਾ ਚੁੱਲ੍ਹਾ' ਦੀ ਕਾਮਯਾਬੀ ਦੇ ਜਸ਼ਨ ਵਜੋਂ ਉਹਨੇ ਆਪਣੇ ਘਰ ਮਿੱਤਰ-ਮੰਡਲੀ ਨੂੰ ਸ਼ਾਮ ਦੇ ਖਾਣੇ ਲਈ ਬੁਲਾਇਆ। ਸਾਡੇ ਵਾਸਤੇ ਅਜੇ ਉਸ ਬੇਫੋਨੇ ਜ਼ਮਾਨੇ ਵਿਚ ਉਹਨੇ ਮੈਨੂੰ ਤੇ ਰੁਪਾਣੇ ਨੂੰ ਉਚੇਚੀਆਂ ਚਿੱਠੀਆਂ ਭੇਜੀਆਂ।

ਉਹ ਵੇਗਵਾਨ ਨਦੀ ਦੇ ਵਹਿਣ ਵਰਗੀ ਜਿੰਨੀ ਖ਼ੂਬਸੂਰਤ ਪੰਜਾਬੀ ਲਿਖਦਾ ਸੀ, ਬੁਲਾਰੇ ਵਜੋਂ ਓਨਾ ਹੀ ਸੰਕੋਚਵਾਂ-ਸੁੰਗੜਵਾਂ ਸੀ। ਉਹ ਕਾਨਫਰੰਸਾਂ ਵਿਚ ਬਹੁਤ ਘੱਟ ਬੋਲਣ ਬਾਰੇ ਤੇ ਭਾਸ਼ਣ ਦੇਣ ਤੋਂ ਝਿਜਕਣ ਬਾਰੇ ਇਕਬਾਲ ਕਰਦਿਆਂ ਦਸਦਾ ਹੈ ਕਿ ਅਜਿਹਾ ਕਿਸੇ ਨਿਮਰਤਾ ਕਾਰਨ ਨਹੀਂ ਸਗੋਂ ਇਸ ਲਈ ਹੈ ਕਿ ਉਹ ਭਾਸ਼ਣ ਦੇ ਹੀ ਨਹੀਂ ਸਕਦਾ। ਇਕ ਵਾਰ ਪ੍ਰਬੰਧਕਾਂ ਨੇ ਉਹਦੇ ਨਾਟਕ ਦੀ ਪੇਸ਼ਕਾਰੀ ਤੋਂ ਪਹਿਲਾਂ ਬੋਲਣ ਤੋਂ ਨਾਂਹ-ਨੁੱਕਰ ਕਰਦੇ ਗਾਰਗੀ ਨੂੰ ਜ਼ਬਰਦਸਤੀ ਧੱਕ ਕੇ ਮੰਚ ਉਤੇ ਖੜ੍ਹਾ ਕਰ ਦਿੱਤਾ। ਉਹਦੇ ਆਪਣੇ ਸ਼ਬਦਾਂ ਵਿਚ ਉਹਦੀਆਂ ਲੱਤਾਂ ਕੰਬਣ ਲੱਗੀਆਂ, ਬੁੱਲ੍ਹ ਫਰਕਣ ਲੱਗੇ, ਰੰਗ ਪੀਲਾ ਜ਼ਰਦ ਹੋ ਗਿਆ ਤੇ ਅੱਖਾਂ ਅੱਗੇ ਭੰਬੂਤਾਰੇ ਨੱਚਣ ਲੱਗੇ!

ਮੇਰੇ ਦੇਖਦਿਆਂ ਇਕ ਵਾਰ ਉਹਨੂੰ ਇਕ ਵੱਡੀ ਪੰਜਾਬੀ ਸਾਹਿਤਕ ਕਾਨਫਰੰਸ ਦੇ ਨਾਟਕ ਸਬੰਧੀ ਸੈਸ਼ਨ ਦਾ ਉਦਘਾਟਨ ਕਰਨ ਦੀ ਬੇਨਤੀ ਕੀਤੀ ਗਈ। ਉਹ ਬਤਖ ਵਾਂਗ ਮਟਕ ਮਟਕ ਤੁਰਦਾ ਮਾਈਕ ਕੋਲ ਗਿਆ ਤੇ "ਮੈਂ ਇਸ ਸੈਸ਼ਨ ਦਾ ਉਦਘਾਟਨ ਕਰਦਾ ਹਾਂ" ਆਖ ਕੇ ਸਹਿਜ ਨਾਲ ਉਸੇ ਚਾਲ ਚਲਦਾ ਕੁਰਸੀ ਉਤੇ ਆ ਬੈਠਾ। ਮੇਰਾ ਲੱਖਣ ਹੈ ਕਿ ਸੰਸਾਰ ਦਾ ਸਭ ਤੋਂ ਛੋਟਾ ਭਾਸ਼ਣ ਦੇਣ ਦਾ ਗਾਰਗੀ ਦਾ ਇਹ ਰਿਕਾਰਡ ਕੋਈ ਵਿਦਵਾਨ, ਕੋਈ ਪ੍ਰੋਫੈਸਰ, ਕੋਈ ਲੇਖਕ ਅਜੇ ਤੱਕ ਤਾਂ ਤੋੜ ਨਹੀਂ ਸਕਿਆ ਹੋਣਾ!



*ਸਾਹਿਤ ਦੇ ਵਿਹੜੇ ਪਹਿਲੇ ਕਦਮਾਂ ਦੀ ਰੁੱਤੇ*

ਅਜਿਹਾ ਹੀ ਕੁਛ ਇਕ ਵਾਰ ਤਾਂ ਬਹੁਤ ਹੀ ਪ੍ਰੇਸ਼ਾਨ ਕਰਨ ਵਾਲੇ ਢੰਗ ਨਾਲ ਵਾਪਰਿਆ। ਦਿੱਲੀ ਦੂਰਦਰਸ਼ਨ ਦੇ ਪ੍ਰੋਗਰਾਮ-ਨਿਰਮਾਤਾ ਰਮੇਸ਼ ਸ਼ਰਮਾ ਨੇ ਪੰਜਾਬੀ ਕਹਾਣੀ ਬਾਰੇ ਚਰਚਾ ਕਰਵਾਉਣ ਲਈ ਰੁਪਾਣਾ ਤੇ ਮੈਨੂੰ ਬੁਲਾਇਆ। ਸਾਨੂੰ ਕੁਰਸੀਆਂ ਉਤੇ ਬਿਠਾ ਕੇ ਤਕਨੀਸ਼ਨ ਮਾਈਕ, ਰੋਸ਼ਨੀਆਂ ਤੇ ਕੈਮਰੇ ਸੂਤ ਕਰਨ ਲੱਗ ਪਏ। ਏਨੇ ਨੂੰ ਗਾਰਗੀ ਸਟੂਡੀਓ ਵਿਚ ਆ ਗਿਆ। ਪਤਾ ਲੱਗਿਆ, ਉਹਦੀ ਵੀ ਰਿਕਾਰਡਿੰਗ ਸੀ। ਉਹਨੇ ਸਾਨੂੰ ਪ੍ਰੋਗਰਾਮ ਲਈ ਤਿਆਰ ਬੈਠੇ ਦੇਖ ਕੇ ਰਮੇਸ਼ ਸ਼ਰਮਾ ਨੂੰ ਪਰ੍ਹੇ ਬੁਲਾਇਆ, ਕੁਛ ਗੱਲਬਾਤ ਕੀਤੀ ਤੇ ਉਥੋਂ ਚਲਿਆ ਗਿਆ। ਰਮੇਸ਼ ਨੇ ਦੱਸਿਆ ਕਿ ਉਹ ਕਿਤੇ ਜਾਣਾ ਹੋਣ ਕਰਕੇ ਪਹਿਲਾਂ ਉਹਦੀ ਇੰਟਰਵਿਊ ਕਰ ਲੈਣ ਲਈ ਕਹਿ ਰਿਹਾ ਸੀ। ਅਸੀਂ ਕੁਰਸੀਆਂ ਉਤੇ ਬੈਠ ਚੁੱਕੇ ਹੋਣ ਦੇ ਜਵਾਬ ਵਿਚ ਉਹਨੇ ਆਪਣੇ ਸੀਨੀਅਰ ਲੇਖਕ ਹੋਣ ਦੀ ਦਲੀਲ ਦਿੱਤੀ। ਰਮੇਸ਼ ਨੇ ਕਿਹਾ, ਮੇਰੇ ਬੁਲਾਏ ਹੋਏ ਸਭ ਲੇਖਕ ਹੀ ਮੇਰੇ ਲਈ ਇਕੋ ਜਿੰਨੇ ਆਦਰਯੋਗ ਤੇ ਸੀਨੀਅਰ ਹੁੰਦੇ ਹਨ। ਫੇਰ ਗਾਰਗੀ ਨੇ ਕਿਹਾ, ਠੀਕ ਹੈ, ਪਰ ਆਪਣਾ ਕੰਮ ਮੁਕਾ ਕੇ ਇਹ ਮੇਰੀ ਰਿਕਾਰਡਿੰਗ ਸਮੇਂ ਸਟੂਡੀਓ

(ਬਾਕੀ ਸਫਾ 29 'ਤੇ)

## ਸਿੱਖੀ, ਬੰਦਾ ਸਿੰਘ ਬਹਾਦਰ ਅਤੇ ਇਤਿਹਾਸ-4

# ਫਾਰਸੀ ਸਰੋਤਾਂ 'ਚ ਬੰਦਾ ਸਿੰਘ ਬਹਾਦਰ ਬਾਰੇ ਦੂਰ-ਪ੍ਰਚਾਰ

ਬੰਦਾ ਸਿੰਘ ਬਹਾਦਰ ਸਮੇਂ ਜਾਂ ਉਸ ਤੋਂ ਬਾਅਦ ਲਿਖੇ ਗਏ ਫਾਰਸੀ ਸਰੋਤ ਸਿੱਖ ਇਤਿਹਾਸ ਦੀ ਜਾਣਕਾਰੀ ਲਈ ਅਹਿਮ ਹਨ। ਚੰਦ ਇਕ ਮੁਸਲਮਾਨ ਇਤਿਹਾਸਕਾਰਾਂ ਨੂੰ ਛੱਡ ਕੇ ਬਹੁਤੇ, ਬੰਦੇ ਦੇ ਸਮਕਾਲੀ ਸਨ। ਇਨ੍ਹਾਂ ਵਿਚੋਂ ਬਹੁਤੇ, ਚਾਹੇ ਉਹ ਸਰਹਿੰਦ ਜਾਂ ਲੋਹਗੜ੍ਹ ਦੀ ਲੜਾਈ ਸੀ, ਜਾਂ ਗੁਰਦਾਸ ਨੰਗਲ ਦਾ ਘੇਰਾ ਜਾਂ ਦਿੱਲੀ ਵਿਚ ਸਿੱਖਾਂ ਦੀ ਸ਼ਹਾਦਤ ਸੀ, ਦੇ ਚਸ਼ਮਦੀਦ ਗਵਾਹ ਸਨ। ਇਨ੍ਹਾਂ ਸਰੋਤਾਂ ਦੇ ਅਧਿਐਨ ਤੋਂ ਬੰਦਾ ਸਿੰਘ ਬਹਾਦਰ ਅਧੀਨ ਲੜੇ ਗਏ ਸਿੱਖ ਸੰਘਰਸ਼ ਦੀ ਭਰਪੂਰ ਜਾਣਕਾਰੀ ਮਿਲਦੀ ਹੈ। ਸੰਨ 1800

**ਹਰਪਾਲ ਸਿੰਘ**
ਫੋਨ: 916-236-8830

ਤੱਕ ਰਚੇ ਗਏ ਇਨ੍ਹਾਂ ਫਾਰਸੀ ਸਰੋਤਾਂ ਦਾ ਖ਼ਜ਼ਾਨਾ ਸਿੱਖ ਇਤਿਹਾਸ ਨੂੰ ਵੱਡਮੁੱਲੀ ਦੇਣ ਹੈ ਜੋ ਵੱਖ ਵੱਖ ਰੰਗਾਂ ਦੀ ਇਤਿਹਾਸਕਾਰੀ ਦਾ ਦੁਰਲੱਭ ਸੋਮਾ ਹੈ।

ਬੰਦਾ ਸਿੰਘ ਬਹਾਦਰ ਦੇ ਸਮੇਂ ਬਹੁਤੇ ਇਤਿਹਾਸਕਾਰ ਧਾਰਮਿਕ ਦ੍ਰਿਸ਼ਟੀ ਤੋਂ ਮੁਸਲਮਾਨ ਸਨ ਅਤੇ ਪੇਸ਼ੇ ਪੱਖੋਂ ਮੁਗਲ ਦਰਬਾਰ ਦੇ ਸਰਕਾਰੀ ਕਰਮਚਾਰੀ। ਇਨ੍ਹਾਂ ਦੇ ਦਿਲਾਂ ਵਿਚ ਬਾਦਸ਼ਾਹ ਅਤੇ ਮੁਗਲ ਸੈਨਾਪਤੀਆਂ ਲਈ ਬੜੀ ਹਮਦਰਦੀ ਅਤੇ ਵਫਾਦਾਰੀ ਸੀ, ਜਦੋਂ ਕਿ ਬੰਦਾ ਸਿੰਘ ਬਹਾਦਰ ਅਤੇ ਸਿੱਖਾਂ ਪ੍ਰਤੀ ਦੁਸ਼ਮਣੀ, ਨਫ਼ਰਤ ਤੇ ਈਰਖਾ ਕੁੱਟ ਕੁੱਟ ਕੇ ਭਰੀ ਪਈ ਸੀ। ਆਪਣੀ ਸੌੜੀ ਸੋਚ ਕਾਰਨ ਇਨ੍ਹਾਂ ਨੇ ਬੰਦਾ ਸਿੰਘ ਬਹਾਦਰ ਤੇ ਉਸ ਦੇ ਸਾਥੀ ਸਿੰਘਾਂ ਦੇ ਨੇਕ, ਸੱਚੇ ਸੁੱਚੇ, ਜੁਝਾਰੂ ਤੇ ਲੋਕਪੱਖੀ ਕਿਰਦਾਰ ਨੂੰ ਲਹੂ ਲੁਹਾਣ ਤੇ ਕਤਲ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ।

ਇਨ੍ਹਾਂ ਦੀਆਂ ਲਿਖਤਾਂ ਵਿਚ ਬੰਦਾ ਸਿੰਘ ਬਹਾਦਰ ਨੂੰ ਕੁੱਤਾ, ਜ਼ਲੀਲ, ਕਾਫਿਰ, ਬਦ-ਨਸਲ, ਬਦਜਾਤ, ਕਮੀਨਾ, ਬਹਿਰੂਪੀਆ, ਜ਼ਾਲਿਮ, ਨਾਪਾਕ, ਉੱਲੂ, ਬੇਰਹਿਮ ਫਸਾਦੀ ਅਤੇ ਰੱਬੀ ਕਹਿਰ ਦਾ ਮਾਰਿਆ ਦੱਸਿਆ ਗਿਆ ਹੈ, ਜਦੋਂ ਕਿ ਵਜ਼ੀਰ ਖਾਨ ਵਰਗੇ ਕਾਤਲ ਅਤੇ ਉਸ ਦੇ ਜ਼ਾਲਿਮ ਫੌਜਦਾਰਾਂ ਨੂੰ ਸ਼ਹੀਦ ਦਾ ਦਰਜਾ ਦਿੱਤਾ ਗਿਆ ਹੈ। ਦਰਬਾਰੀਆਂ ਨੇ ਸਰਕਾਰੀ ਕਰਮਚਾਰੀ ਹੋਣ ਕਰ ਕੇ ਬੰਦਾ ਸਿੰਘ ਬਹਾਦਰ ਤੇ ਉਸ ਦੇ ਸਾਥੀ ਸਿੰਘਾਂ ਦੀ ਜੁਰਅਤ ਅਤੇ ਦਲੇਰੀ ਨੂੰ ਮੁਸਲਮਾਨਾਂ ਉਪਰ ਅੱਤਿਆਚਾਰ ਤੇ ਵਹਿਸ਼ੀ ਰੰਗਤ ਵਿਚ ਪੇਸ਼ ਕੀਤਾ ਹੈ ਕਿ ਉਸ ਦਾ ਉਦੇਸ਼ ਇਸਲਾਮ ਤੇ ਮੁਸਲਮਾਨਾਂ ਦਾ ਤੁਖਮ ਨਾਸ ਕਰਨਾ ਸੀ। ਮੁਸਲਮਾਨਾਂ ਉਪਰ ਜ਼ੁਲਮੋ ਸਿਤਮ, ਕਤਲੋ ਗਾਰਤ ਤੇ ਕੁੱਟਮਾਰ ਤੋਂ ਇਲਾਵਾ ਉਨ੍ਹਾਂ ਦੇ ਧਾਰਮਿਕ ਸਥਾਨਾਂ ਭਾਵ ਮਸਜਿਦਾਂ, ਮਕਬਰਿਆਂ, ਮਜ਼ਾਰਾਂ, ਕਬਰਾਂ ਆਦਿ ਦੀ ਵਿਆਪਕ ਪੱਧਰ 'ਤੇ ਬਰਬਾਦੀ ਅਤੇ ਤਬਾਹੀ ਕਰਨਾ ਸੀ। ਪੱਖਪਾਤੀ ਰੁਝਾਨ ਇਨ੍ਹਾਂ ਇਤਿਹਾਸਕਾਰਾਂ ਦੀਆਂ ਲਿਖਤਾਂ ਵਿਚ ਆਮ ਦੇਖਣ ਨੂੰ ਮਿਲਦਾ ਹੈ।

ਫਾਰਸੀ ਦੇ ਇਨ੍ਹਾਂ ਲਿਖਾਰੀਆਂ ਵਿਚ ਕੁਝ ਇਕ ਹਿੰਦੂ ਇਤਿਹਾਸਕਾਰ ਵੀ ਸਨ, ਜਿਵੇਂ ਸ਼ਿਵਦਾਸ ਲਖਨਵੀ, ਬੁੱਧ ਸਿੰਘ ਅਰੋੜਾ, ਖੁਸ਼ਹਾਲ ਚੰਦ ਤੇ ਕਾਮਰਾਜ ਬਿਨ ਨੈਣ ਸਿੰਘ। ਇਨ੍ਹਾਂ ਨੇ ਤਾਂ ਬੰਦਾ ਸਿੰਘ ਬਹਾਦਰ ਤੇ ਸਿੱਖਾਂ ਲਈ ਅਪਮਾਨਜਨਕ ਸ਼ਬਦਾਵਲੀ ਦਾ ਪ੍ਰਯੋਗ ਕਰਨ ਵਿਚ ਮੁਸਲਮਾਨ ਇਤਿਹਾਸਕਾਰਾਂ ਨੂੰ ਵੀ ਪਛਾੜ ਦਿੱਤਾ ਹੈ। ਬੰਦਾ ਸਿੰਘ ਬਹਾਦਰ ਨੂੰ ਕਾਫਿਰ, ਕੁੱਤਾ, ਜ਼ਲੀਲ, ਲਾਅਣਤੀ, ਨਾਪਾਕ, ਉੱਲੂ, ਧੋਖੇਬਾਜ਼, ਮਰਦੂਦ, ਜ਼ਾਲਿਮ, ਬਾਗੀ, ਫਸਾਦੀ, ਬੇਰਹਿਮ ਅਤੇ ਹੋਰ ਪਤਾ ਨਹੀਂ ਕਿਹੜੇ ਕਿਹੜੇ ਵਿਸ਼ੇਸ਼ਣ ਦਿੱਤੇ ਹਨ।

ਫਾਰਸੀ ਦੇ ਸਰੋਤਾਂ ਵਿਚੋਂ ਸਿੱਖਾਂ ਪ੍ਰਤੀ ਪ੍ਰਾਪਤ ਗਵਾਹੀ ਨੂੰ ਸਹੀ ਇਤਿਹਾਸਕ ਸੱਚ ਅਤੇ ਤੱਥ ਲੱਭਣ ਲਈ ਬੜੀ ਸਾਵਧਾਨੀ ਦੀ ਲੋੜ ਹੈ। ਸਿੱਖ ਧਰਮ ਅਤੇ ਇਤਿਹਾਸ ਸਬੰਧੀ ਇਨ੍ਹਾਂ ਸਰੋਤਾਂ ਵਿਚ ਕਈ ਦੋਸ਼ ਹਨ ਜੋ ਲਿਖਾਰੀਆਂ ਦੀ ਅਧੂਰੀ ਸੋਚ ਦੇ ਸੂਚਕ ਹਨ। ਫਾਰਸੀ ਦੇ ਬਹੁਤੇ ਇਤਿਹਾਸਕਾਰਾਂ ਨੇ ਬੰਦਾ ਬਹਾਦਰ ਦੇ ਸੰਘਰਸ਼ ਨੂੰ ਨਿਰਪੱਖਤਾ ਸਹਿਤ ਬਿਆਨ ਕਰਨ ਦੀ ਬਜਾਇ ਫਿਰਕਾਪ੍ਰਸਤੀ ਤੇ ਤੰਗ ਨਜ਼ਰੀਏ ਤੋਂ ਪੇਸ਼ ਕੀਤਾ ਹੈ ਤਾਂ ਜੋ ਉਸ ਨੂੰ ਇਸਲਾਮ ਅਤੇ ਮੁਸਲਮਾਨਾਂ ਦਾ ਕਾਤਲ ਠਹਿਰਾਇਆ ਜਾ ਸਕੇ। ਕੁਝ ਇਕ ਵੰਨਗੀਆਂ ਇਸ ਤਰ੍ਹਾਂ ਹਨ,

### ਢਾਡੀ ਨੱਥ ਮਲ
### (ਅਮਰਨਾਮਾ 1708 ਈ.)

ਪ੍ਰੋ. ਗੰਡਾ ਸਿੰਘ ਅਨੁਸਾਰ ਨੱਥ ਮਲ, ਗੁਰੂ ਗੋਬਿੰਦ ਸਿੰਘ ਦੇ ਸਮੇਂ ਤੱਕ ਜੀਵਤ ਹੀ ਨਹੀਂ ਰਿਹਾ, ਬਲਕਿ ਦੱਖਣ ਦੇ ਸਫ਼ਰ ਸਮੇਂ ਗੁਰੂ ਸਾਹਿਬ ਦੇ ਨਾਲ ਸੀ। ਉਹ ਗੁਰੂ ਸਾਹਿਬ ਦੇ ਜੋਤੀ ਜੋਤਿ ਸਮਾਉਣ ਸਮੇਂ ਨਾਂਦੇੜ ਵਿਚ ਮੌਜੂਦ ਸੀ ਤੇ 'ਅਮਰਨਾਮਾ' ਦੀ ਰਚਨਾ ਨਾਂਦੇੜ ਵਿਚ ਹੀ ਕੀਤੀ ਗਈ ਸੀ। 'ਅਮਰਨਾਮਾ' (ਸੰਪਾਦਕ ਪ੍ਰੋ. ਗੰਡਾ ਸਿੰਘ, ਸਿੱਖ ਹਿਸਟਰੀ ਸੁਸਾਇਟੀ 1975) ਵਿਚੋਂ ਬੰਦਾ ਬਹਾਦਰ ਬਾਰੇ ਜੋ ਅੰਸ਼ ਲਏ ਗਏ ਹਨ, ਉਹ ਪ੍ਰੋ. ਗੰਡਾ ਸਿੰਘ ਦੁਆਰਾ ਸੰਪਾਦਿਤ ਐਡੀਸ਼ਨ ਵਿਚੋਂ ਲਏ ਗਏ ਹਨ,

ਬ-ਨਾਲੈਨਿ ਚੋਬੀ ਓ ਯਕ ਕੂਜ਼ਾ ਸ਼ੀਰ॥
ਬਿਆਰਾਸਤ ਸੱਜਾਦਾਦੇ ਚੂੰ ਸਰੀਰ॥
ਗਦਾ ਬੂਦ ਆਂ ਜਾ ਯਕੇ ਤੁੰਦ ਖੂ॥
ਕਿ ਗੂਲੇ ਬਿਆਂਬਾਂ ਬ-ਤਸਖ਼ੀਰ ਊ॥

(ਉਥੇ ਇਕ ਕੌੜੇ ਸੁਭਾਉ ਵਾਲਾ ਸਾਧੂ ਸੀ ਜਿਸ ਦੇ ਵੱਸ ਵਿਚ ਜੰਗਲੀ ਭੂਤ ਪ੍ਰੇਤ ਸਨ। ਉਸ ਕੋਲ ਲੱਕੜੀ ਦੀਆਂ ਖੜਾਵਾਂ ਤੇ ਦੁੱਧ ਦੀ ਇਕ ਗੜਵੀ ਸੀ ਤੇ ਉਸ ਨੇ ਆਪਣਾ ਆਸਣ ਸ਼ਾਹੀ ਤਖ਼ਤ (ਰਾਜ ਸਿੰਘਾਸਨ) ਵਾਂਗ ਸਜਾਇਆ ਹੋਇਆ ਸੀ।)

ਦਿਲਸ਼ ਬੇ-ਮੁਹੱਬਤ ਸਰਸ਼ ਪੁਰ ਗਰੂਰ॥
ਕਿ ਅਜ਼ ਆਬਿਦੋ ਹਕ ਪ੍ਰਸਤਾਂ ਨਫੂਰ॥

(ਉਸ ਦਾ ਦਿਲ ਪਿਆਰ ਤੋਂ ਖਾਲੀ ਤੇ ਦਿਮਾਗ ਹੰਕਾਰ ਨਾਲ ਭਰਿਆ ਹੋਇਆ ਸੀ ਤੇ ਉਹ ਭਗਤਾਂ ਤੇ ਰੱਬ ਦੇ ਉਪਾਸ਼ਕਾਂ ਨੂੰ ਘਿਰਣਾ ਕਰਦਾ ਸੀ।)

### ਯਾਰ ਮੁਹੰਮਦ ਖਾਨ ਕਲੰਦਰ
### (ਦਸਤੂਰ-ਉਲ-ਇੰਸਾ, 1710-11)

'ਦਸਤੂਰ-ਉਲ-ਇੰਸਾ' ਨਾਮ ਦੀ ਇਕ ਰਚਨਾ ਦਾ ਸਬੰਧ ਯਾਰ ਮੁਹੰਮਦ ਖਾਨ ਕਲੰਦਰ ਨਾਲ ਹੈ ਜੋ 1710-11 ਈ. ਵਿਚ ਲਿਖੀ ਗਈ। ਇਸ ਵਿਚ ਉਹ ਬੰਦਾ ਬਹਾਦਰ ਬਾਰੇ ਲਿਖਦਾ ਹੈ, "ਬੰਦਾ ਬਹਾਦਰ ਮਕਰ, ਫਰੇਬ ਤੇ ਧੋਖਾ ਦੇਣ ਵਾਲੇ ਉਪਾਓ ਨਾਲ ਨਵੇਂ ਨਵੇਂ ਜਾਦੂ ਕਰਦਾ ਰਹਿੰਦਾ ਸੀ ਅਤੇ ਹਰ ਇਕ ਦੇ ਦਿਲ ਨੂੰ ਆਪਣੀ ਸ਼ਰਧਾ ਦੇ ਜਾਲ ਵਿਚ ਫਸਾਉਂਦਾ ਸੀ।"

### ਨੂਰੂਦੀਨ ਫਾਰੂਕੀ
### (ਤਾਰੀਖ਼ ਜਹਾਦਰ ਸ਼ਾਹ, 1713 ਈ.)

ਇਹ ਅਜਿਹਾ ਸਮਕਾਲੀ ਸਰੋਤ ਹੈ ਜਿਸ ਵਿਚ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਸਿੱਖਾਂ ਦੇ ਮੁਗਲਾਂ ਵਿਰੁਧ ਮੁੱਢਲੇ ਸੰਘਰਸ਼ ਬਾਰੇ ਜਾਣਕਾਰੀ ਮਿਲਦੀ ਹੈ। ਨੂਰੂਦੀਨ ਫਾਰੂਕੀ ਮੁਗਲ ਸੈਨਾ ਵਿਚ ਹੇਠਲੇ ਦਰਜੇ ਦਾ ਫੌਜੀ ਅਫ਼ਸਰ ਸੀ। ਆਪਣੀ ਲਿਖਤ ਵਿਚ ਉਹ ਬੰਦਾ ਬਹਾਦਰ ਅਤੇ ਸਿੱਖਾਂ ਲਈ ਅਤਿ ਘ੍ਰਿਣਾਜਨਕ ਸ਼ਬਦਾਂ ਦੀ ਵਰਤੋਂ ਕਰਦਾ ਹੈ, "ਕੁੱਤੇ-ਸੁਭਾਅ ਸਿੱਖਾਂ ਦੇ ਇਕ ਗੁਰੂ (ਬੰਦਾ ਸਿੰਘ ਬਹਾਦਰ) ਨੇ ਆਪਣਾ ਨਾਮ ਬੰਦਾ ਰੱਖ ਕੇ ਤੇ ਕੋਈ ਇਕ ਲੱਖ ਕੁੱਤੇ-ਸੁਭਾਅ ਸਵਾਰਾਂ ਤੇ ਪਿਆਦਾ ਸਿੰਘਾਂ ਨੂੰ ਆਪਣੇ ਨਾਲ ਇਕੱਠਾ ਕਰ ਕੇ, ਸ਼ੋਰ-ਸ਼ਰਾਬਾ ਤੇ ਫਸਾਦ ਪੁਆ ਕੇ ਗਰੀਬਾਂ, ਮਸਕੀਨਾਂ, ਸ਼ੇਖ਼ਾਂ ਤੇ ਵੱਡੇ ਵੱਡੇ ਸੱਯਦਾਂ ਦੇ ਘਰਾਂ ਨੂੰ ਉਜਾੜ ਦਿੱਤਾ ਹੈ ਤੇ ਉਹ ਇਸਲਾਮ ਵਾਲਿਆਂ ਵਿਚੋਂ ਕਿਸੇ ਛੋਟੇ-ਵੱਡੇ ਤੇ ਜਵਾਨ ਤੇ ਬੁੱਢੇ ਨੂੰ ਜਿਉਂਦਾ ਨਹੀਂ ਛੱਡਣਾ ਚਾਹੁੰਦਾ ਹੈ।"

### ਇਰਾਦਤ ਖਾਨ
### (ਤਾਰੀਖ਼ ਇਰਾਦਤ ਖਾਨ, 1714)

ਇਸ ਨੂੰ ਮੁਬਾਰਿਕਨਾਮਾ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਉਹ ਮੁਗਲ ਦਰਬਾਰ ਵਿਚ ਵੱਡੇ ਅਹੁਦਿਆਂ 'ਤੇ ਨਿਯੁਕਤ ਸੀ। ਇਸ ਲਈ ਉਹ ਮੁਗਲ ਦਰਬਾਰ ਦੀ ਸਥਿਤੀ ਤੇ ਨੀਤੀਆਂ ਤੋਂ ਵੀ ਜਾਣੂ ਸੀ। ਮੁਗਲ ਰਾਜ ਵਿਚ ਵਾਪਰਨ ਵਾਲੀਆਂ ਮਹੱਤਵਪੂਰਨ ਘਟਨਾਵਾਂ ਦਾ ਉਹ ਚਸ਼ਮਦੀਦ ਗਵਾਹ ਸੀ। ਬਾਦਸ਼ਾਹ ਬਹਾਦਰ ਸ਼ਾਹ ਵੱਲੋਂ ਆਪਣੇ ਵਜ਼ੀਰ ਮੁਲਾਇਮ ਖਾਨ ਦੀ ਅਗਵਾਈ ਹੇਠ ਬੰਦਾ ਬਹਾਦਰ ਵਿਰੁਧ ਜੋ ਸ਼ਾਹੀ ਸੈਨਾ ਭੇਜੀ ਗਈ ਸੀ, ਇਰਾਦਤ ਖਾਨ ਉਸ ਵਿਚ ਸ਼ਾਮਲ ਸੀ। ਨਵੰਬਰ-ਦਸੰਬਰ 1710 ਵਿਚ ਮੁਗਲ ਸੈਨਾ ਦੇ ਲੋਹਗੜ੍ਹ ਉਪਰ ਹਮਲੇ ਸਮੇਂ ਇਰਾਦਤ ਖਾਨ ਮੌਕੇ 'ਤੇ ਮੌਜੂਦ ਸੀ। ਉਸ ਨੇ ਇਸ ਲੜਾਈ ਬਾਰੇ ਜੋ ਵਰਣਨ ਕੀਤਾ ਹੈ, ਇਹ ਉਸ ਦੇ ਅੱਖੀਂ ਡਿੱਠੇ ਹਾਲ ਉਤੇ ਆਧਾਰਤ ਹੈ। ਉਹ ਸਿੱਖਾਂ ਨੂੰ 'ਗੁੰਮਰਾਹ ਟੋਲਾ ਨਾਨਕੀਆਂ' ਲਿਖਦਾ ਹੈ। ਬੰਦਾ ਬਹਾਦਰ ਨੇ ਇਸਲਾਮ ਦੀ ਬੁਨਿਆਦ ਖ਼ਤਮ ਕਰਨ ਲਈ ਮੁਲਕ ਵਿਚ ਸ਼ੋਰ-ਸ਼ਰਾਬਾ ਤੇ ਫਸਾਦ ਪਵਾ ਕੇ ਸਰਹਿੰਦ ਦੇ ਫੌਜਦਾਰ ਵਜ਼ੀਰ ਖਾਨ ਨੂੰ ਸ਼ਹੀਦ ਕਰ ਦਿੱਤਾ। ਬੰਦਾ ਬਹਾਦਰ ਇਸਲਾਮ ਨੂੰ ਨੀਚਾ ਵਿਖਾਉਣ ਤੇ ਕੁਫ਼ਰ ਨੂੰ ਤਕੜਾ ਕਰਨ ਦੇ ਇਰਾਦੇ ਨਾਲ ਇਸ ਪ੍ਰਕਾਰ ਦੇ ਫਸਾਦ ਦਾ ਭਾਗੀ ਬਣਿਆ ਹੈ। ਉਹ ਕਾਫਿਰ, ਧੋਖੇਬਾਜ਼ ਤੇ ਲੂੰਬੜ ਚਾਲ ਸੀ।

### ਮਿਰਜ਼ਾ ਮੁਹੰਮਦ ਹਾਰਿਸੀ
### (ਇਬਰਤਨਾਮਾ, 1718 ਈ.)

ਉਹ ਮੁਗਲ ਸੈਨਾ ਵਿਚ ਹੇਠਲੇ ਦਰਜੇ ਦਾ ਅਧਿਕਾਰੀ ਸੀ। ਉਸ ਨੇ ਮੁਗਲ ਰਾਜ ਦੀਆਂ ਰਾਜਨੀਤਕ ਅਤੇ ਇਤਿਹਾਸਕ ਘਟਨਾਵਾਂ ਦਾ ਵਰਨਣ ਗੰਭੀਰਤਾ ਨਾਲ ਕੀਤਾ ਹੈ। ਸਿੱਖਾਂ ਦੇ ਮੁਗਲਾਂ ਵਿਰੁਧ ਸੰਘਰਸ਼ ਨੂੰ ਸਮਝਣ ਲਈ ਇਹ ਸਮਕਾਲੀ ਅਤੇ ਬੁਨਿਆਦੀ ਕਿਸਮ ਦਾ ਦਸਤਾਵੇਜ਼ ਹੈ। ਜਦੋਂ ਬੰਦਾ ਬਹਾਦਰ ਤੇ ਉਸ ਦੇ ਸਾਥੀ ਸਿੱਖਾਂ ਨੂੰ ਜਲੂਸ ਦੀ ਸ਼ਕਲ ਵਿਚ ਦਿੱਲੀ ਲਿਆਂਦਾ ਗਿਆ ਤਾਂ ਲੇਖਕ ਉਸ ਸਮੇਂ ਬਜ਼ਾਰਾਂ ਵਿਚ ਤਮਾਸ਼ਾ ਦੇਖਣ ਵਾਲੀ ਭੀੜ ਵਿਚ ਸ਼ਾਮਲ ਸੀ। ਜਦੋਂ ਕੋਤਵਾਲੀ ਦੇ ਚਬੂਤਰੇ ਸਾਹਮਣੇ ਹਰ ਰੋਜ਼ ਸੌ ਸੌ ਸਿੱਖਾਂ ਨੂੰ ਕਤਲ ਕੀਤਾ ਜਾ ਰਿਹਾ ਸੀ ਤਾਂ ਉਹ ਨਜ਼ਾਰਾ ਦੇਖਣ ਲਈ ਉਥੇ ਗਿਆ ਸੀ। ਉਸ ਨੇ ਨਿਡਰ ਹੋਏ ਗਰੋਹ ਦੇ ਕੁੱਤੇ-ਮੂੰਹੇ ਜਥੇ ਦੇ ਕਿਸੇ ਕਮੀਨੇ (ਬੰਦਾ ਬਹਾਦਰ) ਦੇ ਵਰਗਲਾਉਣ ਸਦਕਾ ਹਿੰਦੂ ਤੇ ਮੁਸਲਮਾਨਾਂ ਨੂੰ ਦੁੱਖ ਸਹਿਣੇ ਪਏ।' ਉਸ (ਬੰਦਾ ਬਹਾਦਰ) ਬਦਜਾਤ ਦੀ ਹਾਲਤ ਮਲੀਨਤਾ ਪੱਖੋਂ ਸੂਰ ਤੇ ਕੁੱਤੇ ਤੋਂ ਵੀ ਭੈੜੀ ਹੈ ਅਤੇ ਡੱਡੂ ਤੇ ਗੈਂਡੇ ਨਾਲੋਂ ਵੀ ਅਪਵਿੱਤਰ ਹੈ, ਕਿਉਂਕਿ ਉਹ ਆਪਣੇ ਆਪ ਵੀ ਦਾੜ੍ਹੀ ਤੇ ਕੱਛਾਂ ਦੇ ਵਾਲ ਨਹੀਂ ਮੁੰਨਦਾ ਸੀ। ਉਹ ਦਿਉਆਂ ਵਰਗੇ ਪੁਰਸ਼ (ਸਿੱਖ) ਹਮੇਸ਼ਾ ਪੇਡੂਆਂ ਤੇ ਬਦਬੂਦਾਰ ਵਾਲ ਰੱਖਦੇ ਸਨ। ਉਹ ਚਿੜੀ, ਕਬੂਤਰ ਤੇ ਸਾਰੇ ਪੰਛੀਆਂ ਨੂੰ ਜਾਲ ਨਾਲ ਫੜ ਕੇ ਸੈਂਕੜੇ ਤਕਲੀਫਾਂ ਨਾਲ ਪੱਥਰਾਂ ਉਤੇ ਮਾਰ ਕੇ, ਤੇ ਪਾਰ ਬੁਲਾ ਕੇ ਇਸ ਨੂੰ ਜਾਇਜ਼ ਖੂਨ ਕਰਨਾ ਸਮਝਦੇ ਸਨ। ਉਹ ਮੂਰਖਤਾ ਸਦਕਾ ਰਬੀ-ਉਲ-ਇੱਜ਼ਤ ਕਹਿਣ ਦੀ ਬਜਾਏ ਵਾਹਿਗੁਰੂ ਕਹਿੰਦੇ ਹਨ। ਗੁਰਦਾਸ ਨੰਗਲ ਦੇ ਘੇਰੇ ਸਮੇਂ ਅਭਾਗੇ ਬਦਕਿਰਦਾਰ (ਬੰਦਾ ਬਹਾਦਰ) ਨੇ ਮੌਤ ਦੇ ਮੱਦੇਨਜ਼ਰ ਖਾਨ ਬਹਾਦਰ ਤੋਂ ਪਨਾਹ ਦੀ ਮੰਗ ਕੀਤੀ।

### ਮੁਹੰਮਦ ਹਾਦੀ ਕਾਮਵਰ ਖਾਨ
### (ਤਜ਼ਕਿਰਾਤੁਰਾਤ ਸਲਾਤੀਨ ਚੁਗਤਾਈਆਂ 1724)

ਬੰਦਾ ਬਹਾਦਰ ਦੀ ਅਗਵਾਈ ਹੇਠ ਮੁਗਲਾਂ ਵਿਰੁਧ ਸਿੱਖਾਂ ਦੁਆਰਾ ਲੜੇ ਗਏ ਸੰਘਰਸ਼ ਦਾ ਇਕ ਮਹੱਤਵਪੂਰਨ ਸਰੋਤ ਹੈ। ਉਸ ਅਨੁਸਾਰ ਬੰਦਾ ਸਿੰਘ ਬਹਾਦਰ ਭੰਗੀਆਂ, ਚਮਾਰਾਂ, ਵਣਜਾਰਿਆਂ, ਹੋਛੇ ਵਿਅਕਤੀਆਂ ਅਤੇ ਬੇਹੂਦਾ ਝੂਠੇ ਆਦਮੀਆਂ ਦਾ ਨੇਤਾ ਸੀ। ਉਸ ਨੇ ਆਪਣਾ ਨਾਮ ਫਤਿਹ ਸ਼ਾਹ ਰੱਖਿਆ ਹੋਇਆ ਸੀ। ਸਭ ਨਾਲੋਂ ਪਹਿਲਾ ਫਸਾਦ ਜਿਸ ਨੇ ਮੁਲਕ ਪੰਜਾਬ 'ਚ ਗੜਬੜੀ ਪੈਦਾ ਕੀਤੀ, ਕਹਿਰ ਦੇ ਮਾਰੇ ਹੋਏ (ਬੰਦਾ ਬਹਾਦਰ) ਦਾ ਸੀ। ਉਸ ਨੇ ਧੋਖੇਬਾਜ਼ੀ ਦਾ ਲਿਬਾਸ ਪਹਿਨ ਕੇ ਖੁਦ ਨੂੰ ਨਾਨਕ ਪੰਥੀਆਂ ਦੇ ਫਿਰਕੇ ਦਾ ਆਗੂ ਮੁਕੱਰਰ ਕੀਤਾ ਅਤੇ ਇਹ ਬੇਹੂਦਾ ਗੱਲ ਧੁਮਾ ਦਿੱਤੀ ਕਿ 'ਮੈਂ ਪ੍ਰਲੋਕ ਵਿਚ ਜਾ ਕੇ ਮੁੜ ਉਸੇ ਅਸਲੀ ਵਜੂਦ ਵਿਚ ਆਇਆ ਹਾਂ।'



ਸ਼ਹੀਦ ਹੋਏ ਸਿੱਖਾਂ ਦੇ ਧੜਾਂ ਨੂੰ ਮਿੱਟੀ ਤੇ ਲਹੂ ਵਿਚ ਤੜਫਦੇ ਹੋਏ ਆਪ ਵੇਖਿਆ ਸੀ।

"ਇਸ ਆਦਮੀ (ਬੰਦਾ ਸਿੰਘ ਬਹਾਦਰ) ਨੇ ਖੁਦ ਨੂੰ ਉਹੋ ਜਿਹੀ ਪੁਸ਼ਾਕ ਪਾ ਕੇ ਗੁਰੂ ਗੋਬਿੰਦ ਸਿੰਘ ਦੱਸਿਆ ਸੀ। ਇਸ ਲਈ ਇਹ ਵਿਅਕਤੀ ਵੀ ਗੁਰੂ ਵਜੋਂ ਪ੍ਰਸਿੱਧ ਹੋ ਗਿਆ ਸੀ। ਬਦੀ ਕਰਨ ਵਾਲੇ ਕਾਫਿਰਾਂ (ਸਿੱਖਾਂ) ਨੇ ਮੁਸਲਮਾਨਾਂ ਨੂੰ ਕਤਲ ਕਰਨ ਵਿਚ ਇੰਨੀ ਜ਼ਿਆਦਤੀ ਕੀਤੀ ਕਿ ਬੱਚਿਆਂ ਨੂੰ ਵੀ ਨਾ ਛੱਡਿਆ, ਬਲਕਿ ਉਹ ਗਰਭਵਤੀ ਔਰਤਾਂ ਦੇ ਢਿੱਡ ਪਾੜ ਕੇ ਪੇਟ ਅੰਦਰਲੇ ਬੱਚਿਆਂ ਨੂੰ ਤਲਵਾਰ ਦੀ ਭੇਟਾ ਚੜ੍ਹਾ ਦਿੰਦੇ ਸਨ। ਇਨ੍ਹਾਂ ਫਸਾਦੀ ਕਾਫਿਰਾਂ (ਸਿੱਖਾਂ) ਨੇ ਉਨ੍ਹਾਂ ਸਾਰੇ ਇਲਾਕਿਆਂ ਵਿਚ ਜਿਹੜੇ ਉਨ੍ਹਾਂ ਦੇ ਹੱਥ ਲੱਗੇ, ਮਸੀਤਾਂ ਤੇ ਸ਼ੇਖ਼ਾਂ ਦੇ ਮਜ਼ਾਰ ਢਾਹੁਣ ਦਾ ਹੁਕਮ ਦਿੱਤਾ। ਘੱਟ ਹੀ ਕੋਈ ਗੁੰਬਦ, ਮਕਬਰਾ ਜਾਂ ਦਰਗਾਹ ਬਚੀ ਹੋਵੇਗੀ ਜਿਸ ਨੂੰ ਉਨ੍ਹਾਂ ਨੇ ਨੁਕਸਾਨ ਨਾ ਪਹੁੰਚਾਇਆ ਹੋਵੇ। ਲਿਖਾਰੀ ਅਨੁਸਾਰ ਗੁਰਦਾਸ ਨੰਗਲ ਦੇ ਘੇਰੇ ਸਮੇਂ ਸਿੱਖਾਂ ਨੇ ਅਬਦੁਲ ਸਮਦ ਖਾਨ ਨੂੰ ਸੁਨੇਹਾ ਭੇਜਿਆ ਕਿ ਖਾਨ ਦਲੇਰ ਜੰਗ ਸਾਡੀਆਂ ਜਾਨਾਂ ਬਚਾ ਦੇਵੇ ਤੇ ਸਾਥੋਂ ਅਸਲਾ ਲੈ ਕੇ ਸਾਨੂੰ ਬਾਦਸ਼ਾਹ ਦੀ ਸੇਵਾ ਵਿਚ ਰਵਾਨਾ ਕਰ ਦੇਵੇ। ਦੁਨੀਆਂ ਦਾ ਹੁਕਮਰਾਨ ਜੋ ਹੁਕਮ ਸਾਨੂੰ ਦੇਵੇ, ਅਸੀਂ ਤਨੋ ਮਨੋ ਉਸ ਹੁਕਮ ਨੂੰ ਕਬੂਲ ਕਰਾਂਗੇ।"

### ਕਾਮਰਾਜ ਬਿਨ ਨੈਣ ਸਿੰਘ
### (ਇਬਰਤਨਾਮਾ, 1719 ਈ.)

ਕਾਮਰਾਜ ਹਿੰਦੂ ਕਾਇਸਥ ਸੀ ਅਤੇ ਔਰੰਗਜ਼ੇਬ ਦੇ ਅੰਤਲੇ ਦਿਨਾਂ ਵਿਚ ਮੁਗਲਾਂ ਦੇ ਮਾਲ ਮਹਿਕਮੇ ਵਿਚ ਨੌਕਰ ਹੋ ਗਿਆ ਸੀ। ਸਿੱਖਾਂ ਪ੍ਰਤੀ ਅਸੱਭਿਆ ਤੇ ਅਪਮਾਨਜਨਕ ਸ਼ਬਦਾਵਲੀ ਵਰਤ ਕੇ ਇਸ ਨੇ ਮੁਸਲਮਾਨ ਇਤਿਹਾਸਕਾਰਾਂ ਨੂੰ ਮਾਤ ਪਾ ਦਿੱਤੀ ਹੈ। ਉਸ ਅਨੁਸਾਰ 'ਰੱਬ ਤੋਂ

### ਫ਼ਤੂਹਤਨਾਮਾ-ਏ-ਸਮਦੀ
### (1722-23)

ਇਸ ਦਾ ਲੇਖਕ ਗੁਲਾਮ ਮੁਹੱਈਉਦੀਨ ਹੈ। ਇਹ ਬੰਦਾ ਬਹਾਦਰ ਦੀ ਸਮਕਾਲੀ ਲਿਖਤ ਹੈ। ਬੰਦਾ ਸਿੰਘ ਬਹਾਦਰ ਅਤੇ ਉਸ ਦੇ ਸਿੰਘਾਂ ਸਾਥੀਆਂ ਬਾਰੇ ਬਹੁਤ ਹੀ ਮਾੜੀ ਭਾਸ਼ਾ ਵਰਤੀ ਗਈ ਹੈ। ਸਿੱਖ ਚਰਿੱਤਰ ਦੀ ਵਿਆਖਿਆ ਕਰਦਾ ਹੋਇਆ ਉਹ ਲਿਖਦਾ ਹੈ, "ਹਰ ਸਿੱਖ ਆਪਣੇ ਸਿਰ ਅਤੇ ਚਿਹਰੇ ਉਪਰ ਸੰਘਣੇ ਵਾਲ (ਦਾੜ੍ਹੀ-ਮੁੱਛਾਂ) ਹੋਣ ਕਰ ਕੇ ਰਿੱਛ ਦੀ ਤਰ੍ਹਾਂ ਲਗਦਾ ਹੈ। ਉਹ ਆਪਣੇ ਚਿਹਰਿਆਂ 'ਤੇ ਕਦੀ ਵੀ ਉਸਤਰਾ ਨਹੀਂ ਫੇਰਦੇ ਸੀ। ਉਨ੍ਹਾਂ ਦੇ ਦਾੜ੍ਹੇ ਇੰਨੇ ਲੰਮੇ ਅਤੇ ਚੌੜੇ ਹੁੰਦੇ ਹਨ ਕਿ ਉਹ ਆਪਣੇ ਪਿੱਛੇ ਸਰੀਰ ਨੂੰ ਛੁਪਾ ਲੈਂਦੇ ਹਨ। ਜਦੋਂ ਉਹ ਆਪਣੇ ਸਿਰਾਂ ਦੇ ਲੰਮੇ ਤੇ ਸੰਘਣੇ ਵਾਲਾਂ ਨੂੰ ਪਿੱਛੇ ਖਲਾਰ ਕੇ ਸਿੱਟਦੇ ਹਨ ਤਾਂ ਉਹ ਚੋਰ ਦੀ ਤਰ੍ਹਾਂ ਲਗਦੇ ਹਨ। ਇਹ ਕਦੇ ਆਪਣੀਆਂ ਕੱਛਾਂ ਅਤੇ ਨਾਸਾਂ ਵਿਚੋਂ ਵੀ ਆਪਣੇ ਵਾਲ ਨਹੀਂ ਕਟਵਾਉਂਦੇ।"

### ਅਸਰਾਰਿ ਸਮਦੀ
### (1728-29)

## ਇਤਿਹਾਸ ਦੇ ਝਰੋਖੇ 'ਚੋਂ

ਇਸ ਲਿਖਤ ਵਿਚ ਲੇਖਕ ਦਾ ਨਾਂ ਨਹੀਂ ਦਿੱਤਾ ਗਿਆ, ਪਰ ਆਮ ਤੌਰ 'ਤੇ ਇਸ ਦੇ ਲੇਖਕ ਦਾ ਨਾਂ ਜੋਤ ਪਰਕਾਸ਼ ਮੰਨਿਆ ਗਿਆ ਹੈ। ਲੇਖਕ ਆਪਣੇ ਆਪ ਨੂੰ ਕਲਾਨੌਰ ਦਾ ਵਾਸੀ ਦੱਸਦਾ ਹੈ। ਉਹ ਲਾਹੌਰ ਦੇ ਗਵਰਨਰ (ਸੂਬੇਦਾਰ) ਅਬਦੁੱਸ ਸਮਦ ਖਾਨ ਦੇ ਦਰਬਾਰ ਵਿਚ ਮੁਨਸ਼ੀ ਦੇ ਪਦ ਉਪਰ ਨਿਯੁਕਤ ਸੀ। ਉਸ ਦੀ ਲਿਖਤ ਵਿਚ ਬੰਦਾ ਸਿੰਘ ਬਹਾਦਰ ਪ੍ਰਤੀ ਸਖ਼ਤ ਨਫ਼ਰਤ ਹੈ-ਉਸ ਨੇ ਆਪਣਾ ਨਾਮ ਭਾਵੇਂ ਬੰਦਾ ਰੱਖਿਆ ਹੈ, ਪਰ ਉਸ ਨੇ ਇਬਾਦਤਗਾਹਾਂ ਨੂੰ ਗੰਦਾ ਕਰ ਦਿੱਤਾ ਹੈ। ਉਸ ਬਦਬਖ਼ਤ ਨੇ ਭਾਵੇਂ ਆਪਣਾ ਉਪਨਾਮ 'ਬੰਦਾ' ਰੱਖਿਆ ਸੀ, ਪਰ ਉਸ ਨੇ ਬੰਦਗੀ ਦੇ ਘਰਾਂ ਨੂੰ ਗੰਦਾ ਕਰ ਦਿੱਤਾ। ਸਭ ਤੋਂ ਪਹਿਲੀ ਗੜਬੜ ਜਿਸ ਨੇ ਇਸ ਦੇਸ਼ ਵਿਚ ਵਿਘਨ ਪਾਇਆ, ਉਸ ਧਿੱਕਾਰੇ ਹੋਏ (ਬੰਦਾ ਸਿੰਘ) ਨੇ ਅਰੰਭੀ ਜਿਸ ਨੇ ਧੋਖੇਬਾਜ਼ੀ ਨਾਲ ਆਪਣੇ ਆਪ ਨੂੰ ਨਾਨਕਪੰਥੀ ਸੰਪਰਦਾ ਦਾ ਆਗੂ ਥਾਪਿਆ ਅਤੇ ਇਸ ਮਸ਼ਹੂਰੀ ਕਾਰਨ ਵਿਹਲੜ ਤੇ ਨਿਕੰਮੇ ਆਦਮੀਆਂ ਨੂੰ ਜੋ ਗੁਲਾਮੀ ਦੇ ਪੜਦੇ ਪਿੱਛੇ ਲੁਕੇ ਹੋਏ ਸਨ, ਫਿਰ ਆਪਣੇ ਅਸਲੀ ਰੂਪ ਵਿਚ ਲੈ ਆਂਦਾ ਅਤੇ ਉਸ ਸ਼ਾਂਤੀ ਸੁਭਾਉ ਵਾਲੀ ਭਲੀ ਤੇ ਵਿਚਾਰੀ ਸੰਪਰਦਾ ਦੇ ਬਹੁਤ ਨਿਕੰਮੇ ਆਦਮੀਆਂ ਨੂੰ ਇਕੱਠੇ ਕਰ ਕੇ ਧੋਖੇ ਤੇ ਫਰੇਬ ਨਾਲ ਉਨ੍ਹਾਂ ਦੇ ਪਹਿਰਾਵੇ ਨੂੰ ਬਦਲਿਆ ਅਤੇ ਹਿੰਦੁਸਤਾਨ ਵਿਚ ਝਗੜੇ ਫਸਾਦ ਦੀ ਅੱਗ ਭੜਕਾ ਦਿੱਤੀ ਅਤੇ ਜਨਤਾ ਦੇ ਖ਼ਲਵਾੜੇ ਨੂੰ ਅੱਤਿਆਚਾਰ ਦੇ ਚੰਗਿਆੜੇ ਨਾਲ ਭਸਮ ਕਰ ਦਿੱਤਾ। ਸਾਰੇ ਸੰਸਾਰ ਨੂੰ ਜ਼ੁਲਮ ਦੀ ਤਲਵਾਰ ਨਾਲ ਮਿੱਟੀ 'ਚ ਮਿਲਾ ਦਿੱਤਾ ਅਤੇ ਆਮ ਤੇ ਖਾਸ ਆਦਮੀਆਂ ਦੇ ਸੁੱਖ 'ਚ ਪੂਰਨ ਵਿਘਨ ਪਾ ਦਿੱਤਾ।

### ਖਾਫ਼ੀ ਖਾਨ (1731 ਈ.)
### ਮੁੰਤਖ਼ਾਬ-ਲ-ਲੁਬਾਬ

ਖਾਫੀ ਖਾਨ ਨੂੰ ਇਤਿਹਾਸਕਾਰ ਮੁਹੰਮਦ ਹਾਸ਼ਿਮ ਅਲੀ ਜਾਂ ਹਾਸ਼ਿਮ ਅਲੀ ਖਾਨ ਦੇ ਨਾਮ ਨਾਲ ਵੀ ਜਾਣਦੇ ਹਨ। ਉਸ ਨੇ ਮੁੰਤਖ਼ਾਬ-ਲ-ਲੁਬਾਬ ਨਾਮ ਦੀ ਮਸ਼ਹੂਰ ਕਿਤਾਬ ਦੀ ਰਚਨਾ ਕੀਤੀ ਜੋ 'ਤਾਰੀਖ਼ਿ ਖਾਫੀ' ਦੇ ਨਾਮ ਨਾਲ ਵੀ ਪ੍ਰਸਿੱਧ ਹੈ। ਇਹ ਸਮਕਾਲੀ ਲਿਖਤ ਹੈ, ਪਰ ਸਿੱਖਾਂ ਪ੍ਰਤੀ ਫਿਰਕੂ ਝੁਕਾਅ ਅਤਿ ਦਰਜੇ ਦਾ ਹੈ। ਉਸ ਦੀ ਲਿਖਤ ਵਿਚ ਕਈ ਥਾਂਈਂ ਸਿੱਖਾਂ ਬਾਰੇ ਅਪਮਾਨਜਨਕ ਸ਼ਬਦਾਵਲੀ, ਅਤਿ ਕਥਨੀ ਤੇ ਗਲਤ ਬਿਆਨੀ ਕੀਤੀ ਗਈ ਹੈ, 'ਜਦ ਗੁਰੂ (ਗੋਬਿੰਦ ਸਿੰਘ) ਦੇ ਕਤਲ ਦੀ ਖ਼ਬਰ ਪੰਜਾਬ ਪੁੱਜੀ ਜੋ ਇਸ ਗੁੰਮਰਾਹ ਫਿਰਕੇ ਦਾ ਗੜ੍ਹ ਹੈ ਤਾਂ ਉਨ੍ਹਾਂ ਵਿਚੋਂ ਇਕ ਬੇਸ਼ਰਮ ਸ਼ਖ਼ਸ ਨੇ ਜਿਸ ਦੇ ਨਾਮ ਬਾਰੇ ਇਤਿਹਾਸ ਵਿਚ ਮਤਭੇਦ ਹਨ, ਇਹ ਐਲਾਨ ਕੀਤਾ ਕਿ ਉਹ ਮਕਤੂਲ (ਗੁਰੂ) ਗੋਬਿੰਦ ਸਿੰਘ ਦੀ ਰੂਹ ਦਾ ਅਵਤਾਰ ਬਣ ਕੇ ਆਇਆ ਹੈ ਤੇ ਇਸ ਨਵੇਂ ਜੀਵਨ ਵਿਚ (ਗੁਰੂ) ਗੋਬਿੰਦ ਸਿੰਘ ਨੇ ਆਪਣੀ ਸ਼ਕਲ ਬਦਲ ਲਈ ਹੈ ਅਤੇ ਉਹ ਦਾੜ੍ਹੀ ਤੇ ਸਿਰ ਦੇ ਵਾਲਾਂ ਸਹਿਤ ਇਸ ਕਹਿਰ ਦੇ ਮਾਰੇ ਸ਼ਖ਼ਸ ਦੇ ਰੂਪ ਵਿਚ ਪ੍ਰਗਟ ਹੋ ਗਿਆ ਹੈ।'

ਵਹਿਸ਼ੀ ਸਿੱਖਾਂ ਨੇ ਜੀਅ ਭਰ ਕੇ ਲੁੱਟਮਾਰ ਕੀਤੀ ਤੇ ਲੋਕਾਂ ਨੂੰ ਕਤਲ ਕੀਤਾ। ਤਿੰਨ ਚਾਰ ਦਿਨ ਉਹ ਜ਼ੁਲਮ ਕਰਦੇ ਰਹੇ। ਛੋਟੇ-ਵੱਡੇ ਘਰਾਣਿਆਂ ਦੀਆਂ ਗਰਭਵਤੀ ਔਰਤਾਂ ਦੇ ਪੇਟ ਚਾਕ ਕਰ ਕੇ ਉਨ੍ਹਾਂ ਦੇ ਬੱਚਿਆਂ ਨੂੰ ਕੱਢ ਲਿਆ ਤੇ ਜ਼ਮੀਨ ਉਪਰ ਪਟਕ ਕੇ ਮਾਰ ਦਿੱਤਾ। ਮੁਸਲਮਾਨਾਂ ਦੀਆਂ ਮਸਜਿਦਾਂ, ਮਕਬਰੇ ਤੇ ਮਜ਼ਾਰ ਜਿੱਥੇ ਕਿਧਰੇ ਵੀ ਨਜ਼ਰ ਆਏ, ਸਭ ਢਹਿ ਢੇਰੀ ਕਰ ਦਿੱਤੇ। ਇੱਥੋਂ ਤੱਕ ਕਿ ਮੁਰਦਿਆਂ ਦੀਆਂ ਕਬਰਾਂ ਪੁੱਟ ਕੇ ਉਨ੍ਹਾਂ ਦੀਆਂ ਹੱਡੀਆਂ ਵੀ ਖਿੰਡਾ ਦਿੱਤੀਆਂ। ਸਿੱਖਾਂ ਦੇ ਬਦਨਸੀਬ ਆਗੂ (ਬੰਦਾ ਬਹਾਦਰ) ਨੇ ਆਪਣੇ ਬਦਕਾਰ ਤੇ ਅਭਾਗੇ ਸਾਥੀਆਂ ਨੂੰ ਜੋ ਧਨ ਮਾਲ ਦੇ ਲਾਲਚ ਅਤੇ ਅੰਨ੍ਹੇ ਵਿਸ਼ਵਾਸ ਕਾਰਨ ਗੁੰਮਰਾਹ ਹੋਏ ਸਨ, ਲੜਾਈ ਲਈ ਉਕਸਾਇਆ ਅਤੇ ਹੌਸਲਾ ਅਫ਼ਜ਼ਾਈ ਲਈ ਅਜਿਹੇ ਸੁਪਨੇ ਵਿਖਾਏ ਕਿ ਜੋ ਵੀ ਇਸ ਲੜਾਈ ਵਿਚ ਮਾਰਿਆ ਜਾਵੇਗਾ, ਬਿਨਾਂ ਕਿਸੇ ਦੇਰ ਦੇ ਮੁੜ ਉਸੇ ਸ਼ਕਲ ਵਿਚ ਜਨਮ ਲਏਗਾ, ਅਤੇ ਇਸ ਨਾਸ਼ਵਾਨ ਸੰਸਾਰ ਤੋਂ ਮੁਕਤ ਹੋ ਜਾਏਗਾ ਅਤੇ ਇਸ ਦੇ ਸਿਲੇ ਵਿਚ ਉਸ ਨੂੰ ਉਚਾ ਰੂਹਾਨੀ ਦਰਜਾ ਪ੍ਰਾਪਤ ਹੋਵੇਗਾ। ਉਸ ਦੇ ਸ਼ਰਧਾਲੂ ਐਸੇ ਜਾਹਿਲ ਸਨ ਕਿ ਉਹ ਉਸ ਨੂੰ ਸ਼ਰਧਾ ਨਾਲ ਸੁਣਦੇ ਤੇ ਸਤਿ ਕਰ ਕੇ ਮੰਨਦੇ ਸਨ।

### ਮੁਹੰਮਦ ਸ਼ਫ਼ੀ ਵਾਰਿਦ
### ਮੀਰਾਤਿ-ਵਾਰਿਦਾਤ (1734 ਈ.)

ਇਸ ਪੁਸਤਕ ਵਿਚ ਫਰਖ਼ਸੀਅਰ ਦੇ ਅਹਿਦ ਤੇ ਬੰਦਾ ਸਿੰਘ ਬਹਾਦਰ ਦੇ ਮੁਗਲਾਂ ਨਾਲ ਸੰਘਰਸ਼ ਬਾਰੇ ਇਤਿਹਾਸਕ ਜਾਣਕਾਰੀ ਮਿਲਦੀ ਹੈ। ਬਾਕੀ

*(ਬਾਕੀ ਅਗਲੇ ਸਫੇ 'ਤੇ)*

ਮੁਸਲਮਾਨ ਲਿਖਾਰੀਆਂ ਦੀ ਤਰ੍ਹਾਂ ਇਸ ਨੇ ਵੀ ਸਿੱਖਾਂ ਤੇ ਬੰਦਾ ਸਿੰਘ ਬਹਾਦਰ ਬਾਰੇ ਅਪਮਾਨਜਨਕ ਅਤੇ ਘ੍ਰਿਣਾਪੂਰਣ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ, 'ਚੂਹੜੇ ਤੇ ਚਮਾਰ ਜਿਨ੍ਹਾਂ ਨਾਲੋਂ ਹਿੰਦੁਸਤਾਨ ਵਿਚ ਕੋਈ ਹੋਰ ਕੌਮ ਵਧੇਰੇ ਨਾਪਾਕ ਨਹੀਂ ਹੈ, ਉਸ ਮਰਦੂਦ (ਬੰਦਾ ਸਿੰਘ ਬਹਾਦਰ) ਦੀ ਸੇਵਾ ਵਿਚ ਹਾਜ਼ਰ ਹੋ ਰਹੇ ਸਨ।' ਉਸ ਦੀ ਦੁਸ਼ਮਣੀ ਦੀ ਤਲਵਾਰ ਨੇ ਬਗ਼ਾਵਤ ਦੇ ਅਜਿਹੇ ਰੰਗ ਵਿਖਾਏ ਕਿ ਉਹ ਕਲੀਆਂ ਵਰਗੇ ਮਾਸੂਮ ਬੱਚਿਆਂ ਨੂੰ ਜਿਹੜੇ ਆਰਾਮ ਦੇ ਪੰਘੂੜਿਆਂ ਤੇ ਗੋਦੀਆਂ ਵਿਚ ਦੁੱਧ ਚੁੰਘਣ ਵਾਲੇ ਸਨ, ਪਹਿਲਾਂ ਧੱਕੇ ਨਾਲ ਉਨ੍ਹਾਂ ਦੇ ਮਾਪਿਆਂ ਤੋਂ ਖੋਹ ਕੇ, ਫਿਰ ਨੇਜ਼ਿਆਂ 'ਤੇ ਟੰਗ ਦਿੰਦੇ ਸਨ। ਉਸ ਸ਼ਿਕਾਰੀ ਕੁੱਤੇ ਦੀ ਬਗ਼ਾਵਤ ਨਾਲ ਮੁਸਲਮਾਨਾਂ ਦਾ ਖ਼ੂਨ, ਸ਼ਹਿਰ ਸ਼ਹਿਰ ਤੇ ਜੰਗਲ ਜੰਗਲ ਵਿਚ ਧਰਤੀ ਉਤੇ ਡੁੱਲ੍ਹਿਆ। ਇਸ ਨਿਡਰ ਮਰਦੂਦ ਦਾ ਜ਼ੁਲਮ ਜਿਉਂਦੇ ਲੋਕਾਂ 'ਤੇ ਵੀ ਸੀ ਤੇ ਮੁਰਦਾ ਲੋਕਾਂ 'ਤੇ ਵੀ, ਬਲਕਿ ਇਨ੍ਹਾਂ ਦੋਹਾਂ ਤੋਂ ਵੀ ਟੱਪ ਕੇ ਬਨਸਪਤੀ ਤੇ ਪੱਥਰਾਂ 'ਤੇ ਹੋਣ ਲੱਗਾ। ਬੰਦਾ ਸਿੰਘ ਬਹਾਦਰ ਨੂੰ ਉਹ ਸੂਰ ਦੀ ਤਬੀਅਤ ਵਾਲਾ ਕੁੱਤਾ ਕਹਿੰਦਾ ਹੈ। ਸਿੱਖਾਂ ਲਈ ਉਹ ਚੂਹੇ, ਬਿੱਲੀਆਂ ਤੇ ਕੁੱਤੇ ਲਫ਼ਜ਼ਾਂ ਦਾ ਇਸਤੇਮਾਲ ਕਰਦਾ ਹੈ।

### ਅਖ਼ਬਾਰਾਤ-ਏ-ਦਰਬਾਰ-ਏ-ਮੁੱਅਲਾ

ਬੰਦਾ ਸਿੰਘ ਬਹਾਦਰ ਬਾਰੇ ਸਭ ਤੋਂ ਪਹਿਲੀ ਜਾਣਕਾਰੀ ਦੇਣ ਵਾਲੀ ਪਰਸ਼ੀਅਨ ਲਿਖਤ ਅਖ਼ਬਾਰਾਤ-ਏ-ਦਰਬਾਰ-ਏ-ਮੁੱਅਲਾ ਹੈ। ਇਹ ਲਿਖਤ ਬੰਦਾ ਸਿੰਘ ਬਹਾਦਰ ਦੀਆਂ ਰੋਜ਼ਾਨਾ ਗਤੀਵਿਧੀਆਂ ਦਾ ਸਰਕਾਰੀ ਰੋਜ਼ਨਾਮਚਾ ਹੈ। ਇਸ ਲਿਖਤ ਵਿਚ ਹਰ ਥਾਂ 'ਤੇ ਸਿੱਖਾਂ ਨੂੰ ਫਸਾਦੀ, ਦੋਜ਼ਖੀ ਜਾਂ ਲੁਟੇਰੇ ਲਿਖਿਆ ਗਿਆ ਹੈ। ਬੰਦਾ ਸਿੰਘ ਨੂੰ ਮੱਕਾਰ ਗੁਰੂ ਵੀ ਲਿਖਿਆ ਗਿਆ ਹੈ।

ਫਾਰਸੀ ਦੇ ਇਨ੍ਹਾਂ ਸਰੋਤਾਂ ਵਿਚ ਭਾਵੇਂ ਬਹੁਤ ਸਾਰੀਆਂ ਖਾਮੀਆਂ ਹਨ, ਪਰ ਗਾਹੇ-ਬਗਾਹੇ, ਜਾਣੇ-ਅਨਜਾਣੇ, ਸਿੱਧੇ ਤੇ ਅਸਿੱਧੇ ਤਰੀਕੇ ਰਾਹੀਂ ਇਹ ਇਤਿਹਾਸਕਾਰ ਬੰਦਾ ਸਿੰਘ ਬਹਾਦਰ ਅਤੇ ਉਸ ਦੇ ਅਧੀਨ ਲੜੇ ਗਏ ਸਿੱਖ ਸੰਘਰਸ਼ ਦੀ ਸਹੀ ਤਸਵੀਰ ਵੀ ਪੇਸ਼ ਕਰ ਜਾਂਦੇ ਹਨ। ਬੰਦਾ ਸਿੰਘ ਬਹਾਦਰ ਦੀ ਦਲੇਰੀ, ਬਹਾਦਰੀ ਅਤੇ ਹੈਰਾਨੀਜਨਕ ਕਾਰਨਾਮਿਆਂ ਨੂੰ ਇਨ੍ਹਾਂ ਨੇ ਆਪਣੀਆਂ ਲਿਖਤਾਂ ਵਿਚ ਥਾਂ ਦਿੱਤੀ ਹੈ। ਕੁਝ ਇਕ ਦਾ ਮੰਨਣਾ ਹੈ ਕਿ ਮੁਗਲ ਸੈਨਾਪਤੀਆਂ ਦੇ ਦਿਲੋ ਦਿਮਾਗ ਉਤੇ ਬੰਦਾ ਸਿੰਘ ਬਹਾਦਰ ਦੀ ਦਹਿਸ਼ਤ ਇਸ ਕਦਰ ਫੈਲੀ ਹੋਈ ਸੀ ਕਿ ਉਹ ਪੰਜਾਬ ਵੱਲ ਮੂੰਹ ਨਹੀਂ ਸੀ ਕਰਦੇ। ਇਸੇ ਕਰ ਕੇ ਬਾਦਸ਼ਾਹ ਨੂੰ ਖੁਦ ਬੰਦਾ ਸਿੰਘ ਬਹਾਦਰ ਵਿਰੁਧ ਮੁਹਿੰਮ ਦੀ ਅਗਵਾਈ ਕਰਨੀ ਪਈ। ਇਕ ਸੈਨਾਪਤੀ ਵਜੋਂ ਉਸ ਦੀ ਜੰਗੀ ਕਲਾ ਤੇ ਪ੍ਰਤਿਭਾ ਕਮਾਲ ਦੀ ਸੀ। ਉਹ ਬੜੇ ਹੌਸਲੇ ਵਾਲਾ ਅਤੇ ਆਤਮਿਕ ਤੌਰ 'ਤੇ ਏਨਾ ਬਲਵਾਨ ਸੀ ਕਿ ਦੁਨੀਆਂ ਦੀਆਂ ਚੀਜ਼ਾਂ ਉਸ ਨੂੰ ਆਪਣੇ ਇਰਾਦੇ ਅਤੇ ਸਿਦਕ ਤੋਂ ਡੋਗ ਨਹੀਂ ਸਕਦੀਆਂ ਸਨ।

ਫਾਰਸੀ ਦੇ ਇਨ੍ਹਾਂ ਇਤਿਹਾਸਕਾਰਾਂ ਨੂੰ ਵੀ ਇਹ ਹੈਰਾਨੀ ਸੀ ਕਿ ਉਸ ਨੇ ਐਨੀ ਹਿੰਮਤ ਤੇ ਸ਼ਕਤੀ ਕਿੱਥੋਂ ਪ੍ਰਾਪਤ ਕੀਤੀ ਸੀ! ਕੁਝ ਇਤਿਹਾਸਕਾਰ ਉਸ ਨੂੰ ਗੈਬ ਤੋਂ ਉਤਰਿਆ ਸੱਯਦ ਕਹਿੰਦੇ ਸਨ ਤੇ ਕੁਝ ਉਸ ਨੂੰ ਅਸਮਾਨੀ ਆਫਤ ਦਾ ਨਾਮ ਦਿੰਦੇ ਸਨ। ਕੋਈ ਉਸ ਨੂੰ ਜਾਦੂਗਰ ਕਹਿੰਦਾ ਸੀ ਤੇ ਕੋਈ ਕਹਿੰਦਾ ਸੀ ਕਿ ਦਰਿਆਵਾਂ ਦਾ ਪਾਣੀ ਵੀ ਉਸ ਨੂੰ ਰਾਹ ਦੇ ਦਿੰਦਾ ਸੀ। ਉਸ ਦੀ ਅਦਭੁੱਤ ਸ਼ਖ਼ਸੀਅਤ ਦੇ ਕਾਰਨਾਮੇ ਮੁਗਲ ਸੈਨਾ ਲਈ ਬੁਝਾਰਤ ਬਣ ਗਏ ਸਨ। ਕੁਝ ਮਿਸਾਲਾਂ ਹਨ,

**ਇਰਾਦਤ ਖਾਨ:** ਉਸ ਦੇ ਨੇੜੇ ਤੇੜੇ ਦੇ ਇਲਾਕਿਆਂ ਵਿਚ ਕੋਈ ਵਿਅਕਤੀ ਨਹੀਂ ਹੈ ਜਿਹੜਾ ਰੱਬੀ ਕਹਿਰ ਦੇ ਮਾਰੇ ਉਸ (ਬੰਦਾ ਬਹਾਦਰ) ਦੇ ਫਸਾਦ ਨੂੰ ਰੋਕ ਸਕੇ ਅਤੇ ਉਸ ਫਿਤਨੇ ਦੇ ਮੁਕਾਬਲੇ ਦੀ ਤਾਬ ਝੱਲ ਸਕੇ।

**ਮੁਹੰਮਦ ਸਫੀ ਫਾਰਿਦ:** ਚੂਹੜੇ ਤੇ ਚਮਾਰ ਜਿਨ੍ਹਾਂ ਨਾਲੋਂ ਹਿੰਦੁਸਤਾਨ ਵਿਚ ਕੋਈ ਹੋਰ ਕੌਮ ਵਧੇਰੇ ਨਾਪਾਕ ਨਹੀਂ ਹੈ, ਉਸ ਮਰਦੂਦ (ਬੰਦਾ ਬਹਾਦਰ) ਦੀ ਸੇਵਾ ਵਿਚ ਹਾਜ਼ਰ ਹੋ ਕੇ ਆਪਣੇ ਸ਼ਹਿਰ 'ਤੇ ਹਕੂਮਤ ਕਰਨ ਲਈ ਨਿਯੁਕਤ ਹੋ ਰਹੇ ਸਨ। ਜੋ ਭਾਰਤ ਵਿਚ ਨੀਚਾਂ ਤੋਂ ਨੀਚ ਗਿਣੇ ਜਾਂਦੇ ਸਨ, ਉਨ੍ਹਾਂ ਨੂੰ ਵੀ ਹਕੂਮਤ ਕਰਨ ਦਾ ਅਧਿਕਾਰ ਦਿੱਤਾ।

**ਮਿਰਜ਼ਾ ਮੁਹੰਮਦ ਹਾਰਿਸੀ:** ਦਿੱਲੀ ਵਿਚ ਕਿਸੇ ਦਾ ਏਨਾ ਗੁਰਦਾ ਨਹੀਂ ਸੀ ਜਿਹੜਾ ਉਨ੍ਹਾਂ ਬਦਬਖ਼ਤ (ਸਿੱਖਾਂ) ਨੂੰ ਰੋਕ ਸਕਦਾ।

ਦਿੱਲੀ ਵਿਚ ਸਿੱਖਾਂ ਦੇ ਕਤਲ ਦੀ ਵਿਆਖਿਆ ਕਰਦਾ ਉਹ ਲਿਖਦਾ ਹੈ, "ਜੇ ਕੋਈ ਗਲੀ ਤੇ ਬਾਜ਼ਾਰ ਵਾਲਾ ਉਨ੍ਹਾਂ ਨੂੰ ਕਹਿੰਦਾ ਸੀ, ਤੁਹਾਡੇ ਕੀਤੇ ਹੋਏ ਜ਼ੁਲਮਾਂ ਨੇ ਆਖਿਰਕਾਰ ਤੁਹਾਡਾ ਇਹ ਹਾਲ ਕਰ ਛੱਡਿਆ ਹੈ, ਉਹ ਬਹਾਦਰੀ ਨਾਲ ਜਵਾਬ ਦਿੰਦੇ ਸਨ ਅਤੇ ਆਪਣੇ ਗ੍ਰਿਫਤਾਰ ਤੇ ਖੁਆਰ ਹੋਣ ਨੂੰ ਰੱਬ ਦਾ ਭਾਣਾ ਸਮਝਦੇ ਸਨ। ਜੇ ਕੋਈ ਕਹਿੰਦਾ ਸੀ, 'ਹੁਣ ਤੁਹਾਨੂੰ ਜਾਨੋਂ ਮਾਰਨਗੇ' ਤਾਂ ਉਹ ਕਹਿੰਦੇ ਸਨ, ਉਹ ਸਾਨੂੰ ਜਾਨੋਂ ਮਾਰਨ, ਅਸੀਂ ਜਾਨੋਂ ਮਰਨ ਤੋਂ ਕਦੇ ਡਰਦੇ ਹਾਂ। ਜੇ ਡਰਦੇ ਹੁੰਦੇ ਤਾਂ ਤੁਹਾਡੇ ਨਾਲ ਇੰਨੀਆਂ ਜੰਗਾਂ ਕਿਉਂ ਕਰਦੇ। ਅਸੀਂ ਤਾਂ ਕੇਵਲ ਭੁੱਖ ਤੇ ਰਸਦ ਦੀ ਕਮੀ ਕਾਰਨ ਤੁਹਾਡੇ ਹੱਥ ਲੱਗ ਗਏ। ਨਹੀਂ ਤਾਂ ਸਾਡੀ ਬਹਾਦਰੀ ਦੀ ਅਸਲੀਅਤ ਦਾ ਤੁਹਾਨੂੰ ਇਸ ਨਾਲੋਂ ਜ਼ਿਆਦਾ ਪਤਾ ਲੱਗ ਜਾਂਦਾ ਜਿਹੜੀ ਤੁਸੀਂ ਵੇਖੀ ਹੈ।"

**ਅਸਰਾਰਿ ਸਮਦੀ:** 'ਕਹਿਰ ਦੇ ਮਾਰੇ ਸਿੰਘਾਂ ਨੇ ਬਾਵਜੂਦ ਇਸ ਦੇ ਕਿ ਉਨ੍ਹਾਂ ਦੇ ਪੈਰ ਛਾਲਿਆਂ ਨਾਲ ਭਰੇ ਸਨ ਅਤੇ ਉਨ੍ਹਾਂ ਕੋਲ ਭੋਜਨ ਤੇ ਸਵਾਰੀ ਵਾਲੇ ਜਾਨਵਰ ਨਹੀਂ ਸਨ, ਕਿਹੜੀ ਦਲੇਰੀ ਤੇ ਕਿਹੜੀ ਨਿਡਰਤਾ ਨਹੀਂ ਦਿਖਾਈ?

ਉਹ ਸ਼ੇਰਾਂ ਵਾਂਗ ਹਾਥੀਆਂ ਉਤੇ ਚੜ੍ਹ ਗਏ, ਅਤੇ ਹੌਦੇ 'ਚ ਬੈਠੇ ਵਿਅਕਤੀਆਂ ਨੂੰ ਹੇਠਾਂ ਵਗਾਹ ਮਾਰਿਆ, ਜਿਸ ਥਾਂ ਪੁੱਜਣ ਲਈ ਤੇਜ਼ ਤਰਾਰ ਘੋੜੇ ਨੇ ਦੇਰੀ ਕੀਤੀ, ਉਹ (ਸਿੰਘ) ਚੀਤੇ ਵਾਂਗ ਪੈਦਲ ਹੀ ਉਥੇ ਪੁੱਜ ਗਏ।'

### ਖਾਫੀ ਖਾਨ (1731 ਈ.)

'ਜਿਨ੍ਹਾਂ ਲੋਕਾਂ ਨੂੰ ਜੰਗੀ ਤਜਰਬਾ ਹੈ, ਉਹ ਇਸ ਹਕੀਕਤ ਨੂੰ ਭਲੀ ਭਾਂਤ ਜਾਣਦੇ ਹਨ ਕਿ ਜੇ ਦੋ ਤਿੰਨ ਹਜ਼ਾਰ ਸੈਨਿਕਾਂ ਵਿਚੋਂ 100-200 ਸਵਾਰ ਅਜਿਹੇ ਹੋਣ ਜੋ ਬਹਾਦਰੀ, ਕੁਰਬਾਨੀ ਤੇ ਨਮਕ ਹਲਾਲੀ ਦਾ ਜਜ਼ਬਾ ਰੱਖਦੇ ਹੋਣ ਤਾਂ ਉਹ ਉਸ ਫੌਜ ਦੀ ਫਤਿਹ ਦਾ ਸਬੱਬ ਬਣ ਜਾਂਦੇ ਹਨ। ਇਸ ਗਰੋਹ (ਸਿੱਖਾਂ) ਵਿਚ ਐਸਾ ਜਜ਼ਬਾ ਮੌਜੂਦ ਸੀ ਭਾਵੇਂ ਉਨ੍ਹਾਂ ਵਿਚ ਬਹੁ-ਗਿਣਤੀ ਪਿਆਦਿਆਂ ਦੀ ਸੀ। ਉਨ੍ਹਾਂ (ਸਿੱਖਾਂ) ਵਿਚ ਐਸੇ ਘੱਟ ਹੀ ਸਵਾਰ ਜਾਂ ਪਿਆਦੇ ਹੋਣਗੇ ਜੋ ਕੁਰਬਾਨੀ ਦੇ ਬੱਕਰੇ ਵਾਂਗ ਆਪਣੇ ਗੁਰੂ (ਬੰਦਾ ਸਿੰਘ ਬਹਾਦਰ) ਉਪਰ ਜਾਨ ਨਿਛਾਵਰ ਕਰਨ ਵਿਚ ਢਿੱਲ ਮੱਠ ਕਰਦੇ ਹੋਣ।'

ਸਢੌਰਾ ਦੀ ਲੜਾਈ ਦਾ ਜ਼ਿਕਰ ਕਰਦਾ ਹੋਇਆ ਖਾਫੀ ਖਾਨ ਲਿਖਦਾ ਹੈ, ਜੰਗ ਦਾ ਕੀ ਹਾਲ ਲਿਖਾਂ, ਭਾਵ ਬਿਆਨ ਤੋਂ ਬਾਹਰ ਹੈ। ਫਕੀਰਾਂ ਵਾਲੇ ਲਿਬਾਸ ਤੇ ਖ਼ੂੰਖਾਰ ਸ਼ਕਲਾਂ ਵਾਲੇ ਸਿੱਖ 1000-2000 ਆਦਮੀਆਂ ਨੂੰ ਵੱਢਦੇ ਹੋਏ ਅਤੇ ਹਮਲੇ ਉਪਰ ਹਮਲਾ ਕਰਦੇ ਹੋਏ ਵੇਖ ਕੇ ਸ਼ਾਹੀ ਲਸ਼ਕਰ ਭੈਅ-ਭੀਤ ਹੋ ਗਿਆ। ਇਕ ਵਾਰ ਤਾਂ ਇਉਂ ਮਹਿਸੂਸ ਹੋਇਆ ਜਿਵੇਂ ਸ਼ਾਹੀ ਫੌਜ ਦੀ ਹਾਰ ਹੋ ਰਹੀ ਹੈ।

ਉਹ ਕਮਾਲ ਦੀ ਫੁਰਤੀ ਤੇ ਜੋਸ਼ ਨਾਲ ਕਿਲੇ ਵਿਚੋਂ 'ਫਤਹਿ ਦਰਸ਼ਨ' ਤੇ 'ਸੱਚਾ ਪਾਤਸ਼ਾਹ' ਦੇ ਨਾਹਰੇ ਮਾਰਦੇ ਬਾਹਰ ਨਿਕਲਦੇ ਸਨ ਅਤੇ ਪਤੰਗਿਆਂ ਵਾਂਗ ਬਾਵਰੇ ਹੋਏ ਬਹਾਦਰੀ ਨਾਲ ਤੋਪਾਂ ਦੇ ਗੋਲਿਆਂ ਦੀ ਅੱਗ ਵਿਚ ਆਪਣੇ ਆਪ ਨੂੰ ਝੋਕਦੇ, ਤੇਗ ਦੀ ਤਿੱਖੀ ਧਾਰ ਅਤੇ ਬਾਣਾਂ ਤੇ ਨੇਜ਼ਿਆਂ ਦੀ ਤਿੱਖੀ ਨੋਕ ਉਪਰ ਚੜ੍ਹ ਜਾਂਦੇ ਸਨ, ਭਾਵ ਸ਼ਹੀਦ ਹੋ ਜਾਂਦੇ ਸਨ।

### ਮੁਹੰਮਦ ਸਫੀ ਵਾਰਿਦ

'ਜੇ ਹੋਰ ਦਸ ਸਾਲ ਉਸ ਬਾਗ਼ੀ (ਬੰਦਾ ਬਹਾਦਰ) ਦੇ ਜ਼ੁਲਮ ਦਾ ਝੰਡਾ ਇਸ ਧਰਤੀ 'ਤੇ ਝੂਲਦਾ ਰਹਿੰਦਾ ਤਾਂ ਹਿੰਦੁਸਤਾਨ ਦੇ ਵਾਸੀਆਂ ਵਿਚੋਂ ਕਿਸੇ ਸੁੰਨੀ ਮੁਸਲਮਾਨ ਨੇ ਸਤਿਕਾਰਯੋਗ ਕਾਅਬਾ ਦਾ ਸਫ਼ਰ ਇਖਤਿਆਰ ਨਹੀਂ ਕਰਨਾ ਸੀ ਅਤੇ ਮਹਾਨ ਕਾਅਬੇ ਦੇ ਹੱਜ ਦੀ ਰਸਮ ਖ਼ਤਮ ਹੋ ਜਾਣੀ ਸੀ।'

### ਮੁਹੰਮਦ ਕਾਸਿਮ ਲਾਹੌਰੀ

ਉਸ ਬਾਗ਼ੀ ਆਦਮੀ (ਬੰਦਾ ਬਹਾਦਰ) ਦੀ ਜਾਦੂਗਰੀ ਦਾ ਇਸ (ਸ਼ਾਹੀ) ਲਸ਼ਕਰ ਦੇ ਸਰਦਾਰਾਂ ਦੇ ਦਿਲਾਂ ਵਿਚ ਏਨਾ ਜ਼ਿਆਦਾ ਡਰ ਬੈਠ ਗਿਆ ਸੀ ਕਿ ਉਹ ਹਮੇਸ਼ਾ ਦੋਵੇਂ ਹੱਥ ਜੋੜ ਕੇ ਖੁਦਾ ਤੋਂ ਦੁਆ ਮੰਗਦੇ ਸਨ-ਕਾਸ਼ ਉਹ ਗੜ੍ਹੀ ਵਿਚੋਂ ਬਾਹਰ ਨਿਕਲ ਕੇ ਪਹਿਲਾਂ ਵਾਂਗ ਫਰਾਰ ਹੋ ਜਾਵੇ ਤਾਂ ਕਿ ਨੌਕਰੀ ਦੇ ਸਮੇਂ ਤੱਕ ਉਨ੍ਹਾਂ ਦਾ ਵੱਕਾਰ ਤੇ ਇਤਬਾਰ ਵਸਦਾ ਰਹੇ।

*(ਚਲਦਾ)*

---

# ਕਜੀਆ ਨਿਬੇੜੀਏ

**ਸ਼ਬਦ ਝਰੋਖਾ**



ਬਲਜੀਤ ਬਾਸੀ

*ਫੋਨ: 734-259-9353*

ਪਿਛਲੇ ਦਿਨੀਂ 'ਪੰਜਾਬੀ ਲੇਖਕ' ਦੀ ਵੈਬਸਾਈਟ 'ਤੇ ਝਾਤੀ ਮਾਰਦਿਆਂ ਮੇਰੀ ਨਜ਼ਰ ਜਤਿੰਦਰ ਸਿੰਘ ਔਲਖ ਦੇ ਇਕ ਲੇਖ 'ਤੇ ਪਈ ਜਿਸ ਵਿਚ ਉਸ ਨੇ 2-3 ਪੰਜਾਬੀ ਸ਼ਬਦਾਂ ਦੇ ਮੁਢਲੇ ਅਰਥ ਦੱਸੇ ਸਨ। ਉਨ੍ਹਾਂ ਸ਼ਬਦਾਂ ਵਿਚੋਂ ਇੱਕ ਸੀ ਕਜੀਆ। ਇਸ ਸ਼ਬਦ ਦਾ ਉਸ ਨੇ ਬੜਾ ਸਰਸਰੀ ਜਿਹੇ ਢੰਗ ਨਾਲ ਹੀ ਨਿਬੇੜਾ ਕੀਤਾ ਸੀ। ਮੈਂ ਸੋਚਿਆ, ਮੌਕਾ ਸੰਭਾਲੀਏ ਤੇ ਇਸ ਸ਼ਬਦ ਦੇ ਬਖੀਏ ਉਧੇੜੀਏ। ਕਿਸੇ ਸ਼ਬਦ ਦਾ ਖੁਰਾ ਖੋਜ ਲਭਣਾ ਜਾਂ ਤਕਨੀਕੀ ਸ਼ਬਦਾਵਲੀ ਵਿਚ ਸ਼ਬਦ ਦੀ ਨਿਰੁਕਤੀ ਕਰਨ ਦਾ ਆਸ਼ਾ ਹੁੰਦਾ ਹੈ, ਉਸ ਸ਼ਬਦ ਦੀਆਂ ਜੜ੍ਹਾਂ ਤੱਕ ਜਾਣਾ। ਉਸ ਤੋਂ ਬਣੇ ਅਤੇ ਉਸ ਦੇ ਹੋਰ ਭਾਸ਼ਾਵਾਂ ਵਿਚ ਬੈਠੇ ਸਕੇ ਸੋਹਦਰੇ ਲਭਣੇ। ਇਸ ਤਰ੍ਹਾਂ ਕਰਨ ਨਾਲ ਕਿਸੇ ਖਾਸ ਸ਼ਬਦ ਬਾਰੇ ਦਿੱਤਾ ਪਿਛੋਕੜ ਮੰਨਣਯੋਗ ਹੁੰਦਾ ਹੈ। ਹਥਲੇ ਸ਼ਬਦ ਦੀ ਹੀ ਉਦਾਹਰਣ ਲਓ। ਜੇ ਮੈਂ ਕਹਾਂ ਕਿ ਕਜੀਆ ਦਾ ਮੁਢਲਾ ਅਰਥ ਮੁਕੱਦਮਾ ਹੁੰਦਾ ਹੈ ਤਾਂ ਏਨੇ ਨਾਲ ਗੱਲ ਨਹੀਂ ਬਣਦੀ। ਤੁਹਾਨੂੰ ਇਸ ਦਾ ਅੱਗਾ ਪਿੱਛਾ ਫਰੋਲ ਕੇ ਆਪਣੇ ਵਲੋਂ ਕੀਤੇ ਅਰਥਾਪਣ ਨੂੰ ਜਾਇਜ਼ ਠਹਿਰਾਉਣਾ ਹੋਵੇਗਾ। ਚਲੋ ਅੱਜ ਕਜੀਆ ਸ਼ਬਦ ਨੂੰ ਇਸ ਪ੍ਰਕਿਰਿਆ ਵਿਚੋਂ ਲੰਘਾਉਂਦੇ ਹਾਂ। ਸਭ ਤੋਂ ਪਹਿਲਾਂ ਇਸ ਦੀ ਵਰਤੋਂ ਦੇ ਨਮੂਨੇ ਦੇਖ ਲਈਏ,

ਇੱਕ ਵਾਰੀਂ ਜਦ ਉਹ ਪਰਦੇਸੋਂ ਆਇਆ,  
ਤੇ ਟੁਰਨ ਦੇ ਵੇਲੇ ਮੈਂ ਕਜੀਆ ਪਾਇਆ।  
ਚੰਨਾ ਵੇ ਸੁਣ ਲੈ, ਮੈਂ ਜਾਣ ਨੀਂ ਦੇਣਾ।  
ਕਿਓਂ ਜਾਣ ਨੀਂ ਦੇਣਾ?  
ਮੇਰੀ ਵੀ ਜ਼ਿਦ ਹੈ, ਮੈਂ ਜਾਣ ਨੀਂ ਦੇਣਾ।  
-ਕਰਤਾਰ ਸਿੰਘ ਗਿਆਨੀ।

ਪ੍ਰਸਿਧ ਖੇਡ ਲੇਖਕ ਸਰਵਣ ਸਿੰਘ ਨੇ ਕਿਤੇ ਲਿਖਿਆ ਹੈ, "ਆਹ ਧੂਫਾਂ ਬੱਤੀਆਂ ਵਾਲਾ ਕਜੀਆ ਈ ਕਮਲੇ ਕਰੀ ਰੱਖਦੈ। ਅਸੀਂ ਤਾਂ ਸਿੱਧਾ ਠੇਕਾ ਈ ਮੁਕਾ ਲਿਆ। ਵਿਚੇ ਲੰਗਰ, ਵਿਚੇ ਖਾਣ ਪੀਣ ਤੇ ਵਿਚੇ ਲਾਗੀਆਂ ਦਾ ਲੈਣ ਦੇਣ। ਦੋ ਹਜ਼ਾਰ ਡਾਲਰ 'ਚ ਕਾਰਜ ਫਤਿਹ! ਅਜਿਹੇ ਪਾਠਾਂ 'ਚ ਸਿੱਖੀ, ਸੇਵਾ, ਸਿਮਰਨ ਤੇ ਗੁਰਬਾਣੀ ਨੂੰ ਸਮਝਣ ਵਾਲੀ ਕੋਈ ਗੱਲ ਨਹੀਂ ਹੁੰਦੀ...।"

ਪ੍ਰਬੁਧ ਲੇਖਕ ਨੇ ਕਜੀਆ ਦੇ ਨਾਲ ਹੀ ਕਾਰਜ ਜਿਹੇ ਸ਼ਬਦ ਦੀ ਵਰਤੋਂ ਕਰਕੇ ਵਧੀਆ ਅਨੁਪ੍ਰਾਸ ਪੈਦਾ ਕੀਤਾ ਹੈ ਪਰ ਉਸ ਦੇ ਇਸ ਜਤਨ ਨਾਲ ਭੁਲੇਖਾ ਪੈਂਦਾ ਹੈ ਕਿ ਕਜੀਆ ਸ਼ਬਦ ਸ਼ਾਇਦ ਕਾਰਜ ਦਾ ਹੀ ਕੋਈ ਵਿਗੜਿਆ ਰੂਪ ਹੈ। ਕਿਸੇ ਵੀ ਸ਼ਬਦ ਦਾ ਇਤਿਹਾਸ ਫੋਲਣ 'ਤੇ ਪਤਾ ਲਗਦਾ ਹੈ ਕਿ ਸ਼ਬਦ ਦੇ ਅਰਥ ਕਦੇ ਬੱਝਵੇਂ ਨਹੀਂ ਹੁੰਦੇ। ਅਕਸਰ ਹੀ ਸ਼ਬਦਾਂ ਦੇ ਅਰਥਾਂ ਵਿਚ ਉਨਤੀ ਜਾਂ ਨਿਘਾਰ ਆ ਜਾਂਦਾ ਹੈ। ਪਰ ਕਜੀਆ ਦੇ ਸਬੰਧ ਵਿਚ ਇਹ ਮਾਮਲਾ ਨਹੀਂ ਹੈ, ਕਜੀਆ ਦਾ ਕਾਰਜ ਨਾਲ ਕੋਈ ਸਬੰਧ ਹੀ ਨਹੀਂ ਹੈ।

ਕਜੀਆ ਸ਼ਬਦ ਦਾ ਜੋ ਅਰਥ ਅਸੀਂ ਪੰਜਾਬੀ ਸਮਝਦੇ ਹਾਂ ਉਹ ਹੈ, ਝਗੜਾ, ਬਖੇੜਾ, ਪੁਆੜਾ। ਇਹ ਸ਼ਬਦ ਅਰਬੀ ਅਸਲੇ ਦਾ ਹੈ ਤੇ ਇਸ ਭਾਸ਼ਾ ਵਿਚ ਇਸ ਦਾ ਰੂਪ ਹੈ-ਕਜ਼ੀਅਹ। ਇਸ ਤਰ੍ਹਾਂ ਸ਼ਬਦਾਂ ਦੇ ਤਤਸਮ ਰੂਪਾਂ ਪ੍ਰਤੀ ਰੁਚਿਤ ਪੜ੍ਹੇ ਲਿਖੇ ਇਸ ਨੂੰ ਕਜ਼ੀਆ ਵਾਂਗ ਉਚਾਰਨ ਤੇ ਲਿਖਣ ਨੂੰ ਤਰਜੀਹ ਦਿੰਦੇ ਹਨ। ਮੁਢਲੇ ਤੌਰ 'ਤੇ 'ਜ਼' ਧੁਨੀ ਪੰਜਾਬੀ ਵਿਚ ਮੌਜੂਦ ਨਹੀਂ ਸੀ, ਇਸ ਲਈ ਇਸ ਦਾ ਆਮ ਲੋਕਾਂ ਵਿਚ ਕਜੀਆ ਰੂਪ ਹੀ ਪ੍ਰਚਲਿਤ ਹੈ। ਉਂਜ ਵੀ ਇਸ ਦੇ ਪੰਜਾਬੀ ਵਿਚ ਕੁਝ ਅਰਥ ਬਦਲ ਗਏ ਹਨ, ਇਸ ਲਈ ਮੇਰੇ ਖਿਆਲ ਵਿਚ ਇਸ ਸ਼ਬਦ ਦੀ ਕਜੀਆ ਵਜੋਂ ਵਰਤੋਂ ਹੀ ਯੋਗ ਹੈ। ਨਵੀਂ ਪੀੜੀ ਦਾ ਤਾਂ ਇਹ ਹਾਲ ਹੈ ਕਿ ਜਿਥੇ 'ਜ' ਧੁਨੀ ਵਰਤੀ ਜਾਣੀ ਚਾਹੀਦੀ ਹੈ, ਉਥੇ ਇਹ 'ਜ਼' ਲਿਖਦੀ ਹੈ। ਮਿਸਾਲ ਵਜੋਂ ਮਜਬੂਰ ਦੀ ਥਾਂ ਤੇ ਮਜ਼ਬੂਰ।



ਅਰਬੀ ਭਾਸ਼ਾ ਵਿਚ ਕਜੀਆ ਦੇ ਅਰਥ ਹੁੰਦੇ ਹਨ, ਮੁਕੱਦਮਾ। ਤੁਹਾਡਾ ਵੀ ਮਾੜਾ ਮੋਟਾ ਤਜਰਬਾ ਜ਼ਰੂਰ ਹੋਵੇਗਾ, ਮੁਕੱਦਮੇਬਾਜ਼ੀ ਵਿਚ ਜੇ ਬੰਦਾ ਫਸ ਜਾਏ ਤਾਂ ਇਸ ਵਿਚੋਂ ਨਿਕਲਣਾ ਮੁਸ਼ਕਿਲ ਹੁੰਦਾ ਹੈ। ਇਸ ਲਈ ਕਜੀਆ ਸ਼ਬਦ ਵਿਚ ਟੰਟਾ, ਜਭ ਆਦਿ ਭਾਵ ਰਚ ਗਏ, ਬਲਕਿ ਪੰਜਾਬੀਆਂ ਲਈ ਇਹੋ ਮੁਖ ਅਰਥ ਹੈ। ਅਰਬੀ ਵਿਚ ਹੀ ਇਸ ਸ਼ਬਦ ਦੇ ਅਰਥ ਹਨ-ਮੰਤਵ, ਮਨੋਰਥ, ਮੁਕੱਦਮਾ, ਝਗੜਾ, ਹੁਕਮ, ਆਦੇਸ਼।

ਕਜ਼ੀਆ ਅਸਲ ਵਿਚ ਉਹ ਮੁਕੱਦਮਾ ਹੈ ਜੋ ਕਾਜ਼ੀ ਅੱਗੇ ਪੇਸ਼ ਕੀਤਾ ਜਾਏ। ਇਥੇ ਇਹ ਦੱਸਣਾ ਬਣਦਾ ਹੈ ਕਿ ਕਾਜ਼ੀ ਸ਼ਬਦ ਵੀ ਕਜ਼ੀਆ ਦਾ ਹੀ ਸਕਾ ਹੈ। ਕੁਝ ਭਾਸ਼ਾਵਾਂ ਜਿਵੇਂ ਪੰਜਾਬੀ ਆਦਿ ਵਿਚ ਕਾਜ਼ੀ ਦਾ ਕਾਜੀ ਤਾਂ ਬਣਦਾ ਹੀ ਹੈ, ਇਸ ਦਾ ਕਾਦੀ ਰੂਪ ਵੀ ਪ੍ਰਚਲਿਤ ਹੈ। ਇਸ ਦਾ ਕਾਰਨ ਇਹ ਹੈ ਕਿ ਅਰਬੀ ਦੀ 'ਜ਼ਾਲ' ਅੱਖਰ ਨਾਲ ਪ੍ਰਗਟ ਕੀਤੀ ਜਾਂਦੀ ਧੁਨੀ ਇਨ੍ਹਾਂ ਭਾਸ਼ਾਵਾਂ ਵਿਚ 'ਦ' ਦੀ ਤਰ੍ਹਾਂ ਸੁਣਾਈ ਦਿੰਦੀ ਹੈ। ਅਰਬੀ ਕਾਗ਼ਜ਼ ਵੀ ਇਨ੍ਹਾਂ ਕਾਰਨਾਂ ਕਰਕੇ ਪੁਰਾਣੀ ਪੰਜਾਬੀ ਵਿਚ ਕਾਗਦ ਬੋਲਿਆ ਲਿਖਿਆ ਜਾਂਦਾ ਸੀ।

ਕਾਜ਼ੀ ਅਸਲ ਵਿਚ ਇਸਲਾਮੀ ਜੱਜ ਹੈ ਜਿਸ ਦੀ ਮੁਖ ਜ਼ਿੰਮੇਵਾਰੀ ਇਸਲਾਮ ਧਰਮ ਨਾਲ ਸਬੰਧਤ ਮਸਲਿਆਂ ਨੂੰ ਨਜਿੱਠਣਾ ਹੈ, "ਕਾਜ਼ੀ ਹੋਇ ਬਹੈ ਨਿਆਇ" -ਗੁਰੂ ਨਾਨਕ ਦੇਵ। ਕਾਜ਼ੀ ਇਸਲਾਮਿਕ ਵਿਦਿਆ ਦਾ ਗਿਆਤਾ ਹੋਣਾ ਚਾਹੀਦਾ ਹੈ। ਉਸ ਦੇ ਫੈਸਲੇ ਸ਼ਰੀਅਤ ਅਨੁਸਾਰ ਹੋਣੇ ਲਾਜ਼ਮੀ ਹਨ। ਕਾਜ਼ੀ ਦੇ ਫੈਸਲੇ ਵਿਰੁਧ ਕੋਈ ਅਪੀਲ ਨਹੀਂ ਹੋ ਸਕਦੀ। ਕਾਜ਼ੀ ਕਿਸੇ ਤੋਂ ਨਜ਼ਰਾਨਾ ਨਹੀਂ ਲੈ ਸਕਦਾ ਤੇ ਨਾ ਹੀ ਲਾਹੇਵੰਦ ਵਪਾਰ ਕਰ ਸਕਦਾ ਹੈ। ਫਿਰ ਵੀ ਕਾਜੀਆਂ ਦਾ ਇਤਿਹਾਸ ਭ੍ਰਿਸ਼ਟਾਚਾਰ ਨਾਲ ਭਰਿਆ ਪਿਆ ਹੈ। ਭਾਰਤ ਵਿਚ ਮੁਸਲਮਾਨੀ ਰਾਜ ਸਮੇਂ ਕਾਜ਼ੀਆਂ ਦੇ ਭ੍ਰਿਸ਼ਟ ਵਤੀਰੇ ਨੂੰ ਵਾਚਦਿਆਂ ਗੁਰੂ ਨਾਨਕ ਸਾਹਿਬ ਨੇ ਅਸਲੀ ਕਾਜ਼ੀ ਬਾਰੇ ਲਿਖਿਆ ਹੈ,

ਕਾਜੀ ਸੋ ਜੋ ਉਲਟੀ ਕਰੈ॥  
ਗੁਰ ਪਰਸਾਦੀ ਜੀਵਤੁ ਮਰੈ॥

ਅਰਥਾਤ ਕਾਜ਼ੀ ਉਹ ਹੈ ਜੋ ਸੁਰਤ ਨੂੰ ਹਰਾਮ ਦੇ ਮਾਲ ਵਲੋਂ ਮੋੜਦਾ ਹੈ, ਜੋ ਗੁਰੂ ਦੀ ਕਿਰਪਾ ਨਾਲ ਦੁਨਿਆਵੀ ਖਾਹਸ਼ਾਂ ਤੋਂ ਨਿਰਲੇਪ ਰਹਿੰਦਾ ਹੈ। ਇਸੇ ਪਦ ਵਿਚ ਅੱਗੇ ਲਿਖਿਆ ਹੈ,

ਕਾਦੀ ਕੂੜੁ ਬੋਲਿ ਮਲੁ ਖਾਇ॥  
ਬ੍ਰਾਹਮਣੁ ਨਾਵੈ ਜੀਆ ਘਾਇ॥

ਅਰਥਾਤ ਇਸਲਾਮ ਧਰਮ ਦਾ ਨੇਤਾ ਕਾਜ਼ੀ ਵੱਢੀ ਲੈ ਕੇ ਝੂਠ ਬੋਲਦਾ ਹੈ ਅਤੇ ਬ੍ਰਾਹਮਣ ਹੋਰਨਾਂ ਨੂੰ ਦੁਖੀ ਕਰਕੇ ਤੀਰਥ ਇਸ਼ਨਾਨ ਕਰਦਾ ਹੈ। ਧਿਆਨ ਦਿਓ, ਗੁਰੂ ਨਾਨਕ ਦੇਵ ਦੇ ਇਕੋ ਪਦ ਵਿਚ ਕਾਜੀ ਅਤੇ ਕਾਦੀ ਸ਼ਬਦ ਆਏ ਹਨ। ਟੀਕਾਕਾਰ ਅਜਿਹੀ ਵਿਸੰਗਤੀ ਦੀ ਕੋਈ ਵਿਆਖਿਆ ਨਹੀਂ ਕਰਦੇ!

ਵੱਖ ਵੱਖ ਇਸਲਾਮੀ ਦੇਸ਼ਾਂ ਵਿਚ ਕਾਜ਼ੀ ਦੇ ਕਰਤਵ ਵੱਖ ਵੱਖ ਹਨ। ਭਾਰਤ ਵਿਚ ਮੁਸਲਮਾਨੀ ਸ਼ਾਸਨ ਦੌਰਾਨ ਕਾਜ਼ੀ ਕੋਲ ਪ੍ਰਸ਼ਾਸਨਕ, ਨਿਆਇਕ ਅਤੇ ਵਿਤੀ ਸ਼ਕਤੀਆਂ ਹਾਸਿਲ ਸਨ। ਉਸ ਕੋਲ ਆਪਣੇ ਫੈਸਲੇ ਲਾਗੂ ਕਰਵਾਉਣ ਲਈ ਸੈਨਾ ਦੀ ਟੁਕੜੀ ਵੀ ਹੁੰਦੀ ਸੀ। ਭਾਰਤੀ ਖਿੱਤੇ ਵਿਚ ਜਾਤੀ ਪ੍ਰਥਾ ਦਾ ਵਿਆਪਕ ਪ੍ਰਚਲਨ ਹੋਣ ਕਾਰਨ ਕਈ ਹਾਲਤਾਂ ਵਿਚ ਇਥੇ ਕਾਜ਼ੀ ਦਾ ਰੁਤਬਾ ਪਿਤਾ ਪੁਰਖੀ ਹੋ ਗਿਆ। ਸਮਾਂ ਬੀਤਣ ਨਾਲ ਤਾਂ ਇਹ ਪਰਿਵਾਰਕ ਨਾਮ ਦਾ ਹਿੱਸਾ ਹੀ ਬਣ ਗਿਆ। ਇਨ੍ਹਾਂ ਪਰਿਵਾਰਾਂ ਨੂੰ ਮਿਲੀ ਜੱਦੀ ਜ਼ਮੀਨ 'ਤੇ ਵੀ ਇਨ੍ਹਾਂ ਦਾ ਕਬਜ਼ਾ ਬਰਕਰਾਰ ਹੈ। ਮੁਸਲਮਾਨਾਂ ਵਿਚ ਕਈ ਕਾਜ਼ੀ ਪਰਿਵਾਰ ਮਿਲਦੇ ਹਨ।

ਬੰਗਾਲ ਦੇ 'ਬਿਦਰੋਹੀ ਕੋਬੀ' (ਵਿਦਰੋਹੀ ਕਵੀ) ਕਾਜ਼ੀ ਨਾਜ਼ਮ ਹਿਕਮਤ ਦੇ ਵਡੇਰੇ ਕਾਜ਼ੀ ਸਨ। ਖੁਦ ਨਾਜ਼ਮ ਹਿਕਮਤ ਦੀ ਮੁਢਲੀ ਵਿਦਿਆ ਮਸੀਤ ਵਿਚ ਹੋਈ। ਕਮੇਡੀਅਨ ਜੌਹਨੀ ਲੀਵਰ ਦਾ ਅਸਲੀ ਨਾਂ 'ਬਦਰੂਦੀਨ ਕਾਜ਼ੀ' ਹੈ। ਉਹ ਹਿੰਦੁਸਤਾਨ ਲੀਵਰ ਕੰਪਨੀ ਵਿਚ ਕੰਮ ਕਰਦਾ ਸੀ। ਉਥੇ ਉਸ ਨੇ ਇਕ ਸ਼ੋਅ ਦੌਰਾਨ ਆਪਣੀ ਕਾਮੇਡੀ ਦੇ ਉਹ ਜੌਹਰ ਦਿਖਾਏ ਕਿ ਯੂਨੀਅਨ ਦੇ ਲੀਡਰ ਨੇ ਉਸ ਦਾ ਨਾਂ ਜੌਹਨੀ ਲੀਵਰ ਧਰ ਦਿੱਤਾ। ਕਾਜ਼ੀ ਅਲ ਹਾਜਾਤ ਪਰਮਾਤਮਾ ਨੂੰ ਕਹਿੰਦੇ ਹਨ। ਉਂਜ 'ਜੌਨਪੁਰ ਕਾ ਕਾਜ਼ੀ' ਮੁਹਾਵਰੇ ਦਾ ਅਰਥ ਹੁੰਦਾ ਹੈ ਮੂਰਖ ਵਿਅਕਤੀ। ਬੁਲ੍ਹੇ ਸ਼ਾਹ ਨੇ ਕਾਜ਼ੀ ਸ਼ਬਦ ਵਰਤਿਆ ਹੈ,

ਕਿਤੇ ਚੋਰ ਬਣੇ ਕਿਤੇ ਕਾਜ਼ੀ ਹੋ  
ਕਿਤੇ ਮਿੰਬਰ ਤੇ ਬਹਿ ਵਾਜ਼ੀ ਹੋ  
ਕਿਤੇ ਤੇਗ ਬਹਾਦਰ ਗਾਜ਼ੀ ਹੋ  
ਆਪੇ ਅਪਨਾ ਕਟਕ ਬਨਾਈ ਦਾ  
ਹੁਣ ਕਿਸ ਤੋਂ ਆਪ ਲੁਕਾਈ ਦਾ।

ਡਾਕਟਰ ਜਗਤਾਰ ਅਨੁਸਾਰ ਉਪਰੋਕਤ ਵਿਚ ਤੇਗ ਬਹਾਦਰ ਦਾ ਜ਼ਿਕਰ ਦਰਅਸਲ ਗੁਰੂ ਤੇਗ ਬਹਾਦਰ ਵੱਲ ਹੀ ਇਸ਼ਾਰਾ ਹੈ ਪਰ ਇਹ ਦਾਅਵਾ ਸ਼ੱਕੀ ਹੈ।

ਅਰਬੀ ਅਸਲੇ ਵਾਲੇ ਲਫ਼ਜ਼ ਕਾਜ਼ੀ ਜਾਂ ਕਜ਼ੀਆ ਸ਼ਬਦ ਦਾ ਧਾਤੂ 'ਕਜ਼ੀ' ਹੈ ਜਿਸ ਦਾ ਅਰਥ ਆਦੇਸ਼ ਦੇਣਾ, ਹੁਕਮ ਕਰਨਾ, ਨੀਯਤ ਕਰਨਾ ਹੈ। ਕਾਜ਼ੀ ਆਪਣੇ ਫੈਸਲੇ ਦਾ ਹੁਕਮ ਹੀ ਕਰਦਾ ਹੈ। ਇਸ ਧਾਤੂ ਤੋਂ ਇਕ ਹੋਰ ਅਹਿਮ ਸ਼ਬਦ ਬਣਿਆ ਹੈ 'ਕਜ਼ਾ' ਜਿਸ ਦੀ ਕਵਿਤਾ ਵਿਚ ਬਹੁਤ ਵਰਤੋਂ ਹੁੰਦੀ ਹੈ। ਇਸ ਸ਼ਬਦ ਨੂੰ ਅਸੀਂ ਮੌਤ ਦੇ ਅਰਥਾਂ ਵਿਚ ਜਾਣਦੇ ਹਾਂ,

ਦਰਦ ਤੋ ਹੈ ਪਰ ਕਜ਼ਾ ਨਹੀਂ ਹੈ  
ਤੇਰੇ ਸਾਥ ਹੈ ਦੁਨੀਆ ਮੁੱਠੀ ਮੇਂ  
ਵਰਨਾ ਕੋਈ ਮਜ਼ਾ ਨਹੀਂ ਹੈ।

ਜ਼ੌਕ ਨੇ ਸਹੀ ਫਰਮਾਇਆ ਹੈ,

ਲਾਈ ਹਯਾਤ ਆਏ ਕਜ਼ਾ ਲੇ ਚਲੀ ਚਲੇ  
ਅਪਨੀ ਖੁਸ਼ੀ ਸੇ ਆਏ  
ਨਾ ਅਪਨੀ ਖੁਸ਼ੀ ਸੇ ਚਲੇ।  
ਬਿਹਤਰ ਤੋ ਹੈ ਯਹੀ ਕਿ  
ਨਾ ਦੁਨੀਆ ਸੇ ਦਿਲ ਲਗੇ  
ਪਰ ਕਿਆ ਕਰੇਂ ਜੋ ਕਾਮ ਨਾ  
ਬੇਦਿਲ ਲਗੀ ਚਲੇ।

ਕਜ਼ਾ ਦਾ ਅਰਥ ਕਾਜ਼ੀ ਦੀ ਪਦਵੀ ਜਾਂ ਕਾਰਜ ਵੀ ਹੈ। ਇਸ ਨੂੰ ਅਸੀਂ ਕਾਜ਼ੀਪੁਣਾ ਵੀ ਕਹਿ ਸਕਦੇ ਹਾਂ। ਅਸਲ ਵਿਚ ਤਾਂ ਕਜ਼ਾਂ ਦਾ ਵੀ ਮੁਢਲਾ ਅਰਥ ਈਸ਼ਵਰ ਦਾ ਹੁਕਮ ਹੈ। ਧਾਰਮਿਕ ਵਿਚਾਰਧਾਰਾ ਅਨੁਸਾਰ ਮੌਤ ਰੱਬ ਦਾ ਹੁਕਮ ਹੀ ਸਮਝੀ ਜਾਂਦੀ ਹੈ। ਜਿਵੇਂ ਭਾਣਾ ਦਾ ਅਰਥ ਵੀ ਮਨੁਖ ਨੂੰ ਦਰਪੇਸ਼ ਦੁਖਾਂਤਕ ਸਥਿਤੀ ਹੋ ਜਾਂਦਾ ਹੈ। ਅਸੀਂ ਭਾਣਾ ਸ਼ਬਦ ਕਦੇ ਚੰਗੇ ਅਰਥਾਂ ਵਿਚ ਘਟ ਹੀ ਵਰਤਦੇ ਹਾਂ। ਕਜ਼-ਏ-ਇਲਾਹੀ ਅਸਲ ਵਿਚ ਈਸ਼ਵਰ ਦਾ ਭਾਣਾ ਹੁੰਦਾ ਹੈ। ਕਜ਼ਾ ਦਾ ਅਰਥ ਉਹ ਨਮਾਜ਼ ਹੈ ਜੋ ਨੀਯਤ ਸਮੇਂ ਤੋਂ ਪਿਛੋਂ ਕੀਤੀ ਜਾਵੇ। ਇਸ ਲਈ 'ਨਮਾਜ਼ ਕਜ਼ਾ ਹੋਣਾ' ਮੁਹਾਵਰਾ ਰੂੜ ਹੋ ਗਿਆ ਹੈ। ਪੱਛਮੀ ਪੰਜਾਬ ਵਿਚ ਕਜ਼ਾ ਦਾ ਇਕ 'ਵਿਗੜਿਆ' ਰੂਪ 'ਕਜ' ਵੀ ਮਿਲਦਾ ਹੈ ਜਿਸ ਦਾ ਵਿਸ਼ੇਸ਼ ਅਰਥ ਹੈ, ਨੀਯਤ ਸਮੇਂ ਤੋਂ ਬਾਅਦ ਵਿਚ ਨਮਾਜ਼ ਅਦਾ ਕਰਨੀ। 'ਕਜ ਕਰਨੀ' ਮੁਹਾਵਰੇ ਦਾ ਅਰਥ ਹੈ, ਜ਼ਿਦ ਕਰਨੀ ਖਾਸ ਤੌਰ 'ਤੇ ਗਲਤ ਕੰਮ ਦੀ। 'ਕਾਜ਼ੀਏ ਚਰਖ' ਬ੍ਰਹਿਸਪਤੀ ਗ੍ਰਹਿ ਨੂੰ ਆਖਦੇ ਹਨ। 'ਕਾਜ਼ੀਅਤ ਅਲ ਮੌਤ' ਦਾ ਅਰਥ ਮੌਤ ਦੀ ਸਜ਼ਾ ਹੁੰਦਾ ਹੈ। 'ਕਾਜ਼ੀ ਕਾ ਧਗੜਾ' ਦਾ ਮਤਲਬ ਹੈ, ਮੈਂ ਕਿਸੇ ਨੂੰ ਕੀ ਸਮਝਦਾ ਹਾਂ, ਮੇਰੀ ਜਾਣੇ ਬਲਾ।

---

### ਕੌੜੀਆਂ ਲਹਿਰਾਂ

ਅੱਕ, ਨਿੰਮ ਤੇ ਧਤੂਰੇ ਦੀ ਕੁੜਿਤਣ ਘਟ'ਗੀ,  
ਸੁਣਿਐ ਹੁਣ ਕੀੜੇ ਬਹੁਤੇ ਜ਼ਹਿਰੀ ਹੋ ਗਏ।  
ਪਿੰਡਾਂ ਵਿਚ ਰਹਿਣ ਲਈ ਬਹੁਤੇ ਖੁਸ਼ ਨਹੀਂ,  
ਤਾਂਹੀਂ ਲੋਕ ਜ਼ਿਆਦਾ ਹੁਣ ਸ਼ਹਿਰੀ ਹੋ ਗਏ।  
ਟਿਬਿਆਂ 'ਤੇ ਵੀ ਸਬਜ਼ੀਆਂ ਉਗ ਪਈਆਂ,  
ਇਹ ਖਾਲ ਜਦੋਂ ਦੇ ਪੱਕੇ ਨਹਿਰੀ ਹੋ ਗਏ।  
ਧੀਆਂ ਅਣ-ਜੰਮੀਆਂ ਮਾਪਿਆਂ ਮਾਰ'ਤੀਆਂ  
ਦਰਿੰਦੇ ਸੜਕਾਂ 'ਤੇ ਬਹੁਤੇ ਕਹਿਰੀ ਹੋ ਗਏ।  
ਪੋਹ ਦੀਆਂ ਰਾਤਾਂ 'ਚ ਸੱਪਾਂ ਨੂੰ ਮਿੱਧਣ ਵਾਲੇ  
ਮੰਡੀ 'ਚ ਜੱਟ ਲੁਟ ਸਿਖਰ ਦੁਪਹਿਰੀਂ ਹੋ ਗਏ।  
ਸਿਆਸਤ ਵੋਟਾਂ ਦੀ 'ਲੋਕਤੰਤਰ' ਪਿੰਡੀਂ ਵੜਿਆ,  
ਨਾਗ ਕੀਲਣ ਲਈ ਭਾਈ ਭਾਈ ਵੈਰੀ ਹੋ ਗਏ।  
ਨਸ਼ੇ 'ਤੇ ਲਾਈ ਜਵਾਨੀ ਲੀਡਰ ਦੇਸ਼ ਖਾ ਗਏ,  
ਵਿਦੇਸ਼ੀਂ ਜਾ ਕਈ ਹਰਦਿਆਲ 'ਹੈਰੀ' ਹੋ ਗਏ।

*-ਗੁਰਮੇਲ ਬੀਰੋਕੇ*

## ਕਹਾਣੀ

# ਪਲਟਾ

*ਪੰਜਾਬੀ ਦੇ ਮਿਸਾਲੀ ਕਹਾਣੀਕਾਰ ਕੁਲਵੰਤ ਸਿੰਘ ਵਿਰਕ ਦੀ ਇਹ ਕਹਾਣੀ 'ਪਲਟਾ' ਵੀ ਬੇਮਿਸਾਲ ਹੈ। ਲੇਖਕ ਨੇ ਮਨੁੱਖੀ ਮਨ ਦੀਆਂ ਤੰਦਾਂ ਨੂੰ ਇਸ ਕਹਾਣੀ ਵਿਚ ਬਹੁਤ ਸੂਖਮ ਢੰਗ ਨਾਲ ਫੜਿਆ ਹੈ ਅਤੇ ਇਸ ਵਿਚ ਬੰਦੇ ਦੇ ਮਨ ਵਿਚ ਲਗਾਤਾਰ ਵਾਪਰਦੀ ਤਬਦੀਲੀ ਦੇ ਦਰਸ਼ਨ ਹੁੰਦੇ ਹਨ। ਇਸ ਕਹਾਣੀ ਦਾ ਪਾਤਰ ਘਰ ਦੀ ਸਰਦਲ ਦੇ ਬਾਹਰ ਪੈਰ ਧਰਦਾ ਹੈ ਤਾਂ ਉਸ ਦੇ ਸੋਚਣ ਦਾ ਰੰਗ-ਢੰਗ ਹੀ ਬਦਲ ਜਾਂਦਾ ਹੈ। ਪਰਦੇਸ ਤੋਂ ਮੁੜਿਆ ਬੰਦਾ ਕਿੰਨਾ ਕੁਝ ਸਿੱਖ/ਦੇਖ ਕੇ ਆਉਂਦਾ ਹੈ ਅਤੇ ਇਨ੍ਹਾਂ ਸਭ ਗੱਲਾਂ ਨੂੰ ਆਪਣੇ ਅੰਦਰ ਕਿੰਜ ਜਜ਼ਬ ਵੀ ਕਰਦਾ ਹੈ, ਇਹੀ ਇਸ ਕਹਾਣੀ ਦਾ ਹਾਸਲ ਹੈ। ਸਭ ਤੋਂ ਵੱਡੀ ਗੱਲ, ਬਦਲ ਰਹੇ ਸਮਿਆਂ ਬਾਰੇ ਲੇਖਕ ਦਾ ਆਪਣਾ ਨਜ਼ਰੀਆ ਵੀ ਨਾਲੋ-ਨਾਲ ਪੇਸ਼ ਹੋ ਰਿਹਾ ਹੈ। ਵਿਰਕ ਦੀਆਂ ਕਹਾਣੀ ਵਿਚ ਔਰਤ ਪਾਤਰ ਬੜੇ ਸੁਹਜ ਅਤੇ ਸਹਿਜ ਨਾਲ ਪੇਸ਼ ਹੋਏ ਹਨ ਅਤੇ ਉਹ ਇਨ੍ਹਾਂ ਪਾਤਰਾਂ ਦਾ ਖਿਆਲ ਵੀ ਉਨੀ ਹੀ ਜ਼ਿੰਮੇਵਾਰੀ ਨਾਲ ਰੱਖਦਾ ਹੈ। -ਸੰਪਾਦਕ*

ਮੈਂ ਅਤੇ ਮੇਰਾ ਦੋਸਤ ਦਿੱਲੀ ਕਨਾਟ ਪਲੇਸ ਵਿਚ ਫਿਰ ਰਹੇ ਸਾਂ। ਦੁਕਾਨਾਂ ਵਿਚ ਲੱਗੇ ਸਾਮਾਨ ਉਤੇ ਅਸੀਂ ਬਾਹਰੋਂ ਬਾਹਰੋਂ ਝਾਤੀਆਂ ਮਾਰ ਰਹੇ ਸਾਂ। ਸਮੇਂ ਦੀ ਟੋਰ ਨਾਲ ਵਰਤੋਂ ਦੀਆਂ ਵਸਤਾਂ ਦੇ ਬਦਲੇ ਮੁਹਾਂਦਰੇ ਵੇਖ ਕੇ ਮਨ ਪਰਚਾ ਰਹੇ ਸਾਂ। ਕੁਝ ਵਸਤਾਂ ਬਾਰੇ ਤਾਂ ਅਸੀਂ ਵੇਖ ਕੇ ਵੀ ਇਹ ਵੀ ਨਹੀਂ ਦੱਸ ਸਕਦੇ ਸਾਂ ਕਿ ਇਹ ਕਿਸ ਕੰਮ ਆਉਂਦੀਆਂ ਹਨ। ਸਾਡਾ ਬਹੁਤਾ ਧਿਆਨ ਮੌਜ ਮੇਲੇ ਲਈ ਫਿਰ ਰਹੇ ਲੋਕਾਂ ਵੱਲ ਸੀ।



**ਕੁਲਵੰਤ ਸਿੰਘ ਵਿਰਕ**

ਦੁਕਾਨਾਂ ਦੇ ਵਿਚਕਾਰ ਹਵਾਈ ਜਹਾਜ਼ਾਂ ਦੀ ਕੰਪਨੀ ਦਾ ਦਫਤਰ ਸੀ। ਬਾਹਰਲੀ ਕੰਧ ਅਤੇ ਦਰਵਾਜ਼ੇ ਸ਼ੀਸ਼ੇ ਦੇ ਸਨ। ਅੰਦਰੋਂ ਸਭ ਕੁਝ ਦਿਸ ਰਿਹਾ ਸੀ। ਦਫਤਰ ਸ਼ਾਇਦ ਮਸ਼ੀਨ ਨਾਲ ਠੰਢਾ ਕੀਤਾ ਹੋਇਆ ਸੀ ਕਿਉਂਕਿ ਬਾਹਰੋਂ ਹਵਾ ਜਾਣ ਲਈ ਕੋਈ ਰਸਤਾ ਨਹੀਂ ਸੀ। ਅੰਦਰ ਬੜੇ ਸੋਹਣੇ ਸੋਫੇ ਅਤੇ ਗਲੀਚੇ ਵਿਛੇ ਹੋਏ ਸਨ। ਇਕ ਸਿੱਖ ਜਿਹੜਾ ਮੁਹਾਂਦਰੇ ਤੋਂ ਪੇਂਡੂ ਜਾਪਦਾ ਸੀ, ਖੜ੍ਹਾ ਹੋ ਕੇ ਆਪਣੇ ਨਵੇਂ ਪਾਏ ਕੋਟ ਪਤਲੂਨ ਵੱਲ ਵੇਖ ਰਿਹਾ ਸੀ। ਦੋ ਤਿੰਨ ਹੋਰ ਸਿੱਖ ਪੇਂਡੂ ਕੱਪੜਿਆਂ ਵਿਚ ਕੋਲ ਬੈਠੇ ਸਨ। ਕੋਟ ਪਤਲੂਨ ਉਸ ਨੇ ਉਮਰ ਵਿਚ ਪਹਿਲੀ ਵਾਰ ਪਾਈ ਲੱਗਦੀ ਸੀ। ਗਰਮ ਕੱਪੜੇ ਦਾ ਵਧੀਆ ਸੂਟ ਸੀ। ਜਟਕੇ ਤਰੀਕੇ ਨਾਲ ਬੱਧੀ ਪੱਗ ਹੇਠਾਂ ਇਹ ਸੂਟ ਓਪਰਾ ਓਪਰਾ ਲਗਦਾ। ਅਸੀਂ ਵੇਖਣ ਲਈ ਬਾਹਰ ਖੜ੍ਹੇ ਹੋ ਗਏ। ਉਹ ਆਪਣੀਆਂ ਵੱਖੀਆਂ ਅਤੇ ਲੱਤਾਂ ਪੈਰਾਂ ਵੱਲ ਵੇਖ ਵੇਖ ਕੇ ਅਤੇ ਉਤੇ ਹੱਥ ਫੇਰ ਫੇਰ ਕੇ ਇਸ ਦੀ ਫੱਬਤ ਨੂੰ ਟੋਹ ਰਿਹਾ ਸੀ।

ਹਵਾਈ ਕੰਪਨੀ ਦੇ ਦਫਤਰ ਵਿਚ ਖਲੋ ਕੇ ਇਕ ਪੇਂਡੂ ਦਾ ਗਰਮੀਆਂ ਵਿਚ ਗਰਮ ਸੂਟ ਪਾਣ ਦਾ ਮਤਲਬ ਇਹ ਸੀ ਕਿ ਉਹ ਵਲਾਇਤ ਜਾ ਰਿਹਾ ਹੈ।

ਇਸ ਦ੍ਰਿਸ਼ ਤੋਂ ਮੇਰੇ ਦਿਲ ਨੂੰ ਖੋਹ ਜਿਹੀ ਪਈ। ਇਕ ਆਦਮੀ ਜਿਹੜਾ ਨਾ ਬਹੁਤਾ ਪੜ੍ਹਿਆ ਹੋਇਆ ਸੀ ਅਤੇ ਨਾ ਹੀ ਪਹਿਲਾਂ ਕਿਧਰੇ ਭੌਂਵਿਆਂ ਸੀ, ਆਪਣਾ ਦੇਸ ਛੱਡ ਕੇ ਪਰਦੇਸ ਜਾ ਰਿਹਾ ਸੀ! ਮੈਂ ਉਸ ਦੇ ਚਿਹਰੇ ਤੋਂ ਉਸ ਦੇ ਭਾਵ ਪੜ੍ਹਨ ਦੀ ਕੋਸ਼ਿਸ਼ ਕੀਤੀ। ਉਸ ਨੂੰ ਇਸ ਗੱਲ ਦੀ ਬਹੁਤੀ ਚਿੰਤਾ ਨਹੀਂ ਸੀ ਜਾਪਦੀ। ਇਸ ਵੇਲੇ ਉਹ ਆਪਣੇ ਸੂਟ ਵਿਚ ਹੀ ਮਸਤ ਸੀ।

"ਇਸ ਨੂੰ ਤੇ ਜ਼ਰਾ ਝੋਰਾ ਨਹੀਂ!" ਮੈਂ ਆਪਣੀ ਹੈਰਾਨੀ ਆਪਣੇ ਮਿੱਤਰ ਨਾਲ ਸਾਂਝੀ ਕੀਤੀ।

"ਝੋਰਾ ਕਿਸ ਗੱਲ ਦਾ?" ਮੇਰੇ ਮਿੱਤਰ ਨੇ ਮੇਰੀ ਗੱਲ ਸਮਝਦਿਆਂ ਹੋਇਆਂ ਵੀ ਪੁੱਛਿਆ। ਉਹ ਜਲੰਧਰ ਵਿਚ ਸਕੂਲ ਮਾਸਟਰ ਸੀ। ਸੈਂਕੜੇ ਆਦਮੀ ਇਸ ਤਰ੍ਹਾਂ ਟੁਰਦੇ ਵੇਖੇ ਸਨ।

"ਓਏ, ਵਿਚਾਰਾ ਕਿਧਰ ਦਾ ਕਿਧਰ ਜਾ ਡਿਗੇਗਾ। ਜਿਥੇ ਇਹ ਜੰਮਿਆ ਪਲਿਆ ਏ, ਉਸ ਥਾਂ ਉਤੇ ਇਕ ਝਾਤ ਲਈ ਤਰਸ ਜਾਏਗਾ। ਆਪਣੇ ਸਾਕਾਂ ਅੰਗਾਂ ਦੇ ਦੁੱਖ ਸੁੱਖ ਵਿਚ ਜਾ ਆ ਨਹੀਂ ਸਕੇਗਾ। ਬੰਦੇ ਦੇ ਮਨ ਵਿਚ ਹੋਰ ਹੁੰਦਾ ਕਿੰਨਾ ਕੁਝ ਏ?"

"ਬੰਦੇ ਦਾ ਮਨ ਕੋਈ ਗੁਥਲਾ ਏ, ਪਈ ਜੋ ਕੁਝ ਇਸ ਵਿਚ ਪਿਆ ਹੋਇਆ ਏ, ਉਸੇ ਦੀ ਸੰਭਾਲ ਕਰੀ ਜਾਉ?"

"ਹੋਰ ਕੀ ਹੁੰਦਾ ਹੈ ਇਹ, ਮਾਸਟਰ ਜੀ?" ਮੈਂ ਚਿੜ ਕੇ ਕਿਹਾ।

"ਮੈਂ ਤੇ ਸਮਝਨਾਂ ਇਹ ਇਕ ਖੇਤ ਵਾਂਗ ਏ, ਜਿਥੇ ਹਰ ਸਮੇਂ ਕੁਝ ਨਵਾਂ ਉਗਦਾ ਸੁੱਕਦਾ ਰਹਿੰਦਾ ਏ।"

"ਤਾਂ ਹੁਣ ਇਹ ਖੇਤੀ ਕਰੂ ਵਲਾਇਤ ਜਾ ਕੇ, ਆਪਣੇ ਮਨ ਦੀ।"

"ਆਪੇ ਈ ਹੋਈ ਜਾਣੀ ਏ।"

"ਤੂੰ ਤੇ ਐਂ ਗੱਲਾਂ ਕਰਨਾ ਏ, ਜਿਵੇਂ ਓਥੇ ਰਹਿ ਕੇ ਆਇਆ ਹੁੰਨਾ ਏਂ।"

"ਰਹਿ ਕੇ ਤੇ ਨਹੀਂ ਆਇਆ, ਪਰ ਰਹਿ ਕੇ ਆਇਆਂ ਨਾਲ ਵਾਹ ਜ਼ਰੂਰ ਪਿਆ ਏ।"

"ਕਿਥੇ?"

"ਲੰਮੀ ਗੱਲ ਏ, ਬਹਿ ਕੇ ਦੱਸਣ ਵਾਲੀ।" ਉਸ ਨੇ ਸਾਹਮਣੀ ਪਾਰਕ ਵੱਲ ਇਸ਼ਾਰਾ ਕਰ ਕੇ ਕਿਹਾ।

ਅਸੀਂ ਉਥੇ ਇਕ ਬੈਂਚ ਉਤੇ ਬਹਿ ਗਏ। ਉਸ ਨੇ ਆਪਣੀ ਗੱਲ ਛੇੜੀ,

"ਹੁਣ ਵਾਲੇ ਪੇਂਡੂ ਸਕੂਲ ਵਿਚ ਬਦਲੀ ਹੋਣ ਤੋਂ ਪਹਿਲਾਂ ਮੈਂ ਜਲੰਧਰ ਸ਼ਹਿਰ ਵਿਚ ਪੜ੍ਹਾਂਦਾ ਹੁੰਦਾ ਸਾਂ। ਨੇੜੇ ਦੇ ਘਰ ਵਿਚ ਇਕ ਕੁੜੀ ਰਹਿੰਦੀ ਸੀ। ਉਹ ਵੀ ਮਾਸਟਰਨੀ ਸੀ। ਸਕੂਲ ਤੇ ਸਾਡੇ ਵੱਖੋ ਵੱਖਰੇ ਸਨ, ਫਿਰ ਵੀ ਇਕੋ ਕੰਮ ਵਿਚ ਹੋਣ ਕਰ ਕੇ ਵਾਕਫੀ ਹੋ ਗਈ ਤੇ ਫਿਰ ਗੂੜ੍ਹੀ ਦੋਸਤੀ ਪੈ ਗਈ; ਉਹ ਆਪਣੀ ਇਕ ਵਡੇਰੀ ਜਿਹੀ ਮਾਸੀ ਦੇ ਨਾਲ ਰਹਿੰਦੀ ਸੀ। ਇਸ ਲਈ ਉਸ ਨੂੰ ਘਰ ਵਿਚ ਮਿਲਣਾ ਕੋਈ ਔਖੀ ਗੱਲ ਨਹੀਂ ਸੀ। ਦੋਵੇਂ ਪੜ੍ਹਾਉਂਦੇ ਹੋਣ ਕਰ ਕੇ ਸੌ ਗੱਲਾਂ ਸਾਡੀਆਂ ਸਾਂਝੀਆਂ ਸਨ! ਅਸੀਂ ਬਾਹਰ ਅੰਦਰ ਵੀ ਇਕੱਠੇ ਜਾਣ ਲੱਗ ਪਏ।

ਇਕ ਦਿਨ ਅਸੀਂ ਦੋਵੇਂ ਬਜ਼ਾਰ ਵਿਚੋਂ ਲੰਘ ਰਹੇ ਸਾਂ ਕਿ ਇਕ ਆਦਮੀ ਨੇ ਆਦਰ ਨਾਲ ਮੇਰੀ ਸਾਥਣ ਨੂੰ ਨਮਸਕਾਰ ਕੀਤੀ। ਮੈਂ ਬੜਾ ਹੈਰਾਨ ਹੋਇਆ। ਇਹ ਸ਼ਹਿਰ ਦਾ ਇਕ ਬਹੁਤ ਵੱਡਾ ਗੁੰਡਾ ਸੀ। ਕੁੜੀ ਨੇ ਵੀ ਮੁਸਕਰਾ ਕੇ ਜਵਾਬ ਦਿੱਤਾ, ਪਰ ਕੋਈ ਧਿਰ ਵੀ ਗੱਲ ਕਰਨ ਲਈ ਨਾ ਖਲੋਤੀ। ਆਪਣੀ ਉਤਸੁਕਤਾ ਮੈਂ ਬਹੁਤਾ ਚਿਰ ਨਾ ਦੱਬ ਸਕਿਆ ਤੇ ਦੋ ਪੈਰ ਹੀ ਅੱਗੇ ਜਾ ਕੇ ਪੁੱਛਣ ਲੱਗ ਪਿਆ।

ਕੁੜੀ ਨੇ ਦੱਸਿਆ ਕਿ ਇਹ ਉਸ ਦੇ ਭਰਾ ਦਾ ਦੋਸਤ ਹੈ। ਉਸ ਦਾ ਭਰਾ ਹੁਣ ਅੱਗੇ ਪੜ੍ਹਨ ਲਈ ਇੰਗਲੈਂਡ ਗਿਆ ਹੋਇਆ ਹੈ। ਪਹਿਲਾਂ ਏਥੇ ਉਹ ਇਕ ਪ੍ਰਾਈਵੇਟ ਕਾਲਜ ਵਿਚ ਪੜ੍ਹਾਂਦਾ ਸੀ। ਸ਼ਹਿਰ ਦੇ ਚੰਗੀ ਜਾਨ ਵਾਲੇ ਮੁੰਡਿਆਂ ਨਾਲ ਉਹਦਾ ਉਠਣ ਬਹਿਣ ਸੀ। ਧੱਕਾ-ਮੁੱਕੀ ਵੀ ਕਰ ਲੈਂਦਾ ਸੀ। ਉਹ ਭਾਵੇਂ ਪੜ੍ਹਿਆ ਲਿਖਿਆ ਆਦਮੀ ਸੀ, ਪਰ ਉਸ ਕੋਲੋਂ ਕਿਸੇ ਵੇਲੇ ਵੀ ਖਰ੍ਹਵੇ ਤੋਂ ਖਰ੍ਹਵੇ ਕੰਮ ਦੀ ਆਸ ਹੋ ਸਕਦੀ ਸੀ। ਇਹ ਸਾਰੇ ਗੁੰਡੇ ਉਸ ਦੇ ਦੋਸਤ ਸਨ ਤੇ ਓਦੋਂ ਦੇ ਹੀ ਮੈਨੂੰ ਜਾਣਦੇ ਨੇ।

ਫਿਰ ਇਕ ਦਿਨ ਉਸ ਮੈਨੂੰ ਕਿਹਾ ਕਿ ਮੈਂ ਇਕ ਦੁਕਾਨ ਤੋਂ ਘੜੀ ਲੈਣੀ ਹੈ। ਤੂੰ ਮੇਰੇ ਨਾਲ ਚੱਲੀਂ। ਜਿਸ ਦੁਕਾਨ ਦਾ ਪਤਾ ਉਸ ਮੈਨੂੰ ਦੱਸਿਆ, ਉਹ ਘੜੀਆਂ ਦੀ ਨਹੀਂ, ਸਗੋਂ ਸੋਡੇ ਵਾਟਰ ਦੀ ਸੀ। ਮੈਂ ਕਿਹਾ, ਸੋਡੇ ਵਾਟਰ ਦੀ ਦੁਕਾਨ ਤੋਂ ਘੜੀ ਕਿਸ ਤਰ੍ਹਾਂ ਮਿਲੇਗੀ? ਉਸ ਨੇ ਦੱਸਿਆ ਕਿ ਉਸ ਦੁਕਾਨ ਵਾਲੇ ਕੋਲ ਸਮਗਲਿੰਗ ਦਾ ਮਾਲ ਆਉਂਦਾ ਹੈ, ਵਿਚੇ ਹੀ ਘੜੀਆਂ ਵੀ। ਉਹ ਸਾਨੂੰ ਬਹੁਤ ਵਧੀਆ ਘੜੀ ਸਸਤੀ ਦੇ ਦੇਵੇਗਾ। ਮੇਰੇ ਭਰਾ ਦਾ ਦੋਸਤ ਹੈ। ਇਸੇ ਤਰ੍ਹਾਂ ਹੋਇਆ। ਉਸ ਆਦਮੀ ਨੇ ਨੌਕਰ ਭੇਜ ਕੇ ਇਕ ਘੜੀਆਂ ਦਾ ਡੱਬਾ ਮੰਗਵਾਇਆ ਤੇ ਉਸ ਵਿਚੋਂ ਇਕ ਮਸ਼ਹੂਰ ਕੰਪਨੀ ਦੀ ਘੜੀ ਕੱਢ ਕੇ ਉਸ ਨੇ ਦੇ ਦਿੱਤੀ।

ਇਕ ਦਿਨ ਮੈਂ ਉਸ ਤੋਂ ਪੁੱਛਿਆ, ਤੂੰ ਅਜੇ ਤੱਕ ਵਿਆਹ ਕਿਉਂ ਨਹੀਂ ਕਰਵਾਇਆ? ਉਹ ਪੰਝੀਆਂ ਛੱਬੀਆਂ ਵਰ੍ਹਿਆਂ ਦੀ ਹੋ ਗਈ ਸੀ। ਉਸ ਨੇ ਕਿਹਾ, ਤਿੰਨ ਚਾਰ ਸਾਲ ਹੋਏ ਮੈਨੂੰ ਇਕ ਮੁੰਡਾ ਚੰਗਾ ਲੱਗਾ ਸੀ। ਮਾਸਟਰ ਹੀ ਸੀ ਉਹ ਵੀ, ਉਂਜ ਘਰੋਂ ਮਾੜਾ ਸੀ। ਅਸੀਂ ਇਕੋ ਸਕੂਲ ਵਿਚ ਪੜ੍ਹਾਂਦੇ ਸਾਂ। ਉਹ ਸਾਡੇ ਘਰ ਵੀ ਆਉਣ ਜਾਣ ਲੱਗ ਪਿਆ। ਮੇਰੇ ਭਰਾ ਨੂੰ ਇਹ ਗੱਲ ਬੁਰੀ ਲੱਗੀ। ਉਸ ਮੈਨੂੰ ਵਰਜਿਆ। ਮੈਂ ਕਿਹਾ, ਮੈਂ ਇਸ ਤੋਂ ਪਿਛਾਂਹ ਨਹੀਂ ਹਟ ਸਕਦੀ, ਮੈਂ ਇਸੇ ਨਾਲ ਵਿਆਹ ਕਰਵਾਣਾ ਹੈ। ਭਰਾ ਨੇ ਕਿਹਾ, ਤੂੰ ਆਪਣੀ ਮਰਜ਼ੀ ਨਹੀਂ ਕਰ ਸਕਦੀ।

ਇਕ ਦਿਨ ਮੈਂ ਘਰ ਆ ਕੇ ਵੇਖਿਆ, ਬੂਹੇ ਓਹਲੇ ਇਕ ਕਿਰਪਾਨ ਪਈ ਸੀ। ਆਪਣੇ ਭਰਾ ਦੇ ਸੁਭਾਅ ਨੂੰ ਮੈਂ ਜਾਣਦੀ ਸਾਂ, ਡਰ ਗਈ। ਆਪਣੀ ਖਾਤਰ ਵੀ ਤੇ ਉਸ ਮੁੰਡੇ ਦੀ ਖਾਤਰ ਵੀ। ਮੈਂ ਉਸ ਦੇ ਪੈਰੀਂ ਡਿੱਗ ਕੇ ਮਾਫੀ ਮੰਗੀ ਤੇ ਬਚਨ ਦਿੱਤਾ ਕਿ ਫਿਰ ਕਦੀ ਉਸ ਦੇ ਮੱਥੇ ਨਹੀਂ ਲੱਗਾਂਗੀ। ਇਸ ਪਾਸੇ ਮੇਰੇ ਭਰਾ ਦੇ ਵਸੀਲੇ ਖੁੱਲ੍ਹੇ ਸਨ ਤੇ ਮੈਂ ਇਹ ਵੀ ਸਮਝਦੀ ਸਾਂ ਕਿ ਕੋਈ ਵੀ ਕੰਮ ਉਸ ਲਈ ਔਖਾ ਨਹੀਂ। ਉਹ ਵਿਚਾਰਾ ਮਾਂ ਦਾ ਪੁੱਤਰ ਮੇਰੇ ਪਿੱਛੇ ਕਿਉਂ ਜਾਨ ਗਵਾਂਦਾ? ਹੋਰ ਕਿਧਰੇ ਵਿਆਹ ਕਰਵਾ ਸਕਦਾ ਸੀ। ਮੇਰਾ ਤੇ ਹੋਰ ਕਿਸੇ ਨਾਲ ਕਰਾਣ ਨੂੰ ਜੀ ਹੀ ਨਹੀਂ ਸੀ ਕਰਦਾ। ਮਗਰੋਂ ਉਸ ਦੀ ਏਥੋਂ ਬਦਲੀ ਹੋ ਗਈ। ਪਿੱਛੋਂ ਮੇਰੇ ਭਰਾ ਨੇ ਮੈਨੂੰ ਦੱਸਿਆ ਕਿ ਅਸਾਂ ਤੁਹਾਨੂੰ ਦੋਹਾਂ ਨੂੰ ਮਾਰ ਕੇ ਲਾਸ਼ਾਂ ਖੁਰਦ-ਬੁਰਦ ਕਰ ਦੇਣੀਆਂ ਸਨ ਤੇ ਠਾਣੇ ਇਹ ਪਰਚਾ ਦੇਣਾ ਸੀ ਕਿ ਉਹ ਮਾਸਟਰ ਸਾਡੀ ਭੈਣ ਨੂੰ ਭਜਾ ਕੇ ਲੈ ਗਿਆ ਹੈ।

ਫਿਰ ਇਕ ਦਿਨ ਉਸ ਕੁੜੀ ਨੇ ਮੈਨੂੰ ਦੱਸਿਆ ਕਿ ਮੇਰਾ ਭਰਾ ਵਲਾਇਤੋਂ ਮੁੜਨ ਹੀ ਵਾਲਾ ਏ ਤੇ ਮੈਨੂੰ ਤੇਰੇ ਵੱਲੋਂ ਵੀ ਡਰ ਲੱਗਣ ਲੱਗ ਪਿਆ ਏ। ਜੇ ਉਸ ਨੂੰ ਪਤਾ ਲੱਗ ਗਿਆ ਜਾਂ ਉਸ ਨੇ ਵੇਖ ਲਿਆ ਤਾਂ ਪਤਾ ਨਹੀਂ ਕੀ ਬਣੇ! ਮੈਂ ਵੀ ਆਪਣੇ ਥਾਂ ਡਰਨ ਲੱਗ ਪਿਆ। ਮਰਨਾ ਕੌਣ ਚਾਹੁੰਦਾ ਏ? ਇਨ੍ਹਾਂ ਨੇ ਤੇ ਪਤਾ ਈ ਨਹੀਂ ਸੀ ਲੱਗਣ ਦੇਣਾ, ਪਈ ਗਿਆ ਕਿਧਰ ਏ!

ਪਰ ਮੈਥੋਂ ਛੱਡੀ ਵੀ ਨਹੀਂ ਸੀ ਜਾਂਦੀ ਉਹ। ਦੋ ਦਿਨ ਨਾ ਜਾਂਦਾ ਤਾਂ ਉਸ ਦਾ ਘਰ ਤੇ ਉਸ ਦੇ ਅੰਗ ਅੱਖਾਂ ਅੱਗੇ ਫਿਰਨ ਲੱਗ ਪੈਂਦੇ। ਮੇਰੀ ਹੋਸ਼ ਕਿਸੇ ਮੇਰੇ ਕੰਮ ਆਉਣ ਦੀ ਥਾਂ ਉਨ੍ਹਾਂ ਦੇ ਵਿਚ ਸਮਾਈ ਰਹਿੰਦੀ ਤੇ ਮੈਂ ਮਿੱਟੀ ਦਾ ਬੁੱਤ ਬਣ ਜਾਂਦਾ। ਕੁਝ ਇਹ ਵੀ ਖਿਆਲ ਆਉਂਦਾ ਕਿ ਮੇਰੇ ਬਿਨਾਂ ਉਸ ਦਾ ਕੌਣ ਹੈ? ਉਸ ਨੇ ਹੁਣ ਆਪਣੀ ਜ਼ਿੰਦਗੀ ਹੀ ਕੁਝ ਇਸ ਤਰ੍ਹਾਂ ਦੀ ਬਣਾ ਲਈ ਹੋਈ ਸੀ।

ਫਿਰ ਉਸ ਦੇ ਭਰਾ ਦੇ ਮੁੜਨ ਦਾ ਦਿਨ ਨੇੜੇ ਆਉਣ ਲੱਗਾ। ਪੱਕੀ ਤਰੀਕ ਕੋਈ ਨਹੀਂ ਸੀ। ਉਸ ਨੇ ਹੋਰ ਸਾਕਾਂ-ਅੰਗਾਂ ਨੂੰ ਮਿਲਦੇ-ਮਿਲਾਂਦੇ ਕਿਸੇ ਦਿਨ ਆਉਣਾ ਸੀ। ਇਕ ਦਿਨ ਮੈਂ ਗਿਆ ਤਾਂ ਇਕ ਬੜੀ ਸ਼ਾਨ ਵਾਲਾ ਆਦਮੀ ਘਰ ਬੈਠਾ ਸੀ। ਮੈਂ ਸੋਚਿਆ, ਅੱਜ ਮੈਂ ਨਾ ਹੀ ਆਉਂਦਾ ਤਾਂ ਚੰਗਾ ਸੀ। ਮੇਰੇ ਬਾਰੇ ਸ਼ਾਇਦ ਮਾਸੀ ਨੇ ਅਤੇ ਉਸ ਕੁੜੀ ਨੇ ਦੱਸ ਦਿੱਤਾ ਹੋਇਆ ਸੀ। ਉਹ ਮੈਨੂੰ ਪੁਰਾਣੇ ਵਾਕਫਾਂ ਵਾਂਗ ਮਿਲਿਆ। ਮੈਂ ਸਿਰ ਨੀਵਾਂ ਸੁਟ ਕੇ ਬੈਠ ਗਿਆ। ਸਮਝ ਨਹੀਂ ਸੀ ਆਉਂਦੀ ਕਿ ਕਿਸ ਤੱਕਣੀ ਨਾਲ ਵੇਖਾਂ। ਉਹ ਕੱਲ੍ਹ ਦਾ ਆਇਆ ਹੋਇਆ ਸੀ। ਚਲੋ, ਜੋ ਹੋਵੇ, ਸੋ ਹੋਵੇ, ਮੈਂ ਸੋਚਿਆ।

"ਤੁਸੀਂ ਚਾਹ ਪੀਓਗੇ? ਅਸੀਂ ਹੁਣੇ ਪੀ ਕੀ

*(ਬਾਕੀ ਅਗਲੇ ਸਫੇ 'ਤੇ)*

# ਪੌੜੀ

***ਵਿਦੇਸ਼/ਪਰਦੇਸ ਨੇ ਪੰਜਾਬੀਆਂ ਲਈ ਜ਼ਿੰਦਗੀ ਦੇ ਅਰਥ ਹੀ ਬਦਲ ਕੇ ਰੱਖ ਦਿੱਤੇ ਹਨ। ਜਿਹੜੇ ਸਰੋਕਾਰ ਬੰਦੇ ਨੂੰ ਬੰਦਾ ਬਣਾਈ ਰੱਖਣ ਲਈ ਸਹਾਈ ਹੁੰਦੇ ਹਨ ਅਤੇ ਬਹੁਤ ਵਾਰ ਸੜ-ਤਪ-ਬਲ ਰਹੇ ਦਿਲਾਂ ਲਈ ਮਰਹਮ ਦਾ ਕੋਈ ਫੇਹਾ ਬਣਦੇ ਹਨ; ਇਨ੍ਹਾਂ ਤੋਂ ਪੰਜਾਬੀ, ਪਰਦੇਸ ਦੇ ਲਾਲਚ ਵਿਚ ਪੱਲਾ ਛੁਡਾ ਰਹੇ ਹਨ। ਹਰਭਜਨ ਹਾਂਸ ਦੀ ਕਹਾਣੀ 'ਪੌੜੀ' ਇਸੇ ਤਰ੍ਹਾਂ ਦਾ ਬਿਆਨ ਹੈ। ਕਹਾਣੀ ਦਾ ਨਾਇਕ ਕਦੋਂ ਖਲਨਾਇਕ ਦਾ ਰੂਪ ਧਾਰ ਕੇ ਪ੍ਰਗਟ ਹੋ ਜਾਂਦਾ ਹੈ, ਪਤਾ ਹੀ ਨਹੀਂ ਲੱਗਦਾ। ਇਸ ਖਲਨਾਇਕੀ ਕਰ ਕੇ ਕਿੰਨੀਆਂ ਕੰਜਕਾਂ ਦੀਆਂ ਜ਼ਿੰਦਗੀਆਂ, ਲੀਹ ਤੋਂ ਲਹਿ ਜਾਂਦੀਆਂ ਹਨ, ਕਿਤੇ ਕੋਈ ਹਿਸਾਬ-ਕਿਤਾਬ ਨਹੀਂ ਹੈ। ਇਸ ਖਾਮੋਸ਼ ਕਤਲੋ-ਗਾਰਤ ਲਈ ਤਾਂ ਬਹੁਤ ਵਾਰ ਹਾਅ ਦਾ ਨਾਅਰਾ ਤੱਕ ਨਹੀਂ ਲੱਗਦਾ। ਬੱਸ, ਧੀਆਂ ਦਾ ਕਸੂਰ ਕੱਢ ਕੇ ਅਗਲੇ ਅਗਾਂਹ ਤੁਰ ਜਾਂਦੇ ਹਨ। -ਸੰਪਾਦਕ***

**ਹਰਭਜਨ ਹਾਂਸ**

ਜਿਉਂ ਹੀ ਇਮੀਗ੍ਰੇਸ਼ਨ ਅਫਸਰ ਨੇ ਜਸਵੀਰ ਦੇ ਪਾਸਪੋਰਟ 'ਤੇ ਲੈਂਡਿਡ ਇਮੀਗ੍ਰਾਂਟ ਦੀ ਮੋਹਰ ਲਾਈ, ਉਸ ਨੇ ਇਕੋ ਝਪਟ ਨਾਲ ਪਾਸਪੋਰਟ ਖੋਹ ਕੇ ਦਫਤਰੋਂ ਭੱਜਣ ਦੀ ਕੀਤੀ; ਮਤੇ ਅਫ਼ਸਰ ਮੋਹਰ ਕੈਂਸਲ ਕਰ ਦੇਵੇ! ਉਸ ਦੀ ਪਤਨੀ ਨੂੰ ਉਹਦੇ ਨਾਲ ਕਦਮ ਮਿਲਾਉਣ ਲਈ ਭੱਜਣਾ ਹੀ ਪਿਆ। ਦਫਤਰ ਦੇ ਬਾਹਰ ਸੜਕ ਦੇ ਕਿਨਾਰੇ ਲੱਗੇ ਦਰਖਤਾਂ ਦੀ ਛਾਂ ਹੇਠ ਖੜ੍ਹ ਕੇ ਉਸ ਨੇ ਡੂੰਘਾ ਸਾਹ ਲਿਆ। ਉਹਨੂੰ ਲੱਗਿਆ ਜਿਵੇਂ ਉਹਦੇ ਫੇਫੜਿਆਂ ਨੂੰ ਕਿੰਨੇ ਚਿਰ ਬਾਅਦ ਆਕਸੀਜਨ ਨਸੀਬ ਹੋਈ ਹੋਵੇ!

ਅੱਜ ਉਹਨੂੰ ਡਾਊਨ ਟਾਊਨ ਦੀਆਂ ਉਚੀਆਂ ਸ਼ਾਨਦਾਰ ਬਿਲਡਿੰਗਾਂ ਸੁਹਣੀਆਂ ਸੁਹਣੀਆਂ ਲੱਗ ਰਹੀਆਂ ਸਨ। ਦਰਖਤਾਂ ਦੇ ਹਰੇ ਕਚੂਰ ਪੱਤੇ ਉਹਦੀਆਂ ਅਖਾਂ 'ਚ ਠੰਢ ਪਾ ਰਹੇ ਸਨ। ਕਿੰਨਾ ਫਰਕ ਪਾ ਦਿੱਤਾ ਸੀ ਕਾਗ਼ਜ਼ ਤੇ ਲੱਗੀ ਇਕ ਮੋਹਰ ਨੇ! ਪਹਿਲੋਂ ਇਹੀ ਚੁਗਿਰਦਾ ਉਹਨੂੰ ਵੱਢ ਵੱਢ ਖਾਂਦਾ ਸੀ। ਭੈਅ ਨਾਲ ਉਹਦੀ ਜਾਨ ਮੁੱਠੀ 'ਚ ਆਈ ਰਹਿੰਦੀ। ਪਤਾ ਨਹੀਂ ਕਿਹੜੀ ਨੁਕਰੋਂ ਕਿਸੇ ਅਫਸਰ ਨੇ ਨਿਕਲ ਕੇ ਉਹਨੂੰ ਗੈਰਕਾਨੂੰਨੀ ਪਰਵਾਸੀ ਕਹਿ ਕੇ ਜੇਲ੍ਹ ਦੀ ਕਾਲ ਕੋਠੜੀ 'ਚ ਤੁੰਨ੍ਹ ਦੇਣਾ ਸੀ।

ਕਿੰਨਾ ਲੰਬਾ ਸਫਰ ਸੀ ਦਿੱਲੀ ਦੀ ਕੈਨੇਡੀਅਨ ਅੰਬੈਸੀ ਤੋਂ ਇਸ ਇਮੀਗ੍ਰੇਸਨ ਦੇ ਦਫਤਰ ਤੱਕ ਦਾ!

ਹਜ਼ਾਰਾਂ ਗਰੀਬ ਕਿਸਾਨਾਂ ਦੇ ਪੁੱਤਰਾਂ ਵਾਂਗ ਸੋਨੇ ਦੇ ਮਿਰਗ ਦੀ ਤਲਾਸ਼ 'ਚ ਲੁੱਟੇ-ਪੁੱਟੇ ਜਾਣ ਵਾਲੀ ਕਹਾਣੀ ਦਾ ਜਸਵੀਰ ਵੀ ਇਕ ਰਟਿਆ-ਰਟਾਇਆ ਪਾਤਰ ਸੀ। ਕਿਸੇ ਗੌਣ ਵਾਲੇ ਦੀ ਪਾਰਟੀ ਨਾਲ਼ ਕੈਨੇਡਾ ਭੇਜਣ ਦੇ ਸੱਤ-ਲੱਖੀਏ ਵਾਅਦੇ ਕਾਰਨ ਉਹ ਅੰਬੈਸੀ ਦੇ ਸਾਹਮਣੇ ਆਪਣੇ ਵਰਗਿਆਂ ਦੀ ਲੰਬੀ ਕਤਾਰ 'ਚ ਖੜ੍ਹਾ ਸੀ।

"ਭਾਅ ਜੀ!" ਜਸਵੀਰ ਨੇ ਨਾਟੇ ਜਿਹੇ ਏਜੰਟ ਜਿਹੜਾ ਭੀੜ ਨਾਲ ਸਾਲੀ-ਜੀਜੇ ਦੇ ਮਸ਼ਗੂਲਿਆਂ ਵਾਂਗ ਹੱਸ ਹੱਸ ਕੇ ਟਿਚਕਰਬਾਜ਼ੀ 'ਚ ਮਸਰੂਫ ਸੀ, ਨੂੰ ਬਲਾਉਂਦਿਆਂ ਕਿਹਾ।

"ਹਾਂ ਬਈ ਜੱਸੀ ਸੇਠ, ਕਰ ਹੁਕਮ?"

"ਹੁਕਮ ਕਾਹਦਾ ਜੀ, ਡਰ ਲੱਗੀ ਜਾਂਦਾ। ਜਿਹੜੇ ਚਾਰ ਕੀਲੇ ਸੀਗੇ, ਧਰ ਕੇ ਥੋਨੂੰ ਦੇ'ਤੇ। ਜੇ ਗੱਲ ਸਿਰੇ ਨਾ ਲੱਗੀ, ਅਸੀਂ ਤਾਂ ਪੱਟੇ ਈ ਜਾਵਾਂਗੇ!"

"ਓਏ ਜੱਸੀ ਸੇਠਾ, ਮਨ ਨੂੰ ਖੜ੍ਹਾ। ਤੈਨੂੰ ਵੀਹ ਵਾਰੀ ਕਿਹਾ, ਬਈ ਸਾਡੇ ਭੇਜੇ ਪੱਤਣੀਂ ਜਾ ਕੇ ਖੜ੍ਹਦੇ ਆ, ਵਿਚ-ਵਿਚਾ਼ਲੇ ਨ੍ਹੀਂ। ਨਾ਼ਲੇ ਤੈਨੂੰ ਜੀਹਦੇ ਨਾਲ ਭੇਜ ਰਿਹਾਂ, ਇਹਨੇ ਤਾਂ ਪੰਜਾਬ ਪੁਲਿਸ ਦੀ ਮਾਰ ਤੋਂ ਜਿੰਨੇ ਮੁੰਡੇ ਬਚਾਏ ਨੇ, ਸਾਰੇ ਕਨੇਡਾ ਵਾੜ'ਤੇ। ਇਹਦੇ ਨਾ਼ਲ ਜਿੰਨੇ ਮਰਜ਼ੀ ਤੂੰਬੀ ਢੋਲਕੀ ਵਾ਼ਲੇ ਹੋਣ, ਮਜਾਲ ਐ ਅੰਬੈਸੀ ਆ਼ਲੇ ਨਾਂਹ ਕਰਨ।"

"ਹੱਛਾ ਜੀ!" ਜਸਵੀਰ ਦਾ ਹੌਸਲਾ ਬੁਲੰਦ ਹੋ ਗਿਆ।

"ਢੋਲਕੀ ਦੀ ਟ੍ਰੇਨਿੰਗ ਤਾਂ ਪੂਰੀ ਲੈ ਲਈ ਸੀ ਨਾ। ਮਿਲਾਉਣਾ ਤਾਲ ਨਾਲ ਤਾਲ!" ਏਜੰਟ ਅੱਖਾਂ ਮਟਕਾਉਂਦਾ ਬੋਲਿਆ।

"ਤਾਲ ਕਾਹਦੇ ਮੇਲਣੇ ਆ ਜੀ, ਜੱਟ ਦਾ ਪੁੱਤ ਤਾਂ ਬੱਸ ਨੱਕੇ ਛੱਡਣ ਜੋਗਾ ਹੀ ਹੁੰਦਾ!"

"ਓਏ ਜੱਸੀ ਸੇਠਾ, ਜੱਟਾਂ ਦੀ ਸੁਣ ਲੈ। ਧਰਮਰਾਜ ਜਦੋਂ ਬਾਣੀਏ ਨੂੰ ਦੁਨੀਆਂ 'ਤੇ ਭੇਜਣ ਲੱਗਾ ਤਾਂ ਕਹਿੰਦਾ-'ਲਾਲਾ ਜੀ! ਪਹਿਲਾਂ ਤੁਸੀਂ ਧਰਤੀ 'ਤੇ ਜਾਣਾ ਕਿ ਥੋਡੀ ਅਕਲ ਜਾਵੇ!' ਬਾਣੀਆ ਤਿੱਖਾ, ਹੱਥ ਜੋੜ ਕੇ ਬੋਲਿਆ-'ਪਾਤਸ਼ਾਹੋ! ਅਕਲ ਰਾਣੀ ਨੂੰ ਭੇਜੋ ਪਹਿਲਾਂ!' ਫੇਰ ਇਹੀ ਸਵਾਲ ਧਰਮਰਾਜ ਨੇ ਜੱਟ ਤੋਂ ਪੁੱਛਿਆ, ਤਾਂ ਪਤਾ ਕੀ ਜਵਾਬ ਮਿਲਿਆ, 'ਬੂਬਨਿਆ! ਗੋਲੀ ਮਾਰ ਅਕਲ ਦੇ, ਮੈਂ ਸਾਲੀ ਤੋਂ ਗੰਢੇ ਗਡਾਉਣੇ ਨੇ। ਮੈਂ ਚਲਦਾਂ, ਭੇਜਦੀਂ ਜੇ ਭੇਜਣੀ ਹੋਈ ਪਿਛੋਂ।' ਤੇ ਧਰਮਰਾਜ ਨੇ ਹੁਣ ਬਿਲਟੀ ਕੀਤੀ ਐ ਜੱਟ ਦੀ ਅਕਲ! ਆਹ ਦੇਖ ਲੈ, ਹਰੇਕ ਮੋੜ 'ਤੇ ਜੱਟ ਤੂੰਬੀ ਚੁੱਕੀ ਫਿਰਦੇ ਨੇ। ਨਿਰਾ ਲਾਹੇ ਦਾ ਸੌਦਾ। ਚਾਰ ਕੁ ਲਿਲਕਾਂ ਮਾਰੋ, ਪੈਸੇ ਤਾਂ ਸ਼ਰਾਬੀ ਲਾਣਾ ਜੇਬਾਂ 'ਚੋਂ ਊਈਂ ਵਰ੍ਹਾਉਣ ਨੂੰ ਤਿਆਰ ਰਹਿੰਦਾ!"

"ਮੈਥੋਂ ਵਜਵਾ ਕੇ ਤਾਂ ਨ੍ਹੀਂ ਦੇਖਣਗੇ ਜੀ?" ਜਸਵੀਰ ਨੇ ਸ਼ੰਕਾ ਜ਼ਾਹਰ ਕੀਤਾ।

"ਓਏ ਉਥੇ ਕਿਹੜਾ ਚਰਨਜੀਤ ਆਹੂਜਾ ਬੈਠਾ, ਚਾਰ ਠੋਲੇ ਮਾਰਦੀਂ। ਗੋਰੇ ਵਾਸਤੇ ਤਾਂ ਘਰਾਟ ਰਾਗ ਵੀ ਪੰਜਾਬੀ ਦਾ ਪੌਪ ਸੰਗੀਤ ਐ। ਨਾ਼ਲੇ ਤੂੰ 'ਕੱਲਾਂ, ਅਹੁ ਦੇਖ ਤਿੰਨ ਰਾਗੀ ਸਿੰਘ। ਦੋ ਤਾਂ ਸਹੀ ਨੇ, ਪਰ ਤੀਜਾ ਜੀਹਦਾ ਦਾਹੜੀ ਖੁਰਚਣ 'ਤੇ ਜ਼ੋਰ ਐ, ਅਸਲੀ ਦੀਂਹਦਾ? ਕਨੇਡਾ ਖਾਤਰ ਰੱਖੀ ਨਵੀਂ ਨਵੀਂ ਦਾਹੜੀ ਵਖਤ ਪਾਈ ਬੈਠੀ ਵਿਚਾਰੇ ਨੂੰ। ਇਹ ਚਲਿਆ ਕਨੇਡਾ ਗੁਰਮਤਿ ਪ੍ਰਚਾਰ ਕਰਨ, ਦਸਾਂ ਗੁਰਾਂ ਦੇ ਨਾਂ ਵੀ ਦਸ ਦਵੇ ਤਾਂ ਮੇਰਾ ਨਾਂ ਵਟਾਦੀਂ। ਅਹੁ ਕੌਡੀ ਦੀ ਟੀਮ ਦੇਖ



*(ਬਾਕੀ ਅਗਲੇ ਸਫੇ 'ਤੇ)*

# ਪੌੜੀ

ਲੈ, ਤਿੰਨਾਂ ਕੁ ਦੇ ਜੁੱਸੇ ਤਾਂ ਖਿਲਾੜੀਆਂ ਵਾਲੇ ਆ, ਬਾਕੀ ਤਾਂ ਸਵੇਰਿਓਂ ਤੋਲ਼ਾ ਖਾ ਕੇ ਮੰਜੇ ਤੋਂ ਉਠਣ ਵਾਲੇ ਨੇ। ਸੋ ਜੱਸੀ ਸੇਠਾ, ਲੈ ਸੀਤਾ ਦਾ ਨਾਮ, ਰਾਮ ਭਲੀ ਕਰੂਗਾ।"

ਜਸਵੀਰ ਹੋਰਾਂ ਦੀ ਸਾਰੀ ਸੰਗੀਤ ਪਾਰਟੀ ਨੂੰ ਕਲਚਰਲ ਸ਼ੋਅ ਪੇਸ਼ ਕਰਨ ਦਾ ਵੀਜ਼ਾ ਮਿਲ ਗਿਆ।

ਦੋ-ਚਾਰ ਕਲਾਕਾਰਾਂ ਤੋਂ ਬਿਨਾਂ ਏਜੰਟ ਨੇ ਬਾਕੀ ਲਾਣੇ ਨੂੰ ਆਪਣੇ ਆਪਣੇ ਰਹਿਮੋ-ਕਰਮ 'ਤੇ ਛੱਡ ਦਿਤਾ। ਜਿਥੇ ਸਿਰ ਘਸੋੜਨ ਨੂੰ ਥਾਂ ਮਿਲਿਆ, ਦੋ ਦੋ, ਚਾਰ ਚਾਰ ਕਰ ਕੇ ਸਾਰਾ ਲਾਣਾ ਟਿਕ ਗਿਆ। ਜਸਵੀਰ ਦਾ ਸਕਾ ਚਾਚਾ ਜਿਹੜਾ ਵਰ੍ਹਿਆਂ ਪਹਿਲੋਂ ਕੈਨੇਡਾ ਆ ਗਿਆ ਸੀ ਤੇ ਜੀਹਦਾ ਆਪਣੇ ਭਰਾ ਨਾਲ ਕੋਈ ਰਾਬਤਾ ਨਹੀਂ ਸੀ, ਉਹਦੀ ਠਾਹਰ ਦੀ ਇਕ ਧੁੰਦਲੀ ਜਿਹੀ ਆਸ ਸੀ। ਫੋਨ ਬੁਕ 'ਚੋਂ ਨੰਬਰ ਲੱਭ ਕੇ ਉਹਨੇ ਫੋਨ ਕੀਤਾ।

"ਹੈਲੋ!" ਅੱਗਿਓਂ ਜ਼ਨਾਨਾ ਆਵਾਜ਼ ਸੀ।

"ਸਾਸਰੀ'ਕਾਲ ਚਾਚੀ ਜੀ, ਮੈਂ ਜਸਵੀਰ ਬੋਲਦਾਂ!"

"ਕਿਹੜਾ ਜਸਵੀਰ? ਰੌਂਗ ਲੰਬਰ ਲਗਦਾ ਭਾਈ!" ਜਸਵੀਰ ਨੇ ਆਪਣੀ ਚਾਚੀ ਦੀ ਆਵਾਜ਼ ਪਛਾਣ ਲਈ ਜਿਹੜੀ ਚਾਰ ਕੁ ਵਰ੍ਹੇ ਪਹਿਲਾਂ ਪਿੰਡ ਆਪਣੀ ਜ਼ਮੀਨ ਦਾ ਹਿੱਸਾ ਵੰਡਾ ਕੇ ਵੇਚ ਆਈ ਸੀ।

"ਚਾਚੀ ਜੀ, ਮੈਂ ਪਿੰਡੋਂ ਆਇਆਂ ਮੈਂ ਥੋਡਾ...!"

"ਤੂੰ ਤਾਂ ਧੱਕੇ ਨਾਲ ਭਤੀਜਾ ਬਣੀ ਜਾਨਾਂ, ਹੈ ਨ੍ਹੀਂ ਸਾਡਾ ਪਿੱਛੇ ਕੋਈ!"

"ਤਾਂ ਜੀ ਇਹ ਸਰਦਾਰ ਕਿਹਰ ਸਿਓਂ ਹੁਣਾਂ ਦਾ ਘਰ ਨਹੀਂ?"

"ਨਾ ਭਾਈ, ਇਹ ਤਾਂ ਦਲੇਰ ਸਿਓਂ ਹੁਣਾਂ ਦਾ ਘਰ ਆ!" ਕਹਿ ਚਾਚੀ ਨੇ ਫੋਨ ਰੱਖ ਦਿੱਤਾ ਤੇ ਮੂੰਹ 'ਚ ਬੁੜ੍ਹਬੁੜਾਉਣ ਲੱਗ ਪਈ-ਮੇਰੇ ਭਤੀਜਿਆਂ ਤੋਂ ਤਸੀਲ ਨ੍ਹੀਂ ਟੱਪ ਹੋਈ, ਇਹ ਪਤਾ ਨ੍ਹੀਂ ਕਿਵੇਂ ਠਾਹ ਕਰ ਕੇ ਆ ਵਜਦੇ ਨੇ! ਫੇਰ ਫੋਨ ਚੌਂਗੇ 'ਤੇ ਰੱਖਦੀ ਬੋਲੀ, 'ਧਗੜਾ ਚਾਚੀ ਦਾ! ਸਰਾਂ ਸਮਝ ਕੇ ਮੰਜੇ ਬਿਸਤਰੇ ਨੂੰ ਫੂਨ ਕੀਤਾ ਸੀ!'

ਚੋਰੀ ਰਹਿ ਰਿਹਾ ਲਾਣਾ ਕਿਤੇ ਨਾ ਕਿਤੇ ਕੰਮ ਲੱਭੀ ਰੱਖਦਾ, ਪਰ ਗੈਰਕਨੂੰਨੀ ਜ਼ਿੰਦਗੀ ਨਿਰੀ ਜਿਲਤ ਸੀ। ਸਹਿਮ ਸਹਿਮ ਕੇ ਜੀਣ ਨਾਲੋਂ ਸਭ ਦਾ ਜੀਅ ਵਾਪਸ ਮੁਲਕ ਪਰਤਣ ਨੂੰ ਕਰਦਾ ਸੀ, ਪਰ ਮਾਪਿਆਂ ਦੇ ਸਿਰ 'ਤੇ ਕਰਜ਼ਿਆਂ ਦੀਆਂ ਪੰਡਾਂ ਸਭ ਲਈ ਲਛਮਣ ਰੇਖਾਵਾਂ ਬਣੀਆਂ ਹੋਈਆਂ ਸਨ। ਤੇ ਕਦੇ ਕਦੇ ਇਸ ਤਰ੍ਹਾਂ ਦੇ ਕਬੂਤਰਾਂ ਲਈ ਆਲ੍ਹਣੇ ਵੀ ਲੱਭ ਜਾਂਦੇ ਹਨ। ਵਰ ਸਿਰ ਹੋਈਆਂ ਧੀਆਂ ਦੇ ਮਾਪੇ ਲੰਬੀ ਉਡੀਕ ਤੇ ਮਹਿੰਗੇ ਸੌਦੇ ਵਾਲੇ ਪੰਜਾਬ ਜਾ ਕੇ ਵਿਆਹ ਕਰਨ ਨਾਲੋਂ ਜਸਵੀਰ ਵਰਗਿਆਂ ਨਾਲ ਸੰਯੋਗ ਦਾ ਤੋਪਾ ਭਰ ਦਿੰਦੇ ਹਨ। ਇਵੇਂ ਹੀ ਇਕ ਧੀ ਦਾ ਲਾੜਾ ਬਣ ਗਿਆ ਸੀ ਜਸਵੀਰ!

ਵਿਆਹ ਤੋਂ ਬਾਅਦ ਕਾਗਜ਼ਾਂ ਦੀ ਖਾਨਾਪੂਰੀ ਨੇ ਕੁਛ ਵਕਤ ਲਿਆ ਤੇ ਜਸਵੀਰ ਦੇ ਪਾਸਪੋਰਟ 'ਤੇ ਇਮੀਗ੍ਰੇਸ਼ਨ ਅਫ਼ਸਰ ਨੇ ਲੈਂਡਿਡ ਇਮੀਗ੍ਰਾਂਟ ਦੀ ਮੋਹਰ ਠੱਪ ਦਿਤੀ। ਸਹੁਰਿਆਂ ਦੀ ਬੇਸਮੈਂਟ 'ਚ ਰਹਿੰਦਾ ਢੋਲੇ ਦੀਆਂ ਲਾਉਂਦਾ ਜ਼ਿੰਦਗੀ ਲੰਘਾ ਰਿਹਾ ਸੀ ਜਸਵੀਰ!

ਵੀਕਐਂਡ ਦੀ ਇਕ ਸ਼ਾਮ ਨੂੰ ਫੋਨ ਖੜਕਿਆ।

"ਹੈਲੋ?" ਜਸਵੀਰ ਨੇ ਫੋਨ ਕੰਨ 'ਤੇ ਰੱਖਦਿਆਂ ਕਿਹਾ।

"ਓਏ ਜਸਵੀਰ ਆ? ਮੈਂ ਤੇਰਾ ਚਾਚਾ ਬੋਲਦਾਂ!" ਦੂਜੇ ਪਾਸਿਉਂ ਆਵਾਜ਼ ਆਈ।

"ਸਾਸਰੀ'ਕਾਲ ਚਾਚਾ ਜੀ!" ਜਸਵੀਰ ਦਾ ਚਾਅ ਉਹਦੀ ਉਚੀ ਆਵਾਜ਼ 'ਚੋਂ ਡੁੱਲ੍ਹ ਡੁੱਲ੍ਹ ਪੈ ਰਿਹਾ ਸੀ।

"ਚਾਚਾ ਜੀ! ਮੈਂ ਤਾਂ ਆਉਣ ਸਾਰ ਹੀ ਫੋਨ ਕੀਤਾ ਸੀ, ਪਰ ਚਾਚੀ ਜੀ ਨੂੰ ਖੌਰੇ ਪਛਾਣ ਨਾ ਆਈ, ਇਹੀ ਕਹਿੰਦੀ ਰਹੀ...ਭਾਈ, ਰੌਂਗ ਨੰਬਰ ਆ!"

"ਓਏ ਚਾਚੀ ਤੇਰੀ ਨੂੰ ਮਿਰਗੀ ਪੈਂਦੀ ਆ, ਕੁਛ ਨ੍ਹੀਂ ਚੇਤੇ-ਚੂਤੇ ਰਹਿੰਦਾ!"

"ਚਾਚਾ ਜੀ! ਡਾਕਟਰ ਨੂੰ ਦਿਖਾਉਣਾ ਸੀ ਚਾਚੀ ਜੀ ਨੂੰ?" ਜਸਵੀਰ ਨੇ ਚਿੰਤਾ ਜ਼ਾਹਰ ਕੀਤੀ।

"ਦਿਖਾਈ ਐ ਬਥੇਰਿਆਂ ਨੂੰ, ਉਨ੍ਹਾਂ ਤੋਂ ਤਾਂ 'ਰਾਮ ਆਇਆ ਨ੍ਹੀਂ, ਪਰ ਮੈ 'ਲਾਜ ਲੱਭ ਲਿਆ। ਹਫਤੇ 'ਚ ਇਕ ਦਿਨ ਸਟੋਰ ਛੱਡ ਆਈਦੀ ਆ। ਖਰੀਦੇ ਭਾਵੇਂ ਕੁਝ ਨਾ, ਫੋਲਾ-ਫਾਲੀ ਕਰ ਕੇ ਪੂਰੇ ਸੱਤ ਦਿਨ ਠੀਕ ਰਹਿੰਦੀ ਆ। ਊਂ ਵੀ ਮਾੜੇ ਖਲਣੇ ਦੀ ਆ, ਮੇਰਿਆਂ ਨੂੰ ਕਿਥੇ ਝਲਦੀ ਆ। ਲਿਖਾ ਐਡਰੈਸ ਮੈਨੂੰ, ਆਥਣੇ ਮਿਲਣ ਆਉਨੇ ਆਂ।"

ਚਾਚਾ-ਚਾਚੀ ਮਿਲਣ ਆਏ। ਸੱਸ-ਸਹੁਰੇ ਨੇ ਬਹੁਤ ਮਾਣ-ਇੱਜ਼ਤ ਦਿਤਾ। ਆਉਣ-ਜਾਣ ਦਾ ਸਿਲਸਿਲਾ ਸ਼ੁਰੂ ਹੋ ਗਿਆ। ਜਦੋਂ ਜਸਵੀਰ ਚਾਚੇ-ਚਾਚੀ ਕੋਲ਼ ਇਕੱਲਾ ਜਾਂਦਾ ਤਾਂ ਘਰ ਪਰਤਦੇ ਦੇ ਉਹਦੇ ਤੇਵਰ ਬਦਲੇ ਹੁੰਦੇ। ਘਰ ਵਾਲੀ ਨਾਲ ਗੱਲ ਗੱਲ 'ਤੇ ਲੜਨ ਝਗੜਨ ਲੱਗ ਜਾਂਦਾ। ਗੱਲ ਗਾਲ੍ਹਾਂ ਤੋਂ ਵਧ ਕੇ ਧੌਲ਼-ਧੱਫੇ 'ਤੇ ਚਲੀ ਗਈ। ਸੱਸ-ਸਹੁਰੇ ਨੇ ਵਾਵੇਲਾ ਕੀਤਾ। ਚਾਚਾ-ਚਾਚੀ ਸੱਦ ਲਏ।

"ਜੇ ਨਹੀਂ ਬਣਦੀ, ਅੱਡ ਹੋ ਜੋ। ਡਿਵੋਰਸ ਲੈ ਲੋ। ਥੋਡੇ ਕਿਹੜਾ ਪੈਰੀਂ ਬੇੜੀ ਪਾਈ ਹੋਈ ਆ!" ਚਾਚੇ ਨੇ ਫੜਾਹ ਸੋਟਾ ਮਾਰਦੇ ਨੇ ਕਿਹਾ।

"ਸ਼ਾਬਾਸ਼ੇ ਥੋਡੇ!" ਧੀ ਦੇ ਪਿਉ ਨੇ ਚਾਚੇ ਵੱਲ ਅਹੁਰਾ ਜਿਹਾ ਝਾਕਦੇ ਨੇ ਕਿਹਾ, "ਸਿਆਣੇ ਮਾਪੇ ਜਵਾਕਾਂ ਨੂੰ ਝਾੜ-ਝੰਬ ਕੇ 'ਕੱਠੇ ਰੱਖਦੇ ਨੇ, ਤੇ ਤੁਸੀਂ ਆਉਂਦੇ ਸਾਰ ਪਾਟਕ ਪਾਉਣੇ ਸ਼ੁਰੂ ਕਰ ਦਿੱਤੇ!"

"ਪਾਟਕ ਪਾਉਣ ਨੂੰ ਮੈਂ ਸਰਕਾਰੀ ਆਡਰ ਜਾਰੀ ਕਰ'ਤਾ। ਇਹ ਕਨੇਡਾ! ਕੋਈ ਝੱਲਦਾ ਇਥੇ ਧੌਂਸ? ਨਾਲੇ ਚੌਧਰੀ ਸਾ'ਬ! ਧੀਆਂ ਵਾਲੇ ਐਨਾ ਉਚੀ ਨ੍ਹੀਂ ਬੋਲਦੇ ਹੁੰਦੇ!"

"ਇਹ ਮੁੰਡੇ ਆਲੇ ਕਿਥੋਂ ਜੰਮ'ਪੇ? ਲੋੜ ਵੇਲੇ ਤਾਂ ਨਾਂ ਵੀ ਬਦਲ ਲਏ ਸੀ, ਹੁਣ ਬੜਾ ਹੇਜ ਜਾਗਦਾ!"

"ਉਹ ਤਾਂ ਘਰਵਾਲੀ ਨੂੰ ਪੁੱਠੀ ਜਿਹੀ ਬਿਮਾਰੀ ਕਰ ਕੇ।"

"ਮੈਨੂੰ ਕਿਹੜੀ ਬਿਮਾਰੀ ਆ?"

ਚਾਚੀ ਘਰਵਾਲੇ ਨੂੰ ਟੁੱਟ ਕੇ ਪਈ, "ਬਿਮਾਰ ਤਾਂ ਤੂੰ ਐਂ, ਸਾਰੀ ਰਾਤ ਕੁੱਤੇ ਆਂਗੂੰ ਖੰਘੀ ਜਾਨਾਂ!"

"ਕਿਉਂ ਭੌਂਕਦੀ ਐਂ...ਬੰਦਿਆਂ 'ਚ ਬੁੜ੍ਹੀਆਂ ਬੋਲਦੀਆਂ ਚੰਗੀਆਂ ਲੱਗਦੀਆਂ? ਭਾਈ ਸਾ'ਬ! ਜੇ ਕਿਤੇ ਜਸਵੀਰ ਦਾ ਮੈਨੂੰ ਪਹਿਲਾਂ ਪਤਾ ਲੱਗ ਜਾਂਦਾ, ਮਹਿੰਗਾ ਵਕੀਲ ਕਰ ਕੇ ਮੈਂ ਤਾਂ ਊਈਂ ਇਹਨੂੰ ਪੱਕਾ ਕਰਵਾ ਦੇਣਾ ਸੀ। ਥੋਡਾ ਰੋਅਬ ਤਾਂ ਨਾ ਝੱਲਣਾ ਪੈਂਦਾ ਵਿਚਾਰੇ ਨੂੰ!"

ਜਸਵੀਰ ਸੋਫੇ ਦੀ ਨੁਕਰੋਂ ਸਹੁਰੇ ਵੱਲ ਅੱਖਾਂ ਕੱਢਦਾ ਬੋਲਿਆ, "ਤੁਸੀਂ ਬੇਮਤਲਬੀ ਚਾਚਾ ਜੀ ਦੀ ਲਾਹ-ਪਾਹ ਕਰੀ ਜਾਨੇ ਓਂ...ਹੇਜ ਜਾਗੇ ਨਾ...ਚਾਚਾ ਜੀ ਨੇ ਮੇਰੇ। ਆਪਣਾ ਲਹੂ ਆਪਣਾ ਹੀ ਹੁੰਦਾ!"

"ਜਸਵੀਰ ਪੁੱਤ! ਅਸੀਂ ਕਿਹੜਾ ਬੇਗਾਨੇ ਆਂ!" ਸੱਸ ਨੇ ਵਿਚ ਪੈਂਦੇ ਕਿਹਾ।

"ਗੱਲ ਗੱਲ 'ਤੇ ਖਾਣ ਨੂੰ ਪੈਨੇ ਓਂ। ਆਪਣੇ ਆਲੀ ਇਹਦੇ 'ਚ ਕਿਹੜੀ ਗੱਲ ਰਹਿ ਗਈ।"

"ਮੈਨੂੰ ਲੱਗਦਾ ਇਹ ਫੈਮਿਲੀ ਨ੍ਹੀਂ ਤੇਰੇ ਫਿਟ। ਤੂੰ ਤਲਾਕ ਦੇ ਪੇਪਰ ਭਰ। ਇਹ ਆਪਣੀ ਕੁੜੀ ਨੂੰ ਜਿਥੇ ਮਰਜ਼ੀ ਵਿਆਹੁਣ, ਮੈਂ ਤੈਨੂੰ ਜਿਥੇ ਮਰਜ਼ੀ ਵਿਆਹਵਾਂ!"

"ਸਾਡੀ ਕੁੜੀ ਦਾ ਕਸੂਰ ਕੀ ਐ, ਜਿਹੜੇ ਗੱਲ ਗੱਲ 'ਤੇ ਤਲਾਕ ਦੀ ਧਮਕੀ ਦਿੰਦੇ ਓਂ?" ਪਿਉ ਨੇ ਤਿੱਖੀ ਸੁਰ 'ਚ ਪੁੱਛਿਆ।

"ਕਸੂਰ ਕੋਈ ਨਹੀਂ, ਸੱਤ-ਅੱਠ ਲੱਖ ਲਾ ਕੇ ਇਥੇ ਆਇਆ, ਉਹ ਕਿਥੋਂ ਹਰਾ ਕਰਨਾ? ਇੰਡੀਆ ਜਾਊ, ਕਿਸੇ ਦੇ ਕੀਲੇ ਧਰਾਊ, ਨਹੀਂ ਤਾਂ ਜਣਦਿਆਂ ਦੀ ਕੁਰਕੀ ਆਈ ਪਈ ਆ। ਨਾਲੇ ਕਨੇਡਾ ਪਹਿਲਾ ਵਿਆਹ ਤਾਂ ਪੌੜੀ ਅਰਗਾ ਹੁੰਦਾ, ਜੀਹਦੇ 'ਤੇ ਚੜ੍ਹ ਕੇ ਬੰਦਾ ਕਨੇਡਾ ਵੜਨ ਜੋਗਾ ਹੁੰਦਾ।"

"ਮੇਰੀ ਧੀ ਬਾਰੇ ਪੁੱਠੇ-ਸਿੱਧੇ ਬੋਲ ਸੋਚ ਕੇ ਬੋਲੀਂ ਓਏ ਵੱਡਿਆ ਮੁੰਡੇ ਆਲਿਆ। ਜੇ ਸਾਨੂੰ ਪੱਕਾ ਕਰਾਉਣਾ ਆਉਂਦਾ ਤਾਂ ਪਿਛਲੇ ਪੈਰੀਂ ਜਹਾਜ਼ ਵੀ ਚੜ੍ਹਾਉਣਾ ਆਉਂਦਾ!"

"ਥੋਡਾ ਘਰ ਆ ਜੀ, ਜੋ ਕੁਛ ਕਹਿਣਾ ਕਹਿ ਲਵੋ। ਆਬਦੀ ਗਲੀ 'ਚ ਤਾਂ ਕੁੱਤਾ ਵੀ ਸ਼ੇਰ ਹੁੰਦਾ!" ਚਾਚਾ ਕਹਿ ਰਿਹਾ ਸੀ।

"ਤੇਰੀ ਓਏ ਵੱਡੇ ਸਰਦਾਰ ਦੀ...ਨਿਕਲ ਭੈਣ...ਮੇਰੇ ਘਰੋਂ!"

"ਇਸ ਖਲ਼ਣੇ ਨੂੰ ਅਕਲ ਨ੍ਹੀਂ!" ਚਾਚੀ ਸੋਫੇ ਤੋਂ ਉਠਦੀ ਬੋਲੀ, "ਪਹਿਲਾਂ ਮੇਰੇ ਪੇਕੀਂ ਜਾ ਕੇ ਕਿੜ੍ਹ-ਕਿੜ੍ਹ ਕਰਦਾ ਮੇਰੇ ਭਰਾਵਾਂ ਤੋਂ ਜੁੱਤੀਆਂ ਖਾਂਦਾ ਰਿਹਾ, ਹੁਣ ਭਰਾ ਦੇ ਚੌਣੇ ਪਿੱਛੇ ਦੁਰ-ਦੁਰ ਕਰਾਈ ਜਾਂਦਾ। ਦੇਖੂੰ ਤੈਨੂੰ ਜਦੋਂ ਮੰਨ ਪਰੋਸ ਕੇ ਦੇਣਗੇ!"

"ਤੂੰ ਸਾਲੀਏ ਆਬਦੀ ਗਿੱਠ ਦੀ ਜੀਭ ਨੂੰ ਅੰਦਰ ਨਾ ਵਾੜੀਂ!"

"ਗਾਲ਼੍ਹ ਕੱਢ ਆਬਦੀ ਮਾਂ ਨੂੰ, ਆਬਦੀ ਭੈਣ ਨੂੰ!" ਚਾਚਾ ਚਾਚੀ ਲੜਦੇ ਬਾਹਰ ਹੋ ਗਏ ਤੇ ਉਨ੍ਹਾਂ ਦੇ ਪਿੱਛੇ ਜਸਵੀਰ ਵੀ ਤੁਰ ਪਿਆ। ਕੁੜੀ ਦੇ ਪਿਉ ਨੇ ਬੇਸਮੈਂਟ ਦਾ ਡੋਰ ਬੰਦ ਕਰ ਦਿੱਤਾ। ਮਾਂ ਅੱਖਾਂ 'ਚ ਹੰਝੂ ਭਰੀ ਉਪਰ ਨੂੰ ਤੁਰ ਪਈ। ਦਰਵਾਜ਼ੇ 'ਤੇ ਦਸਤਕ ਹੋਈ। ਬਾਪ ਨੇ ਦਰਵਾਜ਼ਾ ਖੋਲਿਆ। ਸਾਹਮਣੇ ਜਸਵੀਰ ਖੜ੍ਹਾ ਸੀ।

"ਕੀ ਗੱਲ ਐ?" ਪਿਉ ਨੇ ਰੁੱਖਾ ਜਿਹਾ ਪੁੱਛਿਆ।

"ਪੱਗ ਭੁੱਲ ਗਿਆ, ਨੰਗੇ ਸਿਰ!"

"ਪੱਗ ਇੱਜ਼ਤਾਂ ਵਾਲਿਆਂ ਦੇ ਸਿਰਾਂ 'ਤੇ ਸੋਭਦੀਆਂ। ਤੇਰੇ ਵਰਗੇ ਕੰਜਰਾਂ ਦੇ ਨ੍ਹੀਂ!" ਬਾਪ ਨੇ ਜ਼ੋਰ ਨਾਲ ਦਰਵਾਜ਼ਾ ਬੰਦ ਕਰ ਲਿਆ।

# ਪਲਟਾ

ਬੈਠੇ ਆਂ", ਭਰਾ ਨੇ ਪੁੱਛਿਆ।

"ਹਾਂ", ਮੈਂ ਕਿਹਾ। ਜਦੋਂ ਉਹ ਆਪ ਪੁੱਛ ਰਿਹਾ ਸੀ ਤਾਂ ਅੱਗੋਂ ਮੈਂ ਕੀ ਆਖ ਸਕਦਾ ਸਾਂ?

ਕੁੜੀ ਨੇ ਚਾਹ ਲਿਆਂਦੀ। ਮੈਂ ਪੀਣ ਲੱਗ ਪਿਆ। ਉਹ ਆਪਣੇ ਸਾਕਾਂ-ਅੰਗਾਂ ਦੀਆਂ ਗੱਲਾਂ ਕਰਦੇ ਰਹੇ। ਮੈਂ ਵਿਚ ਕੋਈ ਗੱਲ ਨਹੀਂ ਕਰ ਸਕਦਾ ਸਾਂ।

ਜਦੋਂ ਮੈਂ ਟੁਰਨ ਲੱਗਾ ਤਾਂ ਉਸ ਨੇ ਕਿਹਾ,



"ਠਹਿਰੋ, ਮੈਂ ਤੁਹਾਨੂੰ ਅਗਾਂਹ ਕਰ ਆਉਂਦਾ ਹਾਂ।" ਮੈਨੂੰ ਹੁਣ ਬਹੁਤਾ ਡਰ ਨਹੀਂ ਲੱਗਦਾ ਸੀ। ਫਿਰ ਵੀ ਮੈਂ ਸੋਚਿਆ ਕਿ ਸਾਡੇ ਸਬੰਧਾਂ ਬਾਰੇ ਕੋਈ ਕੌੜੀ ਗੱਲ ਕਰੇਗਾ।

ਰਾਹ ਵਿਚ ਉਸ ਨੇ ਕਿਹਾ, "ਮੈਨੂੰ ਦਿੱਲੀ ਨੌਕਰੀ ਮਿਲਦੀ ਏ। ਕਿਵੇਂ ਰਹੇਗੀ?"

"ਐਥੇ ਜਲੰਧਰ ਹੋਵੇ ਤਾਂ ਚੰਗਾ ਏ", ਮੈਂ ਇਹ ਦੱਸਣ ਲਈ ਕਿਹਾ ਕਿ ਉਹ ਮੈਨੂੰ ਚੰਗਾ ਲੱਗਾ ਹੈ।

"ਏਥੇ ਤੇ ਉਹੋ ਜਿਹੀ ਮਿਲਦੀ ਨਹੀਂ। ਦਿੱਲੀ ਬਹੁਤ ਮਹਿੰਗੀ ਏ? ਤਿੰਨ ਕੁ ਕਮਰਿਆਂ ਦਾ ਮਕਾਨ ਕਿੰਨੇ ਕੁ ਤੋਂ ਮਿਲ ਜਾਏਗਾ ਭਲਾ? ਕਹਿੰਦੇ ਨੇ ਮਕਾਨਾਂ ਦੀ ਤਕਲੀਫ ਏ, ਹੋਰ ਕੋਈ ਨਹੀਂ।"

"ਮੈਨੂੰ ਤੇ ਪਤਾ ਨਹੀਂ: ਮੈਂ ਤੇ ਕਦੀ ਦਿੱਲੀ ਰਿਹਾ ਈ ਨਹੀਂ।"

"ਮੇਰਾ ਖਿਆਲ ਏ, ਪਹਿਲਾਂ ਬੱਚੇ ਪਿੰਡ ਈ ਰੱਖਣੇ ਪੈਣਗੇ। ਇਕੱਲੇ ਹੀ ਓਥੇ ਔਖ ਸੌਖ ਕਰਾਂਗੇ। ਪਿੱਛੋਂ ਵੇਖੀ ਜਾਵੇਗੀ।"

"ਛੋਟਾ ਮਕਾਨ ਲੈ ਲਵੋ ਅਜੇ।"

"ਛੋਟੇ ਨਾਲ ਨਹੀਂ ਸਰਨਾ। ਬੇਬੇ ਵੀ ਨਾਲ ਏ। ਪਰ ਮਕਾਨ ਦੇ ਦੁੱਖੋਂ ਮੈਂ ਨੌਕਰੀ ਨਹੀਂ ਛੱਡ ਸਕਦਾ। ਹੋਰ ਕੀ ਪਤਾ ਕਦੋਂ ਮਿਲੇ?"

"ਨਹੀਂ, ਨਹੀਂ। ਨੌਕਰੀ ਕਿਉਂ ਛੱਡਣੀ ਜੇ? ਸਭ ਠੀਕ ਹੋ ਜਾਵੇਗਾ।"

"ਬਸ ਤੁਹਾਡੀ ਦੁਆ ਚਾਹੀਦੀ ਏ।" ਉਸ ਨੇ ਪਿਆਰ ਨਾਲ ਕਿਹਾ।

ਸੜਕ ਉਤੋਂ ਉਹ ਮੇਰੇ ਨਾਲ ਹੱਥ ਮਿਲਾ ਕੇ ਪਿਛਾਂਹ ਮੁੜ ਗਿਆ।

ਹੈਰਾਨੀ ਵਿਚ ਮੈਨੂੰ ਆਪਣੇ ਆਪ ਦੀ ਹੋਸ਼ ਨਹੀਂ ਸੀ। ਇਹ ਉਹ ਹੀ ਆਦਮੀ ਸੀ ਜਿਸ ਨੇ ਆਪਣੀ ਭੈਣ ਅਤੇ ਉਸ ਦੇ ਦੋਸਤ ਨੂੰ ਵੱਢ ਸੁੱਟਣ ਲਈ ਕਿਰਪਾਨ ਘਰ ਲਿਆਂਦੀ ਸੀ। ਹੁਣ ਵੀ ਤੇ ਓਨਾ ਹੀ ਕਸੂਰ ਸੀ! ਮੇਰੇ ਮਿੱਤਰ ਨੇ ਆਪਣੀ ਕਥਾ ਖਤਮ ਕੀਤੀ।

# ਹਿਊਸਟਨ 'ਚ ਡੁੱਲ੍ਹਿਆ ਦਿੱਲੀ ਦਾ ਇਤਰ

**ਐਸ. ਅਸ਼ੋਕ ਭੌਰਾ**

ਵਰਤਮਾਨ ਯੁੱਗ ਵਿਚ ਸੰਤ ਮਹਾਂਪੁਰਸ਼ ਈਰਖਾ, ਸਾੜੇ ਤੇ ਕਰੋਧ ਨਾਲ ਭਰੇ ਹੁੰਦੇ ਤਾਂ ਕੋਈ ਗੱਲ ਨਹੀਂ ਸੀ, ਇਹ ਤਾਂ ਇਨ੍ਹਾਂ ਵਿਚ ਉਬਲ ਰਹੇ ਹਨ ਪਰ ਇਨ੍ਹਾਂ ਦੇ ਸ਼ਰਧਾਲੂਆਂ ਦੀ ਗਿਣਤੀ ਫਿਰ ਵੀ ਲਗਾਤਾਰ ਵਧੀ ਜਾਂਦੀ ਹੈ। ਇਹ ਗੱਲ ਸਮਝ ਤੋਂ ਬਾਹਰ ਹੈ। ਜਦੋਂ ਦਾ ਹਕੂਮਤ ਦਾ ਨਸ਼ਾ



*ਕੁਲਵੰਤ ਨਾਗਰਾ ਅਤੇ ਅਸ਼ੋਕ ਭੌਰਾ*

ਪਰਿਵਾਰ 'ਚੋਂ ਬਾਹਰ ਨਿਕਲ ਰਿਹਾ, ਗੁਆਂਢੀਆਂ ਨਾਲ ਚੰਗੇ ਸਬੰਧਾਂ ਦੀ ਆਸ ਨਹੀਂ ਰਹੀ। ਉਂਜ ਅਜੇ ਵੀ ਜ਼ਿੰਦਗੀ 'ਚ ਜੇ ਕਿਸੇ ਦੇ ਰੰਗ ਭਰੇ ਹੋਏ ਹਨ ਤਾਂ ਇਸ ਕਰਕੇ ਕਿ ਕਈਆਂ ਕੋਲ ਗੀਤਾਂ ਵਰਗੇ ਨਹੀਂ, ਅਸਲ ਵਿਚ ਯਾਰ ਅਣਮੁੱਲੇ ਹਨ।

ਸਾਡਾ ਇਕ ਪਿਆਰਾ ਮਿੱਤਰ, ਜਿਗਰੀ ਯਾਰ ਕੁਲਵੰਤ ਨਾਗਰਾ ਹਿਊਸਟਨ ਵਿਚ ਰਹਿੰਦਾ ਹੈ। ਕੁਝ ਦਿਨ ਹੋਏ ਸੰਗੀਤ ਸਮਰਾਟ ਚਰਨਜੀਤ ਆਹੂਜਾ ਦਾ ਸੁਨੇਹਾ ਮਿਲਿਆ ਕਿ ਤੂੰ ਅੱਜ ਕੱਲ੍ਹ ਕਿੱਥੇ ਰਹਿੰਨੈਂ? ਮੈਂ ਜੁਆਬ ਦਿੱਤਾ ਕਿ ਗੁਆਚਿਆ ਨਹੀਂ ਹਾਂ, ਪਰ ਕੁਲਵੰਤ ਨੂੰ ਮਿਲ ਕੇ ਆਇਆ ਹਾਂ। ਕੁਲਵੰਤ ਭਾਵੇਂ ਸਾਡੇ ਹੁਸ਼ਿਆਰਪੁਰ ਤੋਂ ਹੈ, ਉਂਜ ਉਹ ਜਨਮ ਤੋਂ ਦਿੱਲੀ ਵਿਚ ਰਿਹਾ ਹੈ। ਆਪਣੇ ਸੰਗੀਤਕ ਜੀਵਨ ਵਿਚ ਜਦੋਂ ਵੀ ਮੈਂ ਕੁਲਵੰਤ ਦਾ ਜ਼ਿਕਰ ਕਰਦਾ ਹਾਂ, ਮੇਰੇ ਸੰਗੀਤਕ ਪ੍ਰਵੇਸ਼ ਦਾ ਦਿੱਲੀ ਦੁਆਰ ਖੁੱਲ੍ਹਦਾ ਹੈ। ਪੰਜਾਬੀ ਅਕਾਦਮੀ ਦਾ ਰਵੇਲ ਸਿੰਘ, ਅਕਾਦਮੀ ਵਲੋਂ ਸੰਚਾਲਿਤ ਪੰਜਾਬੀ ਰੇਡੀਓ, ਤੇ ਰੇਡੀਓ ਤੋਂ ਮੇਰੇ ਗੀਤ ਸਰਦੂਲ ਸਿਕੰਦਰ ਤੇ ਅਮਰ ਨੂਰੀ ਗਾਉਂਦੇ 'ਸੱਪ ਬਾਰੀ ਵਿਚੋਂ ਸਾਹ ਦੇਵੇ', ਯਾਦਾਂ ਦੀ ਪੂਣੀਆਂ ਕੱਤਣ ਲੱਗ ਪੈਂਦੇ ਹਨ। ਕੁਲਵੰਤ ਨਾਗਰਾ ਮੁਲਾਜ਼ਮ ਤਾਂ ਦਿੱਲੀ ਅਕਾਦਮੀ ਦਾ ਸੀ, ਪਰ ਲਗਦਾ ਸਾਨੂੰ ਆਪਣਾ ਆਪਣਾ ਸੀ। ਠਾਠ ਉਹਦੀ ਦਿੱਲੀ ਵਿਚ ਵੀ ਸੀ ਤੇ ਟੌਹਰ ਅਮਰੀਕਾ ਵਿਚ ਵੀ ਹੈ।

ਕੁਝ ਵਰ੍ਹੇ ਪਹਿਲਾਂ ਹਿਊਸਟਨ ਖੇਡ ਮੇਲੇ 'ਤੇ ਗਿਆ ਤਾਂ ਪਤਾ ਲੱਗਾ ਸੀ ਕਿ ਕੁਲਵੰਤ ਇਥੇ ਹੈ, ਮੈਂ ਘੁੱਟ ਕੇ ਮਿਲਿਆ। ਹੁਣ ਉਚੇਚਾ ਉਹਦੇ ਘਰ ਕੁਝ ਦਿਨ ਰਹਿ ਕੇ ਆਇਆ ਹਾਂ। ਅਸਲ ਵਿਚ ਮੈਂ ਕੁਲਵੰਤ 'ਚੋਂ ਦਿੱਲੀ ਦੇਖਦਾ ਹਾਂ। ਦਿੱਲੀ 'ਚੋਂ ਚਰਨਜੀਤ ਆਹੂਜਾ ਤੇ ਆਹੂਜਾ ਤੋਂ ਮੁਕੰਮਲ ਗਾਇਕੀ। ਕੁਲਵੰਤ ਨੂੰ ਮੈਂ ਯਾਦਾਂ ਦੀਆਂ ਪੂਣੀਆਂ ਕੱਤਦਿਆਂ ਦੱਸਿਆ ਕਿ ਅੱਜ ਭਾਵੇਂ ਸੁਰਜੀਤ ਪਾਤਰ ਦਾ ਸ਼ਾਗਿਰਦ ਦੇਬੀ ਮਖਸੂਸਪੁਰੀ ਚੋਟੀ ਦਾ ਸ਼ਾਇਰ ਤੇ ਗੀਤਕਾਰ ਹੈ, ਪਰ ਉਹਦਾ ਪਹਿਲਾ ਗੀਤ ਕੁਲਦੀਪ ਮਾਣਕ ਦੀ ਆਵਾਜ਼ ਵਿਚ 'ਬਾਬਲ ਮਰਿਆ ਭਾਬੀਏ' ਸਾਡੇ ਸਾਹਮਣੇ ਰਿਕਾਰਡ ਹੋਇਆ, ਫਿਰ ਦੂਜਾ 'ਕਹਿੰਦੇ ਭਾਗਾਂ ਵਾਲੇ ਹੁੰਦੇ ਜਿਹੜੇ ਪਾਉਣ ਚਿੱਠੀਆਂ।' ਫਿਰ ਸਰਦੂਲ ਦਾ 'ਲਵ ਮੈਰਿਜ ਕਰਾਉਣ ਦਾ ਰਿਵਾਜ਼ ਹੋ ਗਿਆ।' ਫਿਰ ਵੇਖਦਿਆਂ ਵੇਖਦਿਆਂ ਉਹ ਸ਼ਾਇਰ, ਗੀਤਕਾਰ ਤੋਂ ਗਾਇਕ ਬਣ ਗਿਆ-'ਜਦ ਮਾਂ ਨਹੀਂ ਰਹਿੰਦੀ'; ਪਰ ਦੇਬੀ, ਦੇਬੀ ਦੇ ਭਰਾ ਉਦੋਂ ਜਦੋਂ ਮਖਸੂਸਪੁਰ ਮੇਰੇ ਸਹੁਰਿਆਂ ਦਾ ਪਿੰਡ ਨਹੀਂ ਬਣਿਆ ਸੀ, ਕੁਲਵੰਤ ਨਾਗਰੇ ਦੇ ਪਰਿਵਾਰਕ ਮੈਂਬਰ ਵਰਗੇ ਹੁੰਦੇ ਸਨ। ਕੁਲਵੰਤ, ਦੇਬੀ ਅਤੇ ਚਰਨਜੀਤ ਆਹੂਜਾ ਵਿਚਕਾਰਲੀ ਮੁਹੱਬਤ ਵਾਲੀ ਕੜੀ ਸੀ। ਉਦੋਂ ਦੇਬੀ ਆਪਣੇ ਮੇਰਠ ਲਾਗਲੇ ਪਿੰਡ ਰਾਮਪੁਰ ਵਿਚ ਖੇਤੀਬਾੜੀ ਵਿਚ ਮਾਪਿਆਂ ਨਾਲ ਮਸਤ ਸੀ। ਉਦੋਂ ਚਰਨਜੀਤ ਲਈ ਬਾਸਮਤੀ ਦੇ ਚੌਲ ਤੇ ਮੱਕੀ ਦੀਆਂ ਬੋਰੀਆਂ ਦੇਬੀ ਹੀ ਲਿਆਉਂਦਾ ਸੀ। ਮੇਰੇ ਚੇਤੇ 'ਚੋਂ ਕੁਲਵੰਤ ਕਦੇ ਵੀ ਖਿਸਕਿਆ ਨਹੀਂ। ਉਹਦੇ ਕੋਲ ਜਾਣਾ ਮੇਰੇ ਲਈ ਮੱਕੇ ਦੇ ਹੱਜ ਜਿਹਾ ਸੀ। ਇਕ ਪੁੱਤਰ, ਦੋ ਬੇਟੀਆਂ ਤੇ ਲੇਖਕਾ ਪਤਨੀ ਨਾਲ ਕੁਲਵੰਤ ਨਾਗਰਾ ਉਦਾਂ ਦਾ ਹੀ ਹੈ, ਜਿੱਦਾਂ ਦਾ ਦਿੱਲੀ ਛੱਡਿਆ ਸੀ।

ਬੰਗਿਆਂ ਦੇ ਸਰਕਾਰੀ ਸੀਨੀਅਰ ਸੈਕੰਡਰੀ



*ਬਲਜੀਤ ਲੇਖਕ ਨੂੰ ਆਪਣੀ ਪੁਸਤਕ ਭੇਟ ਕਰਦੇ ਹੋਏ*

## ਯਾਦਾਂ ਦੇ ਘੁੰਗਰੂ

ਸਕੂਲ ਵਿਚ ਮੈਂ ਦਸ ਵਰ੍ਹੇ ਪੜ੍ਹਾ ਕੇ ਆਇਆ ਹਾਂ। ਸਕੂਲ ਤੋਂ ਆਪਣੇ ਪਿੰਡ ਭੌਰੇ ਨੂੰ ਆਉਂਦਿਆਂ ਜਾਂਦਿਆਂ ਇਕ ਪਿੰਡ ਦਾ ਵਸੀਵਾਂ ਮੈਨੂੰ ਰੋਜ਼ ਲੰਘਣਾ ਪੈਂਦਾ ਸੀ। ਉਹ ਪਿੰਡ ਸੀ ਥਾਂਦੀਆਂ। ਕੁਝ ਵਰ੍ਹੇ ਪਹਿਲਾਂ ਹਿਊਸਟਨ ਤੋਂ ਹੀ ਫੋਨ ਆਇਆ, "ਮੈਂ ਬਲਜੀਤ ਕੌਰ ਥਾਂਦੀ ਬੋਲਦੀ ਹਾਂ, ਪਿੰਡ ਥਾਂਦੀਆਂ ਤੋਂ", ਤਾਂ ਮੈਨੂੰ ਲੱਗਾ ਕਿ ਹੁਣ ਮੈਂ ਵਸੀਵੇਂ ਦੇ ਅੰਦਰ ਵੀ ਚਲਾ ਗਿਆ ਹਾਂ। ਮੈਥੋਂ ਵੱਡੀ ਬਲਜੀਤ ਨੂੰ ਵੀ ਮੈਂ ਉਚੇਚਾ ਘਰ ਮਿਲਣ ਗਿਆ। ਬਲਜੀਤ ਨੂੰ ਉਮਰ ਨਹੀਂ ਘੇਰ ਸਕੀ। ਬੜੀਆਂ ਗੱਲਾਂ ਬੰਗਿਆਂ ਤੇ ਥਾਂਦੀਆਂ ਦੀਆਂ ਸਾਂਝੀਆਂ ਕੀਤੀਆਂ, ਜਿਵੇਂ ਕੋਈ ਵਰ੍ਹਿਆਂ ਪਿੱਛੋਂ ਮਿਲਿਆ ਹੋਵੇ। ਇਸ ਲਈ ਹਿਊਸਟਨ ਮੈਨੂੰ ਲਾਹੌਰ ਵੀ ਲੱਗਾ। ਚਾਅ ਹੋਰ ਵੀ ਚੜ੍ਹਿਆ ਕਿ ਬਲਜੀਤ ਮੇਰੇ ਵਾਂਗ ਸਕੂਲ ਸਿੱਖਿਆ ਨਾਲ ਜੁੜੀ ਰਹੀ ਹੈ ਤੇ ਕਦੇ ਕਦੇ ਲਿਖਣ ਵਾਲੀ ਸ਼ਾਇਰਾ ਵੀ ਹੈ। ਉਹਨੇ ਮੈਨੂੰ ਜਦੋਂ ਪੁਸਤਕ 'ਆਗੋਸ਼ ਪ੍ਰੀਤਾਂ ਦੀ' ਭੇਟ ਕੀਤੀ ਤਾਂ ਲੱਗਾ ਕਿ ਅਸ਼ੀਰਵਾਦ ਵਾਲੇ ਦੋ ਹੱਥ 'ਕੱਠੇ ਮੇਰੇ ਵੱਲ ਪਿਆਰ ਨਾਲ ਵਿਚ ਵਧੇ ਹਨ। ਬਲਜੀਤ ਦਾ ਇਕ ਕਾਵਿ ਰੰਗ,

ਮੈਂ ਉਹ ਕੁੜੀ ਸੀ ਜਿਸ ਦੇ ਪੈਰਾਂ ਵਿਚ
ਉਹਦੇ ਆਪਣੇ ਹੀ ਲੇਖਾਂ ਦੀ ਜ਼ੰਜੀਰ ਸੀ।
ਲੱਖਾਂ ਪਿਆਰ ਸਨ ਕੁਰਬਾਨ ਉਸ ਤੋਂ
ਪਰ ਉਹ ਸਭ ਤੋਂ ਬੇਅਸਰ ਤਸਵੀਰ ਸੀ।

ਹੁਣ ਮੈਨੂੰ ਲੱਗਦੈ ਕਿ ਹਿਊਸਟਨ ਵਿਚ ਮੇਰੇ ਕਿੰਨੇ ਆਪਣਿਆਂ ਦੇ ਘਰ ਨਹੀਂ, ਗਰਾਂ ਹਨ। ਅਸਲ ਵਿਚ ਭੁੱਖ ਲੱਗਣ ਤੋਂ ਬਾਅਦ ਵਿਚ ਰੋਟੀ ਪੱਕੇ ਤਾਂ ਸੁਆਦ ਬਹੁਤ ਲੱਗਦੀ ਐ।

*ਰਿਬੇਰੋ ਦੀ ਆਪਬੀਤੀ (3)*

# ਸਿੱਖ ਕਤਲੇਆਮ ਅਤੇ ਮੁੰਬਈ

*ਲੈਫਟੀਨੈਂਟ ਜਨਰਲ ਕੁਲਦੀਪ ਸਿੰਘ ਬਰਾੜ, ਪੰਜਾਬ ਪੁਲਿਸ ਦੇ ਸਾਬਕਾ ਮੁਖੀ ਕੇ.ਪੀ.ਐਸ. ਗਿੱਲ ਅਤੇ ਜੂਲੀਓ ਰਿਬੇਰੋ ਨੇ ਪਿਛਲੀ ਸਦੀ ਦੇ 80ਵਿਆਂ ਦੇ ਦੌਰ ਬਾਰੇ ਕਿਤਾਬਾਂ ਲਿਖੀਆਂ ਹਨ। ਇਹ ਕਿਤਾਬਾਂ ਕਿਉਂਕਿ ਸਟੇਟ ਦੇ ਅਫਸਰਾਂ ਵੱਲੋਂ ਲਿਖੀਆਂ ਗਈਆਂ, ਇਸ ਕਰ ਕੇ ਇਹ ਸਟੇਟ ਦਾ ਏਜੰਡਾ ਹਨ ਪਰ ਰਿਬੇਰੋ ਇਨ੍ਹਾਂ ਵਿਚੋਂ ਭਿੰਨ ਹੈ ਕਿਉਂਕਿ ਕਦੀ ਕਦਾਈਂ ਉਹ ਸਟੇਟ ਨਾਲ ਸਹਿਮਤ ਨਹੀਂ ਹੁੰਦਾ। ਇਹੀ ਗੱਲ ਉਸ ਨੂੰ ਬਾਕੀਆਂ ਨਾਲੋਂ ਨਿਖੇੜਦੀ ਹੈ। ਰਿਬੇਰੋ ਦੀ ਧਿਰ ਨਾਲ ਭਾਵੇਂ ਕਿਸੇ ਵੀ ਸੂਰਤ ਸਹਿਮਤ ਨਹੀਂ ਹੋਇਆ ਜਾ ਸਕਦਾ, ਪਰ ਉਸ ਦੀ ਲਿਖਤ ਤੋਂ ਪਤਾ ਲੱਗਦਾ ਹੈ ਕਿ ਸਟੇਟ ਕੀ ਸੋਚਦੀ ਰਹੀ, ਕੀ ਕਰਦੀ ਰਹੀ, ਕਿਉਂ ਕਰਦੀ ਰਹੀ! ਰਿਬੇਰੋ ਵੱਲੋਂ ਲਿਖੀ ਕਿਤਾਬ 'ਬੁੱਲਟ ਫਾਰ ਬੁੱਲਟ' ਦੇ ਕੁੱਝ ਪੰਨਿਆਂ ਦਾ ਅਨੁਵਾਦ ਉਘੇ ਲੇਖਕ ਪ੍ਰੋ. ਹਰਪਾਲ ਸਿੰਘ ਪੰਨੂ ਨੇ 'ਪੰਜਾਬ ਟਾਈਮਜ਼' ਲਈ ਭੇਜਿਆ ਹੈ। ਕੁਝ ਪੰਨਿਆਂ ਦਾ ਅਨੁਵਾਦ 25 ਮਈ ਅਤੇ 15 ਜੂਨ ਵਾਲੇ ਅੰਕਾਂ ਵਿਚ ਛਪ ਚੁੱਕਾ ਹੈ। ਐਤਕੀਂ ਵਾਲੇ ਹਿੱਸੇ ਵਿਚ 1984 ਦੀ ਮੁੰਬਈ ਦਾ ਜ਼ਿਕਰ ਹੈ।*





*ਜੂਲੀਓ ਰਿਬੇਰੋ (ਉਪਰ) ਜਿਸ ਦੀ ਮੁਸਤੈਦੀ ਕਾਰਨ 1984 ਵਿਚ ਮੁੰਬਈ 'ਚ ਬਾਲ ਠਾਕਰੇ (ਹੇਠਾਂ) ਦੀ ਜਥੇਬੰਦੀ ਸ਼ਿਵ ਸੈਨਾ ਦੀਆਂ ਫਿਰਕੂ ਧਾੜਾਂ ਸਿੱਖਾਂ ਦਾ ਵਾਲ ਵਿੰਗਾ ਨਾ ਕਰ ਸਕੀਆਂ।*

ਹਰਪਾਲ ਸਿੰਘ ਪੰਨੂ
ਫੋਨ: 91-94642-51454

ਪੰਨਾ 215: ਇੰਦਰਾ ਗਾਂਧੀ ਦੇ ਕਤਲ ਦੀ ਖਬਰ ਪੂਨੇ ਉਦੋਂ ਪੁੱਜੀ ਜਦੋਂ ਮੁੱਖ ਮੰਤਰੀ ਵਸੰਤ ਦਾਦਾ ਪਾਟਿਲ ਸੀਨੀਅਰ ਪੁਲਿਸ ਅਫਸਰਾਂ ਸਾਹਮਣੇ ਭਾਸ਼ਣ ਕਰ ਰਹੇ ਸਨ। ਇੰਸਪੈਕਟਰ ਜਨਰਲ ਪੁਲਿਸ ਮੇਧਾਕਰ ਨੂੰ ਕਿਹਾ ਗਿਆ ਕਿ ਬਾਹਰ ਆ ਕੇ ਫੋਨ ਸੁਣਨ। ਜਦੋਂ ਉਹ ਫੋਨ ਸੁਣ ਕੇ ਕਾਨਫਰੰਸ ਹਾਲ ਵਿਚ ਪਰਤਿਆ, ਉਸ ਦੇ ਹੋਸ਼ ਹਵਾਸ ਉਡੇ ਹੋਏ ਸਨ। ਉਸ ਨੇ ਮੁੱਖ ਮੰਤਰੀ ਦੇ ਕੰਨ ਵਿਚ ਕੁੱਝ ਕਿਹਾ ਜੋ ਗੱਲ ਸੁਣਦਿਆਂ ਹੀ ਸੁੰਨ ਹੋ ਗਿਆ। ਮੁੱਖ ਮੰਤਰੀ, ਆਈ.ਜੀ. ਅਤੇ ਸਕੱਤਰ ਤੇਜ਼ੀ ਨਾਲ ਕੋਈ ਘੁਸਰ-ਮੁਸਰ ਕਰਨ ਲੱਗੇ ਜਿਸ ਦਾ ਬਾਕੀਆਂ ਨੂੰ ਕੋਈ ਪਤਾ ਨਹੀਂ ਸੀ। ਅੰਦਾਜ਼ੇ ਲੱਗ ਰਹੇ ਸਨ ਕਿ ਕਿਸੇ ਗੱਲ ਦੀ ਬੇਚੈਨੀ ਹੈ। ਮੁੱਖ ਮੰਤਰੀ ਅਚਾਨਕ ਚਲਿਆ ਗਿਆ ਤੇ ਆਈ.ਜੀ. ਨੇ ਐਲਾਨ ਕੀਤਾ ਕਿ ਫਟਾਫਟ ਆਪੋ ਆਪਣੇ ਟਿਕਾਣਿਆਂ 'ਤੇ ਪੁੱਜ ਜਾਉ।

ਪਤਾ ਲੱਗਾ ਕਿ ਇੰਦਰਾ ਗਾਂਧੀ ਉਪਰ ਹਮਲਾ ਹੋਇਆ ਹੈ ਤੇ ਉਸ ਦੀ ਹਾਲਤ ਨਾਜ਼ਕ ਹੈ। ਪ੍ਰਾਈਵੇਟ ਸਰੋਤਾਂ ਰਾਹੀਂ ਸਾਨੂੰ ਪਤਾ ਲੱਗ ਗਿਆ ਕਿ ਉਸ ਦੀ ਮੌਤ ਹੋ ਚੁੱਕੀ ਹੈ। ਖਬਰ ਇਸ ਕਰ ਕੇ ਨਸ਼ਰ ਨਹੀਂ ਕੀਤੀ ਗਈ ਤਾਂ ਕਿ ਸਾਨੂੰ ਬਚਾਉ ਸਾਧਨਾਂ ਲਈ ਵਕਤ ਮਿਲ ਸਕੇ। ਮੈਂ ਕਾਰ ਚਲਾ ਕੇ ਪੂਨੇ ਦੇ ਸਿਟੀ ਪੁਲਿਸ ਕੰਟਰੋਲ ਰੂਮ ਵਿਚ ਗਿਆ ਤੇ ਉਥੋਂ ਮੁੰਬਈ ਦੇ ਕੰਟਰੋਲ ਰੂਮ ਨਾਲ ਸੰਪਰਕ ਜੋੜਿਆ। ਮੈਂ ਇਕ ਸੰਦੇਸ਼ ਲਿਖਵਾਇਆ ਕਿ ਵਾਇਰਲੈਸ ਰਾਹੀਂ ਸ਼ਹਿਰ ਦੇ ਹਰ ਠਾਣੇ ਅਤੇ ਗਸ਼ਤ ਕਰਦੀਆਂ ਪੁਲਿਸ ਟੁਕੜੀਆਂ ਤੱਕ ਪਹੁੰਚਾਇਆ ਜਾਵੇ। ਆਪਣਾ ਸੰਦੇਸ਼ ਭੇਜ ਕੇ ਮੈਂ ਸੰਦੇਸ਼ ਪ੍ਰਾਪਤ ਕਰਨ ਵਾਲੇ ਅਫਸਰ ਨੂੰ ਕਿਹਾ ਕਿ ਇਹ ਮੈਨੂੰ ਫੋਨ 'ਤੇ ਪੜ੍ਹ ਕੇ ਸੁਣਾ। ਮੈਂ ਜਾਣਨਾ ਸੀ ਕਿ ਸਹੀ ਰਿਕਾਰਡਿੰਗ ਪੁੱਜੀ ਹੈ ਕਿ ਨਹੀਂ।

ਇਸ ਸੰਦੇਸ਼ ਵਿਚ ਮੈਂ ਆਪਣੇ ਅਫਸਰਾਂ ਨੂੰ ਵਾਰਨਿੰਗ ਦਿੱਤੀ ਸੀ ਕਿ ਸਿੱਖਾਂ ਅਤੇ ਉਨ੍ਹਾਂ ਦੀਆਂ ਜਾਇਦਾਦਾਂ 'ਤੇ ਹਮਲਾ ਹੋ ਸਕਦਾ ਹੈ। ਮੁੰਬਈ ਵਿਚ ਮੈਂ ਅਜਿਹੀ ਕੋਈ ਵਾਰਦਾਤ ਹੋਣ ਨਹੀਂ ਦੇਣੀ। ਸਿੱਖ ਬਸਤੀਆਂ, ਜਿਵੇਂ ਸੀਓਂ ਕੋਲੀਵਾੜਾ, ਵਿਖਰੋਲੀ, ਚਿੰਬੁਰ, ਲੈਮਿੰਗਟਨ ਰੋਡ ਉਤੇ ਸਪੇਅਰ ਪਾਰਟਸ ਦੀਆਂ ਦੁਕਾਨਾਂ ਦੀ ਰਾਖੀ ਲਈ ਵੱਡੀ ਗਿਣਤੀ ਵਿਚ ਹਥਿਆਰਬੰਦ ਪੁਲਿਸ ਟੁਕੜੀਆਂ ਗਸ਼ਤ ਕਰਨ। ਸੀਨੀਅਰ ਪੁਲਿਸ ਅਫਸਰ ਨਿਗਰਾਨੀ ਕਰਦੇ ਰਹਿਣ ਕਿ ਕਿਤੇ ਕੁਝ ਗਲਤ ਤਾਂ ਨਹੀਂ ਹੋ ਰਿਹਾ, ਕਿਸੇ ਦਾ ਨੁਕਸਾਨ ਤਾਂ ਨਹੀਂ ਹੋ ਰਿਹਾ। ਮੈਂ ਆਪਣੇ ਸੰਦੇਸ਼ ਵਿਚ ਸਾਫ ਲਿਖਵਾਇਆ ਸੀ ਕਿ ਜਿਸ ਕਿਸੇ ਨੂੰ ਸਿੱਖਾਂ ਦਾ ਜਾਨੀ ਮਾਲੀ ਨੁਕਸਾਨ ਕਰਦਿਆਂ ਦੇਖੋ, ਉਸ ਨੂੰ ਗੋਲੀ ਨਾਲ ਫੁੰਡ ਦਿਉ।

ਪੂਨੇ ਮੈਂ ਕਾਰ ਵਿਚ ਗਿਆ ਸਾਂ, ਵਾਪਸੀ ਕਾਰ ਰਾਹੀਂ ਹੋਣੀ ਸੀ, ਛੇਤੀ ਹੋਣੀ ਸੀ। ਚਾਰ ਘੰਟਿਆਂ ਵਿਚ ਮੈਂ ਮਟੁੰਗਾ ਨਜ਼ਦੀਕ ਪੁੱਜ ਗਿਆ। ਜਦੋਂ ਮੁੰਬਈ ਪੁੱਜਿਆ ਤਾਂ ਪੁਲਿਸ ਗੱਡੀਆਂ ਗਸ਼ਤ ਕਰਦੀਆਂ ਨਜ਼ਰ ਪਈਆਂ, ਉਨ੍ਹਾਂ ਨੂੰ ਹਦਾਇਤਾਂ ਦਿਤੀਆਂ। ਮੁੰਬਈ ਪਰਤਣ ਦਾ ਐਲਾਨ ਕਰ ਕੇ ਮੈਂ ਡਿਪਟੀ ਕਮਿਸ਼ਨਰ ਪੁਲਿਸ ਪਵਾਰ ਨੂੰ ਕਿਹਾ ਕਿ ਮੈਨੂੰ ਕੋਲੀਵਾੜਾ ਸਥਾਨ 'ਤੇ ਮਿਲੋ ਜਿਥੇ ਸਿੱਖਾਂ ਦੀ ਘਣੀ ਆਬਾਦੀ ਸੀ। ਮੇਰੇ ਪੁੱਜਣ ਤੋਂ ਪਹਿਲਾਂ ਸਿਰ ਉਪਰ ਲੋਹਟੋਪ ਪਹਿਨੀ ਪਵਾਰ ਉਥੇ ਖਲੋਤਾ ਸੀ। ਪਵਾਰ ਅਤੇ ਮੈਂ ਸਿੱਖਾਂ ਵਿਚ ਘਿਰੇ ਖਲੋਤੇ ਹਾਂ ਤੇ ਸਿੱਖ ਉਸ ਪਾਸੇ ਇਸ਼ਾਰਾ ਕਰ ਰਹੇ ਹਨ ਜਿਧਰੋਂ ਪਥਰਾਉ ਹੋਇਆ, ਇਹ ਤਸਵੀਰ ਬਹੁਤ ਸਾਰੇ ਅਖਬਾਰਾਂ ਰਿਸਾਲਿਆਂ ਵਿਚ, ਸਮੇਤ ਇਲੱਸਟਰੇਟਡ ਵੀਕਲੀ ਦੇ ਛਪੀ।



*ਮੁੰਬਈ ਦੇ ਬਾਹਰਵਾਰ ਪੋਵਈ ਵਿਖੇ ਸਥਿਤ ਗੁਰਦੁਆਰਾ।*

ਅਗਲੇ ਦਿਨ ਦਫਤਰ ਵਿਚ ਮੇਰੇ ਕੋਲ ਬਾਲ ਠਾਕਰੇ ਦਾ ਫੋਨ ਆਇਆ। ਉਸ ਨੇ ਪੁੱਛਿਆ- ਕਿਸ ਹੈਸੀਅਤ ਵਿਚ ਪੁਲਿਸ ਨੂੰ ਫਾਇਰ ਖੋਲ੍ਹ ਦੇਣ ਦਾ ਹੁਕਮ ਦਿੱਤਾ ਗਿਆ ਹੈ ਜਦੋਂ ਕਿ ਸ਼ਹਿਰ ਵਿਚ ਕੋਈ ਬੁਰੀ ਘਟਨਾ ਨਹੀਂ ਘਟੀ। ਮੈਂ ਉਸ ਨੂੰ ਕਿਹਾ ਕਿ ਮੇਰੇ ਹੁਕਮ ਵਿਚਲਾ ਸ਼ਬਦ "ਜੇ" ਪੜ੍ਹ; ਮੈਂ ਕਿਹਾ ਹੈ, ਜੇ ਕਿਸੇ ਨੇ ਸਿੱਖਾਂ ਦੀ ਜਾਨ ਮਾਲ ਨੂੰ ਨੁਕਸਾਨ ਪਹੁੰਚਾਇਆ ਤਾਂ... ਇੰਡੀਅਨ ਪੀਨਲ ਕੋਡ ਦਾ ਸੈਕਸ਼ਨ 101 ਸ੍ਵੈ ਸੁਰੱਖਿਆ ਦੇ ਅਧਿਕਾਰ ਵਾਸਤੇ ਹੈ, ਜਿਸ ਉਪਰ ਹਮਲਾ ਹੋਵੇ ਉਹੀ ਨਹੀਂ, ਉਸ ਨੂੰ ਬਚਾਉਣ ਵਾਸਤੇ ਕੋਈ ਮਦਦ ਲਈ ਆਵੇ, ਉਸ ਪਾਸ ਵੀ ਇਹ ਅਧਿਕਾਰ ਹੈ ਕਿ ਬਚਣ-ਬਚਾਉਣ ਲਈ ਗੋਲੀ ਚਲਾਵੇ। ਜਿਥੋਂ ਤੱਕ ਪੁਲਿਸ ਦਾ ਸਵਾਲ ਹੈ, ਆਪਣੇ ਆਪਣੇ ਅਧਿਕਾਰ ਖੇਤਰਾਂ ਵਿਚ ਇਹ ਨਾਗਰਿਕਾਂ ਦੀ ਸੁਰੱਖਿਆ ਕਰਨ ਲਈ ਵਚਨਬੱਧ ਹੈ।

ਮੇਰੀਆਂ ਹਦਾਇਤਾਂ ਪੁਲਿਸ ਦੇ ਸਰਕੂਲਰ 'ਪੁਲਿਸ ਨੋਟਿਸ' ਰਾਹੀਂ ਅਫਸਰਾਂ ਪਾਸ ਪੁੱਜੀਆਂ। ਇਹ ਪੁਲਿਸ ਗਜ਼ਟ ਕੇਵਲ ਪੁਲਿਸ ਮੁਲਾਜ਼ਮਾਂ ਵਾਸਤੇ ਹੁੰਦਾ ਹੈ; ਪਰ ਮੈਂ ਜਾਣਦਾ ਸਾਂ, ਪੁਲਿਸ ਵਿਚ ਵੀ ਸ਼ਿਵ ਸੈਨਾ ਦੇ ਭਗਤ ਮੌਜੂਦ ਸਨ। ਬਾਲ ਠਾਕਰੇ ਕੋਲ ਉਨ੍ਹਾਂ ਰਾਹੀਂ ਹਰ ਖਬਰ ਪਹੁੰਚ ਜਾਂਦੀ ਸੀ। ਮੈਨੂੰ ਪਤਾ ਸੀ, ਮੇਰੇ ਆਰਡਰਾਂ ਦੀ ਖਬਰ ਉਸ ਕੋਲ ਪੁੱਜਦਿਆਂ ਦੇਰ ਨਹੀਂ ਸੀ ਲੱਗਣੀ।

1984 ਦੇ ਫਿਰਕੂ ਦੰਗਿਆਂ ਦੌਰਾਨ 'ਪੁਲਿਸ ਨੋਟਿਸ' ਵਿਚ ਮੈਂ ਆਪਣੇ ਅਫਸਰਾਂ ਨੂੰ ਸਵਾਲ ਪੁੱਛਿਆ, "ਦੱਸੋ ਮੁੰਬਈ ਦੀਆਂ ਗਲੀਆਂ ਦੀ ਇੰਚਾਰਜ ਪੁਲਿਸ ਹੈ ਕਿ ਸ਼ਿਵ ਸੈਨਾ? ਅਗਲੇ ਦਿਨ ਇਹ ਵਾਕ ਵੱਡੇ ਅਖਬਾਰਾਂ ਦੀ ਸੁਰਖੀ ਬਣ ਗਿਆ। ਇਥੋਂ ਪਤਾ ਲੱਗਦਾ ਹੈ, ਗੁਪਤ ਖਬਰਾਂ ਕਿੰਨੀ ਤੇਜ਼ੀ ਨਾਲ ਬੰਦਿਆਂ ਅਤੇ ਏਜੰਸੀਆਂ ਤੱਕ ਆਸਾਨੀ ਨਾਲ ਪੁੱਜ ਜਾਂਦੀਆਂ ਹਨ। ਠਾਕਰੇ ਅੱਗ ਬਗੂਲਾ ਹੋ ਗਿਆ ਤਾਂ ਕੀ, ਮੇਰਾ ਸੁਨੇਹਾ ਉਸ ਤੱਕ ਪੁੱਜਣਾ ਜ਼ਰੂਰੀ ਸੀ। ਗੁਪਤ ਰਿਪੋਰਟਾਂ ਦਾ ਫਾਇਦਾ ਸੀ, ਜਿੱਥੇ ਪੁੱਜਣੀਆਂ ਚਾਹੀਦੀਆਂ ਸਨ, ਪੁੱਜ ਰਹੀਆਂ ਸਨ।

ਜਿਵੇਂ ਜਾਨ ਮਾਲ ਦੀ ਹਿਫਾਜ਼ਤ ਕੀਤੀ, ਮੁੰਬਈ ਦੇ ਸਿੱਖ ਦਿਲੋਂ ਸ਼ੁਕਰਗੁਜ਼ਾਰ ਸਨ। ਦੇਸ਼ ਦੇ ਬਹੁਤ ਸਾਰੇ ਵੱਡੇ ਛੋਟੇ ਸ਼ਹਿਰਾਂ ਵਿਚ ਜਿਵੇਂ ਬੇਅੰਤ ਜਾਨਾਂ ਗਈਆਂ, ਤਬਾਹੀ ਹੋਈ। ਮੁੰਬਈ ਵਿਚ ਇਕ ਵੀ ਬੁਰੀ ਵਾਰਦਾਤ ਨਹੀਂ ਹੋਈ ਜਿਥੇ ਰੱਜੇ-ਪੁੱਜੇ ਸਿੱਖਾਂ ਦੇ ਚੰਗੇ ਕਾਰੋਬਾਰ ਹਨ। ਮਈ 1985 ਵਿਚ ਜਦੋਂ ਮੈਂ ਬਦਲੀ ਕਾਰਨ ਰਵਾਨਗੀ ਰਿਪੋਰਟ ਲਿਖੀ ਤਦ ਸਿੱਖ ਲੀਡਰਾਂ ਨੇ ਸੰਗਤ ਵਿਚ ਸੱਦ ਕੇ ਮੈਨੂੰ ਰਵਾਇਤੀ ਸਿਰੋਪਾਉ ਅਤੇ ਕਿਰਪਾਨ ਦੇ ਕੇ ਸਨਮਾਨ ਦਿੱਤਾ, ਸ਼ੁਕਰਾਨਾ ਕੀਤਾ।

---

**ਯਾਦ ਝਰੋਖਾ**

# ਨਿੱਕੇ ਨਿੱਕੇ ਹਿਤ

ਕੁਲਦੀਪ ਭੁੱਲਰ

ਮੈਂ ਅਪਰੈਲ 1967 ਵਿਚ ਪੜ੍ਹਨ ਲਈ ਅਬੋਹਰ ਚਲਾ ਗਿਆ। ਜਿਸ ਸਕੂਲ ਵਿਚ ਮੈਨੂੰ ਦਾਖਲ ਕਰਵਾਇਆ ਗਿਆ, ਉਹ ਇਕ ਪ੍ਰਾਈਵੇਟ ਸਟੱਡੀ ਸੈਂਟਰ ਵਰਗਾ ਸੀ। ਉਸ ਸਕੂਲ ਵਿਚ ਦੋ ਹੀ ਅਧਿਆਪਕ ਸਨ, ਦੋਵੇਂ ਸਕੇ ਭਰਾ। ਉਹ ਵਿਦਿਆਰਥੀਆਂ ਨੂੰ ਹਰ ਜਮਾਤ ਵਿਚੋਂ 'ਸ਼ਰਤੀਆ ਪਾਸ' ਕਰਾਉਣ ਦਾ ਝਾਂਸਾ ਦਿੰਦੇ ਸਨ। ਅਬੋਹਰ ਅਤੇ ਆਸ ਪਾਸ ਦੇ ਪਿੰਡਾਂ ਦੇ ਕੁਝ ਮੇਰੇ ਵਰਗੇ 'ਪੜ੍ਹਾਕੂ' ਤੇ ਮਾਪੇ ਉਨ੍ਹਾਂ ਦੇ ਜਾਲ ਵਿਚ ਫਸ ਜਾਂਦੇ ਸਨ। ਸਕੂਲ ਦੇ ਮਾਲਕਾਂ ਦਾ ਰੋਟੀ ਟੁੱਕ ਚਲੀ ਜਾਂਦਾ ਸੀ ਪਰ 'ਪੜ੍ਹਾਕੂਆਂ' ਦੇ ਗ੍ਰਹਿ ਗਰਦਿਸ਼ ਵਿਚ ਪੈ ਜਾਂਦੇ। ਇਸ ਸਕੂਲ ਵਿਚ ਦਾਖਲ ਹੋ ਕੇ ਮੈਨੂੰ ਇਸ ਦੀ ਭਾਰੀ ਕੀਮਤ ਚੁਕਾਉਣੀ ਪਈ, ਮੈਂ ਤਿੰਨ ਸਾਲ ਆਪਣੇ ਸਾਥੀਆਂ ਤੋਂ ਪਛੜ ਗਿਆ।

ਇਸੇ ਸਕੂਲ ਵਿਚ ਹੀ ਮੈਨੂੰ ਪਿੰਡ ਖਿੱਪਾਂ ਵਾਲੀ ਦਾ ਵਸਨੀਕ ਮੇਰਾ ਜਮਾਤੀ ਗੁਰਸੇਵਕ ਸਿੰਘ ਉਰਫ ਸਾਹਬ ਮਿਲਿਆ। ਉਨ੍ਹਾਂ ਦੀ ਜੱਦੀ ਜਾਇਦਾਦ ਪਿੰਡ ਖਿੱਪਾਂ ਵਾਲੀ 'ਚ ਹੈ ਅਤੇ ਉਨ੍ਹਾਂ ਦੇ ਬਜ਼ੁਰਗਾਂ ਨੇ ਅਬੋਹਰ ਨੇੜੇ ਪਿੰਡ ਕੰਡਲ ਵਿਚ ਵੀ ਜ਼ਮੀਨ ਖਰੀਦੀ ਹੋਈ ਸੀ। ਜਿਵੇਂ ਕਿ ਅਕਸਰ ਹੁੰਦਾ ਹੈ ਆਰਥਿਕ ਪੱਖੋਂ ਠੀਕ ਠਾਕ ਪਰਿਵਾਰ ਆਪਣੇ ਬੱਚਿਆਂ ਦੀ ਚੰਗੀ ਤਾਲੀਮ ਲਈ ਸ਼ਹਿਰਾਂ ਵਿਚ ਆਪਣੀ ਠਾਹਰ ਬਣਾ ਲੈਂਦੇ ਹਨ। ਸਾਹਬ, ਉਸ ਦਾ ਭਰਾ ਗਮਦੂਰ ਅਤੇ ਉਸ ਦੇ ਤਾਏ ਦੇ ਦੋ ਲੜਕੇ ਵੀ ਪੜ੍ਹਾਈ ਲਈ ਸ਼ਹਿਰ ਆ ਗਏ ਸਨ। ਉਥੇ ਉਨ੍ਹਾਂ ਦੇ ਪਰਿਵਾਰ ਨੇ ਦੋ ਕਨਾਲ ਦਾ ਪਲਾਟ ਲੈ ਕੇ ਉਸ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ ਸੀ। ਇਕ ਪਾਸੇ ਪਸ਼ੂ ਰੱਖੇ ਹੁੰਦੇ ਸਨ ਅਤੇ ਦੂਜੇ ਵਿਚ ਤਿੰਨ ਚਾਰ ਕੋਠੇ ਛੱਤ ਕੇ ਅੱਗੇ ਵਰਾਂਡਾ ਬਣਾਇਆ ਹੋਇਆ ਸੀ। ਸਭ ਤੋਂ ਵੱਡੀ ਗੱਲ ਇਹ ਕਿ ਉਨ੍ਹਾਂ ਦਾ ਘਰ ਸਕੂਲ ਦੇ ਐਨ ਸਾਹਮਣੇ ਸੀ।

ਉਂਜ ਵੀ ਸਕੂਲ ਵਿਚ ਸਿਰਫ ਤਿੰਨ ਘੰਟੇ ਪੜ੍ਹਾਈ ਹੁੰਦੀ ਸੀ। ਕਰੀਬ ਇਕ ਵਜੇ ਅਸੀਂ ਸਾਰੇ ਵਿਹਲੇ ਹੋ ਜਾਂਦੇ ਅਤੇ ਫਿਰ ਸਭ ਤੋਂ ਨੇੜੇ ਸਾਹਬ ਦਾ ਘਰ ਹੋਣ ਕਾਰਨ ਮੈਂ ਤੇ ਹੋਰ ਕਈ ਦੋਸਤ ਅਕਸਰ ਉਨ੍ਹਾਂ ਦੇ ਘਰ ਚਲੇ ਜਾਂਦੇ। ਕਈ ਕਈ ਘੰਟੇ ਉਨ੍ਹਾਂ ਦੀ ਬੈਠਕ ਵਿਚ ਬੈਠੇ ਰਹਿੰਦੇ। ਕਦੇ ਕਦੇ ਉਥੇ ਹੀ ਲੰਗਰ ਪਾਣੀ ਵੀ ਛਕ ਲੈਂਦੇ। ਸਾਹਬ ਦੇ ਘਰਦਿਆਂ ਨੇ ਵੀ ਕਦੇ ਸਾਨੂੰ ਇਹ ਅਹਿਸਾਸ ਨਹੀਂ ਸੀ ਹੋਣ ਦਿੱਤਾ ਕਿ ਅਸੀਂ ਕਿਉਂ ਹਮੇਸ਼ਾ ਉਸ ਨਾਲ ਚਿਬੜੇ ਰਹਿੰਦੇ ਹਾਂ। ਸਗੋਂ ਉਨ੍ਹਾਂ ਦਾ ਵਿਹਾਰ ਬੜਾ ਮਿਲਾਪੜਾ ਹੁੰਦਾ। ਉਹ ਖਾਸ ਕਰਕੇ ਉਸ ਦੇ ਪਿਤਾ ਜੀ ਸਾਨੂੰ ਸਾਰੇ ਨਿਆਣਿਆਂ ਨੂੰ ਆਪਣੇ ਘਰ ਵੇਖ ਕੇ ਬਹੁਤ ਹੀ ਖੁਸ਼ ਹੁੰਦੇ। ਉਹ ਸਾਡੇ ਪਰਿਵਾਰਾਂ ਬਾਰੇ ਅਕਸਰ ਪੁੱਛਦੇ ਰਹਿੰਦੇ। ਜੋ ਕੁਝ ਉਹ ਆਪਣੇ ਬੱਚਿਆਂ ਨੂੰ ਖਾਣ ਪੀਣ ਲਈ ਦਿੰਦੇ, ਉਹੀ ਸਾਨੂੰ ਵੀ ਜ਼ਰੂਰ ਖੁਆਉਂਦੇ-ਪਿਆਉਂਦੇ। ਇਸ ਲਈ ਅਸੀਂ 3-4 ਮੁੰਡੇ ਤਾਂ ਉਸ ਪਰਿਵਾਰ ਦਾ ਹਿੱਸਾ ਹੀ ਬਣ ਗਏ ਸਾਂ। ਪਰ ਸਾਨੂੰ ਸਾਹਬ ਦੇ ਦਾਦਾ ਜੀ ਮਰਹੂਮ ਸ. ਠਾਕਰ ਸਿੰਘ ਤੋਂ ਹਮੇਸ਼ਾ ਡਰ ਲਗਦਾ ਰਹਿੰਦਾ। ਉਹ ਬਹੁਤਾ ਕਰਕੇ ਆਪਣੇ ਪਿੰਡ ਹੀ ਰਹਿੰਦੇ ਸਨ। ਜੇ ਕਦੇ ਕਦਾਈਂ ਅਬੋਹਰ ਆਉਂਦੇ ਤਾਂ ਘਰ ਹੋ ਕੇ ਜਾਂਦੇ। ਜੇ ਸਾਨੂੰ ਉਨ੍ਹਾਂ ਦੇ ਘਰ ਆਏ ਹੋਣ ਦਾ ਪਤਾ ਲੱਗ ਜਾਂਦਾ ਤਾਂ ਅਸੀਂ ਸਾਹਬ ਦੇ ਘਰ ਜਾਣ ਤੋਂ ਪ੍ਰਹੇਜ਼ ਹੀ ਕਰਦੇ। ਉਨ੍ਹਾਂ ਦਾ ਰੋਅਬ-ਦਾਬ ਤੇ ਅੱਖੜ ਸੁਭਾਅ ਹੋਣ ਕਾਰਨ ਅਸੀਂ ਨਿਆਣੇ ਤਾਂ ਕੀ ਉਨ੍ਹਾਂ ਦੇ ਦੋਵੇਂ ਸਪੁੱਤਰ ਯਾਨਿ ਸਾਹਬ ਦੇ ਪਿਤਾ ਜੀ ਅਤੇ ਉਸ ਦੇ ਤਾਇਆ ਜੀ ਵੀ ਉਨ੍ਹਾਂ ਤੋਂ ਹਮੇਸ਼ਾ ਦਬ ਕੇ ਹੀ ਰਹਿੰਦੇ ਸਨ।

ਗਰਮੀਆਂ ਦੇ ਦਿਨ ਸਨ। ਇਕ ਦਿਨ ਅਸੀਂ ਸਾਰੇ ਦੋਸਤ ਜਦੋਂ ਸਾਹਬ ਨਾਲ ਉਸ ਦੇ ਘਰ ਗਏ ਤਾਂ ਪਤਾ ਲੱਗਾ ਕਿ ਕਿਸੇ ਜ਼ਰੂਰੀ ਕੰਮ ਕਾਰਨ ਪਰਿਵਾਰ ਦੇ ਸਾਰੇ ਜੀਅ ਪਿੰਡ ਚਲੇ ਗਏ ਸਨ। ਸਾਡੇ ਲਈ ਤਾਂ ਇਸ ਤੋਂ ਵੱਡੀ ਕੋਈ ਖੁਸ਼ੀ ਦੀ ਗੱਲ ਹੋ ਹੀ ਨਹੀਂ ਸੀ ਸਕਦੀ। ਸੋ, ਕਈ ਤਰ੍ਹਾਂ ਦੀਆਂ ਯੋਜਨਾਵਾਂ ਬਣਨ ਲੱਗੀਆਂ। ਘਰ ਵਿਚ ਜੋ ਕੁਝ ਵੀ ਖਾਣ ਪੀਣ ਲਈ ਸਾਮਾਨ ਸੀ, ਸਾਰਾ ਕੁਝ ਥਾਲੀਆਂ 'ਚ ਸਜਾਇਆ ਗਿਆ। ਅੰਬ ਦੇ ਅਚਾਰ, ਗੰਢਿਆਂ ਤੇ ਗੁੜ ਨਾਲ ਤਵੀ ਦੀਆਂ ਪੱਕੀਆਂ ਰੋਟੀਆਂ ਖਾਧੀਆਂ। ਫੇਰ ਅਸੀਂ ਸਾਰੇ ਵਰਾਂਡੇ ਵਿਚ ਪਏ ਮੰਜਿਆਂ 'ਤੇ ਜਾ ਕੇ ਪਸਰ ਗਏ। ਨੀਂਦ ਦੇ ਝੋਕੇ ਲੈਣ ਤੋਂ ਬਾਅਦ ਲੌਢੇ ਵੇਲੇ ਦੀ ਚਾਹ ਦਾ ਟਾਈਮ ਹੋ ਗਿਆ। ਸਾਹਬ ਨੇ ਛਟੀਆਂ ਬਾਲ ਕੇ ਪਤੀਲਾ ਭਰ ਕੇ ਚਾਹ ਤਿਆਰ ਕਰ ਲਈ। ਚਾਹ ਅਜੇ ਕੱਪਾਂ 'ਚ ਪਾਈ ਹੀ ਸੀ ਕਿ ਬੈਠਕ ਦਾ ਦਰਵਾਜ਼ਾ ਖੜਕਿਆ। ਮੈਂ ਖੋਲ੍ਹਣ ਗਿਆ ਤਾਂ ਅੱਗੇ ਸਾਹਬ ਦੇ ਦਾਦਾ ਜੀ ਖੜ੍ਹੇ ਸਨ। ਮੈਂ ਕੁੰਡਾ ਖੋਲ੍ਹ ਕੇ ਤੇਜ਼ੀ ਨਾਲ ਦੋਸਤਾਂ 'ਚ ਆ ਕੇ ਬੈਠ ਗਿਆ। ਆਪਣੇ ਦਾਦੇ ਨੂੰ ਆਉਂਦਾ ਦੇਖ ਸਾਹਬ ਤੇ ਉਸ ਦੇ ਤਿੰਨੇ ਭਰਾ ਮੰਜਿਆਂ ਤੋਂ ਉਠ ਕੇ ਖੜ੍ਹੇ ਹੋ ਗਏ।

ਜਦੋਂ ਉਨ੍ਹਾਂ 7-8 ਮੁੰਡਿਆਂ ਦੀ ਢਾਣੀ ਅੱਗੇ ਚਾਹ ਦੇ ਕੱਪ ਦੇਖੇ ਤਾਂ ਦਾਦਾ ਜੀ ਤਾਂ ਭੜਕ ਪਏ, 'ਇਹ ਕੀ ਓਏ, ਨਾਲੇ ਛੋਕਰਿਆਂ ਤੋਂ ਮੰਜੇ ਤੁੜਵਾਈਏ, ਨਾਲੇ ਚਾਹ ਪਿਆਈਏ।' ਉਹ ਆਪਣੇ ਪੋਤਿਆਂ ਨੂੰ ਸੰਬੋਧਨ ਹੋ ਰਹੇ ਸਨ ਅਤੇ ਫਿਰ ਸਾਡੇ ਵੱਲ ਮੂੰਹ ਕਰਕੇ ਬੋਲੇ, 'ਜਾਂਦੇ ਓ ਕਿ ਲਾਵਾਂ ਛਿੱਤਰ।' ਏਨਾ ਕਹਿਣ ਦੀ ਦੇਰ ਸੀ ਅਸੀਂ ਸਾਰੇ ਬਿਨਾਂ ਚਾਹ ਪੀਤਿਆਂ ਹੀ ਨੀਵੀਂ ਪਾਈ ਖਿਸਕਣ ਲੱਗੇ। ਸਾਡੇ ਵਿਚੋਂ ਕਿਸੇ ਦੀ ਹਿੰਮਤ ਨਹੀਂ ਸੀ ਕਿ ਉਥੇ ਬਾਬਾ ਜੀ ਦਾ ਸਾਹਮਣਾ ਕਰ ਸਕਦੇ। ਘਰੋਂ ਬਾਹਰ ਆ ਕੇ ਮੈਂ, ਪ੍ਰੇਮ ਜਸੂਜਾ, ਦੀਨਾ ਤੇ ਪਾਲ-ਚਾਹ ਨਾ ਪੀ ਸਕਣ ਕਾਰਨ ਬਾਬਾ ਜੀ ਨੂੰ ਕੋਸਣ ਲੱਗੇ। 'ਜੇ ਬਾਬਾ ਜੀ ਪੰਜ ਮਿੰਟ ਹੋਰ ਦੇਰ ਨਾਲ ਆਉਂਦੇ ਤਾਂ ਕੀ ਸੀ, ਅਸੀਂ ਚਾਹ ਤਾਂ ਪੀ ਲੈਂਦੇ।' ਫਿਰ ਅਸੀਂ ਸਾਰੇ ਚਾਹ ਦੀ ਤਲਬ ਪੂਰੀ ਕਰਨ ਲਈ ਬਾਬਾ ਪ੍ਰਭੂ ਦਿਆਲ ਦੀ ਚਾਹ ਦੀ ਦੁਕਾਨ 'ਤੇ ਚਲੇ ਗਏ।

ਅਗਲੇ ਦਿਨ ਸਾਹਬ ਸਕੂਲ ਵਿਚ ਮਿਲਿਆ ਤਾਂ ਉਹ ਥੋੜ੍ਹਾ ਉਦਾਸ ਨਜ਼ਰ ਆਇਆ। ਮੈਂ ਜਦੋਂ ਉਸ ਨੂੰ ਪੁੱਛਿਆ ਕਿ ਬਾਅਦ ਵਿਚ ਬਾਬਾ ਜੀ ਤੁਹਾਡੇ ਨਾਲ ਤਾਂ ਠੀਕ ਠਾਕ ਰਹੇ ਤਾਂ ਉਸ ਨੇ ਦੱਸਿਆ ਕਿ ਚਾਹ ਏਨੀ ਜ਼ਿਆਦਾ ਬਣ ਗਈ ਸੀ ਕਿ ਸਾਨੂੰ ਅੱਧਿਉਂ ਵੱਧ ਪਤੀਲਾ ਰੋੜ੍ਹਨਾ ਪਿਆ। ਸਾਨੂੰ ਚਾਰਾਂ ਜਣਿਆਂ ਨੂੰ ਢਿੱਲੇ ਮੂੰਹ ਦੇਖ ਕੇ ਬਾਬਾ ਜੀ ਕਹਿਣ ਲੱਗੇ, "ਚਲੋ ਬੁਲਾ ਲਿਆਓ ਮੁੰਡਿਆਂ ਨੂੰ, ਪਰ ਏਨੇ ਨੂੰ ਤੁਸੀਂ ਤਾਂ ਸਾਰੇ ਜਾ ਚੁੱਕੇ ਸੀ।" ਮੈਂ ਉਹਦੇ ਚਿਹਰੇ ਵੱਲ ਦੇਖਿਆ, ਉਹ ਹੋਰ ਸਾਉਲਾ ਹੋ ਗਿਆ ਲਗਦਾ ਸੀ। ਉਹ ਅੱਗੇ ਤਰਲੇ ਨਾਲ ਕਹਿਣ ਲੱਗਾ, "ਅੱਜ ਤਾਂ ਘਰ ਚੱਲੋਗੇ ਨਾ ਯਾਰ!" ਮੈਂ ਤੁਰਤ ਜੁਆਬ ਦਿੱਤਾ, "ਘਰ ਜਾਣ ਜੋਗਾ ਛੱਡਿਆ ਹੀ ਨਹੀਂ ਤੇਰੇ ਦਾਦੇ ਨੇ।"

ਉਸ ਨੇ ਮੈਨੂੰ ਪਿਛੋਂ ਵਲ ਲਿਆ ਅਤੇ ਵਾਰ ਵਾਰ ਇਸੇ ਗੱਲ 'ਤੇ ਜ਼ੋਰ ਦੇਣ ਲੱਗਾ, "ਅੱਜ ਥੋੜ੍ਹੇ ਉਹ ਘਰੇ ਬੈਠੇ ਐ।" "ਕੋਈ ਗੱਲ ਨਹੀਂ ਕਦੇ ਫੇਰ ਸਹੀ ਪਰ ਅੱਜ ਨਹੀਂ।" ਮੈਂ ਉਸ ਨੂੰ ਸਾਫ ਸਾਫ ਕਹਿ ਦਿੱਤਾ। ਇਸ ਤੋਂ ਬਾਅਦ ਅਸੀਂ ਪੀਰੀਅਡ ਲਾਏ ਅਤੇ ਆਪਣੇ ਆਪਣੇ ਰਾਹ ਤੁਰਦੇ ਬਣੇ। ਇਸ ਤਰ੍ਹਾਂ ਕਈ ਦਿਨ ਲੰਘ ਗਏ। ਅਸਾਂ ਸਾਰੇ ਦੋਸਤਾਂ ਨੇ ਮਨ ਹੀ ਬਣਾ ਲਿਆ ਕਿ ਹੁਣ ਉਨ੍ਹਾਂ ਦੇ ਘਰ ਨਹੀਂ ਜਾਣਾ। ਪਰ ਸਾਡਾ ਇਹ ਪ੍ਰਣ ਬਹੁਤੇ ਦਿਨ ਨਾ ਚੱਲ ਸਕਿਆ। ਇਕ ਸ਼ਾਮ ਬਾਜ਼ਾਰ ਵਿਚ ਘੁੰਮਦਿਆਂ ਸਾਹਬ ਦੇ ਪਿਤਾ ਜੀ ਮਿਲ ਗਏ। ਉਨ੍ਹਾਂ ਸਾਨੂੰ ਸਾਰਿਆਂ ਨੂੰ ਪਿਆਰ ਤੇ ਸਨੇਹ ਨਾਲ ਪਲੋਸਿਆ। ਫਿਰ ਪੁੱਛਣ ਲੱਗੇ ਕਿ ਅੱਜਕਲ੍ਹ ਘਰ ਕਿਉਂ ਨਹੀਂ ਆਉਂਦੇ? ਅਸੀਂ ਉਨ੍ਹਾਂ ਅੱਗੇ ਇਕ ਸ਼ਬਦ ਵੀ ਨਾ ਬੋਲ ਸਕੇ। ਉਨ੍ਹਾਂ ਆੜ੍ਹਤ ਦੀ ਦੁਕਾਨ 'ਤੇ ਟਰੈਕਟਰ ਟਰਾਲੀ ਲਾਇਆ ਹੋਇਆ ਸੀ। ਉਹ ਸਾਨੂੰ ਜਬਰੀ ਆਪਣੇ ਨਾਲ ਲੈ ਗਏ। ਸਾਹਬ ਤੇ ਉਸ ਦੇ ਤਾਏ ਦਾ ਲੜਕਾ ਹੰਸ ਪਹਿਲਾਂ ਹੀ ਟਰੈਕਟਰ 'ਤੇ ਸਜੇ ਬੈਠੇ ਸਨ। ਉਨ੍ਹਾਂ ਸਾਨੂੰ ਸਾਰਿਆਂ ਨੂੰ ਟਰਾਲੀ 'ਚ ਬੈਠਣ ਲਈ ਕਿਹਾ। ਸਾਨੂੰ ਟਰਾਲੀ ਵਿਚ ਵੇਖ ਕੇ ਸਾਹਬ ਤੇ ਹੰਸ ਵੀ ਟਰਾਲੀ ਵਿਚ ਆ ਗਏ। ਅਗਲੇ ਦਸ ਮਿੰਟਾਂ 'ਚ ਅਸੀਂ ਸਾਹਬ ਦੇ ਘਰ ਅੱਗੇ ਖੜ੍ਹੇ ਸੀ।

ਸਾਹਬ ਦੇ ਪਿਤਾ ਜੀ ਸਾਨੂੰ ਵਾਰ ਵਾਰ ਘਰ ਆਉਣ ਲਈ ਕਹਿ ਰਹੇ ਸਨ ਪਰ ਅਸੀਂ ਸਾਰੇ ਦੋਸਤ ਘਰ ਵੜਨ ਤੋਂ ਝਿਜਕ ਰਹੇ ਸਾਂ। ਆਖਰ ਉਨ੍ਹਾਂ ਸਾਨੂੰ ਸਾਰਿਆਂ ਨੂੰ ਵਲ ਕੇ ਬੈਠਕ ਵਿਚ ਲਿਆ ਬਿਠਾਇਆ। "ਬਾਪੂ ਜੀ ਇਹ ਥੋਥੋਂ ਡਰਦੇ ਵਿਚਾਰੇ ਅਜੇ ਵੀ ਕੰਬੀ ਜਾਂਦੇ ਨੇ।" ਲਗਦਾ ਸੀ ਉਨ੍ਹਾਂ ਨੂੰ ਸਾਰੀ ਗੱਲ ਦਾ ਪਤਾ ਲੱਗ ਚੁੱਕਿਆ ਸੀ। ਪਹਿਲਾਂ ਉਨ੍ਹਾਂ ਬੈਠਕ ਵਿਚ ਬੈਠੇ ਬਾਬਾ ਠਾਕਰ ਸਿੰਘ ਵੱਲ ਇਸ਼ਾਰਾ ਕੀਤਾ ਅਤੇ ਫਿਰ ਸਾਨੂੰ ਕਹਿਣ ਲੱਗੇ, "ਬੱਲਿਓ! ਡਰਨ ਦੀ ਕੋਈ ਲੋੜ ਨਹੀਂ। ਬਾਪੂ ਜੀ ਦਾ ਇਹ ਮਤਲਬ ਨਹੀਂ ਸੀ ਕਿ ਤੁਸੀਂ ਘਰ ਆਉਣਾ ਹੀ ਛੱਡ ਦਿਓ।" ਫਿਰ ਉਹ ਆਪ ਵੀ ਇਕ ਖਾਲੀ ਕੁਰਸੀ 'ਤੇ ਬੈਠ ਗਏ। ਉਨ੍ਹਾਂ ਬਾਪੂ ਜੀ ਨੂੰ ਕਹਿਣਾ ਸ਼ੁਰੂ ਕੀਤਾ, "ਦਰਅਸਲ ਬਾਪੂ ਜੀ ਜ਼ਮਾਨਾ ਬੜਾ ਖਰਾਬ ਚੱਲ ਰਿਹੈ। ਜੇ ਇਹ ਬੱਚੇ ਸਾਡੇ ਘਰ ਨਹੀਂ ਆਉਣਗੇ ਤਾਂ ਸਾਡੇ ਬੱਚੇ ਇਨ੍ਹਾਂ ਦੇ ਘਰਾਂ ਵੱਲ ਦੌੜਨਗੇ। ਅਸੀਂ ਆਪਣੇ ਕੰਮਾਂ ਕਾਰਾਂ ਵਿਚ ਇਨ੍ਹਾਂ ਦੀ ਰਾਖੀ ਲਈ ਕਿਵੇਂ ਘਰ ਬੈਠੇ ਰਹਾਂਗੇ। ਇਹ ਬੱਚੇ ਘਰ ਆ ਜਾਂਦੇ ਐ ਤਾਂ ਸਾਨੂੰ ਵੀ ਫਿਕਰ ਨਹੀਂ ਰਹਿੰਦਾ। ਜੇ ਸਾਡੇ ਬੱਚੇ ਇਨ੍ਹਾਂ ਬੱਚਿਆਂ ਦੇ ਲਾਲਚ ਵਿਚ ਕਿਤਾਬ ਖੋਲ੍ਹ ਲੈਂਦੇ ਨੇ ਤਾਂ ਸਾਨੂੰ ਹੋਰ ਕੀ ਚਾਹੀਦੈ।"

ਬਾਪੂ ਜੀ ਨੇ ਸਾਹਬ ਦੇ ਪਿਤਾ ਜੀ ਦੀਆਂ ਗੱਲਾਂ ਨੂੰ ਧਿਆਨ ਨਾਲ ਸੁਣਿਆ ਤੇ ਸਹਿਮਤੀ ਵਜੋਂ ਸਿਰਫ ਸਿਰ ਹੀ ਹਿਲਾਇਆ। ਉਦੋਂ ਸਾਨੂੰ ਇਹ ਸਮਝ ਨਹੀਂ ਸੀ ਕਿ ਸਾਹਬ ਦੇ ਪਿਤਾ ਜੀ ਸਾਡੇ ਹੱਕ ਵਿਚ ਗੱਲ ਕਰ ਰਹੇ ਸਨ ਜਾਂ ਵਿਰੋਧ ਵਿਚ। ਇਸ ਦਾ ਪਤਾ ਤਾਂ ਕਈ ਸਾਲ ਬਾਅਦ ਹੋਸ਼ ਸੰਭਾਲਣ 'ਤੇ ਹੀ ਲੱਗਾ ਕਿ ਦਰਅਸਲ ਉਹ ਆਪਣੇ ਨਿੱਕੇ ਜਿਹੇ ਹਿਤ ਵਿਚੋਂ ਵੱਡੀ ਖੁਸ਼ੀ ਤੇ ਤਸੱਲੀ ਭਾਲਣ ਦੀ ਫਿਰਾਕ ਵਿਚ ਸਨ।

# ਹਾਲੇ ਵੀ ਖੂਹ ਤੋਂ ਪਾਣੀ ਭਰਦੀ ਏ ਗੁਰਪਾਲ ਸਿੰਘ ਪਾਲ ਦੀ 'ਪਾਲੀ'

ਕੀ ਮੈਂ ਝੂਠ ਬੋਲਿਐ...



ਸਵਰਨ ਸਿੰਘ ਟਹਿਣਾ
ਫੋਨ:91-98141-78883

ਉਸ ਸ਼ਖਸੀਅਤ ਦੀ ਪੰਜਾਬੀ ਗਾਇਕੀ ਨੂੰ ਦੇਣ ਬਾਬਤ ਜਦੋਂ ਵੀ ਸੋਚਦਾ ਹਾਂ ਤਾਂ ਪੰਦਰਾਂ ਸਾਲ ਪਹਿਲਾਂ ਵਾਲੀ ਪਲੇਠੀ ਮਿਲਣੀ ਚੇਤੇ ਆ ਜਾਂਦੀ ਏ। ਜਾਣਕਾਰਾਂ ਦੱਸਿਆ ਸੀ ਕਿ ਕੋਟਕਪੂਰਾ ਦੇ ਬੱਸ ਅੱਡੇ ਦੇ ਪਿਛਲੇ ਪਾਸੇ ਵਾਲੀ ਗਲੀ ਵਿਚ ਉਹਦਾ ਘਰ ਏ। ਚੌੜ੍ਹੀ ਗਲੀ ਤੇ ਵੱਡਾ ਸਾਰਾ ਗੇਟ। ਬਾਹਰ ਨਾਂ ਵਾਲੀ ਛੋਟੀ ਜਿਹੀ ਪਲੇਟ ਲੱਗੀ ਹੋਈ ਏ, ਜਿਸ 'ਤੇ ਰੇਡੀਓ ਤੇ ਟੀ.ਵੀ. ਆਰਟਿਸਟ ਲਿਖਿਆ ਏ। ਦੱਸਣ ਵਾਲਿਆਂ ਇਹ ਵੀ ਕਿਹਾ ਸੀ ਕਿ ਜਦੋਂ ਤੂੰ ਉਨ੍ਹਾਂ ਦੀ ਤੂੰਬੀ ਵੱਲ ਦੇਖੇਂਗਾ ਤਾਂ ਉਹਦੇ 'ਤੇ 'ਪਾਲੀ' ਲਿਖਿਆ ਮਿਲੇਗਾ। ਹਰ ਗੱਲ 'ਚੋਂ ਉਨ੍ਹਾਂ ਦਾ 'ਪਾਲੀ ਪ੍ਰੇਮ' ਡੁੱਲ੍ਹ-ਡੁੱਲ੍ਹ ਪਏਗਾ, ਥੋੜ੍ਹੀ ਜਹੀ ਗੱਲ ਤੂੰ ਸ਼ੁਰੂ ਕਰ ਦਈਂ, ਬਾਕੀ ਸਾਰੀ ਉਨ੍ਹਾਂ ਆਪੇ ਪੂਰੀ ਕਰ ਛੱਡਣੀ ਏ।

ਹੋਇਆ ਵੀ ਏਦਾਂ ਹੀ। ਘਰ ਪੁੱਜਾ ਤਾਂ ਪਿਛਲੇ ਪਾਸੇ ਬਣੇ ਛੋਟੇ ਜਿਹੇ ਕਮਰੇ ਵਿਚ ਉਹ, ਉਨ੍ਹਾਂ ਦਾ ਟੀ.ਵੀ, ਕੂਲਰ, ਤੂੰਬੀ, ਹਾਰਮੋਨੀਅਮ, ਵੈਦਾਂ ਦੀਆਂ ਦਵਾਈਆਂ ਤੇ ਲੀੜੇ ਭਰੇ ਹੋਏ ਸਨ। ਕੋਲ ਖਾਲੀ ਬੋਤਲ ਤੇ ਕੱਚ ਦਾ ਗਲਾਸ ਪਿਆ ਸੀ, ਜੋ ਦੱਸਣ ਲਈ ਕਾਫੀ ਸੀ ਕਿ ਕੌੜਾ ਘੁੱਟ ਲੱਗੇ ਨੂੰ ਬਹੁਤੀ ਦੇਰ ਨਹੀਂ ਹੋਈ। ਆਉਣ ਦਾ ਕਾਰਨ ਦੱਸਿਆ ਤਾਂ ਖਿੱਲਰੇ ਵਾਲਾਂ ਦਾ ਜੂੜਾ ਬਣਾਉਂਦਿਆਂ ਥੋੜ੍ਹੀ ਥਥਲਾਉਂਦੀ ਆਵਾਜ਼ 'ਚ ਕਿਹਾ, "ਅੱਛਾ-ਅੱਛਾ, ਬਹਿਜੋ, ਬਹਿਜੋ।"

"ਓਏ ਦੀਪੀ...ਦੀਪੀ ਓਏ...ਓਏ ਰਵੀ, ਪਤਾ ਨਹੀਂ ਕਿੱਧਰ ਗਏ ਸਾਰੇ। ਮੰਗਾਉਂਨਾ ਪਾਣੀ...ਆ ਲੈਣ ਦਿਓ ਕਿਸੇ ਨੂੰ ਏਧਰ।" ਕਹਿ ਉਹ ਢੋਅ ਲਾ ਬੈਠ ਗਏ।

ਰਸਮੀ ਗੱਲਾਂਬਾਤਾਂ ਤੋਂ ਪੰਦਰਾਂ ਕੁ ਮਿੰਟ ਬਾਅਦ ਉਨ੍ਹਾਂ ਤੂੰਬੀ ਦੀ ਤਾਰ ਕਸ ਲਈ ਤੇ ਗੱਲਾਂ ਦੀ ਧਾਰ ਪਹਿਲਾਂ ਨਾਲੋਂ ਤਿੱਖੀ ਹੋ ਗਈ। ਤੂੰਬੀ 'ਤੇ ਮੋਟੇ ਲਾਲ ਅੱਖਰਾਂ 'ਚ 'ਪਾਲੀ' ਲਿਖਿਆ ਚਮਕਾਰੇ ਮਾਰ ਰਿਹਾ ਸੀ। ਹਰ ਗੱਲ ਦਾ ਬੇਪ੍ਰਵਾਹੀ ਨਾਲ ਉਤਰ ਦਿੰਦਿਆਂ ਕੁਝ ਸੈਕਿੰਡਾਂ ਮਗਰੋਂ ਉਹ ਤੂੰਬੀ ਦੀ ਤਾਰ 'ਤੇ ਉਂਗਲ ਮਾਰ 'ਟੁਣਨਨ...ਟੁਣਨਨ' ਕਰਾਉਂਦਿਆਂ ਸ਼ਾਇਦ ਉਹਦੇ ਨਾਲ ਵੀ ਕੋਈ ਗੱਲ ਕਰੀ ਜਾ ਰਹੇ ਸੀ।

"ਬਾਪੂ, ਆਹ ਪਾਲੀ ਕੌਣ ਸੀ?" ਮੈਂ ਪੁੱਛ ਲਿਆ।

"ਸਾਰੇ ਪਹਿਲੀ ਮਿਲਣੀ 'ਚ ਏਹੀ ਪੁੱਛਦੇ ਆ। ਇੱਕ ਵਾਰ ਪਾਕਿਸਤਾਨ ਪ੍ਰੋਗਰਾਮ ਕਰਨ ਗਿਆ ਸੀ, ਉਥੇ ਇੱਕ ਰੇਡੀਓ ਪ੍ਰੋਗਰਾਮ ਕਰਨ ਵਾਲੀ ਕੁੜੀ ਨੇ ਇਹੀ ਗੱਲ ਪੁੱਛ ਲਈ ਤੇ ਮੈਂ ਉਹਦੇ ਬੁੱਲ੍ਹਾਂ ਦੀ ਲਾਲ ਸੁਰਖੀ ਨਾਲ ਪਾਲੀ ਦਾ ਸਬੰਧ ਜੋੜਦਿਆਂ ਸੁਣਾ ਦਿੱਤਾ, 'ਜਦੋਂ ਤੱਕ ਤੇਰੇ ਬੁੱਲ੍ਹਾਂ 'ਤੇ ਲਾਲੀ ਰਹੂਗੀ, ਪਾਲ ਦਿਆਂ ਬੁੱਲ੍ਹਾਂ 'ਤੇ ਪਾਲੀ ਰਹੂਗੀ।"

ਅੰਦਰੋਂ ਹੋਰ ਕੁਰੇਦਣ ਲਈ ਮੈਂ ਅਗਲਾ ਸਵਾਲ ਪੁੱਛਿਆ, "ਕਹਿੰਦੇ ਪਾਲੀ ਥੋਨੂੰ ਛੱਡ ਗਈ ਸੀ, ਤਾਹੀਓਂ ਤੁਸੀਂ 'ਹਾਲੇ ਵੀ ਨਹੀਂ ਭੁੱਲੀ ਪਾਲੀ ਯਾਦ ਆਉਂਦੀ ਰਹਿੰਦੀ ਏ, ਛੱਡਦੀ ਨ੍ਹੀਂ ਜਿਊਣ ਜੋਗਾ, ਜਾਨ ਕੱਢ ਲੈਂਦੀ ਏ' ਗਾਇਆ ਸੀ।"

ਮੇਰੇ ਵੱਲ ਟਿਕਟਿਕੀ ਲਾ ਦੇਖ ਕਹਿਣ ਲੱਗੇ, "ਨਿੱਕਾ ਏਂ, ਪਰ ਤਿੱਖਾ ਏਂ ਤੂੰ। ਮੇਰੇ ਵਾਲੀ ਤਾਂ ਕੋਈ ਹੋਰ ਸੀ, ਇਹ ਪਾਲੀ ਕਿਸੇ ਹੋਰ ਦੀ ਸੀ।"

ਫੇਰ ਸ਼ੁਰੂ ਹੋ ਗਏ, "ਗਾਉਣ ਨੇ ਬੜਾ ਨਾਂ ਦਿੱਤੈ, ਮਾਣ-ਸਨਮਾਨ ਦਿਵਾਇਆ। ਵਾਹਿਗੁਰੂ ਦਾ ਦਿੱਤਾ ਸਾਰਾ ਕੁਝ ਐ ਆਪਣੇ ਕੋਲ।"

"ਪਰ ਦਾਰੂ ਆਲੀ ਗੱਲ ਤਾਂ ਮਾੜੀ ਐ ਨਾ।" ਮੈਂ ਝਿਜਕਦਿਆਂ ਕਹਿ ਦਿੱਤਾ।

"ਇਹੀ ਤਾਂ ਸਾਰੇ ਗ਼ਮ ਮਾਰਦੀ ਏ, ਲੋਕਾਂ ਐਵੇਂ ਬਦਨਾਮ ਕਰ ਛੱਡੀ ਏ। ਪਹਿਲਾਂ ਵੀ ਛੱਡੀ ਸੀ, ਹੁਣ ਫੇਰ ਛੱਡ ਦੇਣੀ ਆ। ਜਦੋਂ ਅਗਲੀ ਵਾਰ ਮਿਲੇਂਗਾ ਸੋਫੀ ਹੋਊਂਗਾ, ਪੱਕਾ ਰਿਹਾ।" ਉਨ੍ਹਾਂ ਜਵਾਬ ਦਿੰਦਿਆਂ ਸਫ਼ਾਈ ਵੀ ਦੇ ਦਿੱਤੀ।

ਉਸ ਮੁਲਾਕਾਤ ਤੋਂ ਬਾਅਦ 15 ਸਾਲਾਂ 'ਚ ਸੈਂਕੜੇ ਮੁਲਾਕਾਤਾਂ ਹੋਈਆਂ ਨੇ, ਦੁੱਖ-ਸੁੱਖ ਵੇਲ਼ੇ ਇਕ-ਦੂਜੇ ਦੇ ਘਰ ਗਏ ਹਾਂ ਤੇ ਅਣਗਿਣਤ ਘਰੇਲੂ ਗੱਲਾਂ ਸਾਂਝੀਆਂ ਕੀਤੀਆਂ ਨੇ। ਤਸੱਲੀ ਏਸ ਗੱਲ ਦੀ ਏ ਕਿ ਲੋਕਾਂ ਦਾ ਗੁਰਪਾਲ ਸਿੰਘ ਪਾਲ ਮੇਰੇ ਲਈ 'ਬਾਪੂ' ਹੈ ਤੇ ਮੈਂ ਉਨ੍ਹਾਂ ਲਈ 'ਸਵਰਨਾ।' ਉਮਰ ਦਾ ਫ਼ਾਸਲਾ ਸਾਡੀ ਗੱਲਬਾਤ ਵਿਚ ਕਦੇ ਅੜਿੱਕਾ ਨਹੀਂ ਬਣਿਆ, ਬਹੁਤੀ ਵਾਰ ਉਹ ਮੈਨੂੰ 'ਯਾਰ' ਹੀ ਕਹਿੰਦੇ ਨੇ।

ਬਾਪੂ ਦੀ ਦਿੱਖ ਹੁਣ ਪਹਿਲਾਂ ਨਾਲੋਂ ਢੇਰ ਬਦਲ ਚੁੱਕੀ ਹੈ, ਚਿੱਟੇ ਦਾਹੜੇ ਦਾ ਪ੍ਰਕਾਸ਼ ਤੇ ਪਹਿਲੀ ਨਜ਼ਰੇ ਉਹ ਗਾਇਕ ਨਾਲੋਂ ਗ੍ਰੰਥੀ ਵੱਧ ਲੱਗਦੇ ਨੇ। ਪਰ ਨਾ ਕਿਸੇ ਗੱਲ 'ਤੇ ਮਰੂੰ ਮਰੂੰ ਏ, ਨਾ ਕਿਸੇ ਗੱਲ ਦਾ ਝੋਰਾ। ਕਮਰਾ ਹੇਠੋਂ ਬਦਲ ਕੇ ਛੱਤ ਉਪਰ ਜਾ ਚੁਕੈ ਤੇ ਸਮਾਨ ਉਹੀ ਪੰਦਰਾਂ ਸਾਲ ਪਹਿਲਾਂ ਵਾਲਾ। ਅੱਸੀ ਦੀ ਉਮਰ 'ਚ ਬਹੁਤੇ ਬਜ਼ੁਰਗਾਂ ਦਾ ਬੋਲ ਨਹੀਂ ਨਿਕਲਦਾ, ਹੱਥ ਕੰਬਦੇ ਨੇ, ਸਰੀਰ ਝੋਲ ਮਾਰਦੈ, ਪਰ ਪਾਲ ਹੁਰਾਂ ਮੂੰਹੋਂ ਗੀਤ ਨਿਕਲਦੇ ਨੇ, ਉਂਗਲਾਂ ਤੂੰਬੀ ਵਜਾਉਂਦੀਆਂ ਨੇ ਤੇ ਸਟੇਜ 'ਤੇ ਖੜ੍ਹ ਗਾਉਣ ਦੇ ਨਾਲ-ਨਾਲ ਲੋਕਾਂ ਨੂੰ ਸਮਝਾਉਣੀਆਂ ਵੀ ਦਿੰਦੇ ਨੇ।

ਇੱਕ ਵਾਰ ਕਹਿੰਦੇ, "ਜੈਤੋ ਲਾਗੇ ਮੇਲਾ ਏ, ਮੈਨੂੰ ਬੁਲਾਇਆਂ 'ਕਵੰਜਾ ਸੌ 'ਚ, ਚੱਲ ਨਾਲ।"

ਮੇਲੇ 'ਚ ਦੋ ਕੁ ਹਜ਼ਾਰ ਦਾ ਇਕੱਠ ਹੋਏਗਾ ਤੇ ਸਟੇਜ ਸਕੱਤਰ ਨੇ ਕਿਹਾ, "ਆ ਰਹੇ ਨੇ ਬਾਪੂ ਗੁਰਪਾਲ ਸਿੰਘ ਪਾਲ 'ਪਾਲੀ ਪਾਣੀ ਖੂਹ ਤੋਂ ਭਰੇ' ਫੇਮ...ਤਾੜੀਆਂ ਮਾਰ ਦਿਓ।"

ਪਾਲ ਹੁਰਾਂ ਮਾਈਕ ਨੇੜੇ ਕਰ ਸਟੇਜ ਸਕੱਤਰ ਵੱਲ ਘੂਰਦਿਆਂ ਆਖਿਆ, "ਓਏ ਮੁੰਡਿਆ, ਦੱਸ ਮੈਂ ਬਾਪੂ ਕਿਹੜੇ ਪਾਸਿਓਂ ਲੱਗਦਾਂ, ਕਿਸੇ ਦਾ ਬਾਪੂ ਹੈ ਮੇਰੇ ਵਰਗਾ, ਜਿਹੜਾ 75 ਸਾਲ 'ਚ ਸਟੇਜ 'ਤੇ ਗਾਣੇ ਗਾਵੇ। ਉਮਰ ਨਾ ਦੇਖੋ, ਗਾਣਿਆਂ ਦਾ ਜਲਵਾ ਦੇਖਿਓ।"

ਪੰਡਾਲ 'ਚ ਹਾਸਾ ਛਿੜ ਪਿਆ ਤੇ ਉਨ੍ਹਾਂ ਤੂੰਬੀ ਦੀ ਟੁਣਕ-ਟੁਣਕ ਕਰਾਉਂਦਿਆਂ ਪਹਿਲਾ ਗਾਣਾ ਛੇੜ ਲਿਆ, "ਦਾਤੇ ਦੀਆਂ ਬੇਪ੍ਰਵਾਹੀਆਂ ਤੋਂ, ਤੂੰ ਲਾਪ੍ਰਵਾਹਾ ਡਰਿਆ ਕਰ, ਕਿਉਂ ਹਰ ਦਮ ਦਮਦਮ ਕਰਦਾ ਏਂ, ਦਮ ਦੇਣੇ ਨੇ ਦਮ ਭਰਿਆ ਕਰ।" ਆਵਾਜ਼ ਅਗਲੇ ਤੋਂ ਅਗਲੇ ਅੰਤਰੇ ਉਚੀ ਹੁੰਦੀ ਜਾ ਰਹੀ ਸੀ ਤੇ ਤੀਜੇ ਗੀਤ ਤੋਂ ਬਾਅਦ ਸੌ-ਸੌ ਦੇ ਨੋਟ ਬਾਪੂ ਵੱਲ ਆਉਣੇ ਸ਼ੁਰੂ ਹੋ ਗਏ। ਲੋਕਾਂ ਦੀ ਹੌਸਲਾ ਅਫ਼ਜ਼ਾਈ ਨਾਲ ਉਨ੍ਹਾਂ ਦੀਆਂ ਅੱਖਾਂ 'ਚ ਚਮਕ ਆ ਗਈ, ਕਹਿੰਦੇ, "ਹੁਣ ਪਾਲੀ ਖੂਹ ਤੋਂ ਪਾਣੀ ਭਰਨ ਲੱਗੀ ਏ, ਜੇ ਕਿਸੇ ਨੇ ਘੜਾ ਚੁਕਾਉਣੈ ਤਾਂ ਬਾਹਾਂ ਉਚੀਆਂ ਕਰ ਲਵੋ ਭਾਵ ਤਾੜੀਆਂ ਨਾਲ-ਨਾਲ ਮਾਰੀ ਜਾਇਓ।" ਤੇ ਫੇਰ



ਗੁਰਪਾਲ ਸਿੰਘ ਪਾਲ

ਗੀਤ ਸ਼ੁਰੂ ਹੋ ਗਿਆ,

ਪਾਲੀ ਪਾਣੀ ਖੂਹ ਤੋਂ ਭਰੇ,
ਓ ਹੋ...ਆਹ ਹਾ।
ਉਹਦੇ ਇੰਨੂ ਨੂੰ ਸਿਤਾਰੇ,
ਜਿਵੇਂ ਅੰਬਰਾਂ 'ਚ ਤਾਰੇ,
ਉਹਦੀ ਹਿੱਕ 'ਤੇ ਜੰਜ਼ੀਰੀ ਲਮਕੇ,
ਬਈ ਜਦੋਂ ਘੜਾ ਲਿਫ਼ ਕੇ ਧਰੇ,
ਪਾਲੀ ਪਾਣੀ...।

ਆਮ ਲੋਕ ਕਲਾਕਾਰ ਦੀਆਂ ਕਲਾ ਵੰਨਗੀਆਂ ਬਾਰੇ ਜਾਣਦੇ ਹੁੰਦੇ ਨੇ, ਉਹ ਕੀ ਗਾਉਂਦੈ, ਕਿਵੇਂ ਗਾਉਂਦੈ, ਸਟੇਜ 'ਤੇ ਕੇਹਾ ਲੱਗਦੈ, ਵਗੈਰਾ-ਵਗੈਰਾ, ਇਹ ਕੋਈ ਨਹੀਂ ਜਾਣਦਾ ਹੁੰਦਾ ਕਿ ਸਟੇਜ 'ਤੇ ਹੱਸਣ ਵਾਲਾ ਇਨਸਾਨ ਕਿਤੇ ਸਟੇਜ ਦੇ ਪਿਛਲੇ ਪਾਸੇ ਰੋਇਆ ਤਾਂ ਨਹੀਂ। ਪਾਲ ਜਮਾਂਦਰੂ ਕਲਾਕਾਰ ਨਹੀਂ, ਹਾਲਾਤ ਨੇ ਉਸ ਕੋਲੋਂ ਬਹੁਤ ਕੁਝ ਕਰਾਇਆ, ਚੰਗਾ ਵੀ ਤੇ ਮਾੜਾ ਵੀ। ਇਕ ਵੇਲਾ ਉਹ ਵੀ ਸੀ, ਜਦੋਂ ਉਨ੍ਹਾਂ 'ਤਾਰ ਬਾਬੂ' ਦੀ ਨੌਕਰੀ ਕੀਤੀ ਤੇ ਇਕ ਵੇਲਾ ਉਹ ਸੀ, ਜਦੋਂ ਉਨ੍ਹਾਂ ਮਾਸਟਰੀ ਕੀਤੀ। ਪਰ ਮਨ ਦੇ ਵਲਵਲੇ ਉਨ੍ਹਾਂ ਨੂੰ ਸਰਕਾਰੀ ਵਕਤ 'ਚ ਬੰਨ੍ਹ ਕੇ ਨਾ ਰੱਖ ਸਕੇ। ਕੁਝ ਕਰਨ ਦੀ ਹਸਰਤ ਉਸਲਵੱਟੇ ਲੈ ਰਹੀ ਸੀ, ਆਪਣੇ ਨਾਂ, ਵੱਖਰੀ ਪਛਾਣ ਦੀ ਇੱਛਾ ਸੀ...ਤੇ ਇਹ ਸਭ ਕੁਝ ਉਦੋਂ ਮਿਲਣਾ ਸ਼ੁਰੂ ਹੋਇਆ, ਜਦੋਂ ਉਨ੍ਹਾਂ ਤੂੰਬੀ ਨੂੰ ਆਪਣੀ ਪੱਕੀ ਸਾਥਣ ਬਣਾ ਲਿਆ ਤੇ ਗਾਇਕੀ ਨੂੰ ਸਾਰੇ ਦੁੱਖਾਂ-ਸੁੱਖਾਂ ਦੀ ਰਾਜ਼ਦਾਰ।

ਗੁਰਪਾਲ ਸਿੰਘ ਪਾਲ ਤੇ ਪਾਲੀ ਦੇ ਰਿਸ਼ਤੇ ਬਾਰੇ ਅਕਸਰ ਲੋਕੀਂ ਆਪਣੇ ਕੋਲੋਂ ਸਵਾਲ-ਜਵਾਬ ਘੜਦੇ ਰਹਿੰਦੇ ਨੇ। ਪਰ ਹਕੀਕਤ ਇਹ ਹੈ ਕਿ 'ਪਾਲੀ' 'ਪਾਲੀ ਪਾਣੀ ਖੂਹ ਤੋਂ ਭਰੇ' ਗੀਤ ਦੇ ਲੇਖਕ ਸਵਰਗੀ ਗੁਰਦੀਪ ਘੋਲੀਆ ਦੇ ਖਿਆਲਾਂ ਦੀ ਨਾਇਕਾ ਸੀ। ਘੋਲੀਆ ਹੁਰਾਂ ਦੇ ਘਰ ਅੱਗੇ ਇਕ ਖੂਹੀ ਸੀ, ਜਿੱਥੋਂ ਕੁੜੀਆਂ-ਚਿੜੀਆਂ ਪਾਣੀ ਭਰਨ ਆਉਂਦੀਆਂ ਸਨ ਤੇ ਉਨ੍ਹਾਂ 'ਚੋਂ ਇਕ 'ਬਿੰਦੋ' ਵੀ ਸੀ, ਜਿਸ ਨਾਲ ਘੋਲੀਆ ਦੀਆਂ ਅੱਖਾਂ ਚਾਰ ਹੋਈਆਂ ਸਨ। ਉਸ ਨੇ ਆਪਣੀ ਮੁਹੱਬਤ 'ਤੇ ਗੀਤ ਲਿਖਿਆ ਸੀ, 'ਬਿੰਦੋ ਪਾਣੀ ਖੂਹ ਤੋਂ ਭਰੇ।' ਇਹ ਗੀਤ ਜਦੋਂ ਪਾਲ ਕੋਲ ਗਾਉਣ ਲਈ ਆਇਆ ਤਾਂ ਉਨ੍ਹਾਂ 'ਪੱਪਿਆਂ' ਦਾ ਮੇਲ ਕਰਾਉਂਦਿਆਂ 'ਬਿੰਦੋ' ਨੂੰ 'ਪਾਲੀ' ਕਰ ਦਿੱਤਾ, ਕਿਉਂਕਿ 'ਪ' ਤੋਂ ਪਾਲੀ, 'ਪ' ਤੋਂ ਪਾਣੀ ਤੇ 'ਪ' ਤੋਂ 'ਪਾਲ' ਬਣਦੈ। ਜਦੋਂ ਪਾਤਰ ਬਦਲ ਗਿਆ ਤਾਂ ਸੁਣਨ ਵਾਲਿਆਂ 'ਪਾਲੀ' ਨੂੰ ਸਦਾ ਲਈ 'ਪਾਲ' ਦੇ ਖਾਤੇ ਪਾ ਦਿੱਤਾ।

ਇਹ ਗਾਣਾ ਅਮਰ ਹੋ ਗਿਆ ਤੇ ਅੱਜ ਗੁਰਪਾਲ ਸਿੰਘ ਪਾਲ ਨੂੰ ਜਿੰਨੇ ਲੋਕ ਜਾਣਦੇ ਨੇ, ਸਭ ਏਸੇ ਕਰਕੇ। ਪਾਲ ਹੁਰਾਂ ਵੱਲੋਂ ਗਾਏ ਸਾਰੇ ਗੀਤਾਂ ਦੇ ਮੁੱਖੜਿਆਂ ਵੱਲ ਝਾਤ ਮਾਰੀਏ ਤਾਂ ਪਤਾ ਲੱਗਦੈ ਕਿ ਆਪਣੇ ਜੀਵਨ ਦੇ ਸਾਦੇਪਣ ਜਿਹੇ ਹੀ ਉਨ੍ਹਾਂ ਗੀਤ ਗਾਏ। ਕਿਸੇ ਗੀਤ ਵਿਚ ਕੋਈ ਵਲ ਫੇਰ ਨਹੀਂ, ਕੋਈ ਲੁਕਵੀਂ ਚੋਭ ਨਹੀਂ। ਗਾਣੇ ਏਦਾਂ ਦੇ, ਜਿਵੇਂ ਉਹ ਗਾਉਣ ਦੀ ਥਾਂ ਸਮਝਾਉਣ ਕੀ ਕੋਸ਼ਿਸ਼ ਕਰ ਰਹੇ ਹੋਣ। ਪਾਲ ਹੁਰਾਂ ਦਾ ਇਕ ਹੋਰ ਗੀਤ 'ਪੈਸਾ ਜਿਵੇਂ ਨਚਾਈ ਜਾਂਦਾ, ਦੁਨੀਆਂ ਨੱਚੀ ਜਾਂਦੀ ਆ' ਅੱਜ ਵੀ ਸਟੇਜਾਂ 'ਤੇ ਇਕ ਨਹੀਂ, ਤਿੰਨ-ਚਾਰ ਵਾਰ ਜ਼ਰੂਰ ਸੁਣਿਆ ਜਾਂਦੈ।

ਜਦੋਂ ਮੈਂ ਬਾਪੂ ਪਾਲ ਬਾਰੇ 'ਗੁਰਪਾਲ ਸਿੰਘ ਪਾਲ ਦਾ ਗਾਇਕੀ ਸਫ਼ਰ' ਕਿਤਾਬ ਲਿਖੀ ਤਾਂ ਸਰਬਜੀਤ ਚੀਮਾ ਨੇ ਪੜ੍ਹਨ ਉਪਰੰਤ ਕਿਹਾ, 'ਪੈਸਾ' ਗਾਣਾ ਮੈਂ ਦੁਬਾਰਾ ਗਾਉਣੈ...ਇਜਾਜ਼ਤ ਲੈ ਕੇ ਦਿਓ ਗੁਰਾਂਦਿੱਤਾ ਸਿੰਘ ਸੰਧੂ ਤੋਂ...।' ਇਹ ਗੀਤ ਸੁੱਖਣਵਾਲੇ ਦੇ ਗੁਰਾਂਦਿੱਤਾ ਦਾ ਲਿਖਿਆ ਹੋਇਐ, ਉਹਤੋਂ ਤੇ ਪਾਲ ਤੋਂ ਆਗਿਆ ਲੈ ਕੇ ਚੀਮੇ ਨੇ ਵੀ ਇਹਨੂੰ ਗਾ ਛੱਡਿਆ ਤੇ ਹੋਰ ਗੀਤਾਂ ਵਾਂਗ ਇਹ ਵੀ ਚੀਮੇ ਦਾ ਹਾਸਲ ਬਣ ਗਿਆ।

ਪਾਲ ਹੁਰਾਂ ਦੀ ਸਭ ਤੋਂ ਵੱਡੀ ਖਾਸੀਅਤ ਬੁਢਾਪੇ ਨੂੰ ਮਖੌਲਾਂ ਕਰਨਾ ਹੈ। ਮੜ੍ਹਕ ਨਾਲ ਤੁਰਨ ਤੇ ਮੱਠਾ-ਮੱਠਾ ਬੋਲਣ ਨੂੰ ਉਹ ਬੁਢਾਪੇ ਨਾਲ ਨਹੀਂ, ਸਗੋਂ ਮਿਜਾਜ਼ ਨਾਲ ਜੋੜਦੇ ਨੇ। ਕਹਿੰਦੇ ਨੇ, "ਬੁਢਾਪੇ ਦਾ ਉਮਰ ਨਾਲ ਨਹੀਂ, ਮਹਿਸੂਸ ਕਰਨ ਨਾਲ ਸਬੰਧ ਏ, ਤੇ ਮੈਂ ਕਦੇ ਸੋਚਿਆ ਹੀ ਨਹੀਂ ਕਿ ਨਿਆਣੇ ਵਿਆਹੇ ਗਏ ਨੇ, ਪੋਤਿਆਂ-ਦੋਹਤਿਆਂ ਵਾਲਾ ਹਾਂ। ਅੱਜ ਵੀ ਇਉਂ ਮਹਿਸੂਸ ਕਰਦਾਂ ਜਿਵੇਂ ਚੜ੍ਹਦੀ ਉਮਰੇ ਹੋਵਾਂ, ਓਦਾਂ ਭਾਵੇਂ ਢਿੱਲਾ-ਮੱਠਾ ਰਹਾਂ, ਪਰ ਜਦੋਂ ਤੂੰਬੀ ਹੱਥ ਆਉਂਦੀ ਏ ਤਾਂ ਵੀਹਵੇਂ ਸਾਲ 'ਚ ਪਹੁੰਚ ਜਾਂਦਾ ਹਾਂ। ਗਾਉਣ ਵੇਲੇ ਜਦੋਂ ਵਜਦ 'ਚ ਆਉਂਦਾ ਹਾਂ ਤਾਂ ਪਤਾ ਨਹੀਂ ਰੱਬ ਦੀ ਕੇਹੀ ਕ੍ਰਿਪਾ ਹੁੰਦੀ ਏ, ਅੱਜ ਤੱਕ ਨਹੀਂ ਜਾਣ ਸਕਿਆ।"

ਪਿਛਲੇ ਅੱਠ-ਦਸ ਸਾਲਾਂ ਤੋਂ ਪਾਲ ਹੁਰਾਂ ਕਦੇ ਕੌੜੇ ਘੁੱਟ ਦਾ ਸੰਗ ਨਹੀਂ ਕੀਤਾ। ਮਾਲਾ ਹਮੇਸ਼ਾ ਉਨ੍ਹਾਂ ਨੇੜੇ ਪਈ ਹੁੰਦੀ ਏ ਤੇ ਜਦੋਂ ਵਕਤ ਮਿਲਦੈ, ਫੇਰਨ ਲੱਗ ਜਾਂਦੇ ਨੇ। ਜੋਸ਼ ਭਾਵੇਂ ਪਹਿਲਾਂ ਵਰਗਾ ਹੈ, ਪਰ ਉਮਰ ਨਹੀਂ ਲੁਕਦੀ। ਘਰ ਜਿਵੇਂ ਮਰਜ਼ੀ ਫਿਰਦੇ ਹੋਣ, ਤੇੜ ਚਾਦਰ ਬੰਨ੍ਹੀ ਹੋਵੇ, ਸਿਰ ਪਰਨਾ ਹੋਵੇ, ਪਰ ਜਦੋਂ ਬਾਹਰ-ਅੰਦਰ ਜਾਂਦੇ ਨੇ ਤਾਂ ਜਾਪਦੈ ਜਿਵੇਂ ਕਾਲਜੀਏਟ ਮੁੰਡਾ ਤਿਆਰ ਹੋ ਕਾਲਜ ਚੱਲਿਆ ਹੋਵੇ। ਚਮਕਾਰੇ ਮਾਰਦਾ ਸਕੂਟਰ ਸਟਾਰਟ ਕਰ ਫੁਰਰਰਰ ਕਰਦੇ ਔਹ ਗਏ, ਔਹ ਗਏ।

ਉਨ੍ਹਾਂ ਦੀ ਗਾਇਕੀ ਤੇ ਸ਼ਖਸੀਅਤ ਬਾਰੇ ਜਿੰਨੇ ਮਰਜ਼ੀ ਸਫ਼ੇ ਭਰ ਲਈਏ, ਥੋੜ੍ਹੇ ਨੇ, ਕਿਉਂਕਿ ਉਨ੍ਹਾਂ ਦੀ ਗਾਇਕੀ ਨੂੰ ਦੇਣ ਬਹੁਤ ਵੱਡੀ ਹੈ। ਪ੍ਰੋ. ਮੋਹਣ ਸਿੰਘ ਮੇਲੇ ਸਮੇਤ ਸੈਂਕੜੇ ਹੋਰ ਥਾਂਵਾਂ 'ਤੇ ਸਨਮਾਨਤ ਹੋ ਚੁੱਕੇ ਪਾਲ ਹੁਰੀਂ ਸਭ ਤੋਂ ਵੱਡਾ ਸਨਮਾਨ ਸੁਣਨ ਵਾਲਿਆਂ ਦੇ ਪਿਆਰ ਨੂੰ ਸਮਝਦੇ ਨੇ। ਮੈਨੂੰ ਅੱਜ ਤੱਕ ਅਜਿਹਾ ਕੋਈ ਗਾਇਕ ਨਹੀਂ ਡਿੱਠਾ, ਜਿਹੜਾ ਅੱਸੀਵੇਂ ਵਿਚ ਵੀ ਸਟੇਜ 'ਤੇ ਗਾਉਂਦਾ ਹੋਵੇ ਤੇ ਲੋਕ ਬਾਹਾਂ ਖੜ੍ਹੀਆਂ ਕਰਕੇ ਪਿਆਰ ਦਿੰਦੇ ਹੋਣ। 'ਸਿੱਖੀ ਦਾ ਬੂਟਾ', 'ਬਾਲਮਾ ਸੌਂ ਜਾਵਾਂ, ਮੇਰੀ ਅੱਖੀਆਂ 'ਚ ਨੀਂਦਰ ਰੜਕੇ' ਸਮੇਤ ਦਰਜਨਾਂ ਹੋਰ ਗੀਤ ਉਨ੍ਹਾਂ ਦੀ ਗਾਇਕੀ ਤੇ ਵਿਅਕਤਿਤਵ ਨੂੰ ਸਲਾਮ ਕਹਿਣ ਲਈ ਮਜਬੂਰ ਕਰਦੇ ਨੇ।

ਪਿਛੇ ਜਿਹੇ ਜਦੋਂ ਉਨ੍ਹਾਂ ਨਾਲ ਮੇਲ ਹੋਇਆ ਤਾਂ ਉਦਾਸ ਹੋ ਕਹਿਣ ਲੱਗੇ, "ਯਾਰ, ਕਿਸੇ ਨੇ ਲੇਖ ਲਿਖ ਦਿੱਤਾ ਕਿ 'ਹੁਣ ਪਾਲ ਦੀ ਪਾਲੀ ਖੂਹ ਤੋਂ ਪਾਣੀ ਨਹੀਂ ਭਰਦੀ' ਤੇ ਲੋਕ ਸਮਝਣ ਲੱਗ ਗਏ ਕਿ ਮੈਂ ਬਿਮਾਰ ਹਾਂ, ਏਹਨੂੰ ਪ੍ਰੋਗਰਾਮਾਂ 'ਤੇ ਕਿਉਂ ਲਿਜਾਣੈ। ਤੂੰ ਲੋਕਾਂ ਨੂੰ ਸੱਚਾਈ ਦੱਸੀਂ ਕਿ ਮੈਂ ਬਿਮਾਰ ਹਾਂ ਜਾਂ ਘੋੜੇ ਵਰਗਾ।"

ਫੇਰ ਉਨ੍ਹਾਂ ਆਖਿਆ, "ਆਹ ਹੱਥ ਫੜਾ ਮੈਨੂੰ ਆਪਣਾ।"

ਮੈਂ ਫੜਾ ਦਿੱਤਾ ਤਾਂ ਕਹਿੰਦੇ, "ਛੁਡਾ ਹੁਣ।"

ਵਾਹਵਾ ਜ਼ੋਰ ਲਾ ਕੇ ਮੈਂ ਛੁਡਾ ਲਿਆ ਤਾਂ ਕਹਿੰਦੇ, "ਹੁਣ ਲਿਖ ਕੇ ਦੱਸੀਂ, ਪਾਲ ਦੇ ਸਰੀਰ 'ਚ ਹਾਲੇ ਵੀ ਪੂਰੀ ਜਾਨ ਏ...ਜੀਹਨੇ ਸਟੇਜ 'ਤੇ ਲਿਜਾਣਾ ਹੋਵੇ ਜ਼ਰੂਰ ਲੈ ਕੇ ਜਾਵੇ।"

ਉਨ੍ਹਾਂ ਦੀ ਇਸ ਊਰਜਾ ਵੱਲ ਦੇਖ ਮੈਂ ਹੈਰਾਨ ਹੋ ਜਾਂਦਾ ਹਾਂ। ਉਨ੍ਹਾਂ ਦੀ ਲੰਮੀ ਉਮਰ ਦੀ ਮੈਂ ਹਮੇਸ਼ਾ ਦੁਆ ਕਰਦਾ ਹਾਂ, ਕਿਉਂਕਿ ਪੰਜਾਬੀ ਗਾਇਕੀ ਦੇ ਅਸਲ ਸੇਵਾਦਾਰ ਇਹੋ ਜਿਹੇ ਲੋਕ ਸਾਡੇ ਕੋਲ ਹੁਣ ਬਹੁਤੇ ਨਹੀਂ ਬਚੇ।

# ਡਾਕਟਰ ਪਲਟਾ ਦਾ ਸ਼ਾਗਿਰਦ ਬਲਵੰਤ ਗਾਰਗੀ

(ਸਫਾ 23 ਦੀ ਬਾਕੀ)

ਦੇ ਅੰਦਰ ਨਾ ਰਹਿਣ। ਰਮੇਸ਼ ਨੇ ਸਪੱਸ਼ਟ ਕੀਤਾ, ਇਹ ਆਪਣੇ ਆਪ ਚਲੇ ਗਏ ਤਾਂ ਠੀਕ ਹੈ, ਜੇ ਤੁਹਾਡੀ ਰਿਕਾਰਡਿੰਗ ਦੇਖਣ ਲਈ ਰੁਕ ਗਏ, ਮੈਂ ਇਨ੍ਹਾਂ ਨੂੰ ਜਾਣ ਲਈ ਥੋੜ੍ਹੋ ਕਹਿ ਸਕਾਂਗਾ। ਅਸੀਂ ਸੋਚਿਆ, ਉਹ ਦੂਜੇ ਕਮਰੇ ਵਿਚ ਬੈਠ ਗਿਆ ਹੋਵੇਗਾ, ਪਰ ਜਦੋਂ ਸਾਡੀ ਰਿਕਾਰਡਿੰਗ ਖਤਮ ਹੋਈ, ਪਤਾ ਲੱਗਿਆ, ਉਹ ਤਾਂ ਇੰਟਰਵਿਊ ਰਿਕਾਰਡ ਕਰਵਾਏ ਬਿਨਾਂ ਉਸੇ ਸਮੇਂ ਹੀ ਚਲਿਆ ਗਿਆ ਸੀ।

ਗਾਰਗੀ ਦੀ ਇਕ ਖਾਸੀਅਤ ਦੂਜੇ ਦੀ ਗੱਲ ਕੱਟ ਕੇ, ਰੱਦ ਕਰ ਕੇ ਆਪਣੇ ਆਪ ਨੂੰ ਵਿਸ਼ੇ ਦਾ ਵਧੀਕ ਜਾਣਕਾਰ ਦੱਸਣਾ ਸੀ। ਇਕ ਦਿਨ ਧੀਰ ਦੇ ਘਰ ਅਸੀਂ ਤਿੰਨੇ ਬੈਠੇ ਸੀ। ਮੈਂ ਉਦੋਂ 'ਪੰਜਾਬੀ ਟ੍ਰਿਬਿਊਨ' ਦਾ ਸੰਪਾਦਕ ਸੀ ਅਤੇ ਗਾਰਗੀ ਕਾਫੀ ਸਮੇਂ ਤੋਂ ਆਪਣੇ ਭਤੀਜੇ ਦੇ ਘਰ ਠਹਿਰਿਆ ਹੋਇਆ ਸੀ। ਡਾਕ ਵਿਚ ਇਕ ਪੰਜਾਬੀ ਮਾਸਕ-ਪੱਤਰ ਆਇਆ, ਜੀਹਦੇ ਕਵਰ ਉਤੇ ਕੌਮਾਂਤਰੀ ਪ੍ਰਸਿੱਧੀ ਵਾਲੇ ਪਰੰਪਰਾ ਤੇ ਆਧੁਨਿਕਤਾ ਦੇ ਸੁਮੇਲਕ ਭਰਤਨਾਟਿਅਮ ਨ੍ਰਿਤਕਾਰ ਅਤੇ ਯੋਗ ਗੁਰੂ, ਨਵਤੇਜ ਜੌਹਰ ਦੀ ਨਚਦੇ ਹੋਏ ਦੀ ਬੜੀ ਸਜੀਵ ਤਸਵੀਰ ਛਪੀ ਹੋਈ ਸੀ। ਮੈਂ ਆਖਿਆ, "ਫੋਟੋਗ੍ਰਾਫਰ ਨੇ ਕਮਾਲ ਕੀਤੀ ਪਈ ਐ। ਲਗਦਾ ਐ, ਹੁਣੇ ਇਹ ਬਦਲ ਕੇ ਨਵੀਂ ਮੁਦਰਾ ਵਿਚ ਆ ਜਾਵੇਗਾ!" ਧੀਰ ਵੀ ਆਪਣੇ ਵਿਸ਼ੇਸ਼ ਅੰਦਾਜ਼ ਵਿਚ ਕਹਿੰਦੇ, "ਵਾਹ! ਇਉਂ ਲਗਦੈ ਜਿਵੇਂ ਨਚਦੇ ਦੀ ਫੋਟੋ ਨਾ ਹੋਵੇ ਸਗੋਂ ਫੋਟੋ ਨਚਦੀ ਹੋਵੇ!" ਗਾਰਗੀ ਨੇ ਦੋ ਪਲ ਤਸਵੀਰ ਘੋਖ-ਪਰਖ ਰਹੇ ਹੋਣ ਦਾ ਦਿਖਾਵਾ ਕੀਤਾ ਤੇ ਰਸਾਲੇ ਨੂੰ ਸੁਟਦਿਆਂ ਵਾਂਗ ਰੱਖ ਕੇ ਕਿਹਾ, "ਇਹ ਫੋਟੋ ਤਾਂ ਕੁਛ ਵੀ ਨਹੀਂ। ਬੰਦਾ ਕਾਠ ਦਾ ਬਣਿਆ ਲਗਦਾ ਐ!"

ਉਹਦੀ ਇਸ ਬੇਪ੍ਰਵਾਹ ਤੇ ਬੇਝਿਜਕ ਆਦਤ ਦਾ ਇਕ ਫਾਇਦਾ ਵੀ ਸੀ। ਕਈ ਵਾਰ ਉਹ ਅਜਿਹਾ ਸੱਚ ਬੋਲਦਾ ਜਾਂ ਮੁੱਦੇ ਦਾ ਅਜਿਹਾ ਪੱਖ ਪੇਸ਼ ਕਰਦਾ ਕਿ ਇਕ ਦੂਜੇ ਦੀਆਂ ਪਿੱਠਾਂ ਖੁਰਕਣ ਵਾਲੇ ਗਉਂਪਾਲ ਲੋਕਾਂ ਨੂੰ ਕੋਈ ਜਵਾਬ ਨਹੀਂ ਸੀ ਸੁਝਦਾ। ਕਈ ਦਹਾਕੇ ਪਹਿਲਾਂ ਦੀ ਗੱਲ ਹੈ, ਪੰਜਾਬੀ ਸਾਹਿਤ ਦਾ ਇਕ ਇਨਾਮ ਦੇਣ ਲਈ ਕਮੇਟੀ ਦੀ ਬੈਠਕ ਹੋ ਰਹੀ ਸੀ। ਉਮੀਦਵਾਰਾਂ ਵਿਚ ਉਹ ਲੇਖਕ ਵੀ ਸ਼ਾਮਲ ਸਨ ਜੋ ਹਰ ਇਨਾਮ ਤੋਂ ਪਹਿਲਾਂ ਸੰਪਰਕ ਵਿਚ ਆ ਸਕਣ ਵਾਲੇ ਵੱਧ ਤੋਂ ਵੱਧ ਕਮੇਟੀ ਮੈਂਬਰਾਂ ਨੂੰ ਆਪਣੀ ਸਰੀਰਕ, ਪਰਿਵਾਰਕ ਤੇ ਮਾਇਕ ਦੁਰਦਸ਼ਾ ਦੇ ਰੋਣੇ ਰੋ ਕੇ ਪ੍ਰਭਾਵਿਤ ਕਰਦਿਆਂ ਇਨਾਮ ਝੁੱਕ ਲੈਣ ਦੀ ਚਲਾਕੀ ਉਸ ਸਮੇਂ ਤੋਂ ਲੈ ਕੇ ਹੁਣ ਤੱਕ ਬੜੀ ਸਫਲਤਾ ਨਾਲ ਵਰਤਦਾ ਆ ਰਿਹਾ ਹੈ। ਇਨਾਮ ਦੇ ਹੱਕਦਾਰ ਵਡੇਰੀ ਉਮਰ ਦੇ ਇਕ ਲੇਖਕ ਦਾ ਨਾਂ ਪੇਸ਼ ਹੋਇਆ ਤਾਂ ਦੁਰਦਸ਼ਾਈ ਲੇਖਕ ਦੇ ਇਕ ਹਮਾਇਤੀ ਨੇ ਉਹਦਾ ਨਾਂ ਪੇਸ਼ ਕਰ ਦਿੱਤਾ। ਕੁਛ ਮੈਂਬਰਾਂ ਨੇ ਕਿਹਾ, ਹੱਕਦਾਰ ਬਜ਼ੁਰਗ ਨੂੰ ਇਨਾਮ ਦਿਉ, ਇਹਦੇ ਸਾਹਮਣੇ ਤਾਂ ਸਾਰੀ ਉਮਰ ਪਈ ਹੈ। ਉਹਦੇ ਹਮਾਇਤੀ ਬੋਲੇ, ਬੀਮਾਰੀਆਂ ਦਾ ਖਾਧਾ ਉਹ ਤਾਂ ਬਜ਼ੁਰਗ ਤੋਂ ਪਹਿਲਾਂ ਚੱਲਣ ਲਈ ਤਿਆਰ ਹੈ! ਹੁਣ ਤੱਕ ਚੁੱਪ ਬੈਠਾ ਰਿਹਾ ਗਾਰਗੀ ਕਹਿੰਦਾ, "ਇਨਾਮ ਦਾ ਬੀਮਾਰੀ ਨਾਲ ਕੀ ਸਬੰਧ? ਇਨਾਮ ਹੱਕਦਾਰ ਲੇਖਕ ਨੂੰ ਦਿਉ। ਬੀਮਾਰ ਲੇਖਕ ਬਾਰੇ ਹੁਣੇ ਮੁੱਖ ਮੰਤਰੀ ਨੂੰ ਚਿੱਠੀ ਲਿਖ ਕੇ ਸਾਰੇ ਦਸਤਖਤ ਕਰੋ ਕਿ ਸਰਕਾਰ ਉਹਦਾ ਪੂਰਾ ਇਲਾਜ ਕਰਵਾਵੇ।" ਕਿਸੇ ਗਉਂਪਾਲ ਕੋਲ ਕੋਈ ਦਲੀਲ ਨਾ ਰਹੀ ਤੇ ਇਨਾਮ ਹੱਕੀ ਲੇਖਕ ਨੂੰ ਮਿਲ ਗਿਆ।

*(ਅਗਲੇ ਅੰਕ ਵਿਚ ਗਾਰਗੀ-2)*

## ਮਿੰਨੀ ਕਹਾਣੀ

### ਨਾਸਮਝ

ਸੇਠ ਜੀ ਆਪਣੀ ਕਰਿਆਨੇ ਦੀ ਦੁਕਾਨ 'ਤੇ ਆ ਕੇ ਬੈਠ ਗਏ। ਸੱਜੇ ਪਾਸੇ ਇਕ ਚੌਕੀ 'ਤੇ ਦਸ ਗਿਆਰਾਂ ਸਾਲ ਦੇ ਆਪਣੇ ਮੁੰਡੇ ਨੂੰ ਬਿਠਾ ਲਿਆ ਤੇ ਸਮਝਾ ਕੇ ਬੋਲੇ, 'ਦੇਖ ਰੋਡੂ, ਤੂੰ ਬਾਣੀਏ ਦਾ ਪੁੱਤਰ ਐਂ, ਤੇਰੇ ਲਈ ਇਹ ਜਾਣਨਾ ਬੜਾ ਜ਼ਰੂਰੀ ਐ ਕਿ ਵਪਾਰ ਕਿਵੇਂ ਹੁੰਦਾ ਐ। ਗ੍ਰਾਹਕ ਤੋਂ ਪੈਸੇ ਕਿਵੇਂ ਲਏ ਜਾਂਦੇ ਨੇ ਤੇ ਗੱਲਾ ਕਿਵੇਂ ਭਰਿਆ ਜਾਂਦੈ? ਮੈਂ ਜੋ ਵੀ ਕਰੂੰਗਾ, ਸਭ ਚੁਪਚਾਪ ਦੇਖੀਂ, ਇਸ ਲਈ ਈ ਤੈਨੂੰ ਇਥੇ ਗੋਬਰ ਗਣੇਸ਼ ਬਣਾ ਕੇ ਬਿਠਾਇਐ।'

ਹੌਲੇ-ਹੌਲੇ ਗ੍ਰਾਹਕ ਸੌਦਾ ਲੈਣ ਲਈ ਆਉਣ ਲੱਗੇ। ਸੇਠ ਜੀ ਤੋਲਮੋਲ ਦੋਹਾਂ ਹੀ ਤਰ੍ਹਾਂ ਦੀ ਬੇਈਮਾਨੀ ਲਈ ਜਾਣੇ ਜਾਂਦੇ ਸਨ। ਪਿੰਡ ਵਿਚ ਕੋਈ ਹੋਰ ਦੁਕਾਨ ਨਹੀਂ ਸੀ, ਇਸ ਲਈ ਲਾਚਾਰ ਪੇਂਡੂਆਂ ਨੂੰ ਉਥੇ ਹੀ ਆਉਣਾ ਪੈਂਦਾ ਸੀ ਪਰ ਉਹ ਆਪਣੇ ਮਨ ਨੂੰ ਸਮਝਾਉਣ ਲਈ ਸਾਵਧਾਨ ਜ਼ਰੂਰ ਕਰ ਦਿੰਦੇ, 'ਸੇਠ ਜੀ, ਸਹੀ ਤੋਲਣਾ ਨਹੀਂ ਤਾਂ ਸੌਦਾ ਘਰੋਂ ਵਾਪਸ ਆ ਜੂ।'

ਰੋਡੂ ਪਿਤਾ ਦੀਆਂ ਸਾਰੀਆਂ ਗਤੀਵਿਧੀਆਂ ਨੂੰ ਧਿਆਨ ਨਾਲ ਦੇਖ ਰਿਹਾ ਸੀ। ਉਸ ਨੇ ਧਿਆਨ ਨਾਲ ਦੇਖਿਆ, ਇਕ ਛੋਟਾ ਜਿਹਾ ਮੁੰਡਾ ਆਇਆ, ਉਸ ਨੇ ਸੌਦੇ ਲਈ ਪੈਸੇ ਦਿੱਤੇ, ਪਰ ਸੇਠ ਜੀ ਨੂੰ ਸਾਵਧਾਨ ਨਹੀਂ ਕੀਤਾ। ਰੋਡੂ ਨੇ ਤੱਕੜੀ ਵੱਟੇ ਵੱਲ ਧਿਆਨ ਦਿੱਤਾ ਤੇ ਮੁੰਡੇ ਵੱਲੋਂ ਸੇਠ ਜੀ ਨੂੰ ਸਾਵਧਾਨ ਕੀਤਾ, 'ਸੇਠ ਜੀ, ਤੁਸੀਂ ਤਾਂ ਬਹੁਤ ਹੀ ਘੱਟ ਤੋਲ ਰਹੇ ਓ, ਏਨਾ ਹਨੇਰ ਤਾਂ ਨਾ ਕਰੋ।'

ਸੇਠ ਜੀ ਨੇ ਉਸ ਵੱਲ ਅੱਗ ਵਰ੍ਹਾਉਂਦੀਆਂ ਅੱਖਾਂ ਨਾਲ ਦੇਖਿਆ ਤੇ ਜਿਵੇਂ ਹੀ ਮੁੰਡਾ ਸੌਦਾ ਲੈ ਕੇ ਗਿਆ, ਉਹ ਆਪਣੀ ਗੱਦੀ ਤੋਂ ਉਠੇ ਤੇ ਮੁੰਡੇ ਦੀ ਗੱਲ 'ਤੇ ਜ਼ੋਰਦਾਰ ਥੱਪੜ ਲਾਉਂਦੇ ਬੋਲੇ, 'ਨਾਸਮਝ ਜੰਗਲੀ, ਤੂੰ ਬਾਣੀਏ ਦੀ ਔਲਾਦ ਐਂ ਕਿ ਬਾਹਮਣ ਦੀ! ਚੱਲ ਉਠ, ਭੱਜ ਜਾ ਇਥੋਂ, ਨਹੀਂ ਤਾਂ ਟੋਟੇ ਟੋਟੇ ਕਰ ਦੂੰਗਾ।'

ਰੋਡੂ ਦੀਆਂ ਅੱਖਾਂ ਵਿਚੋਂ ਢੇਰ ਸਾਰੇ ਹੰਝੂ ਵਹਿ ਨਿਕਲੇ। ਲਾਲ ਸੁਰਖ ਹੋ ਗਈ ਆਪਣੀ ਗੱਲ੍ਹ 'ਤੇ ਹੱਥ ਫੇਰਦਾ ਉਹ ਆਪਣੇ ਮੋਟੇ ਢਿੱਡ ਵਾਲੇ ਪਿਓ ਵੱਲ ਫਟੀਆਂ ਅੱਖਾਂ ਨਾਲ ਦੇਖਣ ਲੱਗਾ। ਸੇਠ ਜੀ ਨੇ ਫਿਰ ਆਪਣਾ ਹੱਥ ਚੁੱਕਿਆ, 'ਭੱਜਦਾ ਐਂ ਕਿ...!' ਰੋਡੂ ਉਨ੍ਹਾਂ ਵੱਲ ਵੇਖਣ ਦੀ ਹਿੰਮਤ ਨਹੀਂ ਕਰ ਸਕਿਆ। ਉਹ ਡਰ ਕੇ ਇੰਜ ਭੱਜਿਆ ਜਿਵੇਂ ਕਸਾਈ ਦੇ ਕਿੱਲੇ ਤੋਂ ਮੌਕਾ ਮਿਲਣ 'ਤੇ ਸੀ।

-ਡਾ. ਸਤੀਸ਼ ਦੂਬੇ



# ਰਮਾ ਵਿੱਜ

## ਖੇਡ ਮੈਦਾਨ ਤੋਂ ਬਾਲੀਵੁੱਡ

ਹਿੰਦੀ ਫ਼ਿਲਮ 'ਟੈਕਸੀ-ਟੈਕਸੀ' ਤੋਂ ਆਪਣੇ ਫ਼ਿਲਮੀ ਸਫ਼ਰ ਦੀ ਸ਼ੁਰੂਆਤ ਕਰਨ ਵਾਲੀ ਅਭਿਨੇਤਰੀ ਰਮਾ ਵਿੱਜ ਜ਼ਿੰਦਗੀ ਦਾ ਸਫ਼ਰ ਇਕੱਲਿਆਂ ਹੀ ਕੱਟ ਰਹੀ ਹੈ। ਉਹ ਸਾਲ 1978 ਵਿਚ ਬੰਬਈ ਮਾਇਆਨਗਰੀ ਵਿਚ ਆਈ ਸੀ। ਉਦੋਂ ਰਮਾ ਨੇ ਸ਼ੇਖ਼ਰ ਕਪੂਰ ਨਾਲ ਹਿੰਦੀ ਫ਼ਿਲਮ 'ਪਲ ਦੋ ਪਲ ਕਾ ਸਾਥ' ਵੀ ਕੀਤੀ। ਦਿੱਲੀ ਦੀ ਜੰਮਪਲ ਰਮਾ ਵਿੱਜ ਗਰੈਜੂਏਟ ਹੈ ਤੇ ਉਸ ਨੇ ਪੂਨਾ ਇੰਸਟੀਚਿਊਟ ਤੋਂ ਅਦਾਕਾਰੀ ਦਾ ਡਿਪਲੋਮਾ ਵੀ ਕੀਤਾ ਹੈ। ਨੈਸ਼ਨਲ ਪੱਧਰ 'ਤੇ ਰਮਾ ਨੇ ਹਾਕੀ ਵੀ ਖੇਡੀ ਤੇ ਹਾਕੀ ਟੀਮ ਦੀ ਉਹ ਕਪਤਾਨ ਵੀ ਰਹੀ ਹੈ। ਇਸ ਤੋਂ ਇਲਾਵਾ ਸਪੋਰਟਸ ਵਿਚ 100 ਮੀਟਰ ਦੌੜ, ਹਾਈ ਜੰਪ, ਲਾਂਗ ਜੰਪ, ਰਿਲੇਅ ਰੇਸ ਵਿਚ ਵੀ ਜੇਤੂ ਰਹੀ ਹੈ। ਉਸ ਦੀ ਪਹਿਲੀ ਪੰਜਾਬੀ ਫ਼ਿਲਮ 'ਚੰਨ ਪ੍ਰਦੇਸੀ' ਨੂੰ ਨੈਸ਼ਨਲ ਐਵਾਰਡ ਵੀ ਮਿਲ ਚੁੱਕਾ ਹੈ। 1982 ਵਿਚ ਰਿਲੀਜ਼ ਹੋਈ 'ਚੰਨ ਪ੍ਰਦੇਸੀ' ਵਿਚ ਉਹ ਸਿਰਫ਼ 16-17 ਸਾਲ ਦੀ ਮੁਟਿਆਰ ਸੀ। ਉਸ ਨੇ ਅਦਾਕਾਰ ਕਲਭੂਸ਼ਨ ਖਰਬੰਦਾ ਦੀ ਨਾਇਕਾ ਦਾ ਰੋਲ ਕੀਤਾ ਸੀ। ਇਸ ਫ਼ਿਲਮ ਵਿਚ ਅਮਰੀਸ਼ ਪੁਰੀ, ਓਮਪੁਰੀ ਤੇ ਰਾਜ ਬੱਬਰ ਵੀ ਅਹਿਮ ਭੂਮਿਕਾ ਵਿਚ ਸਨ।

ਇਸ ਤੋਂ ਬਾਅਦ ਪੰਜਾਬੀ ਫ਼ਿਲਮ 'ਅਣਖ਼ੀਲੀ ਮੁਟਿਆਰ' ਵਿਚਲੇ ਉਸ ਦੇ ਰੋਲ ਨੂੰ ਸਲਾਹਿਆ ਗਿਆ। ਅਜ਼ੀਜ਼ ਮਿਰਜ਼ਾ ਦੇ ਸੀਰੀਅਲ 'ਨੁੱਕੜ' ਤੇ 'ਵੀਰਾ' ਸੀਰੀਅਲ ਨੇ ਉਸ ਨੂੰ ਖਾਸੀ ਪਛਾਣ ਦਿਵਾਈ। ਰਮਾ ਦਾ ਕਹਿਣਾ ਹੈ ਕਿ 'ਸਰਕਸ' ਹਿੰਦੀ ਸੀਰੀਅਲ ਵਿਚ ਅੱਜ ਦਾ ਸੁਪਰ ਸਟਾਰ ਸ਼ਾਹਰੁਖ਼ ਖ਼ਾਨ ਬਾਲ ਕਲਾਕਾਰ ਵਜੋਂ ਕੰਮ ਕਰਦਾ ਸੀ।

ਪੰਜਾਬੀ ਫ਼ਿਲਮ 'ਖੁਸ਼ੀਆਂ' ਵਿਚ 30 ਸਾਲ ਤੋਂ ਬਾਅਦ ਫ਼ੇਰ ਕਲਭੂਸ਼ਨ ਖਰਬੰਦਾ ਨਾਲ ਕੰਮ ਕੀਤਾ ਹੈ। 'ਖੁਸ਼ੀਆਂ' ਫ਼ਿਲਮ ਵਿਚਲੇ ਰੋਲ ਲਈ ਪੀ.ਟੀ.ਸੀ. ਪੰਜਾਬੀ ਚੈਨਲ ਤੋਂ ਵਧੀਆ ਸਹਿਯੋਗੀ ਕਲਾਕਾਰ ਦਾ ਐਵਾਰਡ ਮਿਲਿਆ ਹੈ। ਰਮਾ ਦਾ ਕਹਿਣਾ ਹੈ ਕਿ ਜੇ ਚੰਗੀ ਪੰਜਾਬੀ ਕਹਾਣੀ ਮਿਲ ਜਾਵੇ ਤਾਂ ਬਤੌਰ ਨਿਰਦੇਸ਼ਕ ਕੰਮ ਕਰਨਾ ਚਾਹੁੰਦੀ ਹੈ। ਸਪੋਰਟਸ ਫ਼ਿਲਮ ਕਰਨਾ ਵੀ ਦਿਲ ਦੀ ਖ਼ਾਹਿਸ਼ ਹੈ।

# ਪਰਿਣੀਤੀ ਤੋਂ ਬਾਅਦ ਹੁਣ ਮੀਰਾ

ਪ੍ਰਿਯੰਕਾ ਚੋਪੜਾ ਦੀ ਚਚੇਰੀ ਭੈਣ ਪਰਿਣੀਤੀ ਉਸ ਦੇ ਨਕਸ਼ੇ ਕਦਮਾਂ 'ਤੇ ਚੱਲ ਕੇ ਬਾਲੀਵੁੱਡ ਵਿਚ ਖੁਦ ਨੂੰ ਸਥਾਪਤ ਕਰ ਹੀ ਚੁੱਕੀ ਹੈ ਤੇ ਹੁਣ ਪ੍ਰਿਯੰਕਾ ਦੀ ਇਕ ਹੋਰ ਚਚੇਰੀ ਭੈਣ ਬਾਲੀਵੁੱਡ ਵਿਚ ਐਂਟਰੀ ਕਰਨ ਲਈ ਤਿਆਰ ਹੈ। ਪ੍ਰਿਯੰਕਾ ਦੀ ਇਸ ਭੈਣ ਦਾ ਨਾਂ ਹੈ ਮੀਰਾ ਚੋਪੜਾ ਜੋ ਵਿਕਰਮ ਭੱਟ ਦੀ ਸਫਲ ਹੌਰਰ ਫਿਲਮ '1920' ਦੇ ਤੀਜੇ ਸੀਕਵੇਲ ਨਾਲ ਬਾਲੀਵੁੱਡ ਵਿਚ ਡੈਬਿਊ ਕਰਨ ਵਾਲੀ ਹੈ।ਫਿਲਮ ਦੀ ਸ਼ੂਟਿੰਗ ਅਗਲੇ ਮਹੀਨੇ ਸ਼ੁਰੂ ਹੋ ਜਾਵੇਗੀ। ਬੇਸ਼ੱਕ ਮੀਰਾ ਬਾਲੀਵੁੱਡ ਲਈ ਨਵੀਂ ਹੋਵੇ ਪਰ ਕੁਝ ਸਾਲਾਂ ਤੋਂ ਉਹ ਸਾਊਥ ਵਿਚ ਕਾਫੀ ਸਰਗਰਮ ਤੇ ਹਿੱਟ ਹੈ ਜਿਥੇ ਉਸ ਨੂੰ ਇਕ ਬੇਹੱਦ ਹੌਟ ਅਦਾਕਾਰਾ ਮੰਨਿਆ ਜਾਂਦਾ ਹੈ। ਜਿਥੇ ਉਸ ਦੇ ਹਾਵ-ਭਾਵ ਤੇ ਫਿੱਗਰ ਕਾਫੀ ਸੈਕਸੀ ਤੇ ਹੌਟ ਹੈ, ਇਹੀ ਭੱਟ ਕੈਂਪ ਆਪਣੀਆਂ ਅਭਿਨੇਤਰੀਆਂ ਨੂੰ ਆਪਣੀਆਂ ਫਿਲਮਾਂ ਵਿਚ ਕਾਫੀ ਹੌਟ ਦਿਖਾਉਣ ਲਈ ਵਿਸ਼ਵ ਪ੍ਰਸਿੱਧ ਰਿਹਾ ਹੈ। ਪਹਿਲਾਂ ਇਸ ਫਿਲਮ ਵਿਚ ਲੀਡ ਰੋਲ ਪ੍ਰਾਚੀ ਦੇਸਾਈ ਨੇ ਨਿਭਾਉਣਾ ਸੀ ਪਰ ਹੁਣ ਉਸ ਦੀ ਇਹ ਭੂਮਿਕਾ ਮੀਰਾ ਨੂੰ ਦੇ ਦਿੱਤੀ ਗਈ ਹੈ। ਪ੍ਰਾਚੀ ਦੀਆਂ ਡੇਟਸ ਦੀ ਸਮੱਸਿਆ ਕਾਰਨ ਉਸ ਨੂੰ ਇਸ ਫਿਲਮ ਤੋਂ ਹੱਥ ਧੋਣਾ ਪਿਆ।



ਮੀਰਾ

'ਲੇਡੀ ਵਰਸਿਜ਼ ਰਿੱਕੀ ਬਹਿਲ' ਤੋਂ ਨਾਇਕਾ ਦਾ ਸਫ਼ਰ ਸ਼ੁਰੂ ਕਰਨ ਵਾਲੀ ਪ੍ਰਿਅੰਕਾ ਚੋਪੜਾ ਦੀ ਨੇੜੇ ਦੀ ਰਿਸ਼ਤੇਦਾਰਨੀ ਪਰਿਣੀਤੀ 'ਇਸ਼ਕਜ਼ਾਦੇ' ਤੋਂ ਬਾਅਦ ਕੁਝ ਖਾਸ ਨਹੀਂ ਕਰ ਸਕੀ ਪਰ ਇਸ ਸਮੇਂ ਉਸ ਕੋਲ ਸਾਊਥ ਦੀਆਂ ਫ਼ਿਲਮਾਂ ਹਨ ਤੇ ਹਿੰਦੀ ਵਿਚ ਆਮ ਜਿਹੀਆਂ 'ਹਸੇ ਤੋ ਫਸੇ', 'ਮਨੀਸ਼ ਸ਼ਰਮਾ ਨੈਕਸਟ' ਫ਼ਿਲਮਾਂ ਹੀ ਹਨ। ਇਸ ਤਰ੍ਹਾਂ ਪਰਨੀਤੀ ਦੇ ਕਰੀਅਰ ਨੂੰ ਸ਼ੁਰੂ ਵਿਚ ਹੀ ਝਟਕੇ ਲੱਗਣੇ ਸ਼ੁਰੂ ਹੋ ਗਏ ਹਨ। ਯਸ਼ ਚੋਪੜਾ ਦਾ ਕੈਂਪ ਉਸ ਦੇ ਕਰੀਅਰ ਨੂੰ ਇਕ ਤਰ੍ਹਾਂ ਨਾਲ ਬੰਨ੍ਹ ਚੁੱਕਾ ਹੈ। ਫਿਰ ਵੀ ਉਹ ਦੁਖੀ ਨਹੀਂ ਕਿਉਂਕਿ 'ਕਿਲ ਦਿਲ' ਇਸ ਕੈਂਪ ਦੀ ਵੱਡੀ ਫ਼ਿਲਮ ਰਣਬੀਰ ਸਿੰਘ ਨਾਲ ਉਸ ਨੂੰ ਮਿਲੀ ਹੈ। ਪਰਣੀਤੀ ਬਾਹਰੋਂ ਤਾਂ ਯਸ਼ ਚੋਪੜਾ ਕੈਂਪ ਦੀਆਂ ਤਾਰੀਫਾਂ ਕਰਦੀ ਹੈ ਪਰ ਅੰਦਰੋਂ ਉਹ ਦੁਖੀ ਹੈ ਕਿ 'ਕਿਲ ਦਿਲ' ਦੇਰ ਨਾਲ ਸ਼ੁਰੂ ਹੋਈ ਹੈ। ਖੈਰ ਹੁਣ ਉਹ ਬਾਹਰ ਦੀਆਂ ਫ਼ਿਲਮਾਂ ਕਰਨ ਲਈ ਆਜ਼ਾਦ ਹੈ।

ਹੁਣ ਤਾਂ ਉਸ ਨੂੰ ਅਨੁਰਾਗ ਕਸ਼ਯਪ ਦੀ ਫ਼ਿਲਮ ਵੀ ਮਿਲੀ ਹੈ। ਕਰਨ ਜੌਹਰ ਵੀ ਉਸ 'ਤੇ ਮਿਹਰਬਾਨ ਹੈ। ਨਿਰਦੇਸ਼ਕ ਮਨੀਸ਼ ਸ਼ਰਮਾ ਵੀ ਪਰਣੀਤੀ ਨੂੰ ਉਤਸ਼ਾਹਤ ਕਰ ਰਿਹਾ ਹੈ। ਪ੍ਰਿਅੰਕਾ ਦੀ ਰੀਸ ਉਹ ਕਰੇਗੀ ਤਾਂ ਹੀ ਉਸ ਨੇ ਐਲਬਮ ਗਾਇਕੀ ਵਿਚ ਵੀ ਆਉਣ ਦੀ ਇੱਛਾ ਜ਼ਾਹਿਰ ਕੀਤੀ ਹੈ।



ਪਰਿਣੀਤੀ

# ਬਾਲੀਵੁੱਡ ਵਿਚ ਸਿਆਸੀ ਫਿਲਮਾਂ ਦਾ ਦੌਰ

ਬਾਲੀਵੁੱਡ ਤੇ ਰਾਜਨੀਤੀ ਦਾ ਸਬੰਧ ਬੜਾ ਪੁਰਾਣਾ ਰਿਹਾ ਹੈ ਕਿਉਂਕਿ ਰਾਜਨੀਤੀ ਵੀ ਸਮਾਜ ਦਾ ਹੀ ਇਕ ਹਿੱਸਾ ਹੈ ਤੇ ਇਸ ਲਈ ਪਾਪੂਲਰ ਸਿਨੇਮਾ ਦਾ ਰਾਜਨੀਤੀ ਨਾਲ ਵੀ ਬੇਹੱਦ ਲੰਬਾ ਰਿਸ਼ਤਾ ਰਿਹਾ ਹੈ। ਇਹੀ ਕਾਰਨ ਹੈ ਕਿ ਰਾਜਨੀਤੀ 'ਤੇ ਬਣੀਆਂ ਫ਼ਿਲਮਾਂ ਦੀ ਸੂਚੀ ਕਾਫੀ ਲੰਬੀ ਹੈ। ਜਦੋਂ ਕਦੇ ਇਸ ਵਿਸ਼ੇ 'ਤੇ ਕੋਈ ਫ਼ਿਲਮ ਆਉਂਦੀ ਹੈ ਤਾਂ ਨਿਰਮਾਣ ਦੇ ਦੌਰ ਤੋਂ ਹੀ ਉਹ ਚਰਚਿਤ ਹੋ ਜਾਂਦੀ ਹੈ ਤੇ ਲੋਕਾਂ ਵਿਚ ਉਤਸੁਕਤਾ ਜਗਾ ਜਾਂਦੀ ਹੈ। ਸਾਲ 1975 ਵਿਚ ਆਈ ਗੁਲਜ਼ਾਰ ਦੀ ਫ਼ਿਲਮ 'ਆਂਧੀ' ਤੇ ਅੰਮ੍ਰਿਤ ਨਾਹਟਾ ਵੱਲੋਂ ਨਿਰਦੇਸ਼ਤ 'ਕਿੱਸਾ ਕੁਰਸੀ ਕਾ' ਅਜਿਹੀਆਂ ਹੀ ਫ਼ਿਲਮਾਂ ਹਨ।

ਰਾਜਨੀਤੀ 'ਤੇ ਅਧਾਰਤ ਜਾਂ ਆਜ਼ਾਦੀ ਦਾ ਸੰਘਰਸ਼ ਜਾਂ ਉਸ ਨਾਲ ਸਬੰਧਤ ਫ਼ਿਲਮਾਂ ਦਾ ਸਵਾਲ ਹੈ ਤਾਂ ਇਸ ਦੀ ਸ਼ੁਰੂਆਤ ਕਾਫੀ ਪਹਿਲਾਂ ਹੀ ਹੋ ਗਈ ਸੀ। ਇਹ ਸਵੀਕਾਰ ਕਰਨ ਵਿਚ ਝਿਜਕ ਨਹੀਂ ਕਿ ਕੁਝ ਬਦਲਾਂ ਨੂੰ ਛੱਡ ਕੇ ਜ਼ਿਆਦਾਤਰ ਮੂਕ ਫ਼ਿਲਮਾਂ ਨੂੰ ਦੇਖਣ ਤੋਂ ਹੀ ਇਹ ਸਪੱਸ਼ਟ ਹੋ ਜਾਂਦਾ ਸੀ ਕਿ ਭਾਰਤ ਵਿਚ ਦੇਸ਼ ਦੀ ਆਜ਼ਾਦੀ ਦਾ ਸੰਘਰਸ਼ ਚੱਲ ਰਿਹਾ ਹੈ ਪਰ ਬੋਲਦੀਆਂ ਫ਼ਿਲਮਾਂ ਦੀ ਸ਼ੁਰੂਆਤ ਨਾਲ ਤਬਦੀਲੀ ਦੇ ਸੰਕੇਤ ਨਜ਼ਰ ਆਉਣ ਲੱਗੇ ਸਨ। ਫ਼ਿਲਮਾਂ ਵਿਚ ਜੋ ਨਵੀਂ ਪੀੜ੍ਹੀ ਆ ਰਹੀ ਹੈ, ਉਹ ਸਮਾਜਿਕ ਤੇ ਰਾਜਨੀਤਕ ਰੂਪ ਵਿਚ ਵਧੇਰੇ ਸੁਚੇਤ ਸੀ।

1930 ਦੇ ਦਹਾਕੇ ਵਿਚ ਵੀ. ਸ਼ਾਂਤਾ ਰਾਮ, ਐਸ ਫੱਤੇਵਾਲ, ਵੀ. ਦਾਮਲੇ, ਬਾਬੂਕਾਵ ਪੇਂਢੇਰਕਰ, ਨਿਤਿਨ ਬੋਸ, ਦੇਵਕੀ ਬੋਸ, ਪੀ.ਸੀ. ਬਰੂਆ, ਜਯੋਤੀਪ੍ਰਸਾਦ ਅਗਰਵਾਲ, ਅਮਿਯ ਚਕਰਵਰਤੀ, ਧੀਰੇਂਦਰ ਨਾਥ ਗਾਂਗੁਲੀ, ਸੋਹਰਾਬ ਮੋਦੀ, ਹਿਮਾਂਸ਼ੂ ਰਾਏ, ਗਿਆਨ ਮੁਖਰਜੀ, ਗਜਾਨਨ ਜਾਗੀਰਦਾਰ, ਪ੍ਰਿਥਵੀ ਰਾਜ ਕਪੂਰ, ਮਹਿਬੂਬ ਖਾਨ, ਖਵਾਜਾ ਅਹਿਮਦ ਅੱਬਾਸ, ਬੀ.ਐਨ. ਰੈਡੀ, ਐਚ.ਐਮ. ਰੈੱਡੀ, ਕੇਦਾਰ ਸ਼ਰਮਾ, ਜੀਆ ਸਰਹੱਦੀ, ਕੇ. ਸੁਬਰਮਨੀਅਮ ਆਦਿ ਕਈ ਫ਼ਿਲਮਕਾਰ ਉਭਰ ਕੇ ਆਏ।













1930 ਤੱਕ ਆਉਂਦੇ-ਆਉਂਦੇ ਆਜ਼ਾਦੀ ਦਾ ਸੰਘਰਸ਼ ਜਨਤਾ ਦੇ ਵਿਆਪਕ ਹਿੱਸਿਆਂ ਤੱਕ ਪਹੁੰਚ ਗਿਆ ਸੀ। ਅਜਿਹੇ ਵਿਚ ਇਹ ਸੰਭਵ ਨਹੀਂ ਸੀ ਕਿ ਫ਼ਿਲਮਾਂ ਵਿਚ ਇਸ ਦਾ ਅਸਰ ਨਾ ਹੋਵੇ। ਭਾਵੇਂਕਿ ਉਪਨਿਵੇਸ਼ਕ ਰਾਜਸੱਤਾ ਦੀ ਅਧੀਨਤਾ ਤੇ ਸੈਂਸਰ ਬੋਰਡ ਦੇ ਕੰਟਰੋਲ ਕਾਰਨ ਫ਼ਿਲਮਕਾਰ ਉਸ ਸਮੇਂ ਖੁੱਲ੍ਹ ਕੇ ਰਾਜਨੀਤਕ ਜਾਗਰੂਕਤਾ ਵਾਲੀਆਂ ਫ਼ਿਲਮਾਂ ਨਹੀਂ ਬਣਾ ਸਕਦੇ ਸਨ, ਇਸ ਲਈ ਉਨ੍ਹਾਂ ਨੇ ਆਪਣੀਆਂ ਰਾਸ਼ਟਰੀ ਤੇ ਜਨਮੁਖੀ ਭਾਵਨਾਵਾਂ ਨੂੰ ਸੰਕੇਤਕ ਰੂਪ ਵਿਚ ਜ਼ਾਹਿਰ ਕਰਨ ਦੀ ਕੋਸ਼ਿਸ਼ ਕੀਤੀ।

ਸ਼ੁਰੂਆਤੀ ਦੌਰ ਦੀਆਂ ਅਜਿਹੀਆਂ ਫ਼ਿਲਮਾਂ ਵਿਚ ਆਜ਼ਾਦੀ ਤੋਂ ਪਹਿਲਾਂ ਦੀ ਸਥਿਤੀ ਨੂੰ ਦਰਸਾਉਂਦੀਆਂ 'ਲਾਲ ਕਿਲਾ' ਤੇ 'ਸ਼ਾਹਜਹਾਂ' ਵਰਗੀਆਂ ਫ਼ਿਲਮਾਂ ਦਾ ਨਾਂ ਲਿਆ ਜਾ ਸਕਦਾ ਹੈ। ਸੋਹਰਾਬ ਮੋਦੀ ਤੇ ਮਹਿਬੂਬ ਖਾਨ ਵੱਲੋਂ ਨਿਰਦੇਸ਼ਤ ਫ਼ਿਲਮ 'ਪੁਕਾਰ' ਤੇ 'ਰੋਟੀ', 'ਮੁਗਲ-ਏ-ਆਜ਼ਮ', 'ਲੀਡਰ' ਤੇ 'ਪੈਗਾਮ' ਦਾ ਨਾਂ ਵੀ ਲਿਆ ਜਾ ਸਕਦਾ ਹੈ।

ਪਿੱਛੋਂ ਉਭਰ ਕੇ ਸਾਹਮਣੇ ਆਏ ਅਦਾਕਾਰ-ਫ਼ਿਲਮਕਾਰ ਮਨੋਜ ਕੁਮਾਰ ਨੇ 'ਸ਼ਹੀਦ' ਤੇ 'ਕ੍ਰਾਂਤੀ' ਵਰਗੀਆਂ ਫਿਲਮਾਂ ਦਿੱਤੀਆਂ। ਇਸੇ ਦੌਰ ਵਿਚ 'ਜੁਨੂਨ', 'ਸ਼ਤਰੰਜ ਕੇ ਖਿਲਾੜੀ', 'ਨਿਊ ਦੇਲਹੀ ਟਾਈਮਜ਼' ਵਰਗੀਆਂ ਫ਼ਿਲਮਾਂ ਵੀ ਆਈਆਂ ਪਰ ਬਾਕਸ ਆਫਿਸ 'ਤੇ ਕੋਈ ਕ੍ਰਿਸ਼ਮਾ ਨਾ ਦਿਖਾ ਸਕੀਆਂ। ਸ਼ਿਆਮ ਬੈਨੇਗਲ ਦੀ 'ਤ੍ਰਿਕਾਲ' ਵਿਚ ਗੋਆ ਦੀ ਆਜ਼ਾਦੀ ਦੀ ਪ੍ਰਕਿਰਿਆ ਤੇ ਸੰਘਰਸ਼ ਨਜ਼ਰ ਆਉਂਦਾ ਹੈ।

'ਦਿ ਮੇਕਿੰਗ ਆਫ ਮਹਾਤਮਾ' ਤੇ ਰਿਚਰਚ ਐਟਨਬਰੋ ਦੀ 'ਗਾਂਧੀ' ਵਿਚ ਵੀ ਰਾਜਨੀਤੀ ਤੇ ਆਜ਼ਾਦੀ ਦੇ ਸੰਘਰਸ਼ਾਂ ਦਾ ਬਿਆਨ ਹੈ। ਹਾਲਾਂਕਿ ਰਾਜਨੀਤੀ ਨੂੰ ਛੂਹ ਕੇ ਨਿਕਲਣ ਵਾਲੀਆਂ ਇਹ ਫ਼ਿਲਮਾਂ ਕਿਸੇ ਖਾਸ ਸਖਸ਼ੀਅਤ 'ਤੇ ਹੀ ਕੇਂਦਰਤ ਰਹੀਆਂ। ਇਸੇ ਕੜੀ ਦੀਆਂ ਹੋਰ ਫ਼ਿਲਮਾਂ 'ਚ 'ਬੋਸ' , 'ਸਰਦਾਰ', 'ਮੈਂਨੇ ਗਾਂਧੀ ਕੋ ਨਹੀਂ ਮਾਰਾ', 'ਦਿ ਲੀਜੈਂਡ ਆਫ ਭਗਤ ਸਿੰਘ', 'ਨਿਸ਼ਾਂਤ', 'ਮੰਥਨ', 'ਦਾਮੁਲ', 'ਅਪਹਰਣ', 'ਗੰਗਾਜਲ' ਵਰਗੀਆਂ ਫ਼ਿਲਮਾਂ ਦਾ ਨਾਂ ਵੀ ਲਿਆ ਜਾ ਸਕਦਾ ਹੈ। ਅੱਜ ਦੇ ਸਿਨੇਮਾ ਦੇ ਨਵੇਂ ਹਸਤਾਖਰਾਂ ਨੇ ਲੀਕ ਤੋਂ ਹਟਦਿਆਂ 'ਹੁ ਤੂ ਤੂ', 'ਮਾਚਿਸ', 'ਗੌਡਫਾਦਰ', 'ਸਰਫਰੋਸ਼', 'ਧਰਮ', 'ਹੱਲਾ ਬੋਲ', 'ਸਰਕਾਰ ਰਾਜ', 'ਦੇਵ', 'ਮਿਸਟਰ ਐਂਡ ਮਿਸਿਜ਼ ਅਈਅਰ' ਵਰਗੀਆਂ ਸਰਵੋਤਮ ਫ਼ਿਲਮਾਂ ਦਿੱਤੀਆਂ ਹਨ।

ਹਿੰਦੀ ਫ਼ਿਲਮਾਂ ਵਿਚ ਅੱਜ ਰਾਜਨੀਤੀ 'ਤੇ ਆਧਾਰਤ 'ਯੁਵਾ', 'ਰੰਗ ਦੇ ਬਸੰਤੀ', 'ਦਿ ਲੀਜੈਂਡ ਆਫ ਭਗਤ ਸਿੰਘ', 'ਪਾਰਟੀ', 'ਏ ਵੈੱਡਨੈੱਸਡੇ' ਤੇ 'ਬਲੈਕ ਫਰਾਈਡੇ' ਵਰਗੀਆਂ ਫ਼ਿਲਮਾਂ ਦੀ ਵਧੇਰੇ ਮੰਗ ਹੈ ਕਿਉਂਕਿ ਸਮੱਸਿਆ ਇਹ ਨਹੀਂ ਹੈ ਕਿ ਰਾਜਨੀਤਕ ਫ਼ਿਲਮਾਂ ਕਿਵੇਂ ਬਣਾਈਆਂ ਜਾਣ, ਸਗੋਂ ਸਮੱਸਿਆ ਫ਼ਿਲਮਾਂ ਨੂੰ ਰਾਜਨੀਤਕ ਰੂਪ ਦੇਣ ਦੀ ਹੈ।

# ਆਫੀਆ ਓ ਆਫੀਆ...



ਮੁਤਹਿਦਾ ਕੌਮੀ ਮੂਵਮੈਂਟ ਵੱਲੋਂ ਆਫੀਆ ਦੇ ਹੱਕ ਵਿਚ ਕਰਾਚੀ ਵਿਖੇ ਕੀਤੀ ਵਿਸ਼ਾਲ ਰੈਲੀ।

ਕਾਰਸਵਿਲ (ਫੋਰਟਵਰਥ, ਟੈਕਸਸ) ਦੇ ਮਿਲਟਰੀ ਬੇਸ ਵਿਚ ਬਣਾਏ ਫੈਡਰਲ ਮੈਡੀਕਲ ਸੈਂਟਰ (ਜੇਲ੍ਹ) ਵਿਚ ਜੂਨ ਦੇ ਪਹਿਲੇ ਹਫਤੇ ਡਾਕਟਰ ਆਫੀਆ ਸਦੀਕੀ ਉਤੇ ਹਮਲਾ ਕਰ ਦਿੱਤਾ ਗਿਆ। ਉਹ ਬੇਹੋਸ਼ ਅਤੇ ਖ਼ੂਨ ਨਾਲ ਲੱਥ-ਪਥ ਹੋ ਗਈ, ਪਰ ਉਸ ਨੂੰ ਡਾਕਟਰੀ ਸਹਾਇਤਾ ਹਮਲੇ ਤੋਂ ਦੋ ਦਿਨ ਬਾਅਦ ਦਿੱਤੀ ਗਈ। ਇਸ ਘਟਨਾ ਤੋਂ ਤੁਰੰਤ ਬਾਅਦ ਆਫੀਆ ਦੀ ਵਕੀਲ ਟੀਨਾ ਫੋਸਟਰ ਉਸ ਨੂੰ ਮਿਲੀ। ਟੈਕਸਸ ਵਿਚ ਪਾਕਿਸਤਾਨੀ ਕੌਂਸਲੇਟ ਨੇ ਉਚ ਪੱਧਰੀ ਵਫ਼ਦ ਆਫੀਆ ਨੂੰ ਮਿਲਣ ਲਈ ਭੇਜਿਆ। ਕਾਰਸਵੈਲ ਜੇਲ੍ਹ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਹ ਇਸ ਘਟਨਾ ਦੀ ਆਪਣੇ ਪੱਧਰ ਉਤੇ ਜਾਂਚ-ਪੜਤਾਲ ਕਰ ਰਹੇ ਹਨ। ਕਿਹਾ ਇਹ ਜਾ ਰਿਹਾ ਹੈ ਕਿ ਇਹ ਜਾਂਚ ਰਿਪੋਰਟ ਕਿਸੇ ਵੀ ਸੂਰਤ ਵਿਚ ਨਸ਼ਰ ਨਹੀਂ ਕੀਤੀ ਜਾਵੇਗੀ।

ਆਫੀਆ ਇਸ ਜੇਲ੍ਹ ਵਿਚ 86 ਸਾਲ ਕੈਦ ਦੀ ਸਜ਼ਾ ਭੁਗਤ ਰਹੀ ਹੈ। ਉਸ ਦੀ ਇਹ ਸਜ਼ਾ 2083 ਵਿਚ ਮੁੱਕਣੀ ਹੈ। ਇਹ ਸਜ਼ਾ ਮੁੱਕਣ ਤੋਂ ਪਹਿਲਾਂ ਉਸ ਨੇ ਮੁੱਕ ਜਾਣਾ ਹੈ! 'ਪੰਜਾਬ ਟਾਈਮਜ਼' ਦੇ ਪਾਠਕ ਪਿਛਲੇ ਛੇ ਮਹੀਨੇ ਤੋਂ ਹਰ ਹਫਤੇ, ਆਫੀਆ ਦੀ ਕਹਾਣੀ ਪੜ੍ਹਦੇ ਆ ਰਹੇ ਹਨ। ਇੰਨੀ ਲੰਮੀ ਸਜ਼ਾ ਪਾਉਣ ਵਾਲੀ ਇਹ ਕੁੜੀ ਹੈ ਕੌਣ? ਹੁਣ ਜਦੋਂ ਉਸ ਉਤੇ ਜੇਲ੍ਹ ਅੰਦਰ ਹਮਲਾ ਹੋਇਆ ਹੈ, ਇਕ ਵਾਰ ਫਿਰ ਉਸ ਬਾਰੇ ਚਰਚਾ ਛਿੜ ਗਈ ਹੈ। ਉਸ ਲਈ ਲਗਾਤਾਰ ਲੜਦੀ ਰਹੀ ਉਸ ਦੀ ਵੱਡੀ ਭੈਣ ਫੌਜ਼ੀਆ ਸਦੀਕੀ ਨੇ ਪਾਕਿਸਤਾਨ ਦੇ ਵਜ਼ੀਰੇਆਜ਼ਮ ਨਵਾਜ਼ ਸ਼ਰੀਫ ਨੂੰ ਮਿਹਣਾ ਮਾਰਿਆ ਹੈ ਕਿ ਉਹ ਆਫ਼ੀਆ ਦੀ ਸੁਰੱਖਿਆ ਕਰਨ ਵਿਚ ਨਾਕਾਮ ਰਹੇ ਹਨ। ਇਸ ਨਾਲ ਦੇਸ਼ (ਪਾਕਿਸਤਾਨ) ਦੀ ਪ੍ਰਭੂਸੱਤਾ ਉਤੇ ਵੀ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਡਾ. ਫੌਜ਼ੀਆ ਮੁਤਾਬਕ ਨਵਾਜ਼ ਸ਼ਰੀਫ ਇੰਨੀ ਬਹੁਮਤ ਨਾਲ ਸੱਤਾ ਵਿਚ ਆਏ ਹਨ ਪਰ ਉਨ੍ਹਾਂ ਨੇ ਆਫੀਆ ਦੇ ਕੇਸ ਵੱਲ ਧਿਆਨ ਹੀ ਨਹੀਂ ਦਿੱਤਾ। ਉਨ੍ਹਾਂ ਆਸ ਪ੍ਰਗਟਾਈ ਕਿ ਸਰਕਾਰ ਆਫੀਆ ਦਾ ਮਾਮਲਾ ਵੱਡੇ ਪੱਧਰ ਉਤੇ ਉਠਾਏਗੀ ਅਤੇ ਪਿਛਲੀ ਸਰਕਾਰ ਵਾਂਗ ਡਰਪੋਕ ਸਾਬਿਤ ਨਹੀਂ ਹੋਵੇਗੀ।

ਅਮਰੀਕਾ ਵਿਚ ਆਫੀਆ ਲਈ ਹਾਅ ਦਾ ਨਾਅਰਾ ਮਾਰਿਆ ਗਿਆ ਹੈ। ਰਾਸ਼ਟਰਪਤੀ ਐਲ.ਬੀ. ਜੌਹਨਸਨ ਵੇਲੇ 10 ਮਾਰਚ 1967 ਤੋਂ 20 ਜਨਵਰੀ 1969 ਤੱਕ ਅਮਰੀਕਾ ਦੇ ਅਟਾਰਨੀ ਜਨਰਲ ਰਹੇ ਰਮਸੇ ਕਲਾਰਕ ਨੇ ਫੋਰਟਵਰਥ (ਟੈਕਸਸ) ਵਿਚ ਆਫੀਆ ਦੇ ਹੱਕ ਵਿਚ ਕੀਤੀ ਗਈ ਰੈਲੀ ਦੌਰਾਨ ਕਿਹਾ ਕਿ ਆਫੀਆ ਨਾਲ ਵਧੀਕੀ-ਦਰ-ਵਧੀਕੀ ਹੋਈ ਹੈ। ਉਸ ਨੇ ਕਿਹਾ, "ਮੈਂ ਆਫੀਆ ਵਾਲਾ ਕੇਸ ਬਹੁਤ ਬਾਰੀਕੀ ਨਾਲ ਪੜ੍ਹਿਆ ਹੈ। ਉਸ ਨਾਲ ਨਿਆਂ ਨਹੀਂ ਹੋਇਆ। ਮੇਰਾ ਆਪਣੇ ਲੰਮੇ ਤਜਰਬੇ ਦੌਰਾਨ ਕਈ ਕੇਸਾਂ ਨਾਲ ਵਾਹ ਪਿਆ ਪਰ ਇਸ ਤਰ੍ਹਾਂ ਦਾ ਕੇਸ ਕਦੀ ਸਾਹਮਣੇ ਨਹੀਂ ਆਇਆ। ਇਸ ਕੇਸ ਨੇ ਤਾਂ ਅਮਰੀਕਾ ਦੀ ਭਰੋਸੇਯੋਗਤਾ ਉਤੇ ਹੀ ਸਵਾਲੀਆ ਚਿੰਨ੍ਹ ਲਾ ਦਿੱਤਾ ਹੈ।"

ਆਖਰ ਕੀ ਕਾਰਨ ਹੈ ਕਿ ਰਮਸੇ ਕਲਾਰਕ ਵਰਗਾ ਬੰਦਾ ਅਮਰੀਕਾ ਦੀ ਭਰੋਸੇਯੋਗਤਾ ਉਤੇ ਸਵਾਲੀਆ ਚਿੰਨ੍ਹ ਲਾ ਰਿਹਾ ਹੈ? ਨਾਲੇ ਆਫੀਆ ਤੋਂ ਅਮਰੀਕਾ ਇੰਨਾ ਕਿਉਂ ਡਰ ਰਿਹਾ ਹੈ ਕਿ ਉਸ ਨੂੰ 86 ਸਾਲ ਦੀ ਸਜ਼ਾ ਦਿੱਤੀ ਗਈ ਹੈ? ਉਂਜ, ਆਫੀਆ ਨੂੰ ਜੇ ਕਸੂਰਵਾਰ ਮੰਨਿਆ ਗਿਆ ਹੈ, ਤਾਂ ਉਸ ਨੂੰ ਸਜ਼ਾ ਵੀ ਦੇ ਹੀ ਦਿੱਤੀ ਗਈ ਹੈ; ਫਿਰ ਉਸ ਨਾਲ ਜੇਲ੍ਹ ਅੰਦਰ ਦੁਰਵਿਹਾਰ ਕਿਉਂ? ਉਸ ਨਾਲ ਜੋ ਵਿਹਾਰ ਹੁਣ ਤੱਕ ਜੇਲ੍ਹ ਵਿਚ ਹੋਇਆ ਹੈ, ਉਹ ਰੌਂਗਟੇ ਖੜ੍ਹੇ ਕਰਨ ਵਾਲਾ ਹੈ। ਇਸ ਕੁੜੀ ਨੂੰ ਮਿਥ ਕੇ ਤੋੜ ਕੇ ਰੱਖ ਦਿੱਤਾ ਗਿਆ ਹੈ।

ਆਫੀਆ ਦੀ ਕਹਾਣੀ ਪੜ੍ਹਦਿਆਂ/ਛਾਪਦਿਆਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦਾ ਚੇਤਾ ਕਈ ਵਾਰ ਆਇਆ। ਭੁੱਲਰ ਦਾ ਕੇਸ ਭਾਵੇਂ ਆਫੀਆ ਵਾਲੇ ਕੇਸ ਤੋਂ ਉਕਾ ਹੀ ਵੱਖਰਾ ਹੈ, ਪਰ ਜੇਲ੍ਹ ਅੰਦਰ ਦੋਹਾਂ ਨਾਲ ਜੋ ਹੋਇਆ, ਉਹ ਦਰਦ ਸਾਂਝਾ ਹੈ। ਭੁੱਲਰ ਦੀ ਪਤਨੀ ਨਵਨੀਤ ਕੌਰ ਦਾ ਉਲਾਂਭਾ ਹੈ ਕਿ ਜੇ ਕਿਤੇ ਭੁੱਲਰ ਨੂੰ ਜੇਲ੍ਹ ਵਿਚ ਪੜ੍ਹਨ ਦੀ ਆਗਿਆ ਦੇ ਦਿੱਤੀ ਜਾਂਦੀ ਤਾਂ ਉਸ ਦੀ ਮਾਨਸਿਕ ਅਵਸਥਾ ਡੋਲਣੀ ਨਹੀਂ ਸੀ, ਪਰ ਸਟੇਟ ਤਾਂ ਸਦਾ ਹੀ ਵਿਰੋਧੀਆਂ ਦੀ ਮਾਨਸਿਕ ਅਵਸਥਾ ਉਤੇ ਸੱਟ ਮਾਰਨ ਲਈ ਤਿਆਰ-ਬਰ-ਤਿਆਰ ਰਹਿੰਦਾ ਹੈ। ਆਫੀਆ ਨੂੰ ਜਿਸ ਤਰ੍ਹਾਂ ਇਕੱਲੀ ਰੱਖਿਆ ਗਿਆ, ਉਸ ਨਾਲ ਉਸ ਦਾ ਮਾਨਸਿਕ ਤਵਾਜ਼ਨ ਵਿਗੜਨਾ ਹੀ ਸੀ। ਹੁਣ ਉਸ ਉਤੇ ਜੇਲ੍ਹ ਅੰਦਰ ਹਮਲਾ ਹੋ ਗਿਆ ਹੈ। ਇਸ ਤੋਂ ਭਲੀਭਾਂਤ ਜ਼ਾਹਿਰ ਹੋ ਜਾਂਦਾ ਹੈ ਕਿ ਹਰ ਸਟੇਟ ਦੇ ਪਿਆਦੇ ਬਾਗੀਆਂ ਨਾਲ ਇਕੋ ਜਿਹਾ ਵਿਹਾਰ ਕਰਦੇ ਹਨ; ਭਾਵੇਂ ਇਹ ਭਾਰਤ ਹੋਵੇ, ਜਾਂ ਅਮਰੀਕਾ, ਜਾਂ ਪਾਕਿਸਤਾਨ, ਤੇ ਜਾਂ ਕੋਈ ਹੋਰ ਦੇਸ਼। ਅਮਰੀਕਾ ਮਨੁੱਖੀ ਹੱਕਾਂ ਦੀ ਰਾਖੀ ਦੇ ਨਾਂ 'ਤੇ ਹੁਣ ਤੱਕ ਪਤਾ ਨਹੀਂ ਕਿੰਨੇ ਦੇਸ਼ਾਂ 'ਚ ਦਖਲ ਦੇ ਚੁੱਕਾ ਹੈ, ਪਰ ਆਫੀਆ ਵਾਲੇ ਕੇਸ ਦਾ ਸੱਚ ਪੜ੍ਹ/ਸੁਣ ਕੇ ਮਨੁੱਖੀ ਹੱਕਾਂ ਬਾਰੇ ਦਾਅਵਿਆਂ ਦੀ ਇਕ ਵਾਰ ਤਾਂ ਫੂਕ ਨਿਕਲ ਜਾਂਦੀ ਹੈ।

ਆਫੀਆ ਦੇ ਪਿਛੋਕੜ 'ਤੇ ਨਿਗ੍ਹਾ ਮਾਰਦਿਆਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਉਸ ਨੇ ਜਿਹੜਾ ਰਾਹ ਫੜਿਆ, ਉਹ ਸਾਧਾਰਨ ਨਹੀਂ ਸੀ। ਪਾਕਿਸਤਾਨ ਵਿਚ ਰਹਿੰਦਿਆਂ ਆਫੀਆ ਦੀ ਮਾਂ ਇਸਮਤ ਜਹਾਨ ਮਜ਼ਹਬੀ ਤਾਲੀਮ ਦੇ ਖੇਤਰ ਵਿਚ ਬੜੀ ਤੇਜ਼ੀ ਨਾਲ ਉਭਰੀ ਸੀ। ਅੰਮੀ ਦੀ ਮਜ਼ਹਬੀ ਤਾਲੀਮ ਦਾ ਆਫੀਆ ਉਤੇ ਬਹੁਤ ਡੂੰਘਾ ਅਸਰ ਹੋਇਆ। ਫਿਰ ਆਲੇ-ਦੁਆਲੇ ਦੇ ਮਾਹੌਲ ਨੇ ਵੀ ਅਸਰ ਪਾਇਆ। ਪਾਕਿਸਤਾਨ ਤੋਂ ਅਫਗਾਨਿਸਤਾਨ ਜਾਣ ਵਾਲਾ ਪਹਿਲਾ ਲੜਾਕਾ ਜਹਾਦੀ ਗਰੁੱਪ ਸਦੀਕੀ ਪਰਿਵਾਰ ਦੇ ਘਰ ਤੋਂ ਥੋੜ੍ਹੀ ਹੀ ਦੂਰ ਸਥਿਤ ਬਿਨੂਰੀ ਕਸਬੇ ਦੀ ਮਸਜਿਦ 'ਚੋਂ ਵਿਦਾ ਹੋਇਆ ਸੀ। ਪਰਿਵਾਰ ਦਾ ਜਨਰਲ ਜ਼ਿਆ-ਉਲ-ਹੱਕ ਅਤੇ ਹੋਰ ਕਹਿੰਦੇ-ਕਹਾਉਂਦੇ ਪਰਿਵਾਰਾਂ ਨਾਲ ਰਾਬਤਾ ਸੀ। ਆਫੀਆ ਆਪਣੇ ਭਰਾ ਮੁਹੰਮਦ ਅਲੀ ਦੇ ਮਗਰ ਹੀ ਪੜ੍ਹਾਈ ਲਈ ਅਮਰੀਕਾ ਪੁੱਜ ਗਈ। ਮੁਹੰਮਦ ਅਲੀ ਦੇ ਅਪਾਰਟਮੈਂਟ ਵਿਚ ਆਉਂਦੇ ਉਸ ਦੇ ਦੋਸਤਾਂ ਨਾਲ ਉਹ ਅਕਸਰ ਇਸਲਾਮ ਬਾਰੇ ਬਹਿਸਾਂ ਕਰਦੀ। ਉਹ ਹਰ ਗੱਲ ਮਜ਼ਹਬ ਨੂੰ ਕੇਂਦਰ ਵਿਚ ਰੱਖ ਕੇ ਹੀ ਕਰਦੀ। ਇਸਲਾਮ ਉਸ ਨੂੰ ਦੁਨੀਆਂ ਦਾ ਨਿਆਰਾ ਅਤੇ ਸਭ ਤੋਂ ਬਿਹਤਰ ਮਜ਼ਹਬ ਜਾਪਦਾ ਸੀ। ਇਸੇ ਜੋਸ਼ ਵਿਚ ਉਹ ਬਹੁਤੀ ਵਾਰ ਦੂਜੇ ਮਜ਼ਹਬਾਂ ਦੀ ਕਦਰ ਕਰਨਾ ਵੀ ਭੁੱਲ ਜਾਂਦੀ। ਅਮਰੀਕਾ ਦੀ ਧਾੜਵੀ ਪਹੁੰਚ ਦੀ ਉਹ ਤਿੱਖੀ ਨੁਕਤਾਚੀਨੀ ਕਰਦੀ। ਉਸ ਦੀ ਲੋਚਾ ਸੰਸਾਰ ਉਤੇ ਇਸਲਾਮ ਦਾ ਬੋਲਬਾਲਾ ਸੀ। ਉਸ ਨੂੰ ਬੋਸਟਨ ਦੀ ਸੰਸਾਰ ਪ੍ਰਸਿੱਧ ਸੰਸਥਾ ਮੈਸਾਚੂਸਟਸ ਇੰਸਟੀਚਿਊਟ ਆਫ ਟੈਕਨਾਲੋਜੀ (ਐਮ.ਆਈ.ਟੀ.) ਵਿਚ ਦਾਖਲਾ ਮਿਲ ਗਿਆ। ਲਿਆਕਤ ਕਰ ਕੇ ਉਹ ਵਿਦਿਆਰਥੀਆਂ ਅਤੇ ਅਧਿਆਪਕਾਂ ਵਿਚ ਬੜੀ ਛੇਤੀ ਮਕਬੂਲ ਹੋ ਗਈ। ਫਿਰ ਉਸ ਦਾ ਸੰਪਰਕ ਮੁਸਲਿਮ ਸਟੂਡੈਂਟਸ ਐਸੋਸੀਏਸ਼ਨ ਨਾਲ ਹੋ ਗਿਆ ਅਤੇ ਅਗਾਂਹ ਉਹ ਜਹਾਦੀਆਂ ਨਾਲ ਜਾ ਜੁੜੀ।

2 ਮਾਰਚ, 1972 ਨੂੰ ਪਾਕਿਸਤਾਨ 'ਚ ਜੰਮੀ ਆਫੀਆ ਸਦੀਕੀ ਦੀ ਜੀਵਨ ਕਹਾਣੀ ਪੜ੍ਹਦਿਆਂ ਲੂੰ-ਕੰਡੇ ਖੜ੍ਹੇ ਹੋ ਜਾਂਦੇ ਹਨ। ਆਫੀਆ ਨੇ ਅਮਰੀਕਾ ਵਿਚ ਉਚ ਸਿੱਖਿਆ ਹਾਸਲ ਕੀਤੀ ਅਤੇ ਡਾਕਟਰ ਬਣੀ, ਪਰ ਉਸ ਦੇ ਜ਼ਿਹਨ ਵਿਚ ਉਸ ਸਿੱਖਿਆ ਨੇ ਵਾਹਵਾ ਉਥਲ-ਪੁਥਲ ਮਚਾਈ ਜੋ ਉਸ ਨੇ ਆਪਣੀ ਅੰਮੜੀ ਦੀਆਂ ਮਜ਼ਹਬੀ ਤਕਰੀਰਾਂ ਤੋਂ ਗ੍ਰਹਿਣ ਕੀਤੀ ਸੀ। ਕਿਸੇ ਨੂੰ ਚਿਤ-ਚੇਤਾ ਵੀ ਨਹੀਂ ਸੀ ਕਿ ਇਸ ਕੁੜੀ ਦਾ ਨਾਂ ਇੰਨੀ ਵੱਡੀ ਪੱਧਰ ਉਤੇ ਜਹਾਦ ਨਾਲ ਜੁੜ ਜਾਵੇਗਾ। ਬਾਅਦ ਵਿਚ ਅਮਰੀਕੀ ਜੇਲ੍ਹਾਂ ਵਿਚ ਇਸ ਕੁੜੀ ਨਾਲ ਜੋ ਹੋਈ-ਬੀਤੀ, ਉਹ ਸੁਣ ਕੇ ਤਾਂ ਪੱਥਰ-ਦਿਲ ਵੀ ਕੰਬ ਉਠਦੇ ਹਨ। ਇਹ ਅਸਲ ਵਿਚ ਇਕੱਲੀ ਆਫੀਆ ਦੀ ਕਥਾ-ਕਹਾਣੀ ਨਹੀਂ, ਸਗੋਂ ਉਸ ਪੀੜ੍ਹੀ ਦੇ ਲੋਕਾਂ ਦੀ ਹੋਣੀ ਦਾ ਬਿਆਨ ਹੈ ਜੋ ਜਹਾਦ ਦੇ ਨਾਂ ਹੇਠ ਰੜੇ ਮੈਦਾਨ ਵਿਚ ਕੁੱਦ ਪਏ।

ਜਦੋਂ 2010 ਵਿਚ ਆਫੀਆ ਨੂੰ 86 ਸਾਲ ਕੈਦ ਦੀ ਸਜ਼ਾ ਹੋਈ, ਪਾਕਿਸਤਾਨ ਵਿਚ ਇਸ ਦਾ ਬੜਾ ਤਿੱਖਾ ਪ੍ਰਤੀਕਰਮ ਹੋਇਆ। ਮਤਹਿਦਾ ਕੌਮੀ ਮੂਵਮੈਂਟ (ਐਮ.ਕਿਊ.ਐਮ.) ਨੇ ਕਰਾਚੀ ਵਿਚ ਲਾ-ਮਿਸਾਲ ਰੈਲੀ ਕੱਢੀ। ਗਲੀ ਗਲੀ ਵਿਚ ਆਫੀਆ ਦਾ ਨਾਂ ਗੂੰਜ ਉਠਿਆ। ਪਾਕਿਸਤਾਨ ਨੇ ਸਫਾਰਤੀ ਪੱਧਰ ਉਤੇ ਵੀ ਆਫੀਆ ਲਈ ਚਾਰਾਜੋਈ ਕੀਤੀ। ਇਸ ਤੋਂ ਬਾਅਦ ਜਦੋਂ ਜਦੋਂ ਜੇਲ੍ਹ ਵਿਚੋਂ ਆਫੀਆ ਨਾਲ ਵਧੀਕੀ ਹੋਣ ਦੀਆਂ ਖਬਰਾਂ ਆਈਆਂ, ਵੱਖ ਵੱਖ ਧਿਰਾਂ ਵੱਲੋਂ ਇਸ ਦਾ ਵਿਰੋਧ ਕੀਤਾ ਗਿਆ। ਅਸਲ ਵਿਚ ਇਹੀ ਉਹ ਵਧੀਕੀਆਂ ਹਨ ਜਿਹੜੀਆਂ ਨੌਜਵਾਨਾਂ ਦੇ ਪੈਰ ਜਹਾਦ ਵੱਲ ਮੋੜਦੀਆਂ ਹਨ। ਬੋਸਨੀਆ ਵਿਚ ਮੁਸਲਮਾਨਾਂ ਉਤੇ ਹੋਏ ਜ਼ੁਲਮਾਂ ਨੇ ਪਤਾ ਨਹੀਂ ਸੰਸਾਰ ਵਿਚ ਹੋਰ ਕਿੰਨੇ ਜਹਾਦੀ ਪੈਦਾ ਕੀਤੇ ਹੋਣਗੇ। ਆਪਣੇ ਪੰਜਾਬ ਵਿਚ ਵੀ ਤਾਂ ਇਸੇ ਤਰ੍ਹਾਂ ਹੋਇਆ ਸੀ। ਸਭ ਨੂੰ ਯਾਦ ਹੈ ਕਿ ਪਿਛਲੀ ਸਦੀ ਵਿਚ 80ਵਿਆਂ ਦੌਰਾਨ ਕਿੱਦਾਂ ਮੁੰਡਿਆਂ ਨੂੰ ਘਰੋਂ ਉਜੜਨਾ ਪੈ ਗਿਆ ਸੀ। ਇਕ ਵਾਰ ਘਰੋਂ ਨਿਕਲੇ, ਤਾਂ ਕੋਈ ਹੋਰ ਰਾਹ ਹੀ ਨਹੀਂ ਸੀ ਬਚਿਆ। ਆਫੀਆ ਵੀ ਇਸੇ ਰਾਹ ਤੁਰੀ ਅਤੇ ਆਖਰਕਾਰ ਇਹ ਰਾਹ ਉਸ ਨੂੰ ਸਦਾ ਸਦਾ ਲਈ ਜੇਲ੍ਹ ਤੱਕ ਲੈ ਗਿਆ।

**-ਪੰਜਾਬ ਟਾਈਮਜ਼ ਫੀਚਰਜ਼**

## ਪੰਜਾਬ ਟਾਈਮਜ਼ ਤੇ ਆਫੀਆ ਸਦੀਕੀ

*ਕੋਈ ਕੋਈ ਰਚਨਾ ਹੁੰਦੀ ਹੈ ਜਿਸ ਨੂੰ ਹਰ ਵਰਗ ਦੇ ਪਾਠਕਾਂ ਵੱਲੋਂ ਭਰਪੂਰ ਹੁੰਗਾਰਾ ਮਿਲਦਾ ਹੈ। ਆਫੀਆ ਸਦੀਕੀ ਬਾਰੇ ਵਰਜੀਨੀਆ, ਅਮਰੀਕਾ ਵੱਸਦੇ ਲੇਖਕ ਹਰਮਹਿੰਦਰ ਚਹਿਲ ਵੱਲੋਂ ਲਿਖੀ ਗਲਪ ਰਚਨਾ 'ਆਫੀਆ ਸਦੀਕੀ ਦਾ ਜਹਾਦ' ਅਜਿਹੀ ਹੀ ਰਚਨਾ ਹੋ ਨਿਬੜੀ ਹੈ। ਤਕਰੀਬਨ ਪੰਜ ਮਹੀਨੇ ਲਗਾਤਾਰ ਹਰ ਹਫਤੇ ਇਹ ਰਚਨਾ ਲੜੀਵਾਰ 'ਪੰਜਾਬ ਟਾਈਮਜ਼' ਦੇ ਪਾਠਕਾਂ ਤੱਕ ਪੁੱਜਦੀ ਰਹੀ। ਫੋਨਾਂ ਅਤੇ ਖਤਾਂ ਦੇ ਜ਼ਰੀਏ ਆਏ ਸੁਨੇਹਿਆਂ ਨਾਲ ਖਬਰ ਮਿਲਦੀ ਰਹੀ ਕਿ ਪਾਠਕ ਇਸ ਰਚਨਾ ਨੂੰ ਕਿੰਨੀ ਬੇਸਬਰੀ ਨਾਲ ਉਡੀਕਦੇ ਸਨ। ਅਸਲ ਵਿਚ ਆਫੀਆ ਦੀ ਆਪਣੀ ਜੀਵਨ ਯਾਤਰਾ ਵੀ ਬਹੁਤ ਦਿਲਚਸਪ ਹੈ। ਲਿਆਕਤ ਨਾਲ ਭਰਪੂਰ ਇਸ ਕੁੜੀ ਨੇ ਮਜ਼ਹਬ ਦਾ ਰਾਹ ਜਨੂੰਨ ਦੀ ਹੱਦ ਤੱਕ ਪਾਰ ਕੀਤਾ। ਹੋਰ ਕਿਸੇ ਗੱਲ ਦੀ ਉਸ ਨੇ ਘੱਟ ਹੀ ਪ੍ਰਵਾਹ ਕੀਤੀ। ਉਸ ਨੇ ਤਾਂ ਅਦਾਲਤ ਵਿਚ ਵੀ ਕਿਸੇ ਦੀ ਪ੍ਰਵਾਹ ਨਹੀਂ ਕੀਤੀ ਅਤੇ ਜੱਜਾਂ ਨੂੰ ਯਹੂਦੀ ਹੋਣ ਦਾ ਮਿਹਣਾ ਵੀ ਮਾਰਿਆ। ਉਸ ਦੇ ਮਨ ਵਿਚ ਜਹਾਦ ਬਹੁਤ ਡੂੰਘਾ ਬੈਠ ਗਿਆ ਸੀ। ਮਜ਼ਹਬ ਨੇ ਉਸ ਨੂੰ ਮਨੁੱਖ ਬਣਾਉਣ ਵਿਚ ਰੋਲ ਅਦਾ ਕਰਨਾ ਸੀ ਪਰ ਉਹ ਮੁਸਲਮਾਨ ਬਣ ਕੇ ਰਹਿ ਗਈ। ਇਸੇ ਕਰ ਕੇ ਦੂਜੇ ਮਜ਼ਹਬਾਂ ਦੇ ਜੀਆਂ ਪ੍ਰਤੀ ਉਸ ਦਾ ਨਜ਼ਰੀਆ ਉਲਾਰ ਹੋ ਗਿਆ।*



**'ਆਫੀਆ ਸਦੀਕੀ ਦਾ ਜਹਾਦ' ਦੇ ਲੇਖਕ ਹਰਮਹਿੰਦਰ ਚਹਿਲ**



ਅੰਮੜੀ ਦਾ ਆਪਣੀ ਜਾਈ ਲਈ ਦਰਦ।



ਆਫੀਆ ਆਪਣੇ ਬੱਚਿਆਂ ਨਾਲ।



ਅਮਰੀਕਾ ਦੇ ਸਾਬਕਾ ਅਟਾਰਨੀ ਜਨਰਲ ਰਮਸੇ ਕਲਾਰਕ ਆਫੀਆ ਦੇ ਹੱਕ ਵਿਚ ਪ੍ਰਚਾਰ ਲਈ ਕਰਾਚੀ ਵਿਖੇ ਇਕ ਸਮਾਗਮ ਵਿਚ ਪੁੱਜਦੇ ਹੋਏ।

ੴ ਸਤਿਗੁਰ ਪ੍ਰਸਾਦਿ॥

ਦੇਗ ਤੇਗ ਫ਼ਤਿਹ

ਇਨ ਗਰੀਬ ਸਿਖਨ ਕੋ ਦੇਉ ਪਾਤਸ਼ਾਹੀ॥
ਯੇ ਯਾਦ ਕਰੇ ਹਮਰੀ ਗੁਰਆਈ।

ਪੰਥ ਕੀ ਜੀਤ

# ਮਹਾਨ ਸ਼ਹੀਦੀ ਦਿਵਸ



ਸਿੱਖ ਕੌਮ ਦੇ ਪਹਿਲੇ ਰਾਜਭਾਗ ਦੇ ਜਰਨੈਲ ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਜੀ 18ਵੀਂ ਅਤੇ 20ਵੀਂ ਸਦੀ ਦੇ ਮਹਾਨ ਜਰਨੈਲਾਂ ਦੀ ਯਾਦ ਵਿਚ ਸ਼ਹੀਦੀ ਸਮਾਗਮ ਬਾਬਾ ਬੰਦਾ ਸਿੰਘ ਬਹਾਦਰ ਜੀ ਇੰਟਰਨੈਸ਼ਨਲ ਸਿੱਖ ਸੁਸਾਇਟੀ ਅਤੇ ਟਰਾਈ ਸਟੇਟ ਦੇ ਸਮੂਹ ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ (95-30 118 ਸਟਰੀਟ, ਰਿੱਚਮੰਡ ਹਿਲ, ਨਿਊ ਯਾਰਕ) ਵਿਖੇ 21, 22 ਅਤੇ 23 ਜੂਨ 2013 ਨੂੰ ਕੀਤਾ ਜਾ ਰਿਹਾ ਹੈ।

## ਪ੍ਰੋਗਰਾਮ }

21 ਜੂਨ 2013, ਸ਼ੁਕਰਵਾਰ: ਅਰੰਭ ਸ੍ਰੀ ਅਖੰਡ ਪਾਠ-ਸਵੇਰੇ 9:30 ਵਜੇ
23 ਜੂਨ 2013, ਐਤਵਾਰ: ਭੋਗ ਸ੍ਰੀ ਅਖੰਡ ਪਾਠ-ਸਵੇਰੇ 9:30 ਵਜੇ

### ਪਹੁੰਚ ਰਹੇ ਰਾਗੀ ਜਥੇ, ਕਥਾਵਾਚਕ ਅਤੇ ਮਹਾਨ ਸ਼ਖਸੀਅਤਾਂ

ਕਥਾਵਾਚਕ ਭਾਈ ਹਰਮਨਪ੍ਰੀਤ ਸਿੰਘ ਖਾਲਸਾ
ਰਾਗੀ ਜਥੇ ਭਾਈ ਜਸਵਿੰਦਰ ਸਿੰਘ ਪਟਿਆਲਾ ਅਤੇ ਭਾਈ ਜਸਵੀਰ ਸਿੰਘ ਹਜੂਰੀ ਰਾਗੀ ਦਰਬਾਰ ਸਾਹਿਬ
ਢਾਡੀ ਜਥਾ ਬੱਦੋਵਾਲ ਬੀਬੀ ਜਸਦੀਪ ਕੌਰ ਖਾਲਸਾ ਅਤੇ ਬੀਬੀ ਹਰਮੀਤ ਕੌਰ ਖਾਲਸਾ

ਵਿਸ਼ੇਸ ਨੋਟ: ਸਮੂਹ ਗੁਰੂ ਘਰਾਂ ਅਤੇ ਪੰਥਕ ਜਥੇਬੰਦੀਆਂ ਦੇ ਅਣਥੱਕ ਸੇਵਾਦਾਰਾਂ ਨੂੰ ਸਨਿਮਰ ਬੇਨਤੀ ਹੈ ਕਿ ਸਿੱਖ ਕੌਮ ਦੇ ਸਮੂਹ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਹੁਮ ਹੁਮਾ ਕੇ ਪਹੁੰਚੋ।

### ਗੁਰਮਤਿ ਵਿਚਾਰ

**21 ਜੂਨ 2013, ਸ਼ੁੱਕਰਵਾਰ-ਸ਼ਾਮ 7 ਵਜੇ ਤੋਂ ਰਾਤ 9 ਵਜੇ ਤੱਕ**

'ਖਾਲਸਾਈ ਸਿਧਾਤਾਂ ਉਪਰ ਬਿਪਰਵਾਦ ਦੀ ਵਧ ਰਹੀ ਪਕੜ' ਵਿਸ਼ੇ ਉਤੇ ਮਹਿਮਾਨ ਬੁਲਾਰੇ ਡਾ. ਸੁਖਪ੍ਰੀਤ ਸਿੰਘ ਉਦੋਕੇ ਅਤੇ 'ਏਕਾ ਬਾਣੀ ਇੱਕ ਗੁਰ ਏਕੋ ਸ਼ਬਦ ਵਿਚਾਰ ਦੇ ਸਿਧਾਂਤ ਦੇ ਬਾਵਜੂਦ ਸਿੱਖਾਂ ਵਿਚ ਏਕਤਾ ਕਿਉਂ ਨਹੀਂ?' ਵਿਸ਼ੇ ਉਤੇ ਮਹਿਮਾਨ ਬੁਲਾਰੇ ਭਾਈ ਹਰਮਨਪ੍ਰੀਤ ਸਿੰਘ ਖਾਲਸਾ ਤਕਰੀਰ ਕਰਨਗੇ।

**22 ਜੂਨ 2013, ਸਨਿਚਰਵਾਰ- ਸ਼ਾਮ 7 ਵਜੇ ਤੋਂ ਰਾਤ 9 ਵਜੇ ਤੱਕ**

'ਸਿੱਖ ਕੌਮ ਉਪਰ 18ਵੀਂ ਸਦੀ ਦੇ ਘੱਲੂਘਾਰਿਆਂ ਬਾਅਦ ਦੀ ਪ੍ਰਾਪਤੀ ਅਤੇ 84 ਦੇ ਘੱਲੂਘਾਰੇ ਤੋਂ ਬਾਅਦ ਤ੍ਰਾਸਦੀ' ਵਿਸ਼ੇ 'ਤੇ ਡਾ. ਸੁਖਪ੍ਰੀਤ ਸਿੰਘ ਉਦੋਕੇ ਅਤੇ 'ਸਿੰਘ ਸਭਾ ਲਹਿਰ ਤੋਂ ਲੈ ਕੇ ਗੁਰਦੁਆਰਾ ਸੁਧਾਰ ਲਹਿਰ ਦੀਆਂ ਪ੍ਰਾਪਤੀਆਂ' ਵਿਸ਼ੇ 'ਤੇ ਹਰਮਨਪ੍ਰੀਤ ਸਿੰਘ ਖਾਲਸਾ ਤਕਰੀਰ ਕਰਨਗੇ।

**23 ਜੂਨ 2013, ਐਤਵਾਰ- ਸਵੇਰੇ 11 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤੱਕ**

'ਬਾਬਾ ਬੰਦਾ ਸਿੰਘ ਬਹਾਦਰ ਜੀ ਅਤੇ ਬਾਬਾ ਜਰਨੈਲ ਸਿੰਘ ਜੀ ਸ਼ਹੀਦੀ ਬਾਰੇ ਇਤਿਹਾਸਕ ਸੱਚ' ਵਿਸ਼ੇ 'ਤੇ ਡਾ. ਸੁਖਪ੍ਰੀਤ ਸਿੰਘ ਉਦੋਕੇ ਅਤੇ 'ਸਿੱਖੀ ਦਾ ਭਵਿੱਖ (ਨੌਜਵਾਨ) ਆਪਣੇ ਧੁਰੇ ਤੋਂ ਪਾਸੇ ਕਿਉਂ ਜਾ ਰਿਹਾ ਹੈ?' ਵਿਸ਼ੇ 'ਤੇ ਹਰਮਨਪ੍ਰੀਤ ਸਿੰਘ ਖਾਲਸਾ ਵਿਚਾਰ ਰੱਖਣਗੇ।



ਡਾ. ਸੁਖਪ੍ਰੀਤ ਸਿੰਘ ਉਦੋਕੇ



ਭਾਈ ਹਰਮਨਪ੍ਰੀਤ ਸਿੰਘ ਖਾਲਸਾ

### ਗੁਰੂ ਪੰਥ ਦੇ ਦਾਸਰੇ

| | | | | |
|---|---|---|---|---|
| ਭਾਈ ਹਰਜੀਤ ਸਿੰਘ (ਸੁਪਰ ਬਾਜ਼ਾਰ) | ਭਾਈ ਨਸੀਬ ਸਿੰਘ | ਭਾਈ ਗੁਰਦੀਪ ਸਿੰਘ ਵਿੱਕੀ | ਭਾਈ ਹਰਵਿੰਦਰ ਸਿੰਘ | ਭਾਈ ਬੁੱਧ ਸਿੰਘ |
| ਭਾਈ ਗੁਰਭਾਗ ਸਿੰਘ | ਭਾਈ ਮਨਜੀਤ ਸਿੰਘ ਬੈਲਰੋਜ | ਭਾਈ ਪਰਮਜੀਤ ਸਿੰਘ (ਸੁਪਰ ਬਾਜ਼ਾਰ) | ਭਾਈ ਦਲੀਪ ਸਿੰਘ | ਭਾਈ ਦੇਸਰਾਜ ਸਿੰਘ |
| ਭਾਈ ਬਲਵਿੰਦਰ ਸਿੰਘ | ਭਾਈ ਰਣਵੀਰ ਸਿੰਘ ਰਾਣਾ | ਭਾਈ ਵਰਿੰਦਰ ਸਿੰਘ ਵਿੱਕੀ | ਭਾਈ ਮੰਗਤ ਸਿੰਘ | ਭਾਈ ਵੀਰ ਸਿੰਘ ਮਾਂਗਟ (ਨੋਰਵਾਕ) |
| ਭਾਈ ਅਮਰੀਕ ਸਿੰਘ ਗਿੱਲ | ਭਾਈ ਕਸ਼ਮੀਰ ਸਿੰਘ | ਭਾਈ ਪਰਮਜੀਤ ਸਿੰਘ | ਭਾਈ ਜਗਦੀਪ ਸਿੰਘ ਜੱਗੀ | ਭਾਈ ਕਲਵੀਰ ਸਿੰਘ (ਨੋਰਵਾਕ) |
| ਭਾਈ ਕੁਲਦੀਪ ਸਿੰਘ ਭੋਗਲ | ਭਾਈ ਅਵਤਾਰ ਸਿੰਘ | ਭਾਈ ਅਮਰੀਕ ਸਿੰਘ ਮੰਡੇਰ | ਭਾਈ ਸਤਨਾਮ ਸਿੰਘ ਖੇੜਾ | ਭਾਈ ਚਮਕੌਰ ਸਿੰਘ (ਨੋਰਵਾਕ) |
| ਭਾਈ ਬਲਰਾਜ ਸਿੰਘ | ਭਾਈ ਚਰਨਜੀਤ ਸਿੰਘ ਚੰਨੀ | ਭਾਈ ਸੁਰਿੰਦਰ ਸਿੰਘ | ਭਾਈ ਗੁਰਸਿਮਰਨ ਸਿੰਘ | ਭਾਈ ਮੱਖਣ ਸਿੰਘ (ਰੋਚੈਸਟਰ) |
| ਭਾਈ ਅਜੀਤ ਸਿੰਘ | ਭਾਈ ਨਰਿੰਦਰ ਸਿੰਘ | ਭਾਈ ਗੁਰਦਿਆਲ ਸਿੰਘ | ਮਨਜੀਤ ਸਿੰਘ ਰੰਧਾਵੇ ਵਾਲੇ | ਭਾਈ ਮਹਿੰਦਰ ਸਿੰਘ (ਰੋਚੈਸਟਰ) |
| ਭਾਈ ਪਰਮਜੀਤ ਸਿੰਘ | ਭਾਈ ਦਰਬਾਰਾ ਸਿੰਘ | ਭਾਈ ਸਰਬਜੀਤ ਸਿੰਘ | ਭਾਈ ਅਮਰਜੀਤ ਸਿੰਘ | |

**ਭਾਈ ਅਜੀਤ ਸਿੰਘ ਟੋਹਾਣਾ (ਪ੍ਰੈਸ ਸਕੱਤਰ)**
**ਫੋਨ 718- 577-8359**

**ਭਾਈ ਟਹਿਲ ਸਿੰਘ (ਕਨਵੀਨਰ)**
**ਫੋਨ 917-588-9888**

**ਭਾਈ ਰਾਜਿੰਦਰ ਸਿੰਘ (ਪ੍ਰਧਾਨ)**
**ਫੋਨ 917-892-2401**

*ਹੋਰ ਜਾਣਕਾਰੀ ਲਈ ਸੰਪਰਕ ਕਰੋ*

ਰਾਜਿੰਦਰ ਸਿੰਘ, ਫੋਨ 917-892-2401, ਅਜੀਤ ਸਿੰਘ, ਫੋਨ 718-577-8359, ਟਹਿਲ ਸਿੰਘ, ਫੋਨ 917-588-9888

## ਜਾਰੀ ਕਰਤਾ: ਬਾਬਾ ਬੰਦਾ ਸਿੰਘ ਬਹਾਦਰ ਜੀ ਇੰਟਰਨੈਸ਼ਨਲ ਸਿੱਖ ਸੁਸਾਇਟੀ